*ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ*

# ਸ਼ਬਦ

**ਸਾਲ : ਤੇਰ੍ਹਵਾਂ ਪੁ : ਲੜੀ : ਇਕਵੰਜਾ ਅਪ੍ਰੈਲ-ਜੂਨ, 2010**

*ਸਰਪ੍ਰਸਤ :* **ਹਰੀਸ਼ ਜੈਨ**
*ਵਿਸ਼ੇਸ਼ ਸਹਿਯੋਗ :* **ਪ੍ਰੇਮ ਮਾਨ**
ਸੰਪਾਦਕ : **ਜਿੰਦਰ (ਆਨਰੇਰੀ)**
*ਮੁੱਖ ਸੰਪਾਦਕ :* **ਹਰਜੀਤ ਅਟਵਾਲ**
67, HILLSIDE ROAD, SOUTHALL
MIDDLESEX , ENGLAND. UB1 2PE
Ph. : 020-85780393
Mobile : 07782-265726
e mail: harjeetatwal@yahoo.co.uk
**ਹਰਮਹਿੰਦਰ ਚਹਿਲ**
7305, Sterling Grove Dr.
Springfield VA 22150 U.S.A.
Email : Chahals57@Yahoo.com
Ph. 001-703-362-3239
**ਗੁਰਪਾਲ ਸਿੰਘ ਸੰਧੂ**
2229, Sector 38-C, Chandigarh
Mobile : 98882-82084
gurpal_nakai@yahoo.co.uk
*Managing Editor*
***Shiv, Vinod Kumar***
**ਰਚਨਾਵਾਂ ਭੇਜਣ ਲਈ ਪਤਾ**
984, Model House, Near Surinder
Welding Works, Jalandhar-144003
Mobile No.98148-03254
81460-76742
**e mail: saifsm20 @ yahoo.com**

**ਡਿਸਟ੍ਰੀਬਿਊਟਰ** : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 100 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਇੰਤਜ਼ਾਰ ਹੁਸੈਨ ਦਾ ਕਥਨ ਹੈ : "ਮੈਂ ਕਹਾਣੀ ਬਾਰੇ ਨਹੀਂ ਦੱਸ ਸਕਦਾ। ਉਹ ਇਕ ਆਲੋਚਕ ਦੱਸ ਸਕਦਾ ਹੈ। ਇਕ ਟੀਚਰ ਦੱਸ ਸਕਦਾ ਹੈ। ਜੇ ਲੇਖਕ ਨੂੰ ਇਹ ਪਤਾ ਲਗ ਜਾਵੇ ਕਿ ਕਹਾਣੀ ਕੀ ਹੁੰਦੀ ਹੈ ਤਾਂ ਉਹ ਕਹਾਣੀ ਨਹੀਂ ਲਿਖ ਸਕੇਗਾ। ਇਸੇ ਲਈ ਆਲੋਚਕ ਕਹਾਣੀ ਲਿਖਣ 'ਚ ਕਮਜ਼ੋਰ ਹੁੰਦੇ ਹਨ।" ਹੁਸੈਨ ਦੇ ਕਥਨ 'ਚ ਬਹੁਤ ਸਾਰਾ ਸੱਚ ਸਮੋਇਆ ਹੈ। ਬਹੁਤ ਘੱਟ ਕਹਾਣੀਕਾਰ ਹਨ ਜੋਕਿ ਆਪਣੀ ਕਹਾਣੀ/ਕਹਾਣੀਆਂ ਬਾਰੇ ਗੱਲਾਂ ਕਰਦੇ ਹਨ। ਕੁਝ ਗੁੰਝੀਆਂ ਰਮਜ਼ਾਂ ਨੂੰ ਇਕ ਆਲੋਚਕ ਹੀ ਅਗੇ ਲਿਆਉਂਦਾ ਹੈ। ਉਹ ਉਨ੍ਹਾਂ ਬਿੰਦੂਆਂ ਬਾਰੇ ਵੀ ਗੱਲਾਂ ਕਰਦਾ ਹੈ। ਜਿਸ ਬਾਰੇ ਕਹਾਣੀਕਾਰ ਨੇ ਆਪ ਨਹੀਂ ਸੋਚਿਆ ਹੁੰਦਾ। ਕਹਾਣੀਕਾਰ ਤਾਂ ਅਚੇਤ 'ਚ ਬਹੁਤ ਕੁਝ ਅਜਿਹਾ ਲਿਖ ਜਾਂਦਾ ਹੈ ਜਿਸ ਦਾ ਉਸ ਨੂੰ ਆਪ ਨੂੰ ਪਤਾ ਨਹੀਂ ਹੁੰਦਾ। ਜੇ ਕਿਸੇ ਕਹਾਣੀਕਾਰ ਨੇ ਕਿਸੇ ਵਿਸ਼ੇ ਬਾਰੇ ਕਹਾਣੀ ਲਿਖੀ ਹੈ ਤੇ ਉਹ ਕਹਾਣੀ ਕਿਸੇ ਪਰਚੇ 'ਚ ਛਪ ਗਈ ਹੈ, ਉਸ ਨੂੰ ਦੋਬਾਰਾ ਉਸੇ ਵਿਸ਼ੇ ਬਾਰੇ ਲਿਖਣ ਲਈ ਕਿਹਾ ਜਾਵੇ ਤਾਂ ਬਹੁਤ ਕੁਝ ਉਲਟ-ਪੁਲਟ ਹੋ ਜਾਵੇਗਾ। ਕਿਸੇ ਕਹਾਣੀ ਦੀਆਂ ਪਰਤਾਂ ਖੋਲ੍ਹਣ ਲਈ ਆਲੋਚਕ ਦਾ ਰੋਲ ਬੜਾ ਮਹੱਤਵਪੂਰਨ ਹੁੰਦਾ ਹੈ। ਕਈ ਵਾਰ ਤਾਂ ਉਹ ਲੇਖਕ ਤੇ ਪਾਠਕ ਵਿਚਕਾਰ ਪੁੱਲ ਵੀ ਬਣ ਜਾਂਦਾ ਹੈ। ਉਹ ਕਹਾਣੀ ਦੇ ਨਵੇਂ ਅਰਥ ਸਿਰਜਦਾ ਹੈ ਤੇ ਉਸ ਨੂੰ ਪੜ੍ਹ ਕੇ ਪਾਠਕ ਸੋਚੀਂ ਪੈ ਜਾਂਦਾ ਹੈ ਕਿ ਉਸਨੇ ਤਾਂ ਇਸ ਬਾਰੇ ਸੋਚਿਆ ਹੀ ਨਹੀਂ ਸੀ। ਅਸੀਂ ਇਸ ਅੰਕ 'ਚ ਪੰਜ ਕਹਾਣੀ-ਆਲੋਚਕਾਂ ਦੀਆਂ ਲੰਬੀਆਂ ਇੰਟਰਵਿਊ ਛਾਪ ਰਹੇ ਹਨ। ਇਨ੍ਹਾਂ ਇੰਟਰਵਿਊਆਂ 'ਚ ਕਈ ਅਹਿਮ ਮੁੱਦੇ ਉਭਰੇ ਹਨ। ਖਾਸ ਕਰਕੇ ਚੌਥੀ ਪੀੜ੍ਹੀ ਦੀ ਕਹਾਣੀ ਬਾਰੇ। ਪੰਜਾਬੀ 'ਚ ਸਾਰਥਕ ਬਹਿਸ ਦਾ ਮੁੱਦਾ ਘਟਦਾ ਜਾ ਰਿਹਾ ਹੈ। ਇਕ ਅਜੀਬ ਜਿਹੀ ਚੁੱਪ ਪਸਰੀ ਹੋਈ ਹੈ। ਇਸ ਚੁੱਪ ਨੂੰ ਤੋੜਣ ਲਈ 'ਸ਼ਬਦ' ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ। ਇਨ੍ਹਾਂ ਪੰਜਾਂ ਆਲੋਚਕਾਂ ਨੇ ਪੰਜਾਬੀ ਕਹਾਣੀ 'ਚ ਆਪਣੀ ਸਮਰੱਥਾ ਅਨੁਸਾਰ ਕੁਝ 'ਵਿਸ਼ੇਸ਼' ਕੰਮ ਕੀਤਾ ਹੈ। ਅਸੀਂ ਇਸ ਅੰਕ 'ਚ ਡਾ. ਰਘੁਬੀਰ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਰਵੀ ਰਵਿੰਦਰ, ਡਾ. ਰਮਿੰਦਰ ਕੌਰ ਆਦਿ ਆਲੋਚਕਾਂ ਦੀਆਂ ਇੰਟਰਵੀਊਆਂ ਵੀ ਛਾਪਣੀਆਂ ਚਾਹੁੰਦੇ ਸਨ ਕਿਉਂਕਿ ਕਹਾਣੀ-ਆਲੋਚਨਾ 'ਚ ਇਨ੍ਹਾਂ ਦਾ ਯੋਗਦਾਨ ਵੀ ਅਹਿਮ ਹੈ, ਪਰ ਕੁਝ ਕਾਰਨਾਂ ਕਰਕੇ ਇਨ੍ਹਾਂ ਦੀਆਂ ਇੰਟਰਵਿਊ ਨਹੀਂ ਹੋ ਸਕੀ। ਆਉਂਦੇ ਅੰਕਾਂ 'ਚ ਅਸੀਂ ਇਨ੍ਹਾਂ ਦੇ ਵਿਚਾਰ ਵੀ ਛਾਪਾਂਗੇ।

**-ਜਿੰਦਰ**

# ਇੱਕ ਭਾਸ਼ੀ ਪੀੜ੍ਹੀ ਪੰਜਾਬੀ ਦੀ ਗਰੀਬੀ ਲਈ ਜ਼ਿੰਮੇਵਾਰ ਹੈ : ਹਰੀਸ਼ ਜੈਨ

## ਮੁਲਾਕਾਤੀ : ਸ਼ੁਮੀਲ

– ਪਿਛਲੀ ਸਦੀ ਦੌਰਾਨ ਪੰਜਾਬੀ ਪੁਸਤਕ ਪ੍ਰਕਾਸ਼ਨ ਵਿੱਚ ਜੋ ਸਥਾਨ ਅੰਮ੍ਰਿਤਸਰ ਦੇ ਬਜ਼ਾਰ ਮਾਈ ਸੇਵਾਂ ਦੇ ਪ੍ਰਕਾਸ਼ਕਾਂ ਦਾ ਹੈ, ਮੌਜੂਦਾ ਦੌਰ ਵਿੱਚ ਉਹ ਸਥਾਨ ਹਰੀਸ਼ ਜੈਨ ਹੋਰਾਂ ਦਾ ਹੈ। ਉਨ੍ਹਾਂ ਨੇ ਪੰਜਾਬੀ ਪੁਸਤਕ ਪ੍ਰਕਾਸ਼ਨ ਨੂੰ ਆਧੁਨਿਕ ਦਿਖ ਦਿੱਤੀ ਅਤੇ ਪੰਜਾਬੀ ਪ੍ਰਕਾਸ਼ਨ ਨੂੰ ਮਜ਼ਬੂਤ ਕਮਰਸ਼ੀਅਲ ਅਧਾਰਾਂ 'ਤੇ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਪੁਸਤਕ ਪ੍ਰਕਾਸ਼ਨ ਦਾ ਅਰੰਭ ਉਨ੍ਹਾਂ 1980 ਵਿੱਚ ਲੋਕਗੀਤ ਪ੍ਰਕਾਸ਼ਨ ਸਰਹਿੰਦ ਦੇ ਨਾਂ ਹੇਠ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਯੂਨੀਸਟਾਰ ਬੁਕਸ ਦੇ ਨਾਂ ਤੇ ਚੰਡੀਗੜ੍ਹ ਆ ਗਏ। ਨਵੇਂ ਪੰਜਾਬੀ ਪਬਲਿਸ਼ਰਾਂ ਵਿੱਚੋਂ ਉਹ ਸ਼ਾਇਦ ਇਕੱਲੇ ਹਨ, ਜਿਨ੍ਹਾਂ ਸੁਚੇਤ ਤੌਰ ਤੇ ਕਮਰਸ਼ੀਅਲ ਪੰਜਾਬੀ ਪ੍ਰਕਾਸ਼ਨ ਦੇ ਅਧਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਸਿਰਫ ਕਵਿਤਾ, ਕਹਾਣੀ, ਨਾਵਲ ਦੇ ਘੇਰੇ ਵਿੱਚ ਸਿਮਟ ਰਹੇ ਪੰਜਾਬੀ ਪੁਸਤਕ ਪ੍ਰਕਾਸ਼ਨ ਨੂੰ ਇਸ ਦੇ ਇਸ ਆਤਮਘਾਤੀ ਘੇਰੇ ਵਿੱਚ ਕੱਢਿਆ ਅਤੇ ਪੰਜਾਬੀ ਪ੍ਰਕਾਸ਼ਨ ਨੂੰ ਵਿਸ਼ਾਲ ਸਮਾਜਕ ਅਧਾਰ ਦੇਣ ਲਈ ਹੰਭਲੇ ਮਾਰੇ। ਪ੍ਰਕਾਸ਼ਨ ਇੰਡਸਟਰੀ ਨੂੰ ਹਰ ਰੋਜ਼ ਨਵੇਂ ਖਿਆਲਾਂ ਨਾਲ ਤਾਜ਼ਾ ਕਰਨ, ਨਵੇਂ ਪ੍ਰਯੋਗ ਕਰਨ ਤੇ ਨਵੇਂ ਬਿਜ਼ਨਸ ਫਾਰਮੂਲਿਆਂ ਦੀ ਤਲਾਸ਼ ਵਿੱਚ ਪੰਜਾਬ ਅੰਦਰ ਉਨ੍ਹਾਂ ਦਾ ਹੋਰ ਕੋਈ ਸਾਨੀ ਨਹੀਂ। ਉਨ੍ਹਾਂ ਨੇ ਲੋਕਗੀਤਾਂ ਤੇ ਪੌਪੂਲਰ ਪੰਜਾਬੀ ਗਾਇਕਾਂ ਦੇ ਗੀਤਾਂ ਦੀਆਂ ਕਿਤਾਬਾਂ ਤੋਂ ਸ਼ੁਰੂ ਕਰਕੇ ਇਤਿਹਾਸਕ ਮਹੱਤਵ ਵਾਲੀਆਂ ਦਸਤਾਵੇਜ਼ੀ ਪੁਸਤਕਾਂ ਤੱਕ ਪੰਜਾਬੀ ਪੁਸਤਕ ਪ੍ਰਕਾਸ਼ਨ ਨੂੰ ਇੱਕ ਵਿਸ਼ਾਲ ਘੇਰਾ ਦਿੱਤਾ ਹੈ। ਪਾਕੇਟ ਬੁਕ ਸੀਰੀਜ਼ ਨਾਲ ਪੰਜਾਬੀ ਸਾਹਿਤ ਨੂੰ ਸਸਤੀਆਂ ਦਰਾਂ ਤੇ ਆਮ ਲੋਕਾਂ ਤੱਕ ਪਹੁੰਚਾਣ ਲਈ ਮੁਹਿੰਮ ਵੀ ਉਨ੍ਹਾਂ ਚਲਾਈ। ਚਲੰਤ ਮੁੱਦਿਆਂ ਤੇ ਕਿਤਾਬਾਂ ਪ੍ਰਕਾਸ਼ਤ ਕਰਨ ਦੀ ਪਰੰਪਰਾ ਵਿਕਸਤ ਕੀਤੀ ਅਤੇ ਅਜ਼ਾਦੀ ਸੰਗਰਾਮ ਨਾਲ ਸਬੰਧਤ ਦਸਤਾਵੇਜ਼ੀ ਸਾਹਿਤ ਦੀ ਇੱਕ ਸੀਰੀਜ਼ ਪ੍ਰਕਾਸ਼ਤ ਕੀਤੀ। ਪਿਛਲੇ ਕੁੱਝ ਅਰਸੇ ਤੋਂ ਉਨ੍ਹਾਂ ਪੰਜਾਬੀ ਸਾਹਿਤ ਦੇ ਅੰਗਰੇਜ਼ੀ ਜ਼ੁਬਾਨ ਵਿੱਚ ਪ੍ਰਕਾਸ਼ਨ ਦਾ ਪ੍ਰਾਜੈਕਟ ਸ਼ੁਰੂ ਕੀਤਾ ਹੋਇਆ ਹੈ। ਉਨ੍ਹਾਂ ਨੇ ਪੰਜਾਬੀ ਵਿੱਚ ਬਾਲ ਸਾਹਿਤ ਦੀ ਸਭ ਤੋਂ ਵੱਡੀ ਸੀਰੀਜ਼ ਵੀ ਪ੍ਰਕਾਸ਼ਤ ਕੀਤੀ ਹੈ ਤੇ ਇਸ ਤਹਿਤ 350 ਦੇ ਕਰੀਬ ਟਾਈਟਲ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਸਾਲ ਵਿੱਚ ਉਨ੍ਹਾਂ ਦਾ ਟੀਚਾ ਇਹ ਗਿਣਤੀ 500 ਤੱਕ ਲੈ ਜਾਣ ਦਾ ਹੈ। ਲੋਕਗੀਤ ਪ੍ਰਕਾਸ਼ਨ ਤੇ ਯੂਨੀਸਟਾਰ ਬੁਕਸ ਅੱਜ ਪੰਜਾਬੀ ਦਾ ਸਭ ਤੋਂ ਵੱਡਾ ਪ੍ਰਕਾਸ਼ਨ ਹਾਊਸ ਹੈ। ਇਸ ਵਕਤ ਇਨ੍ਹਾਂ ਦੁਆਰਾ ਰੋਜ਼ਾਨਾ ਇੱਕ ਕਿਤਾਬ ਦੀ ਦਰ ਤੇ ਕਿਤਾਬਾਂ ਦਾ ਪ੍ਰਕਾਸ਼ਨ ਹੋ ਰਿਹਾ ਹੈ। ਹੁਣ ਤੱਕ ਕੁੱਲ 5000 ਦੇ ਕਰੀਬ ਟਾਈਟਲ ਲੋਕਗੀਤ ਪ੍ਰਕਾਸ਼ਨ/ਯੂਨੀਸਟਾਰ ਬੁਕਸ ਦੁਆਰਾ ਛਾਪਿਆ ਜਾ ਚੁੱਕਾ ਹੈ। ਉਨ੍ਹਾਂ ਦਾ 600 ਦੇ ਕਰੀਬ ਟਾਈਟਲ ਅਜਿਹਾ ਹੈ, ਜਿਸ ਦੇ ਇੱਕ ਤੋਂ ਵੱਧ ਐਡੀਸ਼ਨ ਛਪ ਚੁੱਕੇ ਹਨ । ਪੰਜਾਬੀ ਸਾਹਿਤ ਅਤੇ ਇਤਿਹਾਸਕ ਦਸਤਾਵੇਜਾਂ ਦੇ ਡਿਜੀਟਲੀਕਰਨ ਦਾ ਪ੍ਰਾਜੈਕਟ ਵੀ ਉਨ੍ਹਾਂ ਦੁਆਰਾ ਸ਼ੁਰੂ ਕੀਤਾ ਗਿਆ ਹੈ।

ਹਰੀਸ਼ ਜੈਨ ਹੋਰਾਂ ਦੀ ਅਸਲ ਤਾਕਤ ਉਨ੍ਹਾਂ ਦੇ ਵਿਸ਼ਾਲ ਬੌਧਿਕ ਕੈਨਵਸ ਵਿੱਚ ਹੈ। ਭਾਸ਼ਾ, ਸਾਹਿਤ ਤੇ ਇਤਿਹਾਸ ਦੇ ਸੁਆਲਾਂ ਨਾਲ ਉਹ ਲਗਾਤਾਰ ਜੁੜੇ ਹਨ ਅਤੇ ਇਤਿਹਾਸਕ ਪਹਿਲੂਆਂ ਨਾਲ ਸਬੰਧਤ ਕਈ ਖੋਜ ਪ੍ਰਾਜੈਕਟ ਉਨ੍ਹਾਂ ਨੇ ਆਪਣੀ ਦੇਖ ਰੇਖ ਹੇਠ ਸਿਰੇ ਚੜ੍ਹਾਏ। ਉਨ੍ਹਾਂ ਕੋਲ ਪੰਜਾਬੀ ਸਮਾਜ, ਸਾਹਿਤ ਤੇ ਭਾਸ਼ਾ ਦੇ ਵਿਕਾਸ ਦੇ ਇਕਸਾਰ ਵਿਕਾਸ ਦਾ ਇੱਕ ਵਿਜ਼ਨ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਪ੍ਰਕਾਸ਼ਨ ਦੀਆਂ ਸਮੱਸਿਆਵਾਂ ਬਾਰੇ ਸ਼ਮੀਲ ਨੇ ਉਨ੍ਹਾਂ ਨਾਲ ਲੰਬੀ



ਗੱਲਬਾਤ ਕੀਤੀ। ਇਸ ਗੱਲਬਾਤ ਦੇ ਕੁੱਝ ਅੰਸ਼:

**? ਪੰਜਾਬ ਦੇ ਸਮੁਚੇ ਇਤਿਹਾਸ ਨੂੰ ਜੇ ਦੇਖੀਏ ਤਾਂ 1960 ਤੋਂ ਬਾਅਦ ਦਾ ਇਹ ਦੌਰ ਪਹਿਲਾ ਅਜਿਹਾ ਸਮਾਂ ਹੈ, ਜਦੋਂ ਪੰਜਾਬੀ ਇੱਕ ਖਿੱਤੇ ਦੀ ਸਰਕਾਰੀ ਭਾਸ਼ਾ ਹੈ। ਸਿੱਖਿਆ ਦਾ ਮਾਧਿਅਮ ਪੰਜਾਬੀ ਹੈ। ਸਾਡੇ ਕੋਲ ਪੰਜਾਬੀ ਦੇ ਅੱਠ ਨੌਂ ਰੋਜ਼ਾਨਾ ਅਖਬਾਰ ਹਨ। ਕਿੰਨੇ ਹੀ ਪੰਜਾਬੀ ਟੈਲੀਵਿਜ਼ਨ ਚੈਨਲ ਹਨ। ਇਸ ਦੇ ਬਾਵਜੂਦ ਅਸੀਂ ਇਹ ਕਹਿ ਰਹੇ ਹਾਂ ਕਿ ਪੰਜਾਬੀ ਸੰਕਟ ਵਿੱਚ ਹੈ, ਪੰਜਾਬੀ ਦਾ ਭਵਿਖ ਖਤਰੇ ਵਿੱਚ ਹੈ, ਪੰਜਾਬੀ ਖਤਮ ਹੋ ਰਹੀ ਹੈ, ਪੰਜਾਬੀ ਵਿੱਚ ਖੋਜ ਤੇ ਅਕਾਦਮਿਕਤਾ ਦਾ ਕੋਈ ਮਿਆਰ ਨਹੀਂ, ਆਦਿ ਆਦਿ। ਇਸ ਅੰਤਰ ਵਿਰੋਧ ਦੀ, ਇਸ ਸੰਕਟ ਦੀ ਜੜ੍ਹ ਕਿੱਥੇ ਹੈ ?**

– ਪੰਜਾਬੀ ਭਾਸ਼ਾ, ਸਾਹਿਤ, ਖੋਜ, ਅਕਾਦਮਿਕਤਾ, ਪੁਸਤਕ ਪ੍ਰਕਾਸ਼ਨ ਤੇ ਮੀਡੀਆ ਨਾਲ ਸਬੰਧਤ ਸਮੁਚਾ ਸੰਕਟ ਉਸ ਪੀੜ੍ਹੀ ਦੁਆਰਾ ਪੈਦਾ ਕੀਤਾ ਗਿਆ ਸੰਕਟ ਹੈ, ਜਿਸ ਨੂੰ ਮੈਂ ਪੰਜਾਬੀ ਮੀਡੀਅਮ ਵਾਲੀ ਇੱਕ ਭਾਸ਼ੀ ਪੀੜ੍ਹੀ ਕਹਾਂਗਾ। ਜੇ ਪੰਜਾਬੀ ਦਾ ਭਵਿਖ ਸਾਨੂੰ ਅੱਜ ਖਤਰੇ ਵਿੱਚ ਨਜ਼ਰ ਆ ਰਿਹਾ ਹੈ, ਤਾਂ ਉਸ ਦੀ ਜੜ੍ਹ ਇਸ ਇੱਕ ਭਾਸ਼ੀ ਪੀੜ੍ਹੀ ਵਿੱਚ ਹੈ, ਜਿਹੜੀ ਅਸੀਂ ਅਜ਼ਾਦੀ ਤੋਂ ਬਾਅਦ ਪੈਦਾ ਕੀਤੀ ਹੈ। ਇਹ ਪੰਜਾਬੀ ਮੀਡੀਅਮ ਵਿੱਚ ਪੜ੍ਹੀ ਹੈ। ਇਹ ਪ੍ਰਗਤੀਵਾਦੀ ਵਿਚਾਰਧਾਰਾ ਦੇ ਅਸਰ ਹੇਠ ਪੈਦਾ ਹੋਈ ਹੈ ਅਤੇ ਪੰਜਾਬੀ ਨਾਲ ਇਸ ਦੀ ਰੋਜ਼ੀ ਰੋਟੀ ਚੱਲਦੀ ਹੈ। ਇਸ ਵਿੱਚ ਪੰਜਾਬੀ ਲੇਖਕ, ਪੰਜਾਬੀ ਦੇ ਪ੍ਰੋਫੈਸਰ, ਪੰਜਾਬੀ ਟੀਚਰ, ਪੰਜਾਬੀ ਅਕਾਦਮੀਸ਼ਨ, ਪੰਜਾਬੀ ਪੱਤਰਕਾਰ ਤੇ ਪੰਜਾਬੀ ਦੇ ਝੰਡਾਬਰਦਾਰ ਪ੍ਰਗਤੀਵਾਦੀ ਕਾਰਜਕਰਤਾ ਹਨ। ਵੀਹਵੀਂ ਸਦੀ ਵਿੱਚ ਆਧੁਨਿਕ ਪੰਜਾਬੀ ਦਾ ਮੂੰਹ ਮੱਥਾ ਬਣਾਉਣ ਵਾਲੇ ਜਿੰਨੇ ਵੀ ਵੱਡੇ ਪੰਜਾਬੀ ਲੇਖਕ, ਖੋਜੀ, ਵਿਦਵਾਨ ਹੋਏ ਹਨ, ਉਹ ਸਾਰੇ ਉਸ ਤਰ੍ਹਾਂ ਦੀਆਂ ਸਿੱਖਿਆ ਸੰਸਥਾਨਾਂ ਵਿੱਚੋਂ ਆਏ, ਜਿਥੇ ਪੜ੍ਹਾਈ ਦਾ ਮਾਧਿਅਮ ਪੰਜਾਬੀ ਨਹੀਂ ਸੀ। ਅੱਜ ਵੀ ਪੰਜਾਬੀ ਸਾਹਿਤ, ਅਕਾਦਮਿਕਤਾ ਅਤੇ ਖੋਜ ਵਿੱਚ ਜੋ ਬਹੁਤ ਗੰਭੀਰ ਨਾਂ ਹੋਣਗੇ, ਉਹ ਸਾਰੇ ਅਜਿਹੇ ਹਨ, ਜਿਨ੍ਹਾਂ ਦਾ ਪਿਛੋਕੜ ਪੰਜਾਬੀ ਮੀਡੀਅਮ ਵਾਲਾ ਨਹੀਂ ਹੈ। ਪੰਜਾਬੀ ਮੀਡੀਅਮ ਨੇ ਸਾਡੀ ਬੌਧਿਕਤਾ, ਸਾਡੇ ਸਾਹਿਤਕ ਸੁਹਜ ਤੇ ਭਾਸ਼ਾ ਪ੍ਰਤੀ ਸਾਡੀ ਸੰਵੇਦਨਸ਼ੀਲਤ ਦਾ ਮਿਆਰ ਬਹੁਤ ਥੱਲੇ ਲੈ ਆਂਦਾ ਹੈ। ਪੰਜਾਬੀ ਮੀਡੀਅਮ ਲਾਗੂ ਹੋਣ ਤੋਂ ਪਹਿਲਾਂ ਪੰਜਾਬ ਬਹੁਭਾਸ਼ੀ ਸੂਬਾ ਸੀ। ਜਿਸ ਦੌਰ ਵਿੱਚ ਆਧੁਨਿਕ ਪੰਜਾਬੀ ਦੇ ਧੁਰੰਤਰ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਹੀਰਾ ਸਿੰਘ ਦਰਦ, ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ ਆਦਿ ਸਾਹਮਣੇ ਆਏ, ਉਸ ਦੌਰ ਵਿੱਚ ਪੰਜਾਬ ਬੁਨਿਆਦੀ ਤੌਰ ਤੇ ਉਰਦੂ ਭਾਸ਼ੀ ਸੂਬਾ ਸੀ। ਉਸ ਦੌਰ ਦਾ ਜੋ ਵਿਚਾਰਧਾਰਕ, ਸਾਹਿਤਕ ਤੇ ਕਲਾਤਮਕ ਮਹੌਲ ਸੀ, ਉਸ ਵਿੱਚ ਪੜ੍ਹਨ ਲਿਖਣ, ਸੋਚਣ ਵਿਚਾਰਨ ਤੇ ਪ੍ਰਭਾਵਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਜੋ ਵੀ ਪੜ੍ਹਿਆ ਲਿਖਿਆ ਬੰਦਾ ਸੀ, ਉਹ ਬਹੁ ਭਾਸ਼ੀ ਸੀ। ਜਾਂ ਜੇ ਕੋਈ ਸਿਰਫ ਉਰਦੂ ਹੀ ਜਾਣਦਾ ਸੀ ਤਾਂ ਉਸ ਨੂੰ ਉਰਦੂ ਦੀ ਕਲਚਰਲ ਅਮੀਰੀ ਦਾ ਪੂਰਾ ਫਾਇਦਾ ਸੀ। ਜਿਹੜਾ ਬੱਚਾ ਉਰਦੂ ਜ਼ੁਬਾਨ ਦਾ ਸਾਹਿਤ ਪੜ੍ਹਦਿਆਂ ਵੱਡਾ ਹੁੰਦਾ ਹੈ, ਜਿਹੜਾ ਉਰਦੂ ਦੀ ਸ਼ਾਇਰੀ, ਉਰਦੂ ਅਫਸਾਨਾ, ਉਰਦੂ ਨਸਰ ਨਾਲ ਆਪਣਾ ਸਾਹਿਤਕ ਸਫਰ ਸ਼ੁਰੂ ਕਰਦਾ ਹੈ, ਉਸ ਦੀ ਦ੍ਰਿਸ਼ਟੀ ਤੇ ਸੁਹਜ ਕੁਦਰਤੀ ਤੌਰ ਤੇ ਮੁਕਾਬਲਤਨ ਉੱਚੇ ਪਲੇਟਫਾਰਮ ਤੋਂ ਸ਼ੁਰੂ ਹੋਏਗਾ। ਜਿਸ ਬੱਚੇ ਨੇ ਉਰਦੂ, ਸੰਸਕ੍ਰਿਤ, ਹਿੰਦੀ, ਅੰਗਰੇਜ਼ੀ ਜ਼ੁਬਾਨਾਂ ਸਿੱਖੀਆਂ ਹੋਣਗੀਆਂ, ਜਿਸ ਨੇ ਇਨ੍ਹਾਂ ਜ਼ੁਬਾਨਾਂ ਦਾ ਸਾਹਿਤ ਪੜ੍ਹਿਆ ਹੋਵੇਗਾ, ਉਸ ਦੇ ਗਿਆਨ ਦਾ ਘੇਰਾ ਵੀ ਜ਼ਿਆਦਾ ਹੋਵੇਗਾ, ਉਸਦੀਆਂ ਸਾਹਿਤਕ ਰੁਚੀਆਂ ਵੀ ਜ਼ਿਆਦਾ ਸੂਖਮ ਹੋਣਗੀਆਂ, ਉਸ ਦੀ ਭਾਸ਼ਾ ਪ੍ਰਤੀ ਸੰਵੇਦਨਸ਼ੀਲਤਾ ਵੀ ਜ਼ਿਆਦਾ ਹੋਵੇਗੀ। ਇਸ ਤਰ੍ਹਾਂ ਦੇ ਪਿਛੋਕੜ ਵਾਲਾ ਬੰਦਾ ਜਦੋਂ ਸਾਹਿਤ ਰਚਨਾ ਕਰੇਗਾ, ਤਾਂ ਕੁਦਰਤੀ ਤੌਰ ਤੇ ਉਹ ਉਸ ਬੰਦੇ ਦੇ ਮੁਕਾਬਲੇ ਬਿਹਤਰ ਪੁਜ਼ੀਸ਼ਨ ਵਿੱਚ ਹੋਵੇਗਾ, ਜਿਸ ਨੇ ਸਿਰਫ ਪੰਜਾਬੀ ਪੜ੍ਹਨੀ ਸਿੱਖੀ ਹੈ ਅਤੇ ਜਿਹੜਾ ਸਿਰਫ ਪੰਜਾਬੀ ਪੜ੍ਹਦਾ ਹੈ। ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਭਾਵੇਂ ਅਸੀਂ ਕਿਸੇ

ਵੀ ਸੋਚ ਨਾਲ ਬਣਾਇਆ ਹੋਵੇ, ਪਰ ਵਿਹਾਰਕ ਤੌਰ ਤੇ ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਅਸੀਂ ਹੌਲੀ ਹੌਲੀ ਆਪਣੇ ਆਪ ਨੂੰ ਇੱਕ ਭਾਸ਼ੀ ਸੂਬਾ ਬਣਾਉਣ ਵੱਲ ਤੁਰ ਪਏ ਹਾਂ। ਸਰਕਾਰੀ ਸਕੂਲਾਂ ਦੇ ਪੜ੍ਹੇ ਬੱਚੇ ਹਿੰਦੀ, ਅੰਗਰੇਜ਼ੀ ਤੋਂ ਦੂਰ ਹੋਏ ਹੀ ਹਨ, ਉਨ੍ਹਾਂ ਦੀ ਪੰਜਾਬੀ ਵੀ ਤਸੱਲੀਬਖ਼ਸ਼ ਨਹੀਂ ਹੈ। ਪੰਜਾਬੀ ਮੀਡੀਅਮ ਵਾਲੇ ਇਹ ਬੱਚੇ ਸਾਇੰਸ ਪੜ੍ਹਨ ਤੋਂ ਅਸਮਰਥ ਹਨ ਅਤੇ ਕੋਈ ਵਿਰਲਾ ਟਾਵਾਂ ਹੀ ਹੁੰਦਾ ਹੈ, ਜਿਹੜਾ ਬੀਐਸਸੀ ਵੀ ਸਿਰੇ ਚੜ੍ਹਾਉਂਦਾ ਹੋਵੇਗਾ। ਉਰਦੂ ਇਹ ਪੜ੍ਹ ਹੀ ਨਹੀਂ ਰਹੇ। ਹਿੰਦੀ ਅਤੇ ਅੰਗਰੇਜ਼ੀ ਇਨ੍ਹਾਂ ਦੀ ਗੁਜ਼ਾਰੇ ਜੋਗੀ ਵੀ ਨਹੀਂ। ਕੱਲੀ ਪੰਜਾਬੀ ਪੜ੍ਹਕੇ ਹੀ ਇਹਨਾਂ ਵਿੱਚੋਂ ਬਹੁਤ ਸਾਰੇ ਪੀਐਚਡੀ ਵੀ ਕਰ ਲੈਂਦੇ ਹਨ ਅਤੇ ਪੰਜਾਬੀ ਦੇ ਪ੍ਰੋਫੈਸਰ ਲੱਗ ਜਾਂਦੇ ਹਨ। ਪੰਜਾਬੀ ਦੀ ਪੀਐਚਡੀ ਕਰਨ ਵਾਲੇ ਜ਼ਿਆਦਾਤਰ ਅਜਿਹੇ ਹਨ, ਜਿਹਨਾਂ ਅੰਗਰੇਜ਼ੀ ਵਿੱਚ ਇੱਕ ਕਿਤਾਬ ਵੀ ਨਹੀਂ ਪੜ੍ਹੀ ਹੁੰਦੀ। ਇਹ ਮਾੜਾ ਮੋਟਾ ਕੰਮ ਚਲਾਉਣ ਲਈ ਥੋੜ੍ਹੀ ਬਹੁਤੀ ਹਿੰਦੀ ਪੜ੍ਹ ਲੈਂਦੇ ਹਨ। ਇਨ੍ਹਾਂ ਦੀ ਹਾਲਤ ਖੂਹ ਦੇ ਡੱਡੂ ਵਾਲੀ ਹੋ ਜਾਂਦੀ ਹੈ। ਇਨ੍ਹਾਂ ਨਾਲ ਅਸੀਂ ਯੂਨੀਵਰਸਿਟੀਆਂ, ਪੰਜਾਬੀ ਵਿਭਾਗਾਂ, ਪੰਜਾਬੀ ਸਾਹਿਤਕ ਅਤੇ ਅਕਾਦਮਿਕ ਅਦਾਰਿਆਂ ਅੰਦਰ ਬੌਧਿਕ ਗਰੀਬੀ ਦੇ ਭੰਡਾਰ ਇਕੱਠੇ ਕਰਦੇ ਜਾ ਰਹੇ ਹਾਂ।

**? ਕੀ ਪੰਜਾਬ ਵਿੱਚ ਪੰਜਾਬੀ ਸਿੱਖਿਆ ਦਾ ਮਾਧਿਅਮ ਨਹੀਂ ਹੋਣੀ ਚਾਹੀਦੀ।**

– ਨਹੀਂ, ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬੀ ਸਿੱਖਿਆ ਦਾ ਮਾਧਿਅਮ ਨਹੀਂ ਹੋਣੀ ਚਾਹੀਦੀ। ਮੈਂ ਇਹ ਗੱਲ ਨਹੀਂ ਕਰ ਰਿਹਾ। ਮੈਂ ਤਾਂ ਸਿਰਫ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਬਣਾਉਣ ਦੇ ਪ੍ਰਭਾਵਾਂ ਦੀ ਗੱਲ ਕਰ ਰਿਹਾ ਹਾਂ। ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਤਾਂ ਅਸੀਂ ਚੰਗਾ ਸੋਚ ਕੇ ਹੀ ਬਣਾਇਆ, ਪਰ ਉਸਦਾ ਸਮੁਚੇ ਤੌਰ ਤੇ ਸਿੱਟਾ ਇਹ ਨਿਕਲਿਆ ਹੈ, ਜਿਸ ਦਾ ਅਸੀਂ ਜ਼ਿਕਰ ਕਰ ਰਹੇ ਹਾਂ । ਹੁਣ ਇਸ ਸਮੱਸਿਆ ਦਾ ਅਸੀਂ ਕੀ ਹੱਲ ਕਰਨਾ ਹੈ, ਉਸ ਬਾਰੇ ਸਾਨੂੰ ਸੋਚਣਾ ਹੋਵੇਗਾ। ਜੇ ਪੰਜਾਬੀ ਵੀ ਦੁਨੀਆ ਦੀਆਂ ਹੋਰ ਵਿਕਸਤ ਜ਼ੁਬਾਨਾਂ ਜਿੰਨੀ ਵਿਕਸਤ ਜ਼ੁਬਾਨ ਹੁੰਦੀ, ਜਿਸ ਵਿੱਚ ਹਰ ਖੇਤਰ ਵਿੱਚ ਵਿਸ਼ਵ ਪੱਧਰ ਦਾ ਗਿਆਨ ਤੇ ਸਾਹਿਤ ਹੁੰਦਾ ਤਾਂ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਦੀ ਦ੍ਰਿਸ਼ਟੀ ਵੀ ਵਿਸ਼ਵ ਪੱਧਰੀ ਹੋਣੀ ਸੀ। ਅੱਜ ਜਪਾਨ ਦਾ ਬੱਚਾ ਜੇ ਸਿਰਫ ਜਪਾਨੀ ਪੜ੍ਹਦਾ ਹੈ ਤਾਂ ਉਸ ਨੂੰ ਇਹ ਸਮੱਸਿਆ ਨਹੀਂ ਆਵੇਗੀ, ਕਿਉਂਕਿ ਜਪਾਨੀ ਜ਼ੁਬਾਨ ਵਿੱਚ ਸਾਇੰਸ ਤੋਂ ਲੈ ਕੇ ਆਰਟਸ ਤੱਕ ਹਰ ਖੇਤਰ ਵਿਚ ਵਿਸ਼ਵ ਪੱਧਰ ਦਾ ਗਿਆਨ ਉਪਲਬਧ ਹੈ। ਪਰ ਪੰਜਾਬੀ ਦੀ ਹਾਲਤ ਇਸ ਤੋਂ ਬਿਲਕੁਲ ਉਲਟ ਹੈ। ਸਾਨੂੰ ਸ਼ੁਰੂ ਤੋਂ ਹੀ ਆਪਣੇ ਬੱਚਿਆਂ ਨੂੰ ਬਹੁਭਾਸ਼ੀ ਬਣਾਉਣਾ ਚਾਹੀਦਾ ਹੈ। ਬਹੁਭਾਸ਼ੀ ਪੰਜਾਬੀ ਬੱਚਾ ਹੀ ਪੰਜਾਬੀ ਮਾਂ ਦੀ ਜ਼ਿਆਦਾ ਬਿਹਤਰ ਸੇਵਾ ਕਰ ਸਕੇਗਾ। ਤੁਸੀਂ ਆਧੁਨਿਕ ਦੌਰ ਵਿੱਚ ਹੀ ਪੰਜਾਬੀ ਸਾਹਿਤ, ਅਕਾਦਮਿਕਤਾ ਅਤੇ ਭਾਸ਼ਾ ਵਿਗਿਆਨ ਦਾ ਕੋਈ ਵੀ ਵੱਡਾ ਨਾਂ ਲੈ ਲਵੋ, ਇਨ੍ਹਾਂ ਵਿੱਚ ਕੋਈ ਵਿਰਲਾ ਹੀ ਹੋਵੇਗਾ, ਜਿਹੜਾ ਪੰਜਾਬੀ ਮੀਡੀਅਮ ਵਾਲੇ ਸਕੂਲਾਂ ਦੀ ਪੈਦਾਵਾਰ ਹੋਵੇ। ਜੇ ਪੰਜਾਬੀ ਜ਼ੁਬਾਨ, ਪੰਜਾਬੀ ਅਕਾਦਮਿਕਤਾ, ਸਾਹਿਤ ਤੇ ਸਭਿਆਚਾਰ ਦਾ ਬਹੁ ਦਿਸ਼ਾਵੀ ਵਿਕਾਸ ਕਰਨਾ ਹੈ ਤਾਂ ਸਾਨੂੰ ਆਪਣੀ ਸਿੱਖਿਆ ਨੀਤੀ ਤੇ ਨਵੇਂ ਸਿਰੇ ਤੋਂ ਵਿਚਾਰ ਕਰਨੀ ਹੋਵੇਗੀ। ਮੌਜੂਦਾ ਸਿਸਟਮ ਵਿੱਚ ਤਾਂ ਅੱਜਕਲ੍ਹ ਦੇ ਪੰਜਾਬੀ ਦੇ ਨਲਾਇਕ ਪ੍ਰੋਫੈਸਰ ਹੀ ਪੈਦਾ ਹੋ ਸਕਦੇ ਹਨ। ਇਸ ਵਿੱਚੋਂ ਅਸੀਂ ਭਾਈ ਵੀਰ ਸਿੰਘ, ਪ੍ਰੋਫਸਰ ਪੂਰਨ ਸਿੰਘ, ਕਾਹਨ ਸਿੰਘ ਨਾਭਾ, ਸੰਤ ਸਿੰਘ ਸੇਖੋਂ ਵਰਗੇ ਲੋਕ ਨਹੀਂ ਪੈਦਾ ਕਰ ਸਕਦੇ।

**? ਇਸ ਸੰਕਟ ਦੇ ਇਸ ਤੋਂ ਜ਼ਿਆਦਾ ਵਿਆਪਕ ਆਰਥਿਕ, ਸਮਾਜਕ ਤੇ ਸਭਿਆਚਾਰਕ ਕਾਰਨ ਵੀ ਹਨ। ਸ਼ਾਇਦ ਇਹ ਸੰਕਟ ਵੀ ਕਿਸੇ ਹੋਰ ਵੱਡੇ ਸੰਕਟ ਦੀ ਉਪਜ ਜਾਂ ਉਸਦਾ ਪ੍ਰਗਟਾਵਾ ਹੈ।**

– ਇਸ ਬਾਰੇ ਗੱਲ ਕਰਨ ਲਈ ਸਾਨੂੰ ਥੋੜ੍ਹਾ ਜਿਹਾ ਪਿੱਛੇ ਜਾਣਾ ਪਏਗਾ। ਸਾਡੇ ਇਸ ਖਿੱਤੇ ਵਿੱਚ ਭਾਸ਼ਾਵਾਂ ਦੇ ਵਿਕਾਸ ਦੀ ਪ੍ਰਕਿਰਿਆ ਨੂੰ ਸਮਝਣਾ ਹੋਵੇਗਾ। ਭਾਸ਼ਾ ਕੋਈ ਸਥਿਰ ਜਾਂ ਬੰਦ



ਪ੍ਰਕਿਰਿਆ ਨਹੀਂ ਹੈ ਬਲਕਿ ਇਸ ਵਿੱਚ ਤਬਦੀਲੀ ਜਾਂ ਬਦਲਾਅ ਦਾ ਇੱਕ ਨਿਰੰਤਰ ਸਿਲਸਿਲਾ ਹੈ। ਹਰ ਭਾਸ਼ਾ ਇੱਕ ਖਾਸ ਖਿੱਤੇ ਦੀਆਂ ਸਥਿਤੀਆਂ ਵਿਚੋਂ ਪੈਦਾ ਹੁੰਦੀ ਹੈ ਤੇ ਉਸ ਖਾਸ ਖਿੱਤੇ ਦੇ ਲੋਕਾਂ ਦੁਆਰਾ ਦੂਜੇ ਖਿੱਤੇ ਦੇ ਲੋਕਾਂ ਨਾਲ ਅਦਾਨ ਪ੍ਰਦਾਨ ਦੌਰਾਨ ਤਬਦੀਲੀ ਵਿੱਚੋਂ ਗੁਜ਼ਰਦੀ ਹੈ। ਸਾਡੇ ਸਮਾਜ ਵਿੱਚ ਇਹ ਮਾਨਤਾ ਰਹੀ ਹੈ ਕਿ ਭਾਸ਼ਾ ਹਰ ਬਾਰਾਂ ਕੋਹ ਤੇ ਬਦਲ ਜਾਂਦੀ ਹੈ। ਇਸ ਦਾ ਕਾਰਨ ਇਹ ਸੀ ਕਿ ਉਸ ਸਮਾਜ ਵਿੱਚ ਜ਼ਿੰਦਗੀ ਇੱਕ ਛੋਟੇ ਖਿੱਤੇ ਤੱਕ ਸੀਮਤ ਰਹਿੰਦੀ ਸੀ ਅਤੇ ਜ਼ਿਆਦਾਤਰ ਲੋਕ ਆਪਣੀ ਸਮੁਚੀ ਜ਼ਿੰਦਗੀ ਉਸ ਛੋਟੇ ਜਿਹੇ ਖਿੱਤੇ ਵਿਚ ਹੀ ਗੁਜ਼ਾਰ ਦਿੰਦੇ ਸਨ। ਕੋਈ ਵਿਰਲਾ ਟਾਵਾਂ ਹੁੰਦਾ ਸੀ, ਜਿਹੜਾ ਕਦੇ ਕਦਾਈਂ ਉਸ ਖਿੱਤੇ ਵਿੱਚੋਂ ਬਾਹਰ ਜਾਂਦਾ ਸੀ। ਇੱਕ ਖਿੱਤੇ ਵਿੱਚ ਇੱਕ ਖਾਸ ਤਰ੍ਹਾਂ ਦਾ ਮੁਹਾਵਰਾ, ਲਹਿਜ਼ਾ ਤੇ ਸ਼ਬਦਾਵਲੀ ਪ੍ਰਚਲਿਤ ਹੋ ਜਾਂਦੀ ਸੀ ਅਤੇ ਉਸ ਖਿੱਤੇ ਦੇ ਲੋਕਾਂ ਲਈ ਓਨੀ ਕੁ ਭਾਸ਼ਾ ਕਾਫੀ ਹੁੰਦੀ ਸੀ। ਤਬਦੀਲੀ ਉਦੋਂ ਆਉਂਦੀ ਸੀ ਜਦ ਇਸ ਖਿਤੇ ਦੇ ਲੋਕਾਂ ਦਾ ਵਾਹ ਆਪਣੇ ਖਿੱਤੇ ਤੋਂ ਬਾਹਰ ਦੇ ਲੋਕਾਂ ਨਾਲ ਪੈਂਦਾ ਸੀ।

ਪੰਜਾਬੀ ਸਮਾਜ ਦੀ ਇਹ ਵਿਸ਼ੇਸ਼ ਸਥਿਤੀ ਰਹੀ ਹੈ ਕਿ ਇਹ ਹਮੇਸ਼ਾ ਬਾਹਰ ਦੇ ਖੇਤਰਾਂ ਦੇ ਲੋਕਾਂ ਨਾਲ ਵਾਹ ਵਿੱਚ ਰਿਹਾ ਹੈ। ਇਸ ਖਿੱਤੇ ਦੀ ਭੂਗੋਲਿਕ ਸਥਿਤੀ ਵੀ ਅਜਿਹੀ ਰਹੀ ਹੈ ਕਿ ਦੂਸਰੇ ਖੇਤਰਾਂ ਦੇ ਲੋਕ ਲਗਾਤਾਰ ਇਥੇ ਆਉਂਦੇ ਰਹੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਲਗਾਤਾਰ ਹੀ ਪੰਜਾਬੀ ਲੋਕਾਂ ਦਾ ਦੂਸਰੇ ਸਭਿਆਚਾਰਾਂ ਦੇ ਲੋਕਾਂ ਨਾਲ ਵਾਹ ਰਿਹਾ। ਇਸ ਵਾਹ ਨੇ ਸਾਡੇ ਜੀਵਨ, ਸਭਿਆਚਾਰ ਤੇ ਭਾਸ਼ਾ ਨੂੰ ਵੀ ਲਗਾਤਾਰ ਪ੍ਰਭਾਵਤ ਕੀਤਾ ਅਤੇ ਲਗਾਤਾਰ ਇਸ ਵਿੱਚ ਕੁੱਝ ਨਾ ਕੁੱਝ ਨਵਾਂ ਰਲਦਾ ਰਿਹਾ। ਆਰੀਅਨਾਂ ਦੇ ਆਉਣ ਤੋਂ ਪਹਿਲਾਂ ਸਾਡੇ ਇਥੇ ਇੱਕ ਸਥਾਪਤ ਸਭਿਅਤਾ ਸੀ, ਜਿਸ ਨੂੰ ਸਿੰਧੂ ਘਾਟੀ ਦੀ ਸਭਿਅਤਾ ਕਿਹਾ ਜਾਂਦਾ ਹੈ। ਦ੍ਰਾਵਿੜ ਸਭਿਅਤਾ ਇੱਕ ਖੇਤੀ ਅਧਾਰਤ, ਸ਼ਹਿਰੀ ਤੇ ਸਥਾਪਤ ਸਭਿਅਤਾ ਸੀ। ਆਰੀਅਨ ਪਸ਼ੂ ਪਾਲਣ ਵਾਲੇ ਘੁਮੰਕੜ ਲੋਕ ਸਨ। ਦੋਵਾਂ ਦੇ ਜ਼ਿੰਦਗੀ ਪ੍ਰਤੀ ਨਜ਼ਰੀਏ ਤੇ ਤਰਜ਼ੇ ਜ਼ਿੰਦਗੀ ਵਿੱਚ ਜ਼ਮੀਨ ਅਸਮਾਨ ਦਾ ਫਰਕ ਸੀ। ਕੇਂਦਰੀ ਏਸ਼ੀਆ ਵਿੱਚੋਂ ਤੁਰਨ ਵਾਲੇ ਆਰੀਅਨ ਲੋਕ ਮੁਖ ਤੌਰ ਤੇ ਤਿੰਨ ਦਿਸ਼ਾਵਾਂ ਵੱਲ ਗਏ। ਇੱਕ ਦਿਸ਼ਾ ਯੂਰਪ ਵੱਲ ਸੀ, ਜਿਥੇ ਗਏ ਲੋਕਾਂ ਨੇ ਇੰਡੋ ਯੂਰਪੀਅਨ ਭਾਸ਼ਾਵਾਂ ਵਿਕਸਤ ਕੀਤੀਆਂ। ਦੂਜਾ ਰੁਖ ਇਰਾਨ ਵਗੈਰਾ ਵੱਲ ਸੀ ਅਤੇ ਤੀਜਾ ਭਾਰਤ ਵੱਲ। ਸਾਡੇ ਇਥੇ ਸਥਾਪਤ ਦ੍ਰਾਵਿੜ ਸਭਿਅਤਾ ਨਾਲ ਆਰੀਅਨਾਂ ਦੇ ਅਦਾਨ ਪ੍ਰਦਾਨ ਵਿੱਚੋਂ ਜੋ ਨਵਾਂ ਸਭਿਆਚਾਰ ਅਤੇ ਭਾਸ਼ਾਵਾਂ ਵਿਕਸਤ ਹੋਈਆਂ, ਉਹ ਬਾਕੀਆਂ ਨਾਲੋਂ ਵੱਖਰੀਆਂ ਸਨ। ਆਰੀਅਨ ਲੋਕਾਂ ਤੇ ਦ੍ਰਾਵਿੜ ਲੋਕਾਂ ਦੇ ਆਪਸੀ ਮੇਲ ਜੋਲ ਵਿੱਚੋਂ ਜੋ ਜੀਵਨ ਜਾਚ, ਸਭਿਆਚਾਰ ਤੇ ਭਾਸ਼ਾ ਵਿਕਸਤ ਹੋਈ, ਉਸ ਦੇ ਕੁੱਝ ਆਪਣੇ ਲੱਛਣ ਸਨ। ਇਥੇ ਜੋ ਸਮਾਜ ਵਿਕਸਤ ਹੋਇਆ, ਉਸਦੀਆਂ ਕੁੱਝ ਵਿਲੱਖਣ ਖਾਸੀਅਤਾਂ ਸਨ।

ਜੋ ਖਾਸ ਪਹਿਲੂ ਭਾਰਤੀ ਸਮਾਜ ਵਿੱਚ ਵਿਕਸਤ ਹੋਇਆ, ਉਹ ਕੰਮ ਦੀ ਵੰਡ ਦਾ ਸਿਸਟਮ ਸੀ ਜਿਸ ਨੇ ਬਾਅਦ ਵਿੱਚ ਵਿਗੜਕੇ ਵਰਣ ਆਸ਼ਰਮ ਦਾ ਰੂਪ ਲੈ ਲਿਆ। ਬੁਨਿਆਦੀ ਤੌਰ ਤੇ ਇਹ ਕੰਮ ਦੀ ਵੰਡ ਸੀ। ਇਹ ਵੰਡ ਚੋਣ ਤੇ ਅਧਾਰਤ ਸੀ ਨਾ ਕਿ ਜਨਮ ਦੇ ਅਧਾਰ ਤੇ। ਇਸ ਦਾ ਮਕਸਦ ਸਮਾਜ ਵਿੱਚ ਜ਼ਿਆਦਾ ਤੋਂ ਜ਼ਿਆਦਾ ਨਿਪੁੰਨਤਾ ਲਿਆਉਣਾ ਸੀ। ਇਸ ਨਾਲ ਕੋਈ ਉਚ ਨੀਚ ਦਾ ਸੰਕਲਪ ਨਹੀਂ ਸੀ ਜੁੜਿਆ। ਹੋਰ ਸਭ ਵਿਗਾੜ ਬਾਅਦ ਦੇ ਦੌਰ ਦੀ ਉਪਜ ਹਨ। ਜਿਵੇਂ ਅੱਜ ਦੇ ਦੌਰ ਵਿੱਚ ਥਿਊਰੈਟੀਕਲ ਤੇ ਅਪਲਾਈਡ ਸਾਇੰਸ ਦੀ ਵੰਡ ਹੈ, ਬਿਲਕੁਲ ਇਸੇ ਤਰ੍ਹਾਂ ਦੀ ਵੰਡ ਪੁਰਾਤਨ ਭਾਰਤੀ ਸਮਾਜ ਵਿੱਚ ਕੀਤੀ ਗਈ। ਇਕ ਤਬਕਾ ਨਿਰੋਲ ਬੌਧਿਕ ਗਤੀਵਿਧੀਆਂ ਲਈ ਸੀ। ਜੋ ਬਾਅਦ ਵਿੱਚ ਜਾਕੇ ਬ੍ਰਾਹਮਣ ਬਣ ਗਿਆ। ਇੱਕ ਤਬਕਾ ਅਪਲਾਈਡ ਸਾਇੰਸ ਵਾਲਾ ਸੀ, ਜਿਸ ਨੇ ਉਸ ਦੌਰ ਦੀ ਤਕਨਾਲੋਜੀ ਵਿਕਸਤ ਕੀਤੀ। ਇਹ ਵੰਡ ਖੂਬਸੂਰਤ ਸੀ, ਜਦ ਤੱਕ ਇਹ ਚੋਣ ਤੇ ਅਧਾਰਤ ਸੀ। ਜਦ ਇਹ ਜਨਮਜਾਤ ਬਣਨ ਲੱਗੀ ਤਾਂ ਇਸ ਵਿੱਚ ਨਿਘਾਰ ਸ਼ੁਰੂ ਹੋ ਗਿਆ

ਅਤੇ ਇਸੇ ਨਿਘਾਰ ਦਾ ਸਿੱਟਾ ਸਾਡਾ ਅੱਜ ਦਾ ਸਮਾਜ ਵੀ ਭੁਗਤ ਰਿਹਾ ਹੈ। ਇਸ ਵੰਡ ਨੇ ਮੁਢਲੇ ਦੌਰ ਵਿੱਚ ਬਹੁਤ ਕਮਾਲ ਕੀਤੀ। ਖਗੋਲ ਵਿਗਿਆਨ, ਗਣਿਤ, ਮੈਡੀਸਨ, ਖੇਤੀ, ਪਸ਼ੂ ਪਾਲਣ ਆਦਿ ਸਭ ਖੇਤਰਾਂ ਵਿੱਚ ਜੋ ਗਿਆਨ ਤੇ ਤਕਨਾਲੋਜੀ ਅਸੀਂ ਉਸ ਦੌਰ ਵਿੱਚ ਪੈਦਾ ਕੀਤਾ, ਉਹ ਬਹੁਤ ਵੱਡਾ ਹੈ ਅਤੇ ਦੁਨੀਆ ਦੇ ਹੋਰ ਕਿਸੇ ਹਿੱਸੇ ਵਿੱਚ ਉਸ ਤਰ੍ਹਾਂ ਦਾ ਕੰਮ ਉਸ ਦੌਰ ਵਿੱਚ ਨਹੀਂ ਸੀ ਹੋ ਰਿਹਾ। ਉਸ ਵੇਲੇ ਅਸੀਂ ਸੰਸਾਰ ਦੇ ਸਿਖਰ ਤੇ ਸਾਂ। ਉਪਨਿਸ਼ਦਾਂ ਤੇ ਪੁਰਾਣਾਂ ਦੇ ਦੌਰ ਤੱਕ ਸਮਾਜ ਦੇ ਇਸ ਸੰਤੁਲਨ ਵਿੱਚ ਕੋਈ ਟਕਰਾਅ ਪੈਦਾ ਨਹੀਂ ਹੋਇਆ। ਪਰ ਹੌਲੀ ਹੌਲੀ ਜਦੋਂ ਇਹ ਕੰਮ ਵੰਡ ਇੱਕ ਜਨਮਜਾਤ ਸੰਸਥਾ ਦੇ ਰੂਪ ਵਿੱਚ ਚੰਗੀ ਤਰਾਂ ਸਥਾਪਤ ਹੋ ਗਈ ਤਾਂ ਫੇਰ ਸਰਦਾਰੀ ਦੀ ਲੜਾਈ ਸ਼ੁਰੂ ਹੋ ਗਈ। ਮੈਂ ਇਸ ਨੂੰ ਥਿਊਰੈਟੀਕਲ ਸਾਇੰਸ ਅਤੇ ਅਪਲਾਈਡ ਸਾਇੰਸ ਵਾਲੇ ਵਰਗਾਂ ਵਿੱਚ ਸਰਦਾਰੀ ਦੀ ਲੜਾਈ ਕਹਾਂਗਾ। ਇਥੇ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਖੂਬਸੂਰਤੀ ਥਿਊਰੈਟੀਕਲ ਤੇ ਅਪਲਾਈਡ ਸਾਇੰਸ ਦੇ ਰਿਸ਼ਤੇ ਦੇ ਸੰਤੁਲਨ ਵਿੱਚ ਹੀ ਸੀ। ਜਦ ਇਹ ਸੰਤੁਲਨ ਹਿਲਿਆ ਤਾਂ ਸਾਰੀ ਦੁਨੀਆ ਦੀਆਂ ਬਿਮਾਰੀਆਂ ਸਾਡੇ ਸਮਾਜ ਤੇ ਆ ਪਈਆਂ। ਬ੍ਰਾਹਮਣ ਨਿਰੋਲ ਬੌਧਿਕ ਗਤੀਵਿਧੀ ਨਾਲ ਜੁੜਿਆ ਤਬਕਾ ਸੀ, ਉਸ ਨੇ ਆਪਣੀ ਸਰਦਾਰੀ ਸਾਬਤ ਕਰਨ ਲਈ ਅਪਲਾਈਡ ਵਾਲਿਆਂ ਨੂੰ ਹਿਕਾਰਤ ਦੀ ਨਜ਼ਰ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਦੇ ਕੰਮ ਨੂੰ ਛੁਟਿਆਉਣਾ ਸ਼ੁਰੂ ਕਰ ਦਿੱਤਾ। ਜਿਵੇਂ ਅੱਜ ਦੀ ਕੰਪਿਊਟਰ ਸਾਇੰਸ ਵਿੱਚ ਸੌਫਅਵੇਅਰ ਵਾਲੇ ਹਾਰਡਵੇਅਰ ਵਾਲਿਆਂ ਨੂੰ ਆਪਣੇ ਤੋਂ ਨੀਚਾ ਸਮਝਦੇ ਹਨ। ਇਸ ਤਰ੍ਹਾਂ ਹਮੇਸ਼ਾ ਹੀ ਹੁੰਦਾ ਹੈ। ਬ੍ਰਾਹਮਣਾਂ ਨੇ ਸਭ ਤੋਂ ਪਹਿਲਾਂ ਆਯੁਰਵੈਦਾਂ ਨੂੰ ਨਕਾਰਨਾ ਸ਼ੁਰੂ ਕਰ ਦਿੱਤਾ। ਬੌਧਿਕ ਤਬਕਾ ਨਿਰੋਲ ਨਿਰਾਕਾਰ ਬੌਧਿਕਤਾ ਦੇ ਖੇਤਰ ਵੱਲ ਵਧ ਗਿਆ ਤੇ ਅਪਲਾਈਡ ਵਾਲੇ ਦੂਰ ਹੁੰਦੇ ਗਏ। ਸਮਾਜ ਅੰਦਰ ਇਸ ਤਰਾਂ ਦੇ ਟਕਰਾਵਾਂ ਤੇ ਤਬਦੀਲੀਆਂ ਦਾ ਸਿੱਧਾ ਅਸਰ ਭਾਸ਼ਾਵਾਂ ਤੇ ਵੀ ਪੈਂਦਾ ਹੈ। ਨਿਰੋਲ ਬੌਧਿਕਤਾ ਵਿੱਚ ਸਿਮਟੇ ਬ੍ਰਾਹਮਣ ਤਬਕੇ ਨੇ ਆਪਣੇ ਆਪ ਨੂੰ ਕਿਤਾਬੀ ਸੰਸਕ੍ਰਿਤ ਤੱਕ ਸੀਮਤ ਕਰ ਲਿਆ ਅਤੇ ਬਾਕੀ ਸਮਾਜ ਦਾ ਇਸ ਭਾਸ਼ਾ ਨਾਲੋਂ ਰਿਸ਼ਤਾ ਟੁਟ ਗਿਆ। ਮਹਾਤਮਾ ਬੁਧ ਨੇ ਜਦੋਂ ਪਾਲੀ ਭਾਸ਼ਾ ਨੂੰ ਆਪਣੇ ਗਿਆਨ ਦਾ ਮਾਧਿਅਮ ਬਣਾਇਆ ਤਾਂ ਉਹ ਸਮਾਜ ਵਿੱਚ ਪੈਦਾ ਹੋਏ ਇਸ ਅਸੰਤੁਲਨ ਨੂੰ ਦੂਰ ਕਰਨ ਦੀ ਕੋਸ਼ਿਸ਼ ਹੀ ਕਰ ਰਹੇ ਸਨ। ਬਾਦ ਵਿੱਚ ਭਗਤੀ ਲਹਿਰ ਨੇ ਵੀ ਇਹੀ ਕੁੱਝ ਕੀਤਾ। ਉਨ੍ਹਾਂ ਬੌਧਿਕ ਵਰਗ ਤੇ ਆਮ ਲੋਕਾਂ ਦੀ ਭਾਸ਼ਾ ਵਿੱਚਕਾਰ ਪੈਦਾ ਹੋਏ ਪਾੜੇ ਨੂੰ ਦੂਰ ਕਰਨ ਲਈ ਜ਼ਿੰਦਗੀ ਨਾਲ ਜੁੜੀ ਹੋਈ ਭਾਸ਼ਾ ਚੁਣੀ ਅਤੇ ਉਸ ਨੂੰ ਆਪਣੇ ਗਿਆਨ ਦਾ ਮਾਧਿਅਮ ਬਣਾਇਆ। ਪਰ ਇਹ ਸੰਕਟ ਵੱਖ ਵੱਖ ਰੂਪਾਂ ਵਿੱਚ ਵਾਰ ਵਾਰ ਪੈਦਾ ਹੁੰਦਾ ਰਿਹਾ। ਭਗਤੀ ਲਹਿਰ ਦਾ ਅਸਰ ਖਤਮ ਹੋਇਆ ਤਾਂ ਫੇਰ ਇਹੀ ਸੰਕਟ ਨਵੇਂ ਰੂਪ ਵਿੱਚ ਪੈਦਾ ਹੋ ਗਿਆ। ਦੋ ਕੁ ਸਾਲ ਪਹਿਲਾਂ ਪੰਜਾਬ ਵਿੱਚ ਵੈਦ ਨੂੰ ਚੇਲਾ ਨਹੀਂ ਸੀ ਲੱਭਦਾ ਹੁੰਦਾ। ਵੈਦ ਡਾਕਟਰ ਸੀ ਪਰ ਉਸਦਾ ਕੰਮ ਇੱਜ਼ਤ ਵਾਲਾ ਕੰਮ ਨਹੀਂ ਸੀ ਅਤੇ ਬ੍ਰਾਹਮਣਾਂ ਦੇ ਪਰਿਵਾਰਾਂ ਵਿੱਚੋਂ ਕੋਈ ਵੈਦ ਦਾ ਕੰਮ ਕਰਨ ਲਈ ਤਿਆਰ ਨਹੀਂ ਸੀ ਹੁੰਦਾ। ਅੱਜ ਹਰ ਕੋਈ ਇੰਜਨੀਅਰ ਬਣਨ ਦੀ ਗੱਲ ਕਰ ਰਿਹਾ ਹੈ। ਕੁੱਝ ਦਹਾਕੇ ਪਹਿਲਾਂ ਤੱਕ ਇਸ ਤਰ੍ਹਾਂ ਦੀ ਕਾਰੀਗਰੀ ਬ੍ਰਾਹਮਣ ਦੀ ਨਜ਼ਰ ਵਿੱਚ ਨੀਵੇਂ ਦਰਜੇ ਦਾ ਕੰਮ ਸੀ।

ਜੇ ਅਸੀਂ ਇਸ ਪਿਛੋਕੜ ਵਿੱਚ ਰੱਖਕੇ ਪੰਜਾਬੀ ਦੇ ਮੌਜੂਦਾ ਸੰਕਟ ਨੂੰ ਦੇਖਾਂਗੇ ਤਾਂ ਸਾਨੂੰ ਅਸਾਨੀ ਨਾਲ ਇਸ ਸੰਕਟ ਦਾ ਸੁਭਾਅ ਸਮਝ ਆ ਸਕਦਾ ਹੈ। ਜਿਵੇਂ ਪੁਰਾਣੇ ਸਮਾਜ ਵਿੱਚ ਬੌਧਿਕ ਤਬਕਾ ਬਾਕੀ ਦੇ ਸਮਾਜ ਨਾਲੋਂ ਟੁਟਿਆ ਹੋਇਆ ਸੀ, ਉਸੇ ਤਰ੍ਹਾਂ ਦੀ ਹਾਲਤ ਅੱਜ ਦੇ ਸਮਾਜ ਦੀ ਵੀ ਹੈ। ਸਾਡੇ ਕੋਲ ਆਧੁਨਿਕ ਵਿਗਿਆਨ ਤੇ ਟੈਕਨਾਲੋਜੀ ਪੱਛਮੀ ਮੁਲਕਾਂ ਵਿੱਚੋਂ ਆਈ। ਕੋਈ ਵੀ ਗਿਆਨ ਤੇ ਟੈਕਨਾਲੋਜੀ ਜਿਸ ਸਮਾਜ ਵਿੱਚ ਪੈਦਾ ਹੁੰਦੀ ਹੈ, ਉਸ ਦੀ ਸ਼ਬਦਾਵਲੀ ਅਤੇ ਸੰਕਲਪ ਵੀ ਉਸ ਸਮਾਜ ਦੀ ਭਾਸ਼ਾ ਵਿੱਚ ਹੀ ਵਿਕਸਤ ਹੁੰਦੇ ਹਨ। ਇਸ ਕਰਕੇ ਆਧੁਨਿਕ ਸਾਇੰਸ ਤੇ



ਟੈਕਨਾਲੋਜੀ ਦੀ ਭਾਸ਼ਾ ਅੰਗਰੇਜ਼ੀ ਬਣ ਗਈ। ਇਸ ਨਾਲ ਇੱਕ ਨਵਾਂ ਪਾੜਾ ਪੈਦਾ ਹੋ ਗਿਆ। ਇਸ ਗਿਆਨ ਦੀਆਂ ਸਾਡੇ ਲੋਕਲ ਜੀਵਨ ਵਿੱਚ ਜੜ੍ਹਾਂ ਨਹੀਂ ਲੱਗ ਸਕੀਆਂ। ਸਾਡੇ ਕੋਲ ਪੁਲਾੜ ਵਿਗਿਆਨ, ਆਯੂਰਵੈਦਾ, ਗਣਿਤ ਆਦਿ ਦਾ ਬਹੁਤ ਅਮੀਰ ਵਿਰਸਾ ਹੈ, ਪਰ ਅਸੀਂ ਉਸ ਵਿਰਸੇ ਨਾਲੋਂ ਕਦੋਂ ਦੇ ਟੁੱਟ ਚੁੱਕੇ ਹਾਂ ਅਤੇ ਆਧੁਨਿਕ ਸਾਇੰਸ ਨੂੰ ਅਸੀਂ ਉਸ ਨਾਲ ਜੋੜ ਨਹੀਂ ਸਕੇ। ਮਿਸਾਲ ਦੇ ਤੌਰ ਤੇ ਘੁਮਾਰ ਦਾ ਚੱਕ ਇੱਕ ਬਹੁਤ ਵੱਡੀ ਤਕਨਾਲੋਜੀ ਸੀ। ਉਸ ਅੰਦਰ ਗਤੀ ਦੇ ਸਭ ਨਿਯਮ ਕੰਮ ਕਰ ਰਹੇ ਹਨ। ਪਰ ਅੱਜ ਦਾ ਸਾਇੰਸ ਪੜ੍ਹਨ ਵਾਲਾ ਬੱਚਾ ਆਪਣੇ ਗਤੀ ਦੇ ਨਿਯਮ ਘੁਮਾਰ ਦੇ ਚੱਕ ਦੇ ਹਵਾਲੇ ਨਾਲ ਨਹੀਂ ਸਮਝ ਸਕਦਾ। ਉਹ ਆਪਣੇ ਲੋਕਲ ਜੀਵਨ ਨਾਲੋਂ ਟੁੱਟਿਆ ਹੋਇਆ ਹੈ। ਆਧੁਨਿਕ ਮੈਡੀਕਲ ਸਿਸਟਮਾਂ ਲਈ ਲੋੜੀਂਦੀ ਹਰ ਤਰ੍ਹਾਂ ਦੀ ਸ਼ਬਦਾਵਲੀ ਸਾਡੇ ਆਯੂਰਵੈਦਾ ਸਿਸਟਮ ਵਿੱਚੋਂ ਲਈ ਜਾ ਸਕਦੀ ਸੀ, ਪਰ ਅਸੀਂ ਉਸ ਤੋਂ ਵੀ ਬਹੁਤ ਦੂਰ ਚਲੇ ਗਏ।

**? ਕੀ ਇਸ ਨਵੀਂ ਤਰ੍ਹਾਂ ਦੇ ਅਦਾਨ ਪ੍ਰਦਾਨ ਵਿੱਚੋਂ ਕੁੱਝ ਨਵਾਂ ਨਹੀਂ ਪੈਦਾ ਹੋ ਸਕਿਆ। ਕੋਈ ਨਵੀਂ ਭਾਸ਼ਾ, ਕੋਈ ਨਵਾਂ ਮੁਹਾਵਰਾ ?**

– ਅਸੀਂ ਦੇਖ ਸਕਦੇ ਹਾਂ ਕਿ ਸਾਡੇ ਲੋਕਾਂ ਦਾ ਜਿਥੇ ਜਿਥੇ ਵੀ ਨਵੀਂ ਤਰ੍ਹਾਂ ਦੇ ਜੀਵਨ, ਤਕਨਾਲੋਜੀ ਨਾਲ ਵਾਹ ਪਿਆ ਹੈ, ਉਥੇ ਉਥੇ ਉਨ੍ਹਾਂ ਆਪਣੇ ਨਵੇਂ ਸ਼ਬਦ ਘੜੇ ਹਨ। ਮਿਸਾਲ ਦੇ ਤੌਰ ਤੇ ਪੰਜਾਬੀ ਲੋਕਾਂ ਦਾ ਬ੍ਰਿਟਸ਼ ਫੌਜ ਦੇ ਜੀਵਨ ਨਾਲ ਵਾਹ ਪਿਆ ਤਾਂ ਉਨ੍ਹਾਂ ਕਰਨੈਨ, ਜਰਨੈਲ ਤੇ ਰੰਗਰੂਟ ਆਦਿ ਦੇ ਰੂਪ ਵਿੱਚ ਕਿੰਨੇ ਹੀ ਆਪਣੇ ਸ਼ਬਦ ਵਿਕਸਤ ਕਰ ਲਏ। ਇਸੇ ਤਰ੍ਹਾਂ ਆਧੁਨਿਕ ਖੇਤੀ ਟੈਕਨਾਲੋਜੀ ਨਾਲ ਪੰਜਾਬ ਦੇ ਕਿਸਾਨ ਦਾ ਵਾਹ ਪਿਆ ਤਾਂ ਉਸ ਨੇ ਬਹੁਤ ਸਾਰੇ ਸ਼ਬਦ ਉਵੇਂ ਅਪਨਾ ਲਏ ਤੇ ਬਾਕੀਆਂ ਨੂੰ ਆਪਣੇ ਹਿਸਾਬ ਨਾਲ ਢਾਲ ਲਿਆ। ਬਹੁਤ ਸਾਰੀਆਂ ਚੀਜ਼ਾਂ ਲਈ ਬਿਲਕੁਲ ਨਵੇਂ ਸ਼ਬਦ ਵੀ ਘੜ ਲਏ। ਜਿਹੜੇ ਡਾਕਟਰ ਪਿੰਡਾਂ ਵਿੱਚ ਕੰਮ ਕਰਦੇ ਹਨ, ਉਹ ਲੋਕਲ ਲੋਕਾਂ ਨਾਲ ਆਪਣੀ ਗੱਲ ਕਰਨ ਲਈ ਹਰ ਤਰ੍ਹਾਂ ਦੇ ਸੌਖੇ ਸ਼ਬਦ ਤੇ ਸੰਕਲਪ ਘੜ ਲੈਂਦੇ ਹਨ। ਪਰ ਮੁਸ਼ਕਲ ਇਹ ਰਹੀ ਕਿ ਲੋਕਾਂ ਦੁਆਰਾ ਗ੍ਰਹਿਣ ਕੀਤੀ ਗਈ ਅਤੇ ਆਪਣੇ ਅਨੁਸਾਰ ਢਾਲੀ ਗਈ ਇਹ ਭਾਸ਼ਾ ਵਾਪਿਸ ਅਕਾਦਮਿਕਤਾ ਕੋਲ ਨਹੀਂ ਗਈ। ਅਕਾਦਮਿਕਤਾ ਇਸ ਦੇ ਬਾਵਜੂਦ ਆਪਣੇ ਖੋਲਾਂ ਵਿੱਚ ਬੰਦ ਰਹੀ। ਭਾਸ਼ਾ ਇੱਕ ਅਜਿਹੀ ਚੀਜ਼ ਹੈ, ਜਿਸ ਦਾ ਡੱਬੀ ਵਿੱਚ ਬੰਦ ਕਰਨ ਨਾਲ ਵਿਕਾਸ ਨਹੀਂ ਹੋ ਸਕਦਾ। ਅੱਜ ਸਾਡੀ ਯੂਨੀਵਰਸਿਟੀ ਅਕਾਦਮਿਕਤਾ ਸਾਡੇ ਆਮ ਲੋਕਾਂ ਦੇ ਜੀਵਨ ਤੋਂ ਦੂਰ ਹੈ। ਮੇਰੇ ਕੋਲ ਬਹੁਤ ਸਾਰੇ ਅਜਿਹੇ ਲੋਕ ਕਿਤਾਬਾਂ ਛਪਵਾਉਣ ਆਉਂਦੇ ਹਨ, ਜਿਹੜੇ ਡਾਕਟਰ ਹਨ, ਇੰਜਨੀਅਰ ਹਨ, ਸਿਵਲ ਸਰਵਿਸ ਵਿੱਚ ਹਨ, ਪ੍ਰੋਫੈਸਰ ਹਨ। ਮੈਨੂੰ ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਅਜਿਹਾ ਨਹੀਂ ਆਇਆ, ਜਿਹੜਾ ਅਜਿਹਾ ਹੋਵੇ, ਜਿਹੜਾ ਆਪਣੇ ਵਿਸ਼ੇ ਨਾਲ ਸਬੰਧਤ ਕਿਤਾਬ ਪੰਜਾਬੀ ਵਿੱਚ ਛਪਵਾਉਣ ਆਇਆ ਹੋਵੇ। ਪੰਜਾਬੀ ਵਿੱਚ ਛਪਵਾਉਣ ਉਹ ਕਵਿਤਾ ਦੀ ਕਿਤਾਬ ਲੈ ਕੇ ਆਉਂਦੇ ਹਨ ਅਤੇ ਉਸ ਕਵਿਤਾ ਦਾ ਪੱਧਰ ਇੱਕ ਦਸਵੀਂ ਜਮਾਤ ਦੇ ਵਿਦਿਆਰਥੀ ਦੀ ਕਵਿਤਾ ਵਾਲਾ ਹੁੰਦਾ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਇਹ ਲੋਕ ਪੰਜਾਬੀ ਵਿੱਚ ਸਿਰਫ ਕਵਿਤਾ ਹੀ ਲਿਖ ਸਕਦੇ ਹਨ। ਆਪਣੇ ਵਿਸ਼ਿਆਂ ਬਾਰੇ ਕਿਸੇ ਵੀ ਤਰ੍ਹਾਂ ਦਾ ਰਚਨਾਤਮਕ ਇਜ਼ਹਾਰ ਪੰਜਾਬੀ ਵਿੱਚ ਕਰਨ ਦੀ ਉਨ੍ਹਾਂ ਨੂੰ ਜਾਚ ਹੀ ਨਹੀਂ ਹੈ। ਇਹ ਬਹੁਤ ਗੰਭੀਰ ਸੰਕਟ ਹੈ।

**? ਪੰਜਾਬੀ ਭਾਸ਼ਾ ਦੇ ਵਰਤਮਾਨ ਸੰਕਟ ਨੂੰ ਕੁੱਝ ਲੋਕ ਪੰਜਾਬੀ ਸਮਾਜ ਦੀ ਫਿਰਕਾ ਵੰਡ ਨਾਲ ਜੋੜਦੇ ਹਨ। ਪੰਜਾਬੀ ਕਿਉਂਕਿ ਮੁਸਲਮਾਨ, ਸਿੱਖ ਤੇ ਹਿੰਦੂ ਵਿੱਚ ਵੰਡ ਗਈ, ਜਿਸ ਕਾਰਨ ਇਹ 12 ਕਰੋੜ ਲੋਕਾਂ ਦੀ ਭਾਸ਼ਾ ਹੋਣ ਦੇ ਬਾਵਜੂਦ ਵੀ ਇੱਕ ਵਿਕਸਤ ਭਾਸ਼ਾ ਵਾਲਾ ਦਰਜਾ ਗ੍ਰਹਿਣ ਨਹੀਂ ਕਰ ਸਕੀ। ਕੀ ਇਹ ਫਿਰਕੂ ਵੰਡ ਪੰਜਾਬੀ ਦੀਆਂ ਜੜ੍ਹਾਂ ਵਿੱਚ ਬੈਠੀ ਹੈ ?**

– ਅਸਲ ਵਿੱਚ ਪੰਜਾਬੀ ਦੇ ਮੌਜੂਦਾ ਸੰਕਟ ਨੂੰ ਜੇ ਇਸ ਦੇ ਸਮੁਚੇ ਰੂਪ ਵਿੱਚ ਦੇਖੀਏ ਤਾਂ ਫਿਰਕਾ ਵੰਡ ਸਮੱਸਿਆ ਦੀ ਜੜ੍ਹ ਹੋਣ ਦੀ ਬਜਾਏ ਸਮੱਸਿਆ ਦਾ ਇੱਕ ਪ੍ਰਗਟਾਵਾ ਜਾਂ ਬਾਹਰੀ ਰੂਪ ਨਜ਼ਰ ਆਉਂਦਾ ਹੈ। ਫਿਰਕਾ ਵੰਡ ਕਾਰਨ ਇਹ ਸਮੱਸਿਆ ਪੈਦਾ ਨਹੀਂ ਹੋਈ ਬਲਕਿ ਇਹ ਪਹਿਲੂ ਜੁੜਨ ਨਾਲ ਇਹ ਸੰਕਟ ਜ਼ਿਆਦਾ ਗੁੰਝਲਦਾਰ ਹੋ ਗਿਆ। ਇਸ ਸਮੱਸਿਆ ਨੂੰ ਅਸੀਂ ਜੇ ਸਿਰਫ ਫਿਰਕੂ ਵੰਡ ਦੀ ਦ੍ਰਿਸ਼ਟੀ ਨਾਲ ਬਿਆਨ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਮਸਲੇ ਨੂੰ ਬਹੁਤ ਉਪਰੋਂ ਉਪਰੋਂ ਫੜ ਰਹੇ ਹੋਵਾਂਗੇ। ਭਾਸ਼ਾ ਦੇ ਸੰਕਟ ਨੂੰ ਭਾਸ਼ਾ ਦੇ ਵਿਕਾਸ ਦੀ ਪ੍ਰਕਿਰਿਆ ਤੇ ਉਸ ਪ੍ਰਕਿਰਿਆ ਦੌਰਾਨ ਆਉਂਦੀਆਂ ਸਮੱਸਿਆਵਾਂ ਦੇ ਵੱਡੇ ਪ੍ਰਸੰਗ ਵਿੱਚ ਰੱਖਕੇ ਹੀ ਦੇਖ ਸਕਦੇ ਹਾਂ। ਭਾਸ਼ਾ ਦੇ ਵਿਕਾਸ ਦੀ ਜੋ ਪ੍ਰਕਿਰਿਆ ਹੈ, ਉਸ ਵਿੱਚ ਇੱਕ ਰੁਝਾਨ ਸਰਵਵਿਆਪਕ ਤੇ ਸਦੀਵੀ ਹੈ, ਜਿਹੜਾ ਹਰ ਜਗ੍ਹਾ ਤੇ ਹਰ ਦੌਰ ਵਿੱਚ ਦੇਖਣ ਨੂੰ ਮਿਲਦਾ ਹੈ। ਹਰ ਭਾਸ਼ਾ ਦੇ ਲੋਕਲ ਰੂਪ ਦੁਆਰਾ ਕਲਾਸੀਕਲ ਰੂਪ ਅਖਤਿਆਰ ਕਰਨ ਦਾ ਸਫਰ ਇੱਕ ਅਮੁਕ ਸਿਲਸਿਲਾ ਹੈ, ਜਿਹੜਾ ਹਮੇਸ਼ਾ ਜਾਰੀ ਰਿਹਾ ਹੈ। ਇਹ ਪ੍ਰਕਿਰਿਆ ਅਸੀਂ ਆਪਣੇ ਗੁਰੂਆਂ ਦੇ ਕਾਲ ਦੌਰਾਨ ਵੀ ਦੇਖ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਜਿਹੜੀ ਭਾਸ਼ਾ ਵਰਤੀ, ਉਸ ਭਾਸ਼ਾ ਦਾ ਘੇਰਾ ਬਹੁਤ ਖੁੱਲ੍ਹਾ ਸੀ। ਇਹੀ ਵਜ੍ਹਾ ਸੀ ਕਿ ਉਸ ਭਾਸ਼ਾ ਦੇ ਘੇਰੇ ਵਿੱਚ ਪੂਰੇ ਭਾਰਤ ਦੇ ਭਗਤਾਂ ਦੀ ਭਾਸ਼ਾ ਸਮਾ ਸਕਦੀ ਸੀ। ਉਹ ਐਸੀ ਭਾਸ਼ਾ ਸੀ, ਜਿਹੜੀ ਆਮ ਲੋਕਾਂ ਤੱਕ ਵੀ ਪਹੁੰਚ ਰਹੀ ਸੀ ਅਤੇ ਜਿਹੜੀ ਪੂਰੇ ਮੁਲਕ ਦੇ ਭਗਤਾਂ ਦੁਆਰਾ ਵਰਤੀ ਗਈ। ਅਗਲੇ ਗੁਰੂਆਂ ਵੱਲ ਜਦੋਂ ਅਸੀਂ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਹੌਲੀ ਹੌਲੀ ਉਨ੍ਹਾਂ ਦੀ ਭਾਸ਼ਾ ਲੋਕਲ ਭਾਸ਼ਾ ਦੀ ਬਜਾਏ ਕਲਾਸੀਕਲ ਭਾਸ਼ਾਵਾਂ ਦੇ ਨੇੜੇ ਹੋਣੀ ਸ਼ੁਰੂ ਕਰ ਦਿੰਦੀ ਹੈ। ਗੁਰੂ ਅਰਜਨ ਦੇਵ ਤੱਕ ਇਹ ਰੁਝਾਨ ਬਹੁਤ ਮੁਢਲੇ ਰੂਪ ਵਿੱਚ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚਦਿਆਂ ਇਹ ਇਹ ਪੂਰੀ ਤਰ੍ਹਾਂ ਕਲਾਸੀਕਲ ਭਾਸ਼ਾ ਦੇ ਘੇਰੇ ਵਿੱਚ ਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਦੀ ਜ਼ਿਆਦਾਤਰ ਰਚਨਾ ਜਾਂ ਬ੍ਰਜ ਵਿੱਚ ਹੈ ਅਤੇ ਜਾਂ ਫਾਰਸੀ ਵਿੱਚ । ਬਾਅਦ ਵਿੱਚ ਜੋ ਸਿੱਖ ਇਤਿਹਾਸਕਾਰ ਹੋਏ, ਉਹ ਵੀ ਹੌਲੀ ਹੌਲੀ ਇਸੇ ਪਾਸੇ ਵਧੇ। ਰਤਨ ਸਿੰਘ ਭੰਗੂ ਵਰਗੇ ਸਿੱਖ ਇਤਿਹਾਸਕਾਰ ਬ੍ਰਜ ਦਾ ਇਸਤੇਮਾਲ ਕਰ ਰਹੇ ਸਨ। ਇਸ ਦੌਰ ਵਾਲੇ ਸਿੱਖ ਇਤਿਹਾਸਕਾਰ ਨੇ ਉਹ ਭਾਸ਼ਾ ਵਰਤਣੀ ਸ਼ੁਰੂ ਕਰ ਦਿੱਤੀ, ਜਿਹੜੀ ਉਸ ਦੌਰ ਦੇ ਬੁੱਧੀਜੀਵੀ ਤਬਕੇ ਦੀ ਜ਼ੁਬਾਨ ਸੀ ਜਾਂ ਕਹਿ ਸਕਦੇ ਹਾਂ ਕਿ ਜਿਸ ਭਾਸ਼ਾ ਦੀ ਵਰਤੋਂ ਨਾਲ ਉਨ੍ਹਾਂ ਨੂੰ ਬੁੱਧੀਜੀਵੀ ਤਬਕੇ ਵਿੱਚ ਸਵੀਕ੍ਰਿਤੀ ਮਿਲ ਸਕਦੀ ਸੀ।

ਦੂਜੇ ਪਾਸੇ ਸੂਫੀ ਆਏ ਤੇ ਫੇਰ ਕਿੱਸਾਕਾਰ ਆਏ, ਉਨ੍ਹਾਂ ਸਭ ਨੇ ਫੇਰ ਸਧਾਰਨ ਲੋਕਾਂ ਦੀ ਭਾਸ਼ਾ ਵਿੱਚ ਗੱਲ ਕੀਤੀ। ਇਹ ਕਿੰਨੀ ਅਜੀਬ ਗੱਲ ਹੈ ਕਿ ਗੁਰੂਆਂ ਤੋਂ ਬਾਅਦ ਵਾਲੇ ਸਿੱਖ ਇਤਿਹਾਸਕਾਰ ਬ੍ਰਜ ਦੀ ਵਰਤੋਂ ਕਰ ਰਹੇ ਹਨ ਅਤੇ ਪੰਜਾਬੀ ਸਿਰਫ ਸੂਫੀਆਂ ਜਾਂ ਕਿੱਸਾਕਾਰਾਂ ਦੁਆਰਾ ਵਰਤੀ ਜਾ ਰਹੀ ਹੈ। ਇਸ ਸਾਰੇ ਦੌਰ ਵਿੱਚ ਸਾਹਿਤ ਕਿਤਾਬ ਤੋਂ ਬਾਹਰ ਦੀ ਚੀਜ਼ ਸੀ। ਕਿਤਾਬਾਂ ਬਾਅਦ ਵਿੱਚ ਛਪਦੀਆਂ ਸਨ। ਪਹਿਲਾਂ ਸਾਹਿਤ ਰਚਿਆ ਜਾਂਦਾ ਸੀ ਅਤੇ ਲੋਕਾਂ ਵਿੱਚ ਪੌਪੂਲਰ ਹੁੰਦਾ ਸੀ। ਉਸ ਦੌਰ ਵਿੱਚ ਸਾਹਿਤ ਦੀ ਰਚਨਾ ਕਰਨਾ ਤੇ ਸਾਹਿਤ ਨੂੰ ਕਿਤਾਬ ਦੇ ਰੂਪ ਵਿੱਚ ਲਿਖਣਾ ਦੋ ਵੱਖੋ ਵੱਖਰੀਆਂ ਪ੍ਰਕਿਰਿਆਵਾਂ ਸਨ। ਅੱਜ ਦੇ ਦੌਰ ਵਾਂਗ ਇਹ ਇੱਕ ਚੀਜ਼ ਨਹੀਂ ਸੀ।

ਇੱਥੇ ਫੇਰ ਇੱਕ ਨਵਾਂ ਮੋੜ ਆਉਂਦਾ ਹੈ, ਜਦੋਂ ਪ੍ਰਿੰਟਿੰਗ ਪ੍ਰੈਸ ਆਉਂਦੀ ਹੈ। ਪ੍ਰਿੰਟਿੰਗ ਪ੍ਰੈਸ ਆਉਣ ਨਾਲ ਸਮਾਜ ਅੰਦਰ ਜੋ ਸਮਾਜਕ, ਰਾਜਨੀਤਕ ਤਬਦੀਲੀਆਂ ਆਈਆਂ, ਅਸੀਂ ਉਸ ਵੱਲ ਪੂਰਾ ਧਿਆਨ ਨਹੀਂ ਦਿੱਤਾ। ਪੰਜਾਬ ਦੀ ਇਤਿਹਾਸਕਾਰੀ ਵਿੱਚ ਇਸ ਪਹਿਲੂ ਵੱਲ ਬਣਦਾ ਧਿਆਨ ਨਹੀਂ ਦਿੱਤਾ ਗਿਆ। ਪੰਜਾਬੀ ਭਾਸ਼ਾ ਦੇ ਵਿਕਾਸ ਤੇ ਇਸ ਦੇ ਸੰਕਟ ਨੂੰ ਅਸੀਂ ਇਸ ਪਹਿਲੂ ਨੂੰ ਧਿਆਨ ਵਿੱਚ ਰੱਖੇ ਬਗੈਰ ਨਹੀਂ ਸਮਝ ਸਕਦੇ। ਪ੍ਰਿੰਟਿੰਗ ਪ੍ਰੈਸ ਦੇ ਆਉਣ ਤੋਂ ਪਹਿਲਾਂ ਕਿਤਾਬਾਂ ਦੇ ਹੱਥਲਿਖਤ ਖਰੜੇ ਤਿਆਰ ਹੁੰਦੇ ਸਨ। ਉਹ ਬਹੁਤ ਮਹਿੰਗਾ ਕਾਰਜ ਹੁੰਦਾ ਸੀ ਅਤੇ ਇਹ ਹਰ ਸਾਹਿਤਕਾਰ



ਦੀ ਪਹੁੰਚ ਵਿੱਚ ਨਹੀਂ ਸੀ। ਸਿਰਫ ਉਨ੍ਹਾਂ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਹੀ ਖਰੜੇ ਤਿਆਰ ਹੁੰਦੇ ਸਨ, ਜਿਨ੍ਹਾਂ ਨੂੰ ਜਾਂ ਤਾਂ ਰਾਜਿਆਂ ਜਾਂ ਸੰਸਥਾਵਾਂ ਦੀ ਸਰਪ੍ਰਸਤੀ ਹਾਸਲ ਹੁੰਦੀ ਸੀ ਅਤੇ ਜਾਂ ਜਿਹੜੇ ਖੁਦ ਹੀ ਬਹੁਤ ਅਮੀਰ ਹੁੰਦੇ ਸਨ। ਉਸ ਵੇਲੇ ਕਿਤਾਬਾਂ ਤਿਆਰ ਕਰਵਾਉਣਾ ਵੀ ਅੱਜਕੱਲ੍ਹ ਦੇ ਪੇਂਟਰਾਂ ਦੀਆਂ ਪੇਂਟਿੰਗਜ਼ ਦੀ ਤਰ੍ਹਾਂ ਇੱਕ ਇਲੀਟ ਕਾਰਜ ਸੀ। ਪ੍ਰਿੰਟਿੰਗ ਪ੍ਰੈਸ ਨੇ ਕਿਤਾਬ ਨੂੰ ਡੈਮੋਕਰੇਟਾਈਜ਼ ਕੀਤਾ। ਲਿਖਤ ਨੂੰ ਡੈਮੋਕਰੇਟਾਈਜ਼ ਕੀਤਾ। ਪ੍ਰੈਸ ਦੇ ਆਉਣ ਨਾਲ ਸਮੁਚੀ ਸਾਹਿਤਕਾਰੀ ਤੇ ਬਹੁਤ ਵੱਡਾ ਅਸਰ ਪਿਆ। ਇਹ ਉਸੇ ਤਰ੍ਹਾਂ ਦਾ ਅਸਰ ਸੀ, ਜਿਸ ਤਰ੍ਹਾਂ ਦਾ ਅੱਜ ਦੇ ਦੌਰ ਵਿੱਚ ਇੰਟਰਨੈਟ ਨੇ ਪਾਇਆ। ਪ੍ਰੈਸ ਦੇ ਆਉਣ ਨਾਲ ਪੁਰਾਣੀ ਪਰੰਪਰਾ ਵਿੱਚ ਇੱਕ ਵੱਡਾ ਮੋੜ ਆ ਗਿਆ।

**? ਭਾਰਤ ਵਿੱਚ ਪ੍ਰਿੰਟਿੰਗ ਪ੍ਰੈਸ ਪਹਿਲੀ ਵਾਰ ਕਦੋਂ ਦਾਖਲ ਹੁੰਦੀ ਹੈ ? ਅੰਗਰੇਜ਼ਾਂ ਦੇ ਆਉਣ ਤੋਂ ਬਾਅਦ.........**

– ਭਾਰਤ ਵਿੱਚ ਪਹਿਲੀ ਪ੍ਰੈਸ ਤਾਂ ਅਸਲ ਵਿੱਚ 1550 ਵਿੱਚ ਪੁਰਤਗੇਜ਼ੀ ਮਿਸ਼ਨਰੀਆਂ ਦੁਆਰਾ ਗੋਆ ਵਿੱਚ ਲਾਈ ਗਈ ਸੀ। ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਗੁਰੂਆਂ ਦੇ ਸਮੇਂ ਗੋਆ ਅੰਦਰ ਜੋ ਇਸਾਈ ਮਿਸ਼ਨਰੀ ਕੰਮ ਕਰ ਰਹੇ ਸਨ, ਉਨ੍ਹਾਂ ਨੇ ਭਾਰਤ ਅੰਦਰ ਪ੍ਰਿੰਟਿੰਗ ਪ੍ਰੈਸ ਸਥਾਪਤ ਕਰ ਦਿੱਤੀ ਸੀ। ਇਨ੍ਹਾਂ ਮਿਸ਼ਨਰੀਆਂ ਵਿੱਚੋਂ ਇੱਕ ਨੇ ਹੀ ਉਨ੍ਹਾਂ ਦਿਨਾਂ ਦੌਰਾਨ ਪੰਜਾਬ ਦਾ ਦੌਰਾ ਕੀਤਾ ਹੈ ਅਤੇ ਉਸਦੀ ਇੱਕ ਚਿੱਠੀ ਵਿੱਚ ਗੁਰੂ ਅਰਜਨ ਦੇਵੀ ਜੀ ਦੀ ਸ਼ਹੀਦੀ ਬਾਰੇ ਜ਼ਿਕਰ ਮਿਲਦਾ ਹੈ। ਪਰ ਇਸ ਪ੍ਰੈਸ ਦਾ ਭਾਰਤੀ ਸਮਾਜ ਤੇ ਕੋਈ ਜ਼ਿਆਦਾ ਅਸਰ ਨਹੀਂ ਪਿਆ। ਪੂਰੇ ਦੋ ਸਾਲ ਤੱਕ ਇਸ ਵਿੱਚ ਅੱਗੇ ਕੋਈ ਵਿਕਾਸ ਨਹੀਂ ਹੁੰਦਾ। ਇਸ ਤੋਂ ਬਾਅਦ ਫੇਰ ਪ੍ਰੈਸ ਭਾਰਤ ਵਿੱਚ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਆਈ। ਇਹ ਪ੍ਰੈਸ 1783 ਵਿੱਚ ਬੰਗਾਲ ਵਿੱਚ ਲੱਗੀ ਤੇ ਇੱਥੇ ਹੀ ਭਾਰਤ ਦੀ ਪਹਿਲੀ ਕਿਤਾਬ ਛਾਪੀ ਗਈ। ਇਹ ਬੰਗਾਲੀ ਦੀ ਗਰਾਮਰ ਸੀ। ਪੰਜਾਬੀ ਵਿੱਚ ਇਹ ਸਿਲਸਿਲਾ ਬਹੁਤ ਬਾਅਦ ਵਿੱਚ ਜਾਕੇ ਸ਼ੁਰੂ ਹੋਇਆ। ਵਿਲੀਅਮ ਕੈਰੀ ਨਾਂ ਦੇ ਇੱਕ ਮਿਸ਼ਨਰੀ ਦੀ ਅਗਵਾਈ ਹੇਠ 1800 ਤੋਂ ਲੈ ਕੇ 1825 ਤੱਕ ਜੋ ਕੰਮ ਹੋਇਆ, ਉਹ ਇਤਿਹਾਸਕ ਹੈ। ਉਸ ਇਕੱਲੇ ਨੇ ਹੀ ਭਾਰਤ ਦਾ ਸਮੁਚਾ ਭਾਸ਼ਾਈ ਸੀਨ ਬਦਲ ਦਿੱਤਾ। ਪੱਚੀ ਸਾਲ ਦੇ ਇਸ ਅਰਸੇ ਦੌਰਾਨ ਭਾਰਤੀ ਉਪਮਹਾਂਦੀਪ ਦੀਆਂ ਕੁੱਲ 47 ਭਾਸ਼ਾਵਾਂ ਦਾ ਮੁਢਲਾ ਢਾਂਚਾ ਖੜ੍ਹਾ ਕੀਤਾ ਗਿਆ, ਜਿਸ ਵਿੱਚ ਪ੍ਰਾਈਮਰ, ਡਿਕਸ਼ਨਰੀਆਂ ਤੇ ਗਰਾਮਰ ਸ਼ਾਮਲ ਹੈ। ਇਨ੍ਹਾਂ 47 ਭਾਸ਼ਾਵਾਂ ਵਿੱਚ ਹੀ ਬਾਈਬਲ ਛਾਪੀ ਗਈ। ਇਸ ਪਹਿਲੇ ਵੱਡੇ ਇਸਾਈ ਮਿਸ਼ਨ ਨੇ ਬਹੁਤ ਵੱਡੇ ਪੱਧਰ ਤੇ ਭਾਰਤੀ ਸੰਸਕ੍ਰਿਤ ਵਿਦਵਾਨਾਂ ਤੇ ਗਿਆਨਵਾਨ ਲੋਕਾਂ ਨੂੰ ਇਸ ਕੰਮ ਨਾਲ ਜੋੜਿਆ ਸੀ। ਵੱਖ ਵੱਖ ਭਾਸ਼ਾਵਾਂ ਦੇ ਪ੍ਰਾਈਮਰ, ਡਿਕਸ਼ਨਰੀਆਂ, ਗਰਾਮਰਾਂ ਤੇ ਬਾਈਬਲ ਅਨੁਵਾਦ ਇਨ੍ਹਾਂ ਦੇਸੀ ਲੋਕਾਂ ਦੀ ਮਦਦ ਨਾਲ ਹੀ ਛਾਪੇ ਗਏ। ਪਰ ਇਤਿਹਾਸ ਵਿੱਚ ਕਿਤੇ ਇਨ੍ਹਾਂ ਦਾ ਜ਼ਿਕਰ ਨਹੀਂ ਆਉਂਦਾ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਹੋ ਸਕਦਾ ਹੈ ਕਿ ਈਸਾਈ ਮਿਸ਼ਨਰੀਆਂ ਨੇ ਜਾਣ ਬੁੱਝਕੇ ਇਨ੍ਹਾਂ ਦੇ ਨਾਂ ਨਾ ਦਿੱਤੇ ਹੋਣ। ਜਾਂ ਇਹ ਵੀ ਹੋ ਸਕਦਾ ਹੈ ਕਿ ਭਾਰਤੀ ਵਿਦਵਾਨ ਖੁਦ ਹੀ ਆਪਣੀ ਪਛਾਣ ਗੁਪਤ ਰੱਖਣੀ ਚਾਹੁੰਦੇ ਹੋਣ ਤੇ ਮਿਸ਼ਨ ਦੇ ਕਾਰਜਾਂ ਵਿੱਚ ਆਪਣੀ ਭੂਮਿਕਾ ਗੁਪਤ ਰੱਖਣੀ ਚਾਹੁੰਦੇ ਹੋਣ। ਪੰਜਾਬੀ ਦੀ ਪਹਿਲੀ ਕਿਤਾਬ 1812 ਵਿੱਚ ਛਪੀ ਸੀ। ਇਹ ਨਿਊ ਟੈਸਟਾਮੈਂਟ ਦਾ ਜੈਨੇਸਿਸ ਵਾਲਾ ਹਿੱਸਾ ਸੀ। ਕੁੱਝ ਥਾਵਾਂ ਦੇ ਪੰਡਿਤ ਆਗਿਆ ਰਾਮ ਨਾਂ ਦੇ ਇੱਕ ਵਿਅਕਤੀ ਦਾ ਨਾਂ ਆਉਂਦਾ ਹੈ, ਜਿਹੜਾ ਬਾਈਬਲ ਦੇ ਪਹਿਲੇ ਪੰਜਾਬੀ ਅਨੁਵਾਦ ਵਿੱਚ ਸ਼ਾਮਲ ਸੀ। ਉਸ ਦਾ ਸਬੰਧ ਪਟਨਾ ਦੇ ਗੁਰਦੁਆਰੇ ਨਾਲ ਦੱਸਿਆ ਜਾਂਦਾ ਹੈ। ਵੈਸੇ ਸਮੁਚੇ ਤੌਰ ਤੇ ਇਸ ਤਰ੍ਹਾਂ ਦੇ ਲੋਕਾਂ ਦੇ ਨਾਂ ਕਿਤੇ ਸਾਹਮਣੇ ਨਹੀਂ ਆਏ। ਈਸਾਈ ਮਿਸ਼ਨਰੀਆਂ ਦੁਆਰਾ ਉਸ ਦੌਰ ਵਿੱਚ ਕੀਤਾ ਗਿਆ ਇਹ ਕੰਮ ਐਨਾ ਵੱਡਾ ਹੈ ਕਿ ਅੱਜ ਭਾਰਤ ਸਰਕਾਰ ਵੀ ਕੋਈ ਐਨਾ ਵੱਡਾ ਕੰਮ ਨਹੀਂ ਕਰ ਸਕੀ। ਸਿਰਫ ਪੱਚੀ ਸਾਲ ਦੇ ਅਰਸੇ ਵਿੱਚ 47

ਭਾਸ਼ਾਵਾਂ ਅੰਦਰ ਐਨਾ ਕੰਮ ਕਰਨ ਲਈ ਜਿੰਨੇ ਲੋਕ ਸ਼ਾਮਲ ਹੋਣਗੇ ਤੇ ਕਿੰਨਾ ਪੈਸਾ ਲੱਗਿਆ ਹੋਵੇਗਾ, ਉਸ ਬਾਰੇ ਸੋਚਕੇ ਅੱਜ ਵੀ ਹੈਰਾਨੀ ਹੁੰਦੀ ਹੈ। ਪੰਜਾਬੀ ਦੀ ਪਹਿਲੀ ਗਰਾਮਰ ਵਿਲੀਅਮ ਕੇਰੀ ਦੁਆਰਾ ਹੀ 1813 ਵਿੱਚ ਛਪੀ ਸੀ। ਇਹ ਸਭ ਕਿਤਾਬਾਂ ਬੰਗਾਲ ਵਿੱਚ ਸ੍ਰੀਰਾਮਪੁਰ ਵਿਖੇ ਹੀ ਛਪੀਆਂ ਸਨ। ਪੰਜਾਬ ਵਿੱਚ ਪਹਿਲੀ ਪ੍ਰੈਸ 1830 ਦੇ ਨੇੜੇ ਤੇੜੇ ਲੁਧਿਆਣਾ ਵਿੱਚ ਲੱਗੀ ਤੇ ਇਹ ਵੀ ਇਸਾਈ ਮਿਸ਼ਨਰੀਆਂ ਦੁਆਰਾ ਹੀ ਲਾਈ ਗਈ। ਇਥੇ ਹੁਣ ਅਸੀਂ ਥੋੜ੍ਹੀ ਜਿਹੀ ਨਜ਼ਰ ਬੰਗਾਲੀ ਦੇ ਉਸ ਦੌਰ ਦੇ ਇਤਿਹਾਸ ਤੇ ਮਾਰਦੇ ਹਾਂ, ਜਦੋਂ ਉਥੇ ਪ੍ਰਿੰਟਿੰਗ ਪ੍ਰੈਸ ਆਈ। ਜਦੋਂ ਪ੍ਰੈਸ ਆਈ ਤੇ ਬੰਗਾਲੀ ਕਿਤਾਬਾਂ ਛਪਣ ਲੱਗੀਆਂ ਤਾਂ ਉਸ ਵੇਲੇ ਸੁਆਲ ਪੈਦਾ ਹੋਇਆ ਕਿ ਕਿਹੜੀ ਬੰਗਾਲੀ ਕਿਤਾਬਾਂ ਲਈ ਵਰਤੀ ਜਾਵੇ। ਕਿਉਂਕਿ ਉਸ ਦੌਰ ਵਿੱਚ ਬੰਗਾਲੀ ਵੀ ਤਿੰਨ ਤਰ੍ਹਾਂ ਦੀ ਪ੍ਰਚਲਿਤ ਸੀ। ਇੱਕ ਬੰਗਾਲੀ ਅਜਿਹੀ ਸੀ, ਜਿਹੜੀ ਸੰਸਕ੍ਰਿਤ ਦੇ ਅਸਰ ਵਾਲੀ ਸੀ। ਦੂਜੀ ਬੰਗਾਲੀ ਫਾਰਸੀ ਦੇ ਅਸਰ ਵਾਲੀ ਸੀ ਅਤੇ ਤੀਜੀ ਬੰਗਾਲੀ ਅੰਗਰੇਜ਼ੀ ਪ੍ਰਭਾਵ ਵਾਲੀ ਸੀ। ਪੰਜਾਬ ਵਿੱਚ ਅਜਿਹੀ ਬਹਿਸ ਬਹੁਤ ਬਾਅਦ ਵਿੱਚ ਸ਼ੁਰੂ ਹੋਈ। ਸੰਸਕ੍ਰਿਤ ਦੇ ਪ੍ਰਭਾਵ ਵਾਲੀ ਬੰਗਾਲੀ ਦੇ ਤਰਫਦਾਰ ਜ਼ਿਆਦਾ ਤੋਂ ਜ਼ਿਆਦਾ ਸੰਸਕ੍ਰਿਤ ਵਰਤ ਰਹੇ ਸਨ ਅਤੇ ਉਹ ਇਸ ਗੱਲ ਦੇ ਹੱਕ ਵਿੱਚ ਸਨ ਕਿ ਬੰਗਾਲੀ ਦੇ ਸ਼ੁਧ ਸ਼ਬਦ ਵਰਤੇ ਜਾਣ। ਬੰਗਾਲੀ ਵਿੱਚ ਜਿਹੜੇ ਸੰਸਕ੍ਰਿਤ ਸ਼ਬਦ ਲੋਕਾਂ ਨੇ ਆਪਣੇ ਹਿਸਾਬ ਨਾਲ ਤੋੜ ਮਰੋੜ ਲਏ ਸਨ, ਇਹ ਉਨ੍ਹਾਂ ਨੂੰ ਰੱਦ ਕਰਕੇ ਸ਼ੁਧ ਸੰਸਕ੍ਰਿਤ ਸ਼ਬਦ ਵਰਤਣ ਦੀ ਵਕਾਲਤ ਕਰਦੇ ਸਨ। ਇਸੇ ਤਰ੍ਹਾਂ ਜਿਹੜੇ ਫਾਰਸੀ ਦੇ ਪ੍ਰਭਾਵ ਵਾਲੀ ਬੰਗਾਲੀ ਦੇ ਤਰਫਦਾਰ ਸਨ, ਉਨ੍ਹਾਂ ਦੀ ਇਹੀ ਸੋਚ ਫਾਰਸੀ ਮੂਲ ਵਾਲੇ ਸ਼ਬਦਾਂ ਬਾਰੇ ਸੀ। ਇਸ ਤੋਂ ਬਿਨਾਂ ਅੰਗਰੇਜ਼ੀ ਵਿਦਿਆ ਦੇ ਅਸਰ ਵਾਲਾ ਇੱਕ ਤੀਸਰਾ ਤਬਕਾ ਸੀ, ਜਿਹੜਾ ਇਹ ਕਹਿੰਦਾ ਸੀ ਕਿ ਸੰਸਕ੍ਰਿਤ ਜਾਂ ਫਾਰਸੀ ਦੇ ਚੱਕਰ ਵਿੱਚ ਪੈਣ ਦੀ ਬਜਾਏ ਅੰਗਰੇਜ਼ੀ ਦੇ ਸ਼ਬਦ ਵਰਤੇ ਜਾਣ। ਹਿੰਦੂ ਮੁਸਲਮ ਵਾਲੀ ਵੰਡ ਦਾ ਅਸਰ ਬੰਗਾਲੀ ਵਿੱਚ ਵੀ ਦੇਖਿਆ ਜਾ ਸਕਦਾ ਸੀ। ਬੰਗਾਲ ਵਿੱਚ ਇਹ ਬਹਿਸ 1780 ਦੇ ਕਰੀਬ ਚੱਲੀ। ਪੰਜਾਬ ਵਿੱਚ ਇਹੀ ਸਥਿਤੀ ਬਾਅਦ ਵਿੱਚ ਜਾਕੇ ਆਈ। ਜਦੋਂ ਪੰਜਾਬ ਵਿੱਚ ਪ੍ਰਿੰਟਿੰਗ ਪ੍ਰੈਸ ਆਈ ਤੇ ਪੰਜਾਬੀ ਵਿੱਚ ਕਿਤਾਬਾਂ ਛਪਣ ਲੱਗੀਆਂ ਤਾਂ ਬਿਲਕੁਲ ਇਸੇ ਤਰ੍ਹਾਂ ਦੀ ਸਥਿਤੀ ਇੱਥੇ ਪੈਦਾ ਹੋਈ।

ਮਿਸ਼ਨਰੀਆਂ ਨੇ ਪੰਜਾਬੀ ਦਾ ਪਹਿਲਾ ਪ੍ਰਾਈਮਰ ਛਾਪਿਆ। ਉਸ ਵੇਲੇ ਪੰਜਾਬੀ ਗੁਰਦੁਆਰਿਆਂ ਵਗੈਰਾ ਵਿੱਚ ਪੜ੍ਹਾਈ ਜਾਂਦੀ ਸੀ, ਪਰ ਜਿਸ ਤਰ੍ਹਾਂ ਦੇ ਕੰਮ ਅੰਗਰੇਜ਼ਾਂ ਨੇ ਕੀਤਾ, ਉਸ ਨੇ ਸਾਡੇ ਲੋਕਾਂ ਲਈ ਬੜੀ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ। ਈਸਾਈ ਮਿਸ਼ਨਰੀਆਂ ਦਾ ਟਾਕਰਾ ਕਰਨ ਲਈ ਮੁਕਾਬਲਾ ਸ਼ੁਰੂ ਹੋ ਗਿਆ। ਭਾਰਤੀ ਸਮਾਜ ਬੜੀ ਵੱਡੀ ਉਥਲ ਪੁਥਲ ਵਿਚੋਂ ਗੁਜ਼ਰ ਰਿਹਾ ਸੀ। ਪੰਜਾਬ ਅੰਦਰ ਵੀ ਇਸੇ ਤਰ੍ਹਾਂ ਦਾ ਰੋਲ ਘਚੋਲਾ ਸੀ। ਪੰਜਾਬ ਉਸ ਵੇਲੇ ਬਹੁ ਭਾਸ਼ੀ ਸਮਾਜ ਸੀ। ਇੱਥੇ ਸਰਕਾਰੀ ਭਾਸ਼ਾ ਉਰਦੂ ਸੀ। ਦੂਜੇ ਪਾਸੇ ਸੰਸਕ੍ਰਿਤ ਸੀ। ਬ੍ਰਜ ਸੀ ਤੇ ਮੁਲਤਾਨੀ ਆਦਿ ਲੋਕ ਭਾਖਾਵਾਂ ਸਨ। ਇਸੇ ਤਰ੍ਹਾਂ ਨਾਲੋਂ ਨਾਲ ਅੰਗਰੇਜ਼ਾਂ ਦੇ ਅਸਰ ਸਦਕਾ ਰੋਮਨ ਵੀ ਆ ਰਹੀ ਸੀ। ਇੱਥੇ ਜਦੋਂ ਹੁਣ ਨਵੀਂ ਤਰਾਂ ਦੀ ਸਿੱਖਿਆ ਦਾ ਪ੍ਰਬੰਧ ਸ਼ੁਰੂ ਹੋਣ ਲੱਗਾ ਤਾਂ ਇਹ ਸੁਆਲ ਵੀ ਪੈਦਾ ਹੋ ਗਿਆ ਕਿ ਸਾਡੇ ਇਥੇ ਸਿਖਿਆ ਦਾ ਮਾਧਿਅਮ ਕਿਹੜਾ ਹੋਵੇ। ਅੱਜ ਇਹ ਸਾਨੂੰ ਗੱਲਾਂ ਬੜੀਆਂ ਸਧਾਰਨ ਲੱਗਦੀਆਂ ਹੋਣਗੀਆਂ, ਪਰ ਉਸ ਵੇਲੇ ਸਾਡੇ ਸਮਾਜ ਲਈ ਇਹ ਸੁਆਲ ਨਵੇਂ ਸਨ। ਪਹਿਲਾਂ ਕਦੇ ਇਹ ਸੁਆਲ ਸਾਡੇ ਸਾਹਮਣੇ ਨਹੀਂ ਸਨ ਆਏ। ਨਵੀਂ ਤਰ੍ਹਾਂ ਦੇ ਸੁਆਲਾਂ ਨੂੰ ਨਜਿੱਠਣ ਵੇਲੇ ਹਰ ਸਮਾਜ ਹੀ ਭੰਬਲਭੂਸੇ ਵਿੱਚ ਪੈ ਜਾਂਦਾ ਹੈ। ਇਸ ਤਰ੍ਹਾਂ ਦੇ ਭੰਬਲਭੂਸੇ ਵਿੱਚ ਕਈ ਤਰ੍ਹਾਂ ਦੀਆਂ ਗੜਬੜਾਂ ਵੀ ਹੁੰਦੀਆਂ ਹਨ। ਕੁੱਝ ਦੇਰ ਦੀ ਕਸ਼ਮਕਸ਼ ਤੋਂ ਬਾਅਦ ਹੀ ਅਜਿਹੇ ਸੁਆਲਾਂ ਨੂੰ ਕੋਈ ਸਮਾਜ ਹੱਲ ਕਰ ਪਾਉਂਦਾ ਹੈ। ਸਾਨੂੰ ਵੀ ਇਹ ਸੁਆਲ ਹੱਲ ਕਰਨ ਲਈ ਬਹੁਤ ਲੰਬਾ ਸਮਾਂ ਲੱਗ ਗਿਆ। ਉਸ ਦੌਰ ਵਿੱਚ ਪੰਜਾਬ ਅੰਦਰ ਹਰ ਪਾਸੇ ਉਰਦੂ ਦਾ ਬੋਲਬਾਲਾ ਸੀ। ਸਿੱਖਿਆ ਦਾ ਮਾਧਿਅਮ



ਉਰਦੂ ਸੀ। ਅਖਬਾਰਾਂ ਉਰਦੂ ਵਿੱਚ ਸਨ। ਸਰਕਾਰੀ ਦਫਤਰਾਂ ਦੀ ਭਾਸ਼ਾ ਉਰਦੂ ਸੀ। 1947 ਤੱਕ ਪੰਜਾਬ ਦੀ ਸਰਕਾਰੀ ਭਾਸ਼ਾ ਉਰਦੂ ਹੀ ਰਹੀ ਹੈ।

ਪੰਜਾਬੀ ਦੀ ਇੱਕ ਹੋਰ ਵੱਖਰੀ ਕਿਸਮ ਦੀ ਸਮੱਸਿਆ ਰਹੀ ਹੈ, ਜਿਹੜੀ ਬੰਗਾਲੀ ਦੀ ਨਹੀਂ ਸੀ। ਸਾਡੇ ਇੱਥੇ ਲਿਪੀਆਂ ਦਾ ਰੌਲਾ ਵੀ ਰਿਹਾ ਹੈ। ਸਾਡੇ ਸਮਾਜ ਦਾ ਇੱਕ ਸੈਕਸ਼ਨ ਪਰਸ਼ੀਅਨ ਲਿੱਪੀ ਦੇ ਹੱਕ ਵਿੱਚ ਸੀ, ਦੂਜਾ ਗੁਰਮੁਖੀ ਦੇ, ਤੀਜਾ ਦੇਵਨਾਗਰੀ ਦੇ ਅਤੇ ਚੌਥਾ ਰੋਮਨ ਦੇ। ਇਨ੍ਹਾਂ ਤਿੰਨ ਚਾਰ ਧਾਰਨਾਵਾਂ ਦੇ ਪਿੱਛੇ ਵੱਖੋ ਵੱਖਰੇ ਗਰੁਪਾਂ ਦੀ ਸਿਆਸਤ ਖੜ੍ਹੀ ਹੋ ਚੁੱਕੀ ਸੀ। ਜੇ ਅਸੀਂ 1950 ਤੋਂ ਪਹਿਲਾਂ ਜਾਈਏ ਤਾਂ ਦੇਖ ਸਕਦੇ ਹਾਂ ਕਿ ਪੰਜਾਬੀ ਦੀ ਹਾਲਤ ਬਹੁਤ ਪਤਲੀ ਸੀ। 1950 ਤੋਂ ਪਹਿਲਾਂ ਪੰਜਾਬੀ ਦਾ ਅੱਜ ਵਾਲਾ ਦਰਜਾ ਕਿਤੇ ਵੀ ਨਹੀਂ ਰਿਹਾ। ਇੱਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਭਾਸ਼ਾ ਵੀ ਪੰਜਾਬੀ ਨਹੀਂ ਬਣ ਸਕੀ। ਉਸ ਦੌਰ ਵਿੱਚ ਵੀ ਦਫਤਰੀ ਭਾਸ਼ਾ ਉਰਦੂ/ਫਾਰਸੀ ਹੀ ਰਹੀ। ਪਹਿਲਾਂ ਪੰਜਾਬੀ ਤੇ ਫਾਰਸੀ ਦਾ ਹੱਲਾ ਸੀ ਤੇ 1950 ਤੋਂ ਬਾਅਦ ਸੰਸਕ੍ਰਿਤੀਕਰਨ ਵਾਲਿਆਂ ਦਾ ਹੋ ਗਿਆ। ਇਹ ਰੁਝਾਨ ਮੱਠਾ ਪਿਆ ਤਾਂ ਸਮਾਜ ਅੰਦਰ ਹੋਰ ਕਿੰਨੀ ਹੀ ਤਰ੍ਹਾਂ ਦੇ ਬਦਲਾਅ ਆ ਗਏ। ਇੱਕ ਗੱਲ ਮੁਢਲੇ ਦੌਰ ਤੋਂ ਲੈ ਕੇ ਹੁਣ ਤੱਕ ਹਮੇਸ਼ਾ ਮੌਜੂਦ ਰਹੀ ਹੈ ਕਿ ਪੜ੍ਹੇ ਲਿਖੇ ਬੌਧਿਕ ਅਤੇ ਆਰਥਿਕ-ਸਿਆਸੀ ਇਲੀਟ ਦੀ ਭਾਸ਼ਾ ਤੇ ਆਮ ਲੋਕਾਂ ਦੀ ਭਾਸ਼ਾ ਵਿਚਕਾਰ ਹਮੇਸ਼ਾ ਪਾੜਾ ਰਿਹਾ ਹੈ। ਇਹ ਪਾੜਾ ਨਿਰੰਤਰ ਵਧਦਾ ਜਾਂਦਾ ਹੈ ਅਤੇ ਜਦੋਂ ਇਹ ਪਾੜਾ ਇੱਕ ਹੱਦ ਤੋਂ ਵਧ ਜਾਂਦਾ ਹੈ ਤਾਂ ਸਮਾਜ ਵਿੱਚ ਕੋਈ ਵੱਡੀ ਤਬਦੀਲੀ ਆਉਂਦੀ ਹੈ। ਵੱਖ ਵੱਖ ਮੌਕਿਆਂ ਤੇ ਸਮਾਜ ਇਸ ਪਾੜੇ ਦਾ ਹੱਲ ਵੱਖ ਵੱਖ ਤਰੀਕਿਆਂ ਨਾਲ ਕਰਦਾ ਹੈ।

**? ਕੀ ਅੱਜ ਵੀ ਪੰਜਾਬੀ ਸਮਾਜ ਵਿੱਚ ਅਜਿਹਾ ਪਾੜਾ ਪੈਦਾ ਹੋ ਚੁੱਕਾ ਹੈ।**

- ਬਿਲਕੁਲ। ਅੱਜ ਵੀ ਪੰਜਾਬੀ ਵਿੱਚ ਇੱਕ ਨਵੀਂ ਤਰ੍ਹਾਂ ਦਾ ਪਾੜਾ ਪੈਦਾ ਹੋ ਚੁੱਕਾ ਹੈ। ਜਿਨ੍ਹਾਂ ਲੋਕਾਂ ਨੇ ਪੰਜਾਬੀ ਨੂੰ ਆਪਣੇ ਗੁਜ਼ਾਰੇ ਦਾ ਸਾਧਨ ਬਣਾ ਲਿਆ ਹੈ, ਜਿਹੜੇ ਪੰਜਾਬੀ ਅਕਾਦਮਿਕਤਾ ਵਿੱਚ ਬੈਠੇ ਲੋਕ ਹਨ, ਜਿਨ੍ਹਾਂ ਨੇ ਪੰਜਾਬੀ ਨਾਲ ਇੱਕ ਖਾਸ ਤਰਾਂ ਦੇ ਸੌੜੇ ਹਿੱਤ ਵਿਕਸਤ ਕਰ ਲਏ ਹਨ, ਅੱਜ ਉਹ ਹੀ ਪੰਜਾਬੀ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਮੂਲ ਤੌਰ ਤੇ ਇਹ ਬਹੁਤ ਨਿਕੰਮੇ ਲੋਕ ਹਨ। ਪੰਜਾਬੀ ਦੀਆਂ ਜਿੰਨੀਆਂ ਡਿਕਸ਼ਨਰੀਆਂ ਅੰਗਰੇਜ਼ਾਂ ਦੇ ਸਮੇਂ ਬਣੀਆਂ, ਉਸ ਦੇ ਮੁਕਾਬਲੇ ਅੱਜ 47 ਤੋਂ ਬਾਅਦ ਦੇ ਦੌਰ ਦੇ ਵਿਦਵਾਨਾਂ ਦੀ ਦੇਣ ਬਹੁਤ ਥੋੜ੍ਹੀ ਹੈ। ਅੰਗਰੇਜ਼ਾਂ ਦੀ ਅਫਸਰਸ਼ਾਹੀ ਨੇ ਵੀ ਜਿੰਨਾ ਡੇਟਾ ਇਕੱਤਰ ਕੀਤਾ ਤੇ ਛਪਵਾਇਆ, ਉਸ ਦੇ ਮੁਕਾਬਲੇ ਸਾਡੀ ਅੱਜ ਦੀ ਬਿਉਰੋਕਰੇਸੀ ਜਾਂ ਅਕਾਦਮਿਕਤਾ ਦੀ ਦੇਣ ਤਸੱਲੀਬਖਸ਼ ਨਹੀਂ ਹੈ। ਸਾਡੀ ਅੱਜ ਦੀ ਬਿਉਰੋਕਰੇਸੀ ਨੇ ਤਾਂ ਵੈਸੇ ਪੰਜਾਬੀ ਦੀ ਗੱਲ ਵੀ ਛੱਡ ਦਿੱਤੀ ਹੈ। ਪੰਜਾਬੀ ਦੀ ਗੱਲ ਸਿਰਫ ਉਹ ਕਰ ਰਹੇ ਹਨ, ਜਿਨ੍ਹਾਂ ਦੇ ਪੰਜਾਬੀ ਨਾਲ ਅਕਾਦਮਿਕ ਹਿੱਤ ਜੁੜੇ ਹਨ। ਜਾਂ ਪੰਜਾਬੀ ਵਿੱਚ ਲਿਖਣ ਵਾਲੇ ਕਰ ਰਹੇ ਹਨ ਅਤੇ ਜਾਂ ਫੇਰ ਉਹ ਲੋਕ ਕਰ ਰਹੇ ਹਨ, ਜਿਹੜੇ ਇਸ ਮੁੱਦੇ ਤੇ ਕੋਈ ਸਿਆਸਤ ਕਰ ਸਕਦੇ ਹਨ। ਇੱਕ ਨਵਾਂ ਪਾੜਾ ਪੰਜਾਬੀ ਅਕਾਦਮਿਕਤਾ, ਪੰਜਾਬੀ ਲੇਖਕਾਂ ਤੇ ਆਮ ਲੋਕਾਂ ਵਿੱਚਕਾਰ ਬਣ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਜਿਸ ਤਰ੍ਹਾਂ ਦੀ ਪੰਜਾਬੀ ਅੱਜ ਦਾ ਪੰਜਾਬੀ ਲੇਖਕ, ਅਕਾਦਮੀਸ਼ਨ ਲਿਖ ਰਿਹਾ ਹੈ, ਉਹ ਫੇਰ ਸਧਾਰਨ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਤੋਂ ਦੂਰ ਚਲੇ ਗਈ ਹੈ। ਪੰਜਾਬੀ ਅਕਾਦਮੀਸ਼ਨਾਂ ਤੇ ਲੇਖਕਾਂ ਦੀ ਪੰਜਾਬੀ ਇੱਕ ਨਵੀਂ ਤਰ੍ਹਾਂ ਦੀ ਬਣਾਉਟੀ ਭਾਸ਼ਾ ਬਣਦੀ ਜਾ ਰਹੀ ਹੈ। ਇਸ ਦੀ ਵਜ੍ਹਾ ਇਹ ਹੈ ਕਿ ਪੰਜਾਬੀ ਵਿੱਚ ਲਿਖਣ ਵਾਲੇ ਵੀ ਲਗਾਤਾਰ ਲੋਕਾਂ ਨਾਲ ਸੰਵਾਦ ਵਿੱਚ ਨਹੀਂ ਹਨ। ਨਾ ਨਵਾਂ ਪੰਜਾਬੀ ਕਵੀ ਲੋਕਾਂ ਨਾਲ ਸਿੱਧੇ ਸੰਵਾਦ ਵਿੱਚ ਹੈ ਤੇ ਨਾ ਪੰਜਾਬੀ ਦੀ ਗੱਲ ਕਰਨ ਵਾਲਾ ਬੁੱਧੀਜੀਵੀ। ਸਾਇੰਸ ਤੇ ਹੋਰ ਆਧੁਨਿਕ ਗਿਆਨ ਖੇਤਰਾਂ ਦੇ ਲੋਕ ਪੰਜਾਬੀ ਦੀ ਬਜਾਏ ਪਹਿਲਾਂ ਹੀ ਅੰਗਰੇਜ਼ੀ ਵਿੱਚ ਕੰਮ ਕਰ ਰਹੇ ਹਨ। ਇਹ ਨਵੀਂ ਤਰ੍ਹਾਂ ਦੀ ਕੰਪਲੈਕਸ ਸਥਿਤੀ ਪੈਦਾ ਹੋ

ਰਹੀ ਹੈ।

**? ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬੀ ਖਤਮ ਹੀ ਹੋ ਜਾਵੇਗੀ। ਕੁੱਝ ਲੋਕ ਕਹਿੰਦੇ ਹਨ ਕਿ ਪੰਜਾਬੀ ਤੇ ਹਿੰਦੀ, ਅੰਗਰੇਜ਼ੀ ਆਦਿ ਦਾ ਅਜਿਹਾ ਹਮਲਾ ਹੋ ਗਿਆ ਹੈ ਕਿ ਸ਼ਾਇਦ ਇਸ ਹਮਲੇ ਵਿੱਚ ਪੰਜਾਬੀ ਪੂਰੀ ਤਰਾਂ ਘਿਰ ਜਾਵੇ।**

– ਮੈਂ ਇਸ ਸੋਚ ਨਾਲ ਸਹਿਮਤ ਨਹੀਂ ਹਾਂ। ਲੋਕਾਂ ਦੀ ਜ਼ੁਬਾਨ ਦੇ ਤੌਰ ਤੇ ਪੰਜਾਬੀ ਖਤਮ ਨਹੀਂ ਹੋ ਰਹੀ। ਨਾ ਹੀ ਨੇੜ ਭਵਿੱਖ ਵਿੱਚ ਇਸ ਤਰ੍ਹਾਂ ਹੋਣ ਜਾ ਰਿਹਾ ਹੈ। ਹਾਂ ਇਹ ਗੱਲ ਜ਼ਰੂਰ ਹੈ ਕਿ ਜਿਸ ਤਰਾਂ ਦੀ ਪੰਜਾਬੀ ਸਾਡੇ ਅਕਾਦਮੀਸ਼ਨਾਂ ਤੇ ਲੇਖਕਾਂ ਨੇ ਬਣਾ ਲਈ ਹੈ, ਉਹ ਉਨ੍ਹਾਂ ਦੀਆਂ ਕਿਤਾਬਾਂ ਵਿੱਚ ਹੀ ਰਹਿ ਜਾਵੇਗੀ। ਉਸ ਤਰਾਂ ਦੀ ਪੰਜਾਬੀ ਤਾਂ ਉਨ੍ਹਾਂ ਦੇ ਆਪਣੇ ਬੱਚੇ ਵੀ ਨਹੀਂ ਬੋਲਦੇ। ਇਹ ਕੋਈ ਨਵੀਂ ਗੱਲ ਨਹੀਂ ਹੈ। ਅਸੀਂ ਇਹ ਕਹਿੰਦੇ ਰਹੇ ਹਾਂ ਕਿ ਬੋਲੀ ਹਰ ਬਾਰਾਂ ਕੋਹ ਤੇ ਬਦਲ ਜਾਂਦੀ ਹੈ। ਮੈਂ ਤਾਂ ਇਸ ਤੋਂ ਵੀ ਅਗਾਂਹ ਦੀ ਗੱਲ ਕਰਾਂਗਾ। ਇੱਕ ਹੀ ਪਿੰਡ ਵਿੱਚ ਵੱਖ ਵੱਖ ਜਾਤਾਂ ਦੇ ਲੋਕ ਵੱਖ ਵੱਖ ਤਰਾਂ ਦੀ ਬੋਲੀ ਬੋਲਦੇ ਸਨ। ਹਰ ਵਕਤ ਤੇ ਹਰ ਜਗ੍ਹਾ ਹੀ ਇਸ ਤਰ੍ਹਾਂ ਹੁੰਦਾ ਹੈ। ਹਰ ਭਾਸ਼ਾ ਵਿੱਚ ਇਸੇ ਤਰਾਂ ਹੁੰਦਾ ਹੈ। ਹੋ ਸਿਰਫ ਇਹ ਰਿਹਾ ਹੈ ਕਿ ਵੱਖ ਵੱਖ ਰੰਗ ਵਾਲੀ ਪੰਜਾਬੀ ਵਿਕਸਤ ਹੋ ਰਹੀ ਹੈ। ਕਿਤੇ ਉਸ ਤੇ ਹਿੰਦੀ ਰੰਗ ਭਾਰੂ ਹੋ ਰਿਹਾ ਹੈ। ਕਿਤੇ ਅੰਗਰੇਜ਼ੀ ਅਤੇ ਕਿਤੇ ਉਰਦੂ। ਪਹਿਲਾਂ ਪੰਜਾਬ ਵਿੱਚ ਹੀ ਪੰਜਾਬੀ ਦੇ ਸੈਂਕੜੇ ਰੰਗ ਸਨ। ਹੁਣ ਉਸ ਤਰ੍ਹਾਂ ਦੇ ਰੰਗਾਂ ਵਾਲੀ ਪੰਜਾਬੀ ਗਲੋਬਲ ਪੱਧਰ ਤੇ ਹੈ। ਹਰਿਆਣਾ ਦੀ ਪੰਜਾਬੀ ਹੋਰ ਹੈ। ਹਿਮਾਚਲ ਦੀ ਹੋਰ। ਦਿੱਲੀ ਦੇ ਲੋਕਾਂ ਦੀ ਪੰਜਾਬੀ ਵੱਖਰੀ ਹੈ ਤੇ ਮੁੰਬਈ ਦੇ ਪੰਜਾਬੀਆਂ ਦੀ ਵੱਖਰੀ। ਇਸੇ ਤਰ੍ਹਾਂ ਅੰਤਰ ਰਾਸ਼ਟਰੀ ਤੌਰ ਤੇ ਇੰਗਲੈਂਡ ਦੇ ਲੋਕਾਂ ਦੀ ਪੰਜਾਬੀ, ਕੈਨੇਡਾ ਦੀ ਪੰਜਾਬੀ, ਅਮਰੀਕਾ ਦੀ ਪੰਜਾਬੀ ਆਦਿ ਪੰਜਾਬੀ ਦੇ ਕਿੰਨੇ ਹੀ ਗਲੋਬਲ ਰੂਪ ਸਾਹਮਣੇ ਆ ਰਹੇ ਹਨ ਅਤੇ ਆਉਣਗੇ। ਬੁਨਿਆਦੀ ਤੌਰ ਤੇ ਇਸ ਦਾ ਰੰਗ ਪੰਜਾਬੀ ਰਹੇਗਾ ਪਰ ਇਸ ਦਾ ਲਹਿਜ਼ਾ ਤੇ ਸ਼ਬਦਾਵਲੀ ਵੱਖ ਵੱਖ ਹੋ ਜਾਵੇਗੀ। ਹਰ ਭਾਸ਼ਾ ਇਸੇ ਤਰਾਂ ਤਬਦੀਲੀਆਂ ਵਿੱਚੋਂ ਗੁਜ਼ਰਦੀ ਰਹਿੰਦੀ ਹੈ। ਭਾਸ਼ਾ ਕਦੇ ਵੀ ਕੋਈ ਸਥਾਈ ਤੇ ਇੱਕ ਜਗ੍ਹਾ ਰੁਕਿਆ ਹੋਇਆ ਵਰਤਾਰਾ ਨਹੀਂ ਹੁੰਦੀ। ਜਿਸ ਪੰਜਾਬੀ ਦੀ ਅਸੀਂ ਅੱਜ ਗੱਲ ਕਰ ਰਹੇ ਹਾਂ, ਉਹ ਪੰਜਾਬੀ ਵੀ ਪਿਛਲੇ ਕੁੱਝ ਦਹਾਕਿਆਂ ਵਿੱਚ ਹੀ ਵਿਕਸਤ ਹੋਈ ਹੈ। ਇਸ ਤਰਾਂ ਪੰਜਾਬੀ ਦੇ ਅਨੰਤ ਰੂਪ ਹੋ ਸਕਦੇ ਹਨ। ਇਸ ਨੂੰ ਤੁਸੀਂ ਪੰਜਾਬੀ ਦਾ ਪਸਾਰ ਵੀ ਕਹਿ ਸਕਦੇ ਹੋ ਅਤੇ ਇੱਕ ਦੂਜੇ ਨੁਕਤੇ ਤੋਂ ਕੋਈ ਇਸ ਨੂੰ ਪੰਜਾਬੀ ਦਾ ਵਿਗਾੜ ਵੀ ਕਹਿ ਸਕਦਾ ਹੈ। ਪਰ ਅਸਲੀਅਤ ਵਿੱਚ ਇਹ ਸਿਰਫ ਨਜ਼ਰੀਏ ਦਾ ਹੀ ਫਰਕ ਹੈ। ਮੈਂ ਇਹ ਸਮਝਦਾ ਹਾਂ ਕਿ ਹਰ ਭਾਸ਼ਾ ਵਿੱਚ ਹਰ ਦੂਜੀ ਭਾਸ਼ਾ ਦੇ ਸ਼ਬਦ ਸਮਾਉਣ ਦੀ ਅਨੰਤ ਸਮਰਥਾ ਹੁੰਦੀ ਹੈ। ਸਿਰਫ ਕਿਰਿਆਵਾਂ ਤੇ ਵਾਕ ਬਣਤਰ ਤੁਹਾਡੀ ਰਹਿੰਦੀ ਹੈ। ਬਾਕੀ ਹਰ ਭਾਸ਼ਾ ਹੀ ਹਰ ਰੋਜ਼ ਨਵੇਂ ਸ਼ਬਦ ਗ੍ਰਹਿਣ ਕਰਦੀ ਹੈ। ਮੈਂ ਤਾਂ ਬਿਲਕੁਲ ਉਲਟ ਕਹਾਂਗਾ। ਪੰਜਾਬੀ ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਲੈਣ ਨਾਲ ਖਰਾਬ ਨਹੀਂ ਹੁੰਦੀ ਬਲਕਿ ਜਿਸ ਤਰਾਂ ਦੀ ਪੰਜਾਬੀ ਭਾਸ਼ਾ ਪੰਜਾਬੀ ਮੀਡੀਆ ਵਾਲੇ, ਪੰਜਾਬੀ ਅਕਾਦਮੀਸ਼ਨ ਤੇ ਪੰਜਾਬੀ ਲੇਖਕ ਦੇ ਰਹੇ ਹਨ, ਉਹ ਪੰਜਾਬੀ ਹੀ ਅਸਲ ਵਿੱਚ ਪੰਜਾਬੀ ਦੇ ਪਸਾਰ ਤੇ ਵਿਕਾਸ ਦੀ ਸਭ ਤੋਂ ਵੱਡੀ ਦੁਸ਼ਮਣ ਬਣੇਗੀ।

**? ਅੱਜ ਸਭ ਤੋਂ ਵੱਡੀ ਚਿੰਤਾ ਇਸ ਗੱਲ ਨੂੰ ਲੈ ਕੇ ਪ੍ਰਗਟਾਈ ਜਾ ਰਹੀ ਹੈ ਕਿ ਨਵੀਂ ਪੀੜ੍ਹੀ ਪੰਜਾਬੀ ਨਹੀਂ ਪੜ੍ਹ ਰਹੀ। ਉਹ ਪੰਜਾਬੀ ਪੜ੍ਹਾਈ ਤੋਂ ਦੂਰ ਜਾ ਰਹੀ ਹੈ ਤੇ ਜੇ ਇਹੀ ਰੁਝਾਨ ਰਿਹਾ ਤਾਂ 50 ਸਾਲ ਬਾਅਦ ਪੰਜਾਬ ਵਿੱਚ ਹੀ ਪੰਜਾਬੀ ਪੜ੍ਹ ਲਿਖ ਸਕਣ ਵਾਲੇ ਵਿਰਲੇ ਟਾਵੇਂ ਲੋਕ ਮਿਲਿਆ ਕਰਨਗੇ।**

– ਇਸ ਗੱਲ ਦਾ ਜਵਾਬ ਲੈਣ ਤੋਂ ਪਹਿਲਾਂ ਸਾਨੂੰ ਖੁਦ ਪਹਿਲਾਂ ਇੱਕ ਹੋਰ ਸੁਆਲ ਦਾ ਜੁਆਬ ਦੇਣਾ ਚਾਹੀਦਾ ਹੈ ਕਿ ਜੇ ਪੰਜਾਬੀਆਂ ਦੇ ਹੀ ਨਵੇਂ ਬੱਚੇ ਪੰਜਾਬੀ ਨਹੀਂ ਪੜ੍ਹ ਰਹੇ ਤਾਂ ਉਹ ਕਿਉਂ ਨਹੀਂ ਪੜ੍ਹ ਰਹੇ। ਕੀ ਸਾਡੇ ਕੋਲ ਇਸ ਸੁਆਲ ਦਾ ਜੁਆਬ ਹੈ? ਪੰਜਾਬੀ ਸਾਡੀ ਮਾਂ ਬੋਲੀ ਹੈ।



ਇਹ ਕਿਤੋਂ ਬਾਹਰੋਂ ਆਈ ਬੋਲੀ ਨਹੀਂ ਹੈ। ਜੇ ਪੰਜਾਬੀ ਲੋਕ ਹੀ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਬਕਾਇਦਾ ਸਿਖਿਆ ਦੁਆਉਣ ਵੱਲ ਧਿਆਨ ਨਹੀਂ ਦੇ ਰਹੇ ਤਾਂ ਇਸ ਦਾ ਕਾਰਨ ਸਮਝਣ ਦੀ ਲੋੜ ਹੈ। ਕੋਈ ਪੰਜਾਬੀ ਲੋਕਾਂ ਨੂੰ ਨਾ ਤਾਂ ਪੰਜਾਬੀ ਨਾ ਪੜ੍ਹਨ ਵਾਸਤੇ ਪ੍ਰੇਰ ਰਿਹਾ ਹੈ ਅਤੇ ਨਾ ਹੀ ਸਰਕਾਰੀ ਪੱਧਰ ਤੇ ਕੋਈ ਇਸ ਦੀ ਰੋਕ ਹੈ। ਬਲਕਿ ਇਸ ਦੇ ਉਲਟ ਲੋਕ ਸਰਕਾਰੀ ਸਕੂਲਾਂ ਦੀ ਬਜਾਏ ਜ਼ਿਆਦਾ ਪੈਸੇ ਖਰਚਕੇ ਆਪਣੇ ਬੱਚਿਆਂ ਨੂੰ ਅਜਿਹੇ ਸਕੂਲਾਂ ਵਿੱਚ ਪੜ੍ਹਾ ਰਹੇ ਹਨ, ਜਿਨ੍ਹਾਂ ਵਿੱਚ ਸਿਖਿਆ ਦਾ ਮਾਧਿਅਮ ਪੰਜਾਬੀ ਨਹੀਂ ਹੈ। ਜੇ ਸਮਾਜ ਪੰਜਾਬੀ ਪੜ੍ਹਨਾ ਚਾਹ ਰਿਹਾ ਹੋਵੇ, ਇਸ ਵਾਸਤੇ ਇੱਕ ਲੋਕ ਲਹਿਰ ਚੱਲ ਰਹੀ ਹੋਵੇ ਤੇ ਸਰਕਾਰੀ ਪੱਧਰ ਤੇ ਉਸ ਵਾਸਤੇ ਉਚਿਤ ਪ੍ਰਬੰਧ ਨਾ ਹੋਣ ਤਦ ਤਾਂ ਗੱਲ ਸਮਝ ਆਉਂਦੀ ਹੈ ਕਿ ਸਰਕਾਰ ਨੂੰ ਪੰਜਾਬੀ ਦੀ ਪੜ੍ਹਾਈ ਲਈ ਉਚਿਤ ਪ੍ਰਬੰਧ ਕਰਨੇ ਚਾਹੀਦੇ ਹਨ। ਪਰ ਇੱਥੇ ਤਾਂ ਉਲਟ ਸਥਿਤੀ ਹੈ। ਸਰਕਾਰੀ ਸਕੂਲਾਂ ਵਿੱਚ, ਸੰਸਥਾਨਾਂ ਵਿੱਚ ਪੰਜਾਬੀ ਦੀ ਪੜ੍ਹਾਈ ਹੁੰਦੀ ਹੈ, ਪਰ ਸਾਡੇ ਲੋਕ ਉਸ ਨੂੰ ਛੱਡਕੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਜਾ ਰਹੇ ਹਨ। ਇਸ ਮਾਮਲੇ ਵਿੱਚ ਇੱਕ ਹੋਰ ਦਿਲਚਸਪ ਪੱਖ ਨੋਟ ਕਰਨ ਵਾਲਾ ਹੈ। ਇਸ ਗੱਲ ਤੇ ਚਿੰਤਾ ਵੀ ਕਿਤੇ ਨਹੀਂ ਹੈ। ਸਿਵਾਏ ਪੰਜਾਬੀ ਵਿੱਚ ਲਿਖਣ ਪੜ੍ਹਨ ਵਾਲਿਆਂ ਦੇ, ਪੰਜਾਬੀ ਅਕਾਦਮੀਸ਼ਨਾਂ ਦੇ, ਜਾਂ ਜਿਨ੍ਹਾਂ ਦੇ ਸਿੱਧੇ ਰੋਜ਼ਗਾਰ ਦੇ ਹਿੱਤ ਪੰਜਾਬੀ ਦੀ ਪੜ੍ਹਾਈ ਨਾਲ ਜੁੜੇ ਹਨ, ਉਨ੍ਹਾਂ ਤੋਂ ਸਿਵਾ ਇਸ ਬਾਰੇ ਚਿੰਤਾ ਵੀ ਕਿਸੇ ਨੂੰ ਨਹੀਂ ਹੈ। ਮੈਂ ਇਸ ਸਥਿਤੀ ਨੂੰ ਵੱਖਰੇ ਨੁਕਤੇ ਤੋਂ ਦੇਖਣ ਦੀ ਕੋਸ਼ਿਸ਼ ਕਰਦਾਂ। ਕਿਤੇ ਇਹ ਤਾਂ ਨਹੀਂ ਕਿ ਅਸਲ ਵਿੱਚ ਸਮਾਜ ਉਸ ਸਥਿਤੀ ਤੋਂ ਅਗਾਂਹ ਲੰਘ ਗਿਆ ਹੈ, ਜਿਸ ਵਿੱਚ ਪੰਜਾਬੀ ਅਕਾਦਮੀਸ਼ਨ ਫਸਿਆ ਹੈ। ਪੰਜਾਬੀ ਪੜ੍ਹਨ ਤੇ ਪੜ੍ਹਾਉਣ ਵਾਲਿਆਂ ਦਾ ਇੱਕ ਸਵੈ ਸਿਰਜਤ ਘੇਰਾ ਸਮਾਜ ਵਿੱਚ ਵਿਕਸਤ ਹੋ ਗਿਆ ਹੈ, ਜਿਹੜਾ ਆਪਣੇ ਅੰਦਰ ਹੀ ਘੁੰਮੀ ਜਾ ਰਿਹਾ ਹੈ। ਬਾਕੀ ਸਮਾਜ ਤੋਂ ਇਸ ਦਾ ਰਾਬਤਾ ਟੁੱਟ ਗਿਆ ਹੈ। ਪੰਜਾਬੀ ਅਕਾਦਮੀਸ਼ਨ ਤੇ ਲੇਖਕ ਇਸ ਘੇਰੇ ਵਿੱਚ ਹਨ। ਇਹ ਜੋ ਲਿਖਦੇ ਹਨ, ਉਹ ਇਨ੍ਹਾਂ ਦੇ ਅੰਦਰ ਹੀ ਪੜ੍ਹਿਆ ਜਾਂਦਾ ਹੈ। ਮੈਂ ਪੰਜਾਬੀ ਪਬਲੀਕੇਸ਼ਨ ਵਿੱਚ ਹਾਂ ਅਤੇ ਦੇਖ ਰਿਹਾ ਹਾਂ ਕਿ ਪੰਜਾਬੀ ਬੁੱਧੀਜੀਵੀਆਂ ਦੇ ਇਸ ਘੇਰੇ ਨੇ ਹੌਲੀ ਹੌਲੀ ਪਿਛਲੇ ਸਾਲਾਂ ਦੌਰਾਨ ਉਸ ਸਾਰੇ ਪੌਪੂਲਰ ਲੇਖਕ ਨੂੰ ਬਾਹਰ ਕਰ ਦਿੱਤਾ ਗਿਆ ਹੈ, ਜਿਸ ਦੀ ਆਮ ਲੋਕਾਂ ਵਿੱਚ ਅਪੀਲ ਸੀ। ਪੌਪੂਲਰ ਸਾਹਿਤ ਨੂੰ ਐਨਾ ਛੁਟਿਆਇਆ ਗਿਆ ਹੈ ਕਿ ਪੰਜਾਬੀ ਵਿੱਚੋਂ ਇਹ ਲੱਗਭਗ ਖਤਮ ਹੋ ਗਿਆ ਹੈ। ਇੱਕ ਸਿੰਥੈਟਿਕ ਭਾਸ਼ਾ ਤੇ ਸਿੰਥੈਟਿਕ ਸਾਹਿਤ ਪੈਦਾ ਹੋ ਰਿਹਾ ਹੈ, ਜਿਹੜਾ ਆਪਣੇ ਆਪ ਵਿੱਚ ਹੀ ਬੰਦ ਹੈ।

**? ਪੌਪੂਲਰ ਸਾਹਿਤ ਦੇ ਘਟਣ ਨਾਲ ਪੰਜਾਬੀ ਦਾ ਕੀ ਨੁਕਸਾਨ ਹੋਇਆ? ਕੀ ਗੰਭੀਰ ਸਾਹਿਤ ਦਾ ਕੋਈ ਮਹੱਤਵ ਨਹੀਂ ਹੈ?**

– ਕਿਸੇ ਵੀ ਭਾਸ਼ਾ ਵਿੱਚ, ਕਿਸੇ ਵੀ ਭਾਸ਼ਾ ਦੀ ਪਬਲੀਕੇਸ਼ਨ ਵਿੱਚ ਪੌਪੂਲਰ ਸਾਹਿਤ ਦੀ ਗੈਰ ਹਾਜ਼ਰੀ ਵਿੱਚ ਗੰਭੀਰ ਸਾਹਿਤ ਵੀ ਵਿਕਸਤ ਨਹੀਂ ਹੋ ਸਕਦਾ। ਇਸ ਗੱਲ ਨੂੰ ਸਮਝਣ ਲਈ ਸਾਨੂੰ ਪਬਲੀਕੇਸ਼ਨ ਇੰਡਸਟਰੀ ਦੀ ਇਕਨੌਮਿਕਸ ਨੂੰ ਸਮਝਣ ਦੀ ਲੋੜ ਹੈ। ਜਦੋਂ ਪਬਲੀਕੇਸ਼ਨ ਇੱਕ ਬਿਜ਼ਨਸ ਦੇ ਰੂਪ ਵਿੱਚ ਚੱਲ ਰਿਹਾ ਹੈ ਤਾਂ ਉਸ ਦੀਆਂ ਕੁੱਝ ਆਪਣੀ ਤਰਾਂ ਦੀ ਬਿਜ਼ਨਸ ਲੋੜਾਂ ਤੇ ਦਬਾਅ ਹਨ। ਗੰਭੀਰ ਸਾਹਿਤ ਦਾ ਘੇਰਾ ਕਦੇ ਵੀ ਐਨਾ ਵਿਸ਼ਾਲ ਤੇ ਵੱਡਾ ਨਹੀਂ ਹੋ ਸਕਦਾ ਕਿ ਉਸ ਦੇ ਸਿਰ ਤੇ ਪਬਲੀਕੇਸ਼ਨ ਇੰਡਸਟਰੀ ਖੜ੍ਹੀ ਹੋ ਸਕੇ। ਗੰਭੀਰ ਕਵਿਤਾ, ਗੰਭੀਰ ਨਾਵਲ, ਗੰਭੀਰ ਅਕਾਦਮਿਕ ਖੋਜ ਦੇ ਸਿਰ ਤੇ ਪੰਜਾਬੀ ਵਰਗੀ ਭਾਸ਼ਾ ਵਿੱਚ ਅਸੀਂ ਪਬਲੀਕੇਸ਼ਨ ਇੰਡਸਟਰੀ ਨਹੀਂ ਖੜ੍ਹੀ ਕਰ ਸਕਦੇ। ਪੌਪੂਲਰ ਸਾਹਿਤ ਹੀ ਇੱਕੋ ਇੱਕ ਜ਼ਰੀਆ ਹੈ, ਜਿਹੜਾ ਗੰਭੀਰ ਸਾਹਿਤ ਦੇ ਪ੍ਰਕਾਸ਼ਨ ਤੇ ਪਸਾਰ ਲਈ ਮੁਢਲੀ ਜ਼ਮੀਨ ਤਿਆਰ ਕਰਦਾ ਹੈ। ਸਾਡੇ ਪੌਪੂਲਰ ਸਾਹਿਤ ਦਾ ਘੇਰਾ ਐਨਾ ਵਿਸ਼ਾਲ ਹੋਣਾ ਚਾਹੀਦਾ ਹੈ ਕਿ ਹਰ ਸ਼ਹਿਰ ਵਿੱਚ ਇੱਕ ਦੋ ਕਿਤਾਬਾਂ ਦੀਆਂ ਦੁਕਾਨਾਂ ਉਸ ਦੇ

ਸਿਰ ਤੇ ਚਲ ਸਕਣ। ਪੌਪੂਲਰ ਸਾਹਿਤ ਦੇ ਐਨੇ ਕੁ ਟਾਈਟਲ ਹਮੇਸ਼ਾ ਮਾਰਕੀਟ ਵਿੱਚ ਰਹਿਣੇ ਚਾਹੀਦੇ ਹਨ, ਜਿਸ ਨਾਲ ਛੋਟੇ ਸ਼ਹਿਰਾਂ ਵਿੱਚ ਕਿਤਾਬਾਂ ਦੇ ਦੁਕਾਨਦਾਰ ਖੜ੍ਹੇ ਹੋ ਸਕਣ। ਸਭ ਤੋਂ ਪਹਿਲਾਂ ਕਿਤਾਬਾਂ ਦੀ ਵਿਕਰੀ ਤੇ ਵੰਡ ਦਾ ਨੈਟਵਰਕ ਖੜ੍ਹਾ ਹੋਣਾ ਜ਼ਰੂਰੀ ਹੈ। ਜਦੋਂ ਹਰ ਸ਼ਹਿਰ ਵਿੱਚ ਪੌਪੂਲਰ ਕਿਤਾਬਾਂ ਦੀਆਂ ਦੁਕਾਨਾਂ ਹੋਣਗੀਆਂ ਤਾਂ ਉਹੀ ਦੁਕਾਨਦਾਰ ਗੰਭੀਰ ਸਾਹਿਤ ਵੀ ਰੱਖੇਗਾ। ਜੇ ਉਸ ਕੋਲ 200 ਟਾਈਟਲ ਪੌਪੂਲਰ ਕਿਤਾਬਾਂ ਦਾ ਪਿਆ ਹੈ ਤਾਂ 20-50 ਟਾਈਟਲ ਗੰਭੀਰ ਕਿਤਾਬਾਂ ਦੇ ਵੀ ਉਹ ਰੱਖ ਸਕੇਗਾ। ਸਿਰਫ ਗੰਭੀਰ ਕਿਤਾਬਾਂ ਦੀ ਵਿਕਰੀ ਦੇ ਸਿਰ ਤੇ ਤਾਂ ਉਸ ਦਾ ਦੁਕਾਨ ਦਾ ਕਿਰਾਇਆ ਵੀ ਪੂਰਾ ਨਹੀਂ ਹੋ ਸਕੇਗਾ। ਨਾ ਗੰਭੀਰ ਕਿਤਾਬਾਂ ਦੀ ਪ੍ਰਕਾਸ਼ਨ ਦੇ ਸਿਰ ਤੇ ਕਿਸੇ ਪ੍ਰਕਾਸ਼ਕ ਦਾ ਖੜ੍ਹਾ ਰਹਿਣਾ ਸੰਭਵ ਹੋਵੇਗਾ। ਅੱਗੇ ਪਾਠਕਾਂ ਦੇ ਪੱਧਰ ਤੇ ਵੀ ਪੌਪੂਲਰ ਸਾਹਿਤ ਦਾ ਮਹੱਤਵ ਹੈ। ਪਹਿਲਾਂ ਲੋਕ ਪੌਪੂਲਰ ਸਾਹਿਤ ਹੀ ਪੜ੍ਹਨਾ ਸ਼ੁਰੂ ਕਰਦੇ ਹਨ। ਜਦ ਕੋਈ ਬੱਚਾ ਸਕੂਲ ਵਿੱਚ ਜਾਂ ਕਾਲਜ ਵਿੱਚ ਪੜ੍ਹ ਰਿਹਾ ਹੁੰਦਾ ਹੈ ਤਾਂ ਉਹ ਪੌਪੂਲਰ ਸ਼ਾਇਰੀ ਦੀਆਂ ਕਿਤਾਬਾਂ ਤੇ ਪੌਪੂਲਰ ਨਾਵਲ ਪੜ੍ਹੇਗਾ। ਹੌਲੀ ਹੌਲੀ ਉਸ ਦੀਆਂ ਪੜ੍ਹਨ ਦੀਆਂ ਰੁਚੀਆਂ ਵਿਕਸਤ ਹੋਣਗੀਆਂ ਤੇ ਉਹੀ ਪਾਠਕ ਗੰਭੀਰ ਸਾਹਿਤ ਪੜ੍ਹਨ ਲੱਗੇਗਾ। ਪੌਪੂਲਰ ਸਾਹਿਤ ਪਹਿਲੀ ਪੌੜੀ ਹੈ, ਜਿਸ ਤੇ ਪੈਰ ਰੱਖ ਕੇ ਹੀ ਪਾਠਕ ਗੰਭੀਰ ਸਾਹਿਤ ਵੱਲ ਵਧਦਾ ਹੈ। ਪਹਿਲਾਂ ਕੋਈ ਨੌਜਵਾਨ ਬੂਟਾ ਸਿੰਘ ਸ਼ਾਦ ਦੇ ਨਾਵਲ ਪੜ੍ਹਨ ਲੱਗੇਗਾ ਤੇ ਹੌਲੀ ਹੌਲੀ ਉਹ ਗੁਰਦਿਆਲ ਸਿੰਘ ਤੱਕ ਪਹੁੰਚੇਗਾ। ਸਾਡੀ ਅਕਾਦਮਿਕਤਾ ਨੇ ਤੇ ਕਥਿਤ ਗੰਭੀਰ ਲੇਖਕਾਂ ਨੇ ਪੌਪੂਲਰ ਸਾਹਿਤ ਨੂੰ ਦੁਰਕਾਰ ਕੇ ਆਪਣੇ ਹੀ ਪੈਰਾਂ ਦੇ ਕੁਹਾੜਾ ਮਾਰਿਆ ਹੈ। ਹਮੇਸ਼ਾ ਹੀ ਸਮਾਜ ਦਾ 5 ਫੀਸਦੀ ਤੋਂ ਜ਼ਿਆਦਾ ਹਿੱਸਾ ਗੰਭੀਰ ਸਾਹਿਤ ਨਹੀਂ ਪੜ੍ਹਦਾ। 40 ਕੁ ਫੀਸਦੀ ਹਿੱਸਾ ਅਜਿਹਾ ਹੁੰਦਾ ਹੈ, ਜਿਹੜਾ ਪੌਪੂਲਰ ਸਾਹਿਤ ਪੜ੍ਹਦਾ ਹੈ ਤੇ 40-45 ਫੀਸਦੀ ਹਿੱਸਾ ਅਜਿਹਾ ਹੁੰਦਾ ਹੈ, ਜਿਹੜਾ ਪੜ੍ਹਨ ਲਿਖਣ ਵਿੱਚ ਕੋਈ ਰੁਚੀ ਨਹੀਂ ਰੱਖਦਾ। ਪੌਪੂਲਰ ਸਾਹਿਤ ਹੀ ਗੰਭੀਰ ਸਾਹਿਤ ਲਈ ਜ਼ਮੀਨ ਤਿਆਰ ਕਰਦਾ ਹੈ। ਪਹਿਲਾਂ ਇਸ ਵਿੱਚ ਕਵੀਸ਼ਰ, ਕਿੱਸਾਕਾਰ, ਕਥਾਕਾਰ ਹੁੰਦੇ ਸਨ ਤੇ ਹਰ ਮੇਲੇ ਤੇ ਇਨ੍ਹਾਂ ਲਈ ਥਾਂ ਹੁੰਦੀ ਸੀ। ਅਖਾੜਾ ਲੱਗਦਾ ਸੀ ਤਾਂ ਕਿੱਸਾਕਾਰ, ਕਵੀਸ਼ਰ ਦੀਆਂ ਕਿਤਾਬਾਂ ਵੀ ਵਿਕਦੀਆਂ ਸਨ। ਹੈਰਾਨੀ ਦੀ ਗੱਲ ਹੈ ਕਿ ਜਦੋਂ ਸਮਾਜ ਵਿੱਚ ਲਿਟਰੇਸੀ ਦੀ ਰੇਟ ਘੱਟ ਸੀ ਤਾਂ ਉਸ ਵੇਲੇ ਕਿਤਾਬਾਂ ਜ਼ਿਆਦਾ ਵਿਕ ਜਾਂਦੀਆਂ ਸਨ ਤੇ ਅੱਜ ਜਦੋਂ ਲਿਟਰੇਸੀ ਰੇਟ ਜ਼ਿਆਦਾ ਹੈ ਤਾਂ ਕਿਤਾਬਾਂ ਘੱਟ ਵਿਕਦੀਆਂ ਹਨ। 1970 ਤੋਂ 80 ਦੇ ਦੌਰ ਵਿੱਚ ਬਾਬੂ ਸਿੰਘ ਮਾਨ ਦੇ ਗੀਤਾਂ ਦੀ ਕਿਤਾਬ ਜਦ ਛਪਦੀ ਸੀ ਤਾਂ ਉਹ ਢਾਈ ਲੱਖ ਤੋਂ ਲੈ ਕੇ ਤਿੰਨ ਲੱਖ ਤੱਕ ਵਿਕ ਜਾਂਦੀ ਸੀ। ਉਹ ਚੀਜ਼ ਅਸੀਂ ਆਪੇ ਖਤਮ ਕਰ ਲਈ ਹੈ। ਪੰਜਾਬ ਦੇ ਗੰਭੀਰ ਲੇਖਕ, ਅਕਾਦਮੀਸ਼ਨ ਤੇ ਬੁੱਧੀਜੀਵੀ ਪੌਪੂਲਰ ਸਾਹਿਤ ਨੂੰ ਦੇਖਕੇ ਜਿਵੇਂ ਨੱਕ ਬੁਲ੍ਹ ਚੜ੍ਹਾਉਂਦੇ ਹਨ ਅਤੇ ਜਿਵੇਂ ਉਸ ਨੂੰ ਛੁਟਿਆਉਂਦੇ ਹਨ, ਉਸ ਨੂੰ ਦੇਖਕੇ ਮੈਨੂੰ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨੂੰ ਕਹੀ ਹੋਈ ਉਹ ਗੱਲ ਆਉਂਦੀ ਹੈ, ਜਿਸ ਵਿੱਚ ਉਹ ਸਿੱਧਾਂ ਨੂੰ ਕਹਿੰਦੇ ਹਨ ਕਿ ਤੁਸੀਂ ਜਿਨ੍ਹਾਂ ਲੋਕਾਂ ਦੇ ਘਰ ਮੰਗਣ ਜਾਂਦੇ ਹੋ, ਜਿਨ੍ਹਾਂ ਦੇ ਸਿਰ ਤੇ ਤੁਹਾਡਾ ਗੁਜ਼ਾਰਾ ਚੱਲਦਾ ਹੈ, ਉਨ੍ਹਾਂ ਨੂੰ ਹੀ ਤੁਸੀਂ ਨੀਵੇਂ ਕਹਿੰਦੇ ਹੋ। ਜਦਕਿ ਤੁਸੀਂ ਤਾਂ ਜਿਉ ਹੀ ਉਨ੍ਹਾਂ ਦੇ ਸਿਰ ਤੇ ਰਹੇ ਹੋ। ਅਸੀਂ ਪ੍ਰਕਾਸ਼ਕ ਦੇ ਤੌਰ ਤੇ ਗੰਭੀਰ ਸਾਹਿਤ ਤਦ ਹੀ ਛਾਪ ਸਕਦੇ ਹਾਂ, ਜੇ ਪੌਪੂਲਰ ਸਾਹਿਤ ਦੇ ਫੈਲਾਅ ਨਾਲ ਸਾਡੀ ਵਿੱਤੀ ਸਥਿਤੀ ਮਜ਼ਬੂਤ ਹੋਈ ਹੋਵੇਗੀ। ਅਸੀਂ ਪੌਪੂਲਰ ਸਾਹਿਤ ਦੇ ਸਿਰ ਤੇ ਪ੍ਰਕਾਸ਼ਨ ਇੰਡਸਟਰੀ ਖੜ੍ਹੀ ਕਰਦੇ ਹਾਂ ਅਤੇ ਉਸ ਦੇ ਸਿਰ ਤੇ ਗੰਭੀਰ ਸਾਹਿਤ ਛਾਪਣ ਦੀ ਗੁੰਜਾਇਸ਼ ਪੈਦਾ ਕਰ ਸਕਦੇ ਹਾਂ।

**? ਸਾਰੇ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਪਹਿਲੀ ਜਮਾਤ ਤੋਂ ਪੜ੍ਹਾਈ ਜਾਂਦੀ ਹੈ ਤੇ ਸਿੱਖਿਆ ਦਾ ਮਾਧਿਅਮ ਹੈ। ਪੋਸਟ ਗਰੈਜੂਏਸ਼ਨ ਤੱਕ ਸਿਖਿਆ ਦਾ ਮਾਧਿਅਮ ਪੰਜਾਬੀ ਹੈ। ਕੀ ਪੰਜਾਬੀ ਵਿਦਿਆਰਥੀਆਂ ਦਾ ਐਨਾ ਵੱਡਾ ਪੂਲ ਪੰਜਾਬੀ ਪਾਠਕਾਂ ਵਿੱਚ ਕੋਈ ਵਾਧਾ ਨਹੀਂ ਕਰ ਰਿਹਾ ?**



- ਪੰਜਾਬੀ ਅਕਾਦਮੀਸ਼ਨਾਂ ਤੇ ਪੰਜਾਬੀ ਪੜ੍ਹਾਉਣ ਵਾਲਿਆਂ ਤੇ ਇਹ ਗੱਲ ਆਪਣੇ ਆਪ ਵਿੱਚ ਇੱਕ ਟਿਪਣੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇੱਕ ਵਾਰ ਮੈਰਿਟ ਦੇ ਅਧਾਰ ਤੇ ਪੰਜਾਬੀ ਐਮਏ ਵਿੱਚ ਐਡਮਿਸ਼ਨ ਲਈ ਇੱਕ ਐਂਟਰੈਂਸ ਟੈਸਟ ਰੱਖ ਦਿੱਤਾ। ਉਸ ਦਾ ਸਿੱਟਾ ਇਹ ਨਿਕਲਿਆ ਕਿ ਸਿਰਫ 25 ਫੀਸਦੀ ਸੀਟਾਂ ਹੀ ਉਸ ਕਾਰਨ ਭਰ ਸਕੀਆਂ। ਸਿਰਫ ਇਸ ਗੱਲ ਤੋਂ ਹੀ ਅਸੀਂ ਆਪਣੀ ਹਾਲਤ ਦਾ ਅੰਦਾਜ਼ਾ ਲਾ ਸਕਦੇ ਹਾਂ। ਜਦ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਨਹੀਂ ਸੀ ਪੜ੍ਹਾਈ ਜਾਂਦੀ, ਉਸ ਵੇਲੇ ਪੰਜਾਬੀ ਕਿਤਾਬਾਂ, ਮੈਗਜ਼ੀਨਾਂ ਪੜ੍ਹਨ ਵਾਲਿਆਂ ਦੀ ਗਿਣਤੀ ਜ਼ਿਆਦਾ ਸੀ। ਅੱਜ ਜਦੋਂ ਸਕੂਲਾਂ, ਕਾਲਜਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ ਤਾਂ ਪੰਜਾਬੀ ਪਾਠਕਾਂ ਦੀ ਗਿਣਤੀ ਘਟ ਗਈ ਹੈ। ਪੰਜਾਬੀ ਦੇ ਵੱਡੇ ਲੇਖਕ ਵੀ ਉਸੇ ਦੌਰ ਵਿੱਚ ਪੈਦਾ ਹੋਏ, ਜਦ ਪੰਜਾਬੀ ਪੜ੍ਹਾਈ ਦਾ ਮੌਜੂਦਾ ਸਿਸਟਮ ਨਹੀਂ ਸੀ। ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਸਾਡੇ ਜਿਹੜੇ ਲੋਕ ਪੰਜਾਬੀ ਦੇ ਨਾਂ ਤੇ ਨੌਕਰੀਆਂ ਲੈ ਰਹੇ ਹਨ, ਉਹ ਬੇਹੱਦ ਨਿਕੰਮੇ ਹਨ ਅਤੇ ਪੰਜਾਬੀ ਦੀ ਮੌਜੂਦਾ ਹਾਲਤ ਲਈ ਉਹ ਜਿੰਮੇਵਾਰ ਹਨ। ਜ਼ਿਆਦਾਤਰ ਪੰਜਾਬੀ ਟੀਚਰ ਸੀਮਤ ਦ੍ਰਿਸ਼ਟੀ ਵਾਲਾ ਹੈ ਤੇ ਉਹ ਅੱਗੇ ਆਪਣੇ ਨਾਲੋਂ ਵੀ ਵੱਧ ਸੀਮਤ ਦ੍ਰਿਸ਼ਟੀ ਵਾਲਾ ਵਿਦਿਆਰਥੀ ਪੈਦਾ ਕਰ ਰਿਹਾ ਹੈ। ਜਿਸ ਤਰਾਂ ਦੀ ਮਾੜੀ ਤੇ ਬਣਾਉਟੀ ਪੰਜਾਬੀ ਸਾਡੇ ਪੰਜਾਬੀ ਟੀਚਰ ਦੀ ਹੈ, ਉਸ ਤੋਂ ਵੀ ਬੇਜਾਨ ਪੰਜਾਬੀ ਵਾਲੇ ਉਹ ਵਿਦਿਆਰਥੀ ਪੈਦਾ ਕਰ ਰਿਹਾ ਹੈ।

**? ਜੇ ਪੰਜਾਬੀ ਦੀ ਪਬਲਿਸ਼ਿੰਗ ਇੰਡਸਸਟਰੀ ਤੋਂ ਅਸੀਂ ਪੰਜਾਬੀ ਦੀ ਹਾਲਤ ਬਾਰੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰੀਏ ਤਾਂ ਮੇਰੇ ਮਨ ਵਿੱਚ ਇਹ ਸੁਆਲ ਆਉਂਦਾ ਹੈ ਕਿ ਕੀ ਪਬਲਿਸ਼ਿੰਗ ਇੰਡਸਟਰੀ ਭਾਸ਼ਾ ਦੀ ਜੋ ਸਮੁਚੀ ਸਥਿਤੀ ਹੈ, ਉਸਦਾ ਮਹਿਜ਼ ਪਰਛਾਵਾਂ ਹੈ ਜਾਂ ਪਬਲਿਸ਼ਿੰਗ ਆਪਣੇ ਆਪ ਵਿੱਚ ਵੀ ਕੋਈ ਤਾਕਤ ਹੈ। ਕੀ ਪਬਲਿਸ਼ਿੰਗ ਇੰਡਸਟਰੀ ਆਪਣੇ ਤੌਰ ਤੇ ਵੀ ਕੋਈ ਰੋਲ ਅਦਾ ਕਰ ਸਕਦੀ ਹੈ ?**

- ਜੇ ਅਸੀਂ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਦੁਨੀਆ ਭਰ ਵਿੱਚ ਪ੍ਰਿੰਟਿੰਗ ਟੈਕਨਾਲੋਜੀ ਵਿੱਚ ਹੋਈਆਂ ਖੋਜਾਂ ਨੇ ਵੱਡੀਆਂ ਇਤਿਹਾਸਕ ਤਬਦੀਲੀਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਨੇ ਸਿਰਫ ਭਾਸ਼ਾਵਾਂ ਦੇ ਕਿਰਦਾਰ ਨੂੰ ਹੀ ਪ੍ਰਭਾਵਤ ਨਹੀਂ ਕੀਤਾ ਬਲਕਿ ਵੱਡੀਆਂ ਰਾਜਨੀਤਕ ਤਬਦੀਲੀਆਂ ਦੀ ਨੀਂਹ ਵੀ ਧਰੀ। ਬਲੌਕ ਦੁਆਰਾ ਪ੍ਰਿੰਟਿੰਗ ਦਾ ਕੰਮ ਭਾਵੇਂ 1200 ਦੇ ਨੇੜੇ ਤੇੜੇ ਚੀਨ ਅਤੇ ਜਪਾਨ ਵਿੱਚ ਸ਼ੁਰੂ ਹੋ ਗਿਆ ਸੀ ਪਰ ਪ੍ਰਿੰਟਿੰਗ ਮਸ਼ੀਨ ਤੇ ਸਿਆਹੀ ਦੀ ਖੋਜ ਵਿੱਚ ਜੋ ਯੋਗਦਾਨ ਗੁਟਨਬਰਗ ਨੇ ਪਾਇਆ, ਉਸ ਕਾਰਨ ਉਸ ਨੂੰ ਆਧੁਨਿਕ ਪ੍ਰਿੰਟਿੰਗ ਦਾ ਜਨਮਦਾਤਾ ਕਿਹਾ ਜਾਂਦਾ ਹੈ। ਉਹ 1470 ਦੇ ਨੇੜੇ ਤੇੜੇ ਕੰਮ ਕਰ ਰਿਹਾ ਸੀ। ਜ਼ਿਕਰਯੋਗ ਗੱਲ ਇਹ ਵੀ ਹੈ ਕਿ ਪ੍ਰਿੰਟਿੰਗ ਲਈ ਬਲੌਕ ਦੀ ਵਰਤੋਂ ਭਾਰਤ ਵਿੱਚ ਵੀ ਬਹੁਤ ਪਹਿਲਾਂ ਤੋਂ ਹੋ ਰਹੀ ਸੀ, ਪਰ ਸਾਡੇ ਇਥੇ ਇਹ ਬਲੌਕ ਕਿਤਾਬਾਂ ਦੀ ਪ੍ਰਿੰਟਿੰਗ ਲਈ ਨਹੀਂ ਸੀ ਵਰਤਿਆ ਜਾਂਦਾ ਬਲਕਿ ਟੈਕਸਟਾਈਲ ਪ੍ਰਿੰਟਿੰਗ ਲਈ ਵਰਤੋਂ ਵਿਚ ਸੀ। ਮਸ਼ੀਨ ਦੁਆਰਾ ਪ੍ਰਿੰਟਿੰਗ ਨੇ ਸਾਰੀ ਦੁਨੀਆ ਵਿੱਚ ਕਿਤਾਬਾਂ ਦੀ ਦੁਨੀਆ, ਗਿਆਨ ਦੀ ਦੁਨੀਆ ਨੂੰ ਡੈਮੋਕਰੇਟਾਈਜ਼ ਕੀਤਾ। ਪ੍ਰਿੰਟਿੰਗ ਟੈਕਨਾਲੋਜੀ ਦੀ ਖੋਜ ਤੋਂ ਪਹਿਲਾਂ ਹਥਲਿਖਤ ਖਰੜਿਆਂ ਦੇ ਰੂਪ ਵਿੱਚ ਸਾਂਭਿਆ ਗਿਆਨ ਬਹੁਤ ਸੀਮਤ ਲੋਕਾਂ ਦੇ ਘੇਰੇ ਵਿੱਚ ਰਹਿੰਦਾ ਸੀ। ਜੇ ਇਸ ਲਿਹਾਜ਼ ਨਾਲ ਦੇਖਾਂ ਤਾਂ ਮੈਂ ਭਾਰਤ ਦਾ ਪਹਿਲਾ ਪਬਲਿਸ਼ਰ ਸਮਰਾਟ ਅਸ਼ੋਕ ਨੂੰ ਕਹਾਂਗਾ, ਜਿਸ ਨੇ ਪੂਰੇ ਮੁਲਕ ਵਿੱਚ ਬ੍ਰਹਮੀ ਲਿਪੀ ਵਿੱਚ ਗਿਆਨ ਦੇ ਸਤੰਭ ਬਣਾਏ। ਪਿਸ਼ਾਵਰ ਤੋਂ ਲੈ ਦੇ ਦੱਖਣੀ ਭਾਰਤ ਤੱਕ ਪੂਰੇ ਮੁਲਕ ਵਿੱਚ ਇਹ ਸਤੰਭ ਬਣਾਏ ਗਏ। ਫੇਰ ਇਨ੍ਹਾਂ ਸਤੰਭਾਂ ਨਾਲ ਅਮਲਾ ਫੈਲਾ ਵੀ ਤਾਇਨਾਤ ਕੀਤਾ ਗਿਆ, ਜਿਹੜਾ ਇਨ੍ਹਾਂ ਤੇ ਲਿਖੇ ਗਿਆਨ ਨੂੰ ਆਮ ਲੋਕਾਂ ਨੂੰ ਪੜ੍ਹਕੇ ਸੁਣਾਉਂਦਾ ਸੀ। ਗਿਆਨ ਨੂੰ ਆਮ ਲੋਕਾਂ ਤੱਕ, ਚੌਂਕਾਂ ਵਿੱਚ ਲੈ ਜਾਣ ਦੀ ਇਹ ਪਹਿਲੀ ਕ੍ਰਾਂਤੀ ਸੀ। ਇਸ ਵਿੱਚ ਅਗਲੀ ਕਮਾਲ

ਇਹ ਸੀ ਕਿ ਜਿਸ ਜਿਸ ਖੇਤਰ ਵਿੱਚ ਇਹ ਸਤੰਭ ਲੁਆਏ ਗਏ, ਉਸ ਖੇਤਰ ਦੀ ਲੋਕਲ ਭਾਸ਼ਾ ਨੂੰ ਵਰਤਿਆ ਗਿਆ। ਭਾਰਤ ਵਿੱਚ ਕਾਗਜ਼ ਪਹਿਲੀ ਵਾਰ ਵਿਦੇਸ਼ੀ ਹਮਲਾਵਰ ਲਿਆਏ ਤੇ ਫੇਰ ਹੌਲੀ ਹੌਲੀ ਇੱਥੇ ਕਾਗਜ਼ ਬਣਨ ਲੱਗਾ। ਮੁਢਲੇ ਦੌਰ ਵਿੱਚ ਕਸ਼ਮੀਰ ਕਾਗਜ਼ ਦਾ ਇੱਕ ਵੱਡਾ ਸੈਂਟਰ ਬਣ ਗਿਆ। ਮਲੇਰਕੋਟਲਾ ਵੀ ਹੈਂਡ ਮੇਡ ਪੇਪਰ ਦਾ ਕਾਫੀ ਵੱਡਾ ਸੈਂਟਰ ਰਿਹਾ ਹੈ। ਕਹਿਣ ਦਾ ਮਤਲਬ ਹੈ ਕਿ ਪੱਛਮੀ ਪ੍ਰਿੰਟਿੰਗ ਟੈਕਨਾਲੋਜੀ ਅਤੇ ਕਿਤਾਬ ਦੇ ਆਉਣ ਤੋਂ ਪਹਿਲਾ ਸਾਡੇ ਇੱਥੇ ਕਿਤਾਬ ਦੀ ਥਾਂ ਤਾਂ ਬਣੀ ਹੋਈ ਸੀ। ਪੱਛਮ ਟੈਕਨਾਲੋਜੀ ਦੇ ਆਉਣ ਨਾਲ ਤਾਂ ਇਸ ਦਾ ਘੇਰਾ ਹੀ ਵਧਿਆ। ਭਾਰਤ ਵਿੱਚ ਜੋ ਵੀ ਪ੍ਰਿੰਟਿੰਗ ਮਸ਼ੀਨਾਂ ਆਈਆਂ, ਉਹ ਸ਼ੁਰੂ ਵਿੱਚ ਬਾਈਬਲ ਦੀ ਪ੍ਰਿੰਟਿੰਗ ਲਈ ਆਈਆਂ। ਬਾਈਬਲ ਦੇ ਨਾਲੋ ਨਾਲ ਸਥਾਨਕ ਭਾਸ਼ਾਵਾਂ ਦੀ ਪੜ੍ਹਾਈ ਵਾਸਤੇ ਕਾਇਦੇ, ਗਰਾਮਰਾਂ, ਡਿਕਸ਼ਨਰੀਆਂ ਵੀ ਬਣਨੀਆਂ ਸ਼ੁਰੂ ਹੋਈਆਂ। ਪੰਜਾਬੀ ਵਿੱਚ ਵੀ ਪਹਿਲੀਆਂ ਕਿਤਾਬਾਂ ਈਸਾਈ ਮਿਸ਼ਨਰੀਆਂ ਦੁਆਰਾ ਹੀ ਛਾਪੀਆਂ ਗਈਆਂ ਹਨ, ਜਿਨ੍ਹਾਂ ਵਿੱਚ ਪੰਜਾਬੀ ਦਾ ਕਾਇਦਾ, ਡਿਕਸ਼ਨਰੀਆਂ ਤੇ ਗਰਾਮਰ ਆਦਿ ਸ਼ਾਮਲ ਹਨ।

ਜਦੋਂ ਇਸ ਤਰਾਂ ਇੱਕ ਵਾਰ ਪ੍ਰਿੰਟਿੰਗ ਟੈਕਨਾਲੋਜੀ ਤੇ ਪੁਸਤਕ ਪ੍ਰਕਾਸ਼ਨ ਦੀ ਆਧੁਨਿਕ ਵਿਧੀ ਆ ਗਈ ਤਾਂ ਇਸ ਦੇ ਕਈ ਤਰਾਂ ਦੇ ਪ੍ਰਭਾਵ ਪਏ। ਇੱਥੇ ਸਾਨੂੰ ਪਤਾ ਲੱਗਦਾ ਹੈ ਕਿ ਪ੍ਰਿੰਟਿੰਗ ਟੈਕਨਾਲੋਜੀ ਆਪਣੇ ਆਪ ਵਿੱਚ ਕਿਵੇਂ ਇੱਕ ਸਮਾਜਕ ਅਤੇ ਰਾਜਨੀਤਕ ਤਾਕਤ ਬਣੀ। ਇਸੇ ਰੌਸ਼ਨੀ ਵਿੱਚ ਅਸੀਂ ਪਬਲਿਸ਼ਿੰਗ ਇੰਡਸਟਰੀ ਦੇ ਪ੍ਰਭਾਵ ਨੂੰ ਸਮਝ ਸਕਦੇ ਹਾਂ। ਪ੍ਰਿੰਟਿੰਗ ਪ੍ਰੈਸ ਦੇ ਆਉਣ ਨਾਲ ਕਈ ਤਰਾਂ ਦੇ ਪ੍ਰਭਾਵ ਪਏ। ਇਸ ਦਾ ਸਭ ਤੋਂ ਪਹਿਲਾ ਤੇ ਵੱਡਾ ਅਸਰ ਤਾਂ ਸਾਡੀਆਂ ਭਾਸ਼ਾਵਾਂ ਤੇ ਪਿਆ। ਸਾਡੀਆਂ ਭਾਸ਼ਾਵਾਂ ਦੇ ਵਿਕਾਸ ਵਿੱਚ ਇਸ ਦਾ ਬਹੁਤ ਵੱਡਾ ਯੋਗਦਾਨ ਹੈ। ਪ੍ਰਿੰਟਿੰਗ ਪ੍ਰੈਸ ਨੇ ਸਾਡੀਆਂ ਭਾਸ਼ਾਵਾਂ ਅੰਦਰ ਮਿਆਰੀਕਰਨ ਦੀ ਪ੍ਰਕਿਰਿਆ ਨੂੰ ਸ਼ੁਰੂ ਕੀਤਾ। ਗਿਆਨ ਨੂੰ ਬੰਦ ਅਤੇ ਸੀਮਤ ਘੇਰਿਆਂ ਵਿੱਚੋਂ ਕੱਢ ਦਿੱਤਾ। ਕਿਤਾਬ ਨੂੰ ਲੋਕਾਂ ਤੱਕ ਪਹੁੰਚਾਣ ਦਾ ਰਾਹ ਤਿਆਰ ਕਰ ਦਿੱਤਾ। ਇਸ ਚੀਜ਼ ਨੇ ਈਸਾਈ ਮਿਸ਼ਨਰੀਆਂ ਨੂੰ ਹਰ ਲਿਹਾਜ਼ ਨਾਲ ਇੱਕ ਅਜਿਹੀ ਤਾਕਤ ਦੇ ਦਿੱਤੀ, ਜਿਹੜੀ ਸਾਡੇ ਦੂਸਰੇ ਧਾਰਮਿਕ ਸਮੂਹਾਂ, ਰਾਜਨੀਤਕ ਗਰੁਪਾਂ ਤੇ ਸਮਾਜਕ ਵਰਗਾਂ ਲਈ ਇੱਕ ਵੱਡੀ ਚੁਣੌਤੀ ਸੀ। ਇਸ ਨੇ ਸਾਡੇ ਉਦਮੀ ਕਾਰੋਬਾਰੀਆਂ ਨੂੰ ਵੀ ਇੱਕ ਰਾਹ ਦਿਖਾ ਦਿੱਤਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਮੁਚੇ ਸਮਾਜ ਵਿੱਚ ਹਲਚਲ ਨਜ਼ਰ ਆਉਣੀ ਸ਼ੁਰੂ ਹੋ ਗਈ। ਈਸਾਈ ਮਿਸ਼ਨਰੀਆਂ ਦੇ ਟਾਕਰੇ ਲਈ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਤੇ ਅਜ਼ਾਦੀ ਸੰਗਰਾਮੀ ਗਰੁਪਾਂ ਦੁਆਰਾ ਆਪੋ ਆਪਣੇ ਪ੍ਰਕਾਸ਼ਨ ਸ਼ੁਰੂ ਕੀਤੇ ਗਏ। ਸਾਡੇ ਕੁੱਝ ਉਦਮੀ ਕਾਰੋਬਾਰੀਆਂ ਨੇ ਵੀ ਦੇਖਿਆ ਕਿ ਪ੍ਰਿੰਟਿੰਗ ਪ੍ਰੈਸ ਨੇ ਇੱਕ ਵੱਡੇ ਕਾਰੋਬਾਰ ਲਈ ਰਾਹ ਵੀ ਖੋਲ੍ਹਿਆ ਹੈ, ਇਸ ਕਰਕੇ ਕੁੱਝ ਕਾਰੋਬਾਰੀ ਲੋਕ ਵੀ ਅੱਗੇ ਆਏ। ਇਸ ਸਮੁਚੀ ਮੁਕਾਬਲੇ ਦੀ ਗਤੀਵਿਧੀ ਨੇ ਸਮੁਚੇ ਸਮਾਜ ਦੇ ਰਾਜਨੀਤਕ, ਸਮਾਜਕ, ਸਭਿਆਚਾਰਕ ਵਾਤਾਵਰਣ ਨੂੰ ਬਦਲ ਦਿੱਤਾ। ਇਸ ਦੌਰ ਵਿੱਚ ਚੱਲੀਆਂ ਵੱਖ ਵੱਖ ਧਾਰਮਿਕ, ਸਭਿਆਚਾਰਕ, ਰਾਜਨੀਤਕ, ਸਮਾਜਕ ਲਹਿਰਾਂ ਦੇ ਮੁਢ ਵਿੱਚ ਪ੍ਰਿੰਟਿੰਗ ਪ੍ਰੈਸ ਖਲੋਤੀ ਹੈ। ਅਸੀਂ ਦੇਖ ਸਕਦੇ ਹਾਂ ਕਿ ਕਿਵੇਂ ਪ੍ਰਿੰਟਿੰਗ ਪ੍ਰੈਸ ਇੱਕ ਵੱਡੀ ਸਮਾਜਕ ਤੇ ਰਾਜਨੀਤਕ ਤਾਕਤ ਬਣ ਗਈ।

**? ਕੀ ਸਾਡੇ ਇਥੇ ਪ੍ਰਕਾਸ਼ਨ ਦਾ ਮੁਢਲਾ ਕੰਮ ਸਿਰਫ ਧਾਰਮਿਕ ਮਿਸ਼ਨਾਂ ਦੁਆਰਾ ਹੀ ਸ਼ੁਰੂ ਕੀਤਾ ਗਿਆ ?**

– ਮੁਢ ਵਿੱਚ ਜੋ ਵੀ ਲੋਕ ਇਸ ਪਾਸੇ ਆਏ, ਉਨ੍ਹਾਂ ਵਿੱਚ ਵੱਖ ਵੱਖ ਤਰਾਂ ਦਾ ਐਕਟਿਵਿਸਟ ਤੇ ਲੇਖਕ ਸ਼ਾਮਲ ਹਨ। ਐਕਟਿਵਿਸਟ ਵਿੱਚ ਧਾਰਮਿਕ, ਰਾਜਨੀਤਕ ਤੇ ਸਮਾਜਕ ਮਿਸ਼ਨਾਂ ਨਾਲ ਜੁੜੇ ਲੋਕ ਹਨ। ਇਹ ਲੋਕ ਚਾਹੇ ਈਸਾਈ ਮਿਸ਼ਨਰੀ ਸਨ, ਚਾਹੇ ਸਿੱਖ ਜਾਗਰਤੀ ਲਹਿਰ ਵਾਲੇ ਸਨ,



ਚਾਹੇ ਹਿੰਦੂ ਜਾਂ ਮੁਸਲਮ ਜਾਗਰਤੀ ਲਹਿਰਾਂ ਵਾਲੇ ਸਨ ਅਤੇ ਚਾਹੇ ਅਜ਼ਾਦੀ ਸੰਗਰਾਮ ਨਾਲ ਜੁੜੇ ਰਾਜਨੀਤਕ ਲੋਕ ਸਨ। ਇਸ ਤੋਂ ਇਲਾਵਾ ਸ਼ੁਰੂ ਦੇ ਦੌਰ ਵਿੱਚ ਸਾਡੇ ਕੁੱਝ ਲੇਖਕਾਂ ਨੇ ਵੀ ਪ੍ਰਿੰਟਿੰਗ ਤੇ ਪ੍ਰਕਾਸ਼ਨ ਦਾ ਕੰਮ ਕੀਤਾ। ਇਨ੍ਹਾਂ ਲੋਕਾਂ ਨੇ ਕਿਤਾਬਾਂ ਵੀ ਛਾਪੀਆਂ। ਮੈਗਜ਼ੀਨ ਅਤੇ ਅਖਬਾਰ ਵੀ ਸ਼ੁਰੂ ਕੀਤੇ। ਧਾਰਮਿਕ ਖੇਤਰਾਂ ਵਿੱਚ ਪ੍ਰਿੰਟਿੰਗ ਪ੍ਰੈਸ ਪ੍ਰਤੀ ਸ਼ੁਰੂ ਸ਼ੁਰੂ ਵਿੱਚ ਵਿਰੋਧ ਵੀ ਹੈ। ਮਿਸਾਲ ਦੇ ਤੌਰ ਤੇ ਜਿਹੜੇ ਧਾਰਮਿਕ ਗ੍ਰੰਥ ਪਹਿਲਾਂ ਹੱਥਲਿਖਤ ਖਰੜਿਆਂ ਦੇ ਰੂਪ ਵਿੱਚ ਤਿਆਰ ਕੀਤੇ ਜਾਂਦੇ ਸਨ, ਉਨ੍ਹਾਂ ਨੂੰ ਲੈ ਕੇ ਮਰਿਆਦਾ ਦਾ ਸੁਆਲ ਉਠਿਆ ਕਿ ਪ੍ਰੈਸ ਵਿੱਚ ਛਾਪਣ ਵੇਲੇ ਇਨ੍ਹਾਂ ਦੀ ਬੇਅਦਬੀ ਹੋਵੇਗੀ। ਇਸ ਕਰਕੇ ਸਾਡੇ ਧਾਰਮਿਕ ਸੰਗਠਨ ਪਹਿਲਾਂ ਆਪਣੇ ਆਪ ਨੂੰ ਈਸਾਈ ਮਿਸ਼ਨਰੀਆਂ ਦੁਆਰਾ ਵਰਤੀ ਜਾ ਰਹੀ ਪ੍ਰੈਸ ਦੀ ਤਾਕਤ ਦਾ ਟਾਕਰਾ ਕਰਨ ਵਿੱਚ ਬੇਬਸੀ ਮਹਿਸੂਸ ਕਰ ਰਹੇ ਸਨ ਅਤੇ ਇਸ ਕਰਕੇ ਉਨ੍ਹਾਂ ਇਸ ਬਾਰੇ ਕਈ ਤਰਾਂ ਦੀਆਂ ਗੱਲਾਂ ਫੈਲਾਈਆਂ। ਕੋਈ ਕਹਿੰਦਾ ਕਿ ਸਿਆਹੀ ਵਿੱਚ ਚਰਬੀ ਮਿਲੀ ਹੈ। ਇਸ ਤਰਾਂ ਕਈ ਤਰਾਂ ਦੀਆਂ ਗੱਲਾਂ ਉਡਦੀਆਂ ਹਨ। ਪਰ ਸਾਡੇ ਕੁੱਝ ਉਦਮੀ ਧਾਰਮਿਕ ਕਿਤਾਬਾਂ ਛਾਪਣ ਦਾ ਹੌਸਲਾ ਕਰ ਲੈਂਦੇ ਹਨ। ਧਾਰਮਿਕ ਮਰਿਆਦਾ ਦੇ ਸੁਆਲ ਨੂੰ ਮੁਖਾਤਬ ਹੋਣ ਲਈ ਵੀ ਉਨ੍ਹਾਂ ਕਈ ਤਰਾਂ ਦੇ ਰਸਤੇ ਕੱਢੇ। ਕਲਕੱਤੇ ਦੀ ਇੱਕ ਪ੍ਰੈਸ ਨੇ ਇਹ ਐਲਾਨ ਕੀਤਾ ਕਿ ਉਨ੍ਹਾਂ ਕੋਲ ਜੋ ਵੀ ਵਰਕਰ ਕੰਮ ਕਰ ਰਿਹਾ ਹੈ, ਉਹ ਸਾਰੇ ਪੰਡਿਤ ਹਨ। ਉਨ੍ਹਾਂ ਦੁਆਰਾ ਸਿਆਹੀ ਵਿੱਚ ਗੰਗਾਜਲ ਪਾਇਆ ਜਾਂਦਾ ਹੈ ਅਤੇ ਕਾਗਜ਼ ਤੇ ਗੰਗਾਜਲ ਦਾ ਛਿੜਕਾਅ ਕੀਤਾ ਜਾਂਦਾ ਹੈ। ਪੰਜਾਬ ਵਿੱਚ ਪਹਿਲੀ ਪ੍ਰਾਈਵੇਟ ਪ੍ਰੈਸ 1850 ਤੋਂ ਬਾਅਦ ਲਹੌਰ ਵਿੱਚ ਲਗਦੀ ਹੈ। ਕੁੱਝ ਥਾਵਾਂ ਤੇ ਕੋਰਟ ਪ੍ਰੈਸਾਂ ਲੱਗਦੀਆਂ ਹਨ ਤੇ ਕੁੱਝ ਸਰਕਾਰੀ ਪ੍ਰੈਸਾਂ ਵੀ ਲਗਦੀਆਂ ਹਨ। ਪ੍ਰਾਈਵੇਟ ਪ੍ਰੈਸ ਵਿੱਚ ਸਭ ਤੋਂ ਪਹਿਲਾਂ ਕਿੱਸਾ ਛਪਦਾ ਹੈ। ਇਸ ਤੋਂ ਇਲਾਵਾ ਜੋਤਿਸ਼, ਵੈਦਿਕ ਸਾਹਿਤ, ਰਸਮਾਂ ਗੀਤਾਂ ਨਾਲ ਸਬੰਧਤ ਸਾਹਿਤ ਤੇ ਭਾਸ਼ਾ ਪ੍ਰਾਈਮਰ ਛਪਦੇ ਹਨ। ਪੰਜਾਬ ਦੀ ਪ੍ਰਾਈਵੇਟ ਪ੍ਰੈਸ ਸ਼ੁਰੂ ਵਿੱਚ ਇਹ ਸਾਰਾ ਸਾਹਿਤ ਉਰਦੂ, ਹਿੰਦੀ ਅਤੇ ਪੰਜਾਬੀ ਤਿੰਨੇ ਭਾਸ਼ਾਵਾਂ ਵਿੱਚ ਛਾਪਦੀ ਹੈ। ਇਸ ਦੌਰ ਵਿੱਚ ਵੱਡੀ ਭਾਸ਼ਾ ਉਰਦੂ ਹੀ ਰਹਿੰਦੀ ਹੈ। ਆਧੁਨਿਕ ਪੰਜਾਬੀ ਅਜੇ ਵਿਕਾਸ ਦੀ ਮੁਢਲੀ ਸਟੇਜ ਤੇ ਹੈ। ਰਣਜੀਤ ਸਿੰਘ ਦੇ ਰਾਜ ਦੌਰਾਨ ਪੰਜਾਬੀ ਦੇ ਵਿਕਾਸ ਲਈ ਕੁੱਝ ਨਹੀਂ ਕੀਤਾ ਗਿਆ। ਪੂਰੇ ਰਣਜੀਤ ਕਾਲ ਦੌਰਾਨ ਪੰਜਾਬੀ ਵਿੱਚ ਸਿਰਫ ਇੱਕ ਕਿਤਾਬ ਪੰਜਾਬੀ ਵਿੱਚ ਟਰਾਂਸਲੇਟ ਕੀਤੀ ਗਈ।

ਜੋ ਨਵਾਂ ਰੁਝਾਨ ਇਸ ਦੌਰਾਨ ਭਾਰਤੀ ਭਾਸ਼ਾਵਾਂ ਵਿੱਚ ਉਭਰਕੇ ਆਇਆ, ਉਸ ਦੀ ਨੁਮਾਇੰਦਗੀ ਭਾਰਤੇਂਦੂ ਹਰੀਸ਼ਚੰਦਰ ਕਰਦੇ ਹਨ। ਉਨ੍ਹਾਂ 1835 ਦੇ ਨੇੜੇ ਤੇੜੇ ਬਨਾਰਸ ਤੋਂ ਹਿੰਦੀ ਪ੍ਰਕਾਸ਼ਨ ਦਾ ਕੰਮ ਕੀਤਾ। ਉਹ ਲੇਖਕ ਤੇ ਸਮਾਜਕ ਕਾਰਜਕਰਤਾ ਸਨ। ਉਨ੍ਹਾਂ ਨੇ ਹਿੰਦੀ ਪ੍ਰਕਾਸ਼ਨ ਵਿੱਚ ਇੱਕ ਵੱਡੀ ਕ੍ਰਾਂਤੀ ਲੈ ਆਂਦੀ। ਆਧੁਨਿਕ ਹਿੰਦੀ ਦਾ ਮੂੰਹ ਮੱਥਾ ਬਣਾਉਣ ਵਿੱਚ ਭਾਰਤੇਂਦੂ ਦਾ ਬਹੁਤ ਵੱਡਾ ਯੋਗਦਾਨ ਹੈ। ਇਸੇ ਪੈਟਰਨ ਤੇ ਪੰਜਾਬ ਵਿੱਚ ਭਾਈ ਵੀਰ ਸਿੰਘ ਤੇ ਧਨੀ ਰਾਮ ਚਾਤ੍ਰਿਕ ਆਉਂਦੇ ਹਨ। ਭਾਈ ਵੀਰ ਸਿੰਘ ਲੇਖਕ ਵੀ ਸਨ ਅਤੇ ਉਨ੍ਹਾਂ ਖੁਦ ਆਪਣੀ ਪ੍ਰੈਸ ਲਾ ਕੇ ਪ੍ਰਕਾਸ਼ਨ ਦਾ ਕੰਮ ਸ਼ੁਰੂ ਕੀਤਾ। ਧਾਰਮਿਕ ਟ੍ਰੈਕਟ ਛਾਪਣੇ ਸ਼ੁਰੂ ਕੀਤੇ। 1899 ਵਿੱਚ ਖਾਲਸਾ ਸਮਾਚਾਰ ਅਖਬਾਰ ਸ਼ੁਰੂ ਕੀਤਾ। ਭਾਈ ਵੀਰ ਸਿੰਘ ਸਿੱਖ ਜਾਗਰਤੀ ਲਹਿਰ ਦੇ ਮੋਢੀਆਂ ਵਿੱਚੋਂ ਹਨ। ਉਹਨਾਂ ਸਿੱਖ ਚੇਤਨਾ ਦੇ ਅਧਾਰ ਤੇ ਆਪਣੀ ਸਰਗਰਮੀ ਕੀਤੀ। ਧਨੀ ਰਾਮ ਚਾਤ੍ਰਿਕ ਨਿਰੋਲ ਸੈਕੂਲਰ ਦ੍ਰਿਸ਼ਟੀ ਤੋਂ ਕੰਮ ਕਰ ਰਹੇ ਸਨ। ਉਹ ਵੀ ਲੇਖਕ ਸਨ ਅਤੇ ਉਨ੍ਹਾਂ ਵੀ ਆਪਣੀ ਪ੍ਰੈਸ ਲਾਈ। ਚਾਤ੍ਰਿਕ ਦੀ ਸੁਦਰਸ਼ਨ ਪ੍ਰੈਸ ਤੋਂ ਹੀ ਪਹਿਲੀ ਵਾਰ ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨਕੋਸ਼ ਛਾਪਿਆ ਗਿਆ। ਚਾਤ੍ਰਿਕ ਹੋਰਾਂ ਨੇ ਹੀ ਪੰਜਾਬੀ ਦਾ ਅੱਜ ਵਰਤਿਆ ਜਾਣ ਵਾਲਾ ਪਹਿਲਾਂ ਫੌਂਟ ਤਿਆਰ ਕਰਵਾਇਆ। ਇਸ ਤੋਂ ਬਾਅਦ ਹੀਰਾ ਸਿੰਘ ਦਰਦ ਆਉਂਦੇ ਹਨ, ਜਿਨ੍ਹਾਂ 1924 ਫੁਲਵਾੜੀ ਮੈਗਜ਼ੀਨ ਸ਼ੁਰੂ ਕੀਤਾ। ਇਸ ਤੋਂ ਬਾਅਦ ਆਏ ਕਈ ਵੱਡੇ ਲੇਖਕਾਂ ਨੇ ਆਪਣੀ ਪ੍ਰੈਸਾਂ ਲਾਈਆਂ ਤੇ ਪ੍ਰਕਾਸ਼ਨ ਦਾ ਕੰਮ ਸ਼ੁਰੂ ਕੀਤਾ। ਨਾਨਕ

ਸਿੰਘ ਨੇ ਲੋਕ ਸਾਹਿਤ ਮੈਗਜ਼ੀਨ ਅਤੇ ਪ੍ਰਕਾਸ਼ਨ ਸ਼ੁਰੂ ਕੀਤਾ। ਮੋਹਨ ਸਿੰਘ ਨੇ ਪੰਜ ਦਰਿਆ ਮੈਗਜ਼ੀਨ 1939 ਸ਼ੁਰੂ ਕੀਤਾ। ਜੀਵਨ ਸਿੰਘ ਨੇ ਸਾਹਿਤ ਸਮਾਚਾਰ ਸ਼ੁਰੂ ਕੀਤਾ।

ਪ੍ਰਿੰਟਿੰਗ ਟੈਕਨਾਲੋਜੀ ਨੇ ਕਿਵੇਂ ਵੱਡੇ ਸਮਾਜਕ, ਰਾਜਨੀਤਕ, ਆਰਥਿਕ ਅਸਰ ਪਾਏ, ਉਸ ਦੀ ਇੱਕ ਹੋਰ ਮਿਸਾਲ ਲਿਥੋ ਟੈਕਨਾਲੋਜੀ ਦੇ ਆਗਮਨ ਤੋਂ ਲਈ ਜਾ ਸਕਦੀ ਹੈ। ਪੰਜਾਬੀ ਵਿੱਚ ਹੋਰ ਸਾਹਿਤ ਭਾਵੇਂ ਪ੍ਰੈਸ ਤੇ ਛਪਣ ਲੱਗ ਪਿਆ ਸੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰੈਸ ਤੇ ਛਾਪਣ ਦੀ ਚੁਣੌਤੀ ਕਾਇਮ ਸੀ। ਲਿਥੋ ਤਕਨੀਕ ਦੇ ਆਉਣ ਨਾਲ ਇਸ ਲਈ ਰਾਹ ਪੱਧਰਾ ਹੁੰਦਾ ਹੈ। ਇਸ ਤਕਨੀਕ ਰਾਹੀਂ ਕਿਉਂਕਿ ਹੱਥਲਿਖਤ ਟੈਕਸਟ ਨੂੰ ਹੀ ਇੰਨਬਿੰਨ ਛਾਪਿਆ ਜਾ ਸਕਦਾ ਸੀ, ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗਲੀ ਰੂਪ ਨੂੰ ਉਸੇ ਰੂਪ ਵਿੱਚ ਛਾਪਣ ਲਈ ਰਾਹ ਤਿਆਰ ਹੋ ਗਿਆ। 1860 ਦੇ ਨੇੜੇ ਤੇੜੇ ਲਹੌਰ ਵਿੱਚ ਸੁਖ ਦਿਆਲ ਨੇ ਕੋਹੇਨੂਰ ਜੰਤਰਾਲਿਆ ਸ਼ੁਰੂ ਕੀਤਾ। ਉਹ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਾਪਣ ਲਈ ਆਗਿਆ ਲੈਣ ਵਾਸਤੇ ਸ੍ਰੀ ਅਕਾਲ ਤਖਤ ਦੇ ਹਾਜ਼ਰ ਹੋ ਗਿਆ। ਉਸ ਨੇ ਜਥੇਦਾਰਾਂ ਅੱਗੇ ਬੇਨਤੀ ਕੀਤੀ ਕਿ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਾਪਣੀ ਚਾਹੁੰਦਾ ਹਾਂ। ਜਥੇਦਾਰਾਂ ਨੇ ਉਸ ਦੀ ਗੱਲ ਸੁਣਨ ਤੋਂ ਬਾਅਦ ਬੀੜ ਛਾਪਣ ਦੀ ਆਗਿਆ ਦੇ ਦਿੱਤੀ। ਪਰ ਇਸ ਨਾਲ ਉਸ ਦਾ ਮਸਲਾ ਹੱਲ ਨਹੀਂ ਸੀ ਹੋਇਆ। ਉਸ ਵੇਲੇ ਹਥ ਲਿਖਤ ਉਤਾਰਿਆਂ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਚਾਰ ਪੰਜ ਰੂਪ ਪ੍ਰਚਲਿਤ ਸਨ, ਜਿਨ੍ਹਾਂ ਵਿੱਚ ਥੋੜ੍ਹੇ ਬਹੁਤ ਫਰਕ ਸਨ। ਗਿਆਨੀ ਗੁਰਦਿੱਤ ਸਿੰਘ ਨੇ ਇਸ ਮੌਕੇ ਦੀ ਜੋ ਕਹਾਣੀ ਬਿਆਨ ਕੀਤੀ ਹੈ, ਉਸ ਮੁਤਾਬਕ ਜਥੇਦਾਰਾਂ ਨੇ ਵੱਖ ਵੱਖ ਬੀੜਾਂ ਦੇ ਨਾਂ ਦੀਆਂ ਪਰਚੀਆਂ ਲਿਖਕੇ ਸਰੋਵਰ ਵਿੱਚ ਪਾ ਦਿੱਤੀਆਂ। ਥੋੜ੍ਹੀ ਦੇਰ ਬਾਅਦ ਕਰਤਾਰਪੁਰੀ ਬੀੜ ਵਾਲੀ ਪਰਚੀ ਉੱਤੇ ਤੈਰ ਗਈ ਅਤੇ ਫੈਸਲਾ ਹੋ ਗਿਆ ਕਿ ਕਰਤਾਰਪੁਰੀ ਬੀੜ ਹੀ ਛਾਪੀ ਜਾਵੇ। ਇਸ ਤਰਾਂ ਪਹਿਲੀ ਵਾਰ ਕਰਤਾਰਪੁਰੀ ਬੀੜ ਛਾਪੀ ਗਈ। ਬਾਅਦ ਵਿੱਚ ਦੂਸਰੇ ਪ੍ਰਕਾਸ਼ਕਾਂ ਨੇ ਦੂਸਰੀਆਂ ਬੀੜਾਂ ਵੀ ਛਾਪੀਆਂ, ਪਰ ਕਰਤਾਰਪੁਰੀ ਬੀੜ ਦੀ ਸੁਪਰਮੇਸੀ ਕਾਇਮ ਰਹੀ।

ਇਸ ਦੌਰ ਵਿੱਚ ਜੋ ਕੁੱਝ ਭਾਰਤੀ ਭਾਸ਼ਾਵਾਂ ਵਿੱਚ ਹੋ ਰਿਹਾ ਸੀ, ਉਹ ਇੱਕ ਦੂਸਰੇ ਨੂੰ ਪ੍ਰਭਾਵਤ ਕਰਦਾ ਸੀ। ਅੱਜ ਪੰਜਾਬੀ ਲੇਖਨ ਤੇ ਪ੍ਰਕਾਸ਼ਨ ਦੀ ਦੁਨੀਆ ਅਸੀਂ ਉਸ ਦੌਰ ਦੇ ਮੁਕਾਬਲੇ ਜ਼ਿਆਦਾ ਸੀਮਤ ਤੇ ਬੰਦ ਕਰ ਦਿੱਤੀ ਹੈ। ਨਿਰੋਲ ਪੰਜਾਬੀ ਮੀਡੀਅਮ ਕਾਰਨ ਅਸੀਂ ਪੰਜਾਬੀ ਦਾ ਇੱਕ ਟਾਪੂ ਸਿਰਜ ਲਿਆ ਹੈ। ਪਰ ਉਸ ਦੌਰ ਵਿੱਚ ਸਾਡਾ ਉਰਦੂ, ਹਿੰਦੀ ਤੇ ਦੂਸਰੀਆਂ ਭਾਰਤੀ ਭਾਸ਼ਾਵਾਂ ਨਾਲ ਸੰਵਾਦ ਜ਼ਿਆਦਾ ਸੀ। ਹਿੰਦੀ ਸਾਹਿਤ ਤੇ ਪ੍ਰਕਾਸ਼ਨ ਦੇ ਖੇਤਰ ਵਿੱਚ ਭਾਰਤੇਂਦੂ ਹਰੀਸ਼ਚੰਦਰ ਤੋਂ ਬਾਅਦ ਅਗਲੀ ਵੱਡੀ ਘਟਨਾ ਦੇਵਕੀਨੰਦਨ ਖੱਤਰੀ ਹੈ। ਉਹ ਚੁਨਾਰ ਦੇ ਖੇਤਰ ਵਿੱਚ ਸਰਕਾਰੀ ਠੇਕੇਦਾਰ ਸੀ। ਉਸ ਨੇ ਪ੍ਰਿੰਟਿੰਗ ਤੇ ਪ੍ਰਕਾਸ਼ਨ ਦੇ ਖੇਤਰ ਵਿੱਚ ਨਵੇਂ ਮੌਕਿਆਂ ਨੂੰ ਪਛਾਣਿਆ ਤੇ ਲਹਿਰੀ ਪ੍ਰੈਸ ਲਾਈ। ਉਸ ਨੇ ਆਪਣਾ ਮੈਗਜ਼ੀਨ ਸ਼ੁਰੂ ਕੀਤਾ ਤੇ ਇਸ ਮੈਗਜ਼ੀਨ ਵਿੱਚ ਹੀ ਪਹਿਲੀ ਵਾਰ ਲੜੀਵਾਰ ਦੇ ਤੌਰ ਤੇ ਚੰਦਰਕਾਂਤਾ ਨਾਵਲ ਸ਼ੁਰੂ ਕੀਤਾ ਗਿਆ ਸੀ। ਚੰਦਰਕਾਂਤਾ ਇੱਕ ਕ੍ਰਾਂਤੀ ਦੀ ਤਰਾਂ ਸਾਹਮਣੇ ਆਇਆ। ਇਸ ਨੇ ਹਿੰਦੀ ਪ੍ਰਕਾਸ਼ਨ ਦਾ ਮੂੰਹ ਮੱਥਾ ਬਦਲ ਦਿੱਤਾ। ਹਿੰਦੀ ਜ਼ੁਬਾਨ ਨੂੰ ਪੌਪੂਲਰ ਬਣਾਉਣ ਦੇ ਖੇਤਰ ਵਿੱਚ ਚੰਦਰਕਾਂਤਾ ਦਾ ਬਹੁਤ ਵੱਡਾ ਰੋਲ ਹੈ। ਉਸ ਨੇ ਹੀ ਬਾਅਦ ਵਿੱਚ ਭੂਤਨਾਥ ਨਾਵਲ ਲੜੀਵਾਰ ਛਾਪਿਆ। ਇਨ੍ਹਾਂ ਲੋਕਾਂ ਨਾਲ ਹੀ ਅਸਲ ਵਿਚ ਆਧੁਨਿਕ ਹਿੰਦੀ ਦਾ ਜਨਮ ਹੁੰਦਾ ਹੈ। ਇਸੇ ਤਰਾਂ ਉੜੀਆ ਜ਼ੁਬਾਨ ਵਿੱਚ ਇਸੇ ਤਰਾਂ ਦਾ ਰੋਲ ਫਕੀਰ ਮੋਹਨ ਸੈਨਾਪਤੀ ਦਾ ਹੈ। ਉਹ ਵੀ 1870 ਤੋਂ ਬਾਅਦ ਦੇ ਦੌਰ ਵਿੱਚ ਸਰਗਰਮ ਸੀ। ਉਹ ਕਵੀ , ਗੀਤਕਾਰ, ਥਿਏਟਰਕਾਰ, ਵਾਰਤਕ ਲੇਖਕ, ਪ੍ਰਿੰਟਰ ਤੇ ਪਬਲਿਸ਼ਰ ਸੀ। ਉਸ ਨੇ ਵੀ ਉੜੀਆ ਜ਼ੁਬਾਨ ਦਾ ਮੂੰਹ ਮੱਥਾ ਸੁਆਰਨ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ।



ਪੰਜਾਬੀ ਵਿੱਚ ਨਿਰੋਲ ਕਾਰੋਬਾਰੀ ਪ੍ਰਕਾਸ਼ਨ ਦੇ ਖੇਤਰ ਵਿੱਚ ਚਤਰ ਸਿੰਘ ਜੀਵਨ ਸਿੰਘ ਪਹਿਲਾ ਵੱਡਾ ਨਾਂ ਹੈ, ਜਿਹੜਾ ਅੱਜ ਤੱਕ ਚਲਿਆ ਆ ਰਿਹਾ ਹੈ। ਇਨ੍ਹਾਂ ਨੇ ਪੰਜਾਬ ਵਿੱਚ ਨਿਰੋਲ ਕਾਰੋਬਾਰੀ ਪ੍ਰਕਾਸ਼ਨ ਦਾ ਜੋ ਮਾਡਲ ਸ਼ੁਰੂ ਕੀਤਾ, ਉਸ ਵਿੱਚ ਗੁਟਕਾ, ਪੰਜ ਗ੍ਰੰਥੀ, ਬੀੜ, ਵੈਦਿਕ ਸਾਹਿਤ, ਜੰਤਰੀ, ਕਿੱਸਾ, ਤੰਤਰ ਸਾਹਿਤ, ਤਲਿਸਮ ਸਾਹਿਤ, ਟੋਟਕੇ, ਟੀਕੇ, ਵਿਆਖਿਆਨ, ਕਥਾ ਆਦਿ ਸ਼ਾਮਲ ਹਨ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਇਹ ਸਾਰਾ ਕੁੱਝ ਸਿਰਫ ਪੰਜਾਬੀ ਵਿੱਚ ਨਹੀਂ ਛਾਪਿਆ ਬਲਕਿ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਵੀ ਛਾਪਿਆ। ਇਹ ਲੋਕ ਸ਼ੁਰੂ ਵਿੱਚ ਬਾਬੂ ਸਿੰਘ ਮਾਨ ਦੇ ਗੀਤ ਵੀ ਦੇਵਨਾਗਰੀ ਵਿੱਚ ਛਾਪਦੇ ਰਹੇ ਹਨ। ਪੰਜਾਬੀ ਵਿੱਚ ਕਾਰੋਬਾਰੀ ਪ੍ਰਕਾਸ਼ਨ ਦੇ ਪਹਿਲੇ ਕਾਮਯਾਬ ਮਾਡਲ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦੀ ਦੇਣ ਹਨ।

**? ਪੰਜਾਬੀ ਸਾਹਿਤ ਦੇ ਆਧੁਨਿਕ ਰੂਪ ਨਾਵਲ, ਕਹਾਣੀ, ਕਵਿਤਾ ਆਦਿ ਕਿਵੇਂ ਸ਼ਕਲ ਅਖਤਿਆਰ ਕਰਦੇ ਹਨ ?**

– ਇਸ ਗੱਲ ਵਾਸਤੇ ਅਸੀਂ ਫੇਰ ਈਸਾਈ ਮਿਸ਼ਨਰੀਆਂ ਵੱਲ ਪਰਤਾਂਗੇ। ਪੰਜਾਬ ਕੋਲ ਸਾਹਿਤ ਦਾ ਇੱਕੋ ਇੱਕ ਪਰੰਪਰਿਕ ਰੂਪ ਕਿੱਸੇ ਸਨ। ਸਾਡੀ ਪਰੰਪਰਾ ਮੁਤਾਬਕ ਸਾਹਿਤ ਵੀ ਤੁਕਬੰਦੀ ਵਾਲੀ ਕਵਿਤਾ ਵਿੱਚ ਲਿਖਿਆ ਜਾਂਦਾ ਸੀ। ਗੁਰੂਆਂ ਤੋਂ ਬਾਅਦ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਆਦਿ ਜਿਨ੍ਹਾਂ ਲੋਕਾਂ ਨੇ ਸਿੱਖ ਸਾਹਿਤ ਲਿਖਿਆ, ਉਹ ਇਸ ਤੁਕਬੰਦੀ ਵਾਲੀ ਕਵਿਤਾ ਵਿੱਚ ਹੀ ਲਿਖਿਆ। ਬਾਅਦ ਵਿੱਚ ਕਿੱਸੇ ਸਾਡਾ ਇੱਕੋ ਇੱਕ ਮਾਧਿਅਮ ਸੀ। ਕਿੱਸਿਆਂ ਵਿੱਚ ਹੀ ਇਤਿਹਾਸ, ਮਿਥਿਆਸ, ਰੋਮਾਂਸ ਅਤੇ ਆਮ ਮਨੋਰੰਜਨ ਦਾ ਸਾਹਿਤ ਲਿਖਿਆ ਜਾਂਦਾ ਸੀ। ਇਸ ਸਮੁਚੀ ਪਰੰਪਰਾ ਨੂੰ ਨਵਾਂ ਮੋੜ ਈਸਾਈ ਮਿਸ਼ਨਰੀਆਂ ਨੇ ਦਿੱਤਾ। ਉਨ੍ਹਾਂ ਪਹਿਲੀ ਵਾਰ ਪੰਜਾਬੀ ਵਿੱਚ ਵਾਰਤਕ ਲਿਖਣੀ ਸ਼ੁਰੂ ਕੀਤੀ। ਮਿਸ਼ਨਰੀਆਂ ਦੇ ਟ੍ਰੈਕਟਾਂ ਦੇ ਰੂਪ ਵਿੱਚ ਪਹਿਲੀ ਵਾਰ ਆਧੁਨਿਕ ਤਰਜ਼ ਦੀ ਪੰਜਾਬੀ ਵਾਰਤਕ ਸਾਹਮਣੇ ਆਉਂਦੀ ਹੈ। ਇਸ ਤੋਂ ਪਹਿਲਾਂ ਸਾਡੇ ਕੋਲ ਜੋ ਵਾਰਤਕ ਹੈ, ਉਹ ਜਨਮ ਸਾਖੀਆਂ ਵਾਲੀ ਹੀ ਹੈ। ਬਾਅਦ ਵਿੱਚ ਜਾਕੇ ਪੰਡਿਤ ਸ਼ਰਧਾ ਰਾਮ ਫਿਲੌਰੀ ਪੰਜਾਬੀ ਦੇ ਪਹਿਲੇ ਆਧੁਨਿਕ ਵਾਰਤਕਾਰ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਪੰਜਾਬੀ ਦੇ ਪਹਿਲੇ ਨਾਵਲ ਵੀ ਮਿਸ਼ਨਰੀਆਂ ਨੇ ਛਾਪੇ। ਉਸ ਦੌਰ ਦਾ ਇੱਕ ਨਾਵਲ ਜਿਉਤਰ ਉਦੈ ਮਿਲਦਾ ਹੈ। ਇਸੇ ਤਰਾਂ ਜੌਹਨ ਬਨਿਆਨ ਦੇ ਨਾਵਲ ਪਿਲਗਰਮਜ਼ ਪ੍ਰਾਗਰੈਸ ਦਾ ਪੰਜਾਬੀ ਅਨੁਵਾਦ ਈਸਾਈ ਮਿਸ਼ਨਰੀਆਂ ਨੇ ਛਾਪਿਆ। ਭਾਈ ਵੀਰ ਸਿੰਘ ਦੇ ਸੁੰਦਰੀ ਤੋਂ ਪਹਿਲਾਂ ਛਪੇ ਹੋਏ ਇਹ ਦੋ ਨਾਵਲ ਸਾਨੂੰ ਮਿਲਦੇ ਹਨ। ਜ਼ਿਆਦਾ ਹੈਰਾਨੀ ਦੀ ਗੱਲ ਇਹ ਹੈ ਕਿ ਪਹਿਲੀ ਪੰਜਾਬੀ ਡਿਕਸ਼ਨਰੀ ਵੀ ਇਸਾਈ ਮਿਸ਼ਨਰੀ ਜੌਹਨ ਨਿਊਟਨ ਦੇ ਉਦਮ ਸਦਕਾ ਛਪੀ ਸੀ। ਪੰਜਾਬੀ ਗਰਾਮਰ ਵੀ ਉਨ੍ਹਾਂ ਛਾਪੀ। ਆਧੁਨਿਕ ਪੰਜਾਬੀ ਦਾ ਮੂੰਹ ਮੱਥਾ ਬਣਾਉਣ ਵਿੱਚ ਈਸਾਈ ਮਿਸ਼ਨਰੀਆਂ ਦਾ ਮੋਢੀ ਰੋਲ ਹੈ। ਪਰ ਅਸੀਂ ਆਪਣੇ ਨਸਲੀ ਅਤੇ ਰਾਜਨੀਤਕ ਪੱਖਪਾਤ ਕਾਰਨ ਉਨ੍ਹਾਂ ਦੀ ਦੇਣ ਨੂੰ ਆਪਣੀ ਸਾਹਿਤ ਦੀ ਇਤਿਹਾਸਕਾਰੀ ਵਿੱਚ ਪੂਰੀ ਮਾਨਤਾ ਨਹੀਂ ਦਿੱਤੀ। ਸਿਰਫ ਇੱਕ ਦੋ ਸਤਰਾਂ ਨਾਲ ਉਨ੍ਹਾਂ ਦਾ ਯੋਗਦਾਨ ਮੁਕਾ ਦਿੱਤਾ ਜਾਂਦਾ ਹੈ। ਜਦ ਕਿ ਅਸਲਤੀਅਤ ਹੈ ਕਿ ਆਧੁਨਿਕ ਪੰਜਾਬੀ ਦਾ ਮੂੰਹ ਮੱਥਾ ਸਵਾਰਨ ਅਤੇ ਆਧੁਨਿਕ ਪੰਜਾਬੀ ਸਾਹਿਤ ਦੇ ਸਾਰੇ ਰੂਪਾਂ ਦੀ ਸ਼ੁਰੂਆਤ ਕਰਨ ਦਾ ਸਿਹਰਾ ਪ੍ਰਤੱਖ ਰੂਪ ਵਿੱਚ ਈਸਾਈ ਮਿਸ਼ਨਰੀਆਂ ਨੂੰ ਜਾਂਦਾ ਹੈ। ਉਨ੍ਹਾਂ ਦੇ ਪ੍ਰਤੀਕਰਮ ਵਿੱਚ ਅਤੇ ਉਨ੍ਹਾਂ ਦਾ ਟਾਕਰਾ ਕਰਨ ਲਈ ਭਾਈ ਵੀਰ ਸਿੰਘ ਵਰਗੇ ਲੋਕਾਂ ਨੇ ਇੱਕ ਬਹੁਤ ਵੱਡੀ ਮੁਹਿੰਮ ਸ਼ੁਰੂ ਕੀਤੀ, ਜਿਸ ਸਦਕਾ ਉਹ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਅਖਵਾਏ। ਪਰ ਇਹ ਇਤਿਹਾਸਕ ਤੱਥ ਹੈ ਕਿ ਆਧੁਨਿਕ ਪੰਜਾਬੀ ਦੇ ਅਸਲ ਮੋਢੀ ਈਸਾਈ ਮਿਸ਼ਨਰੀ ਹਨ।

**? ਈਸਾਈ ਮਿਸ਼ਨਰੀਆਂ ਦਾ ਇਹ ਰੋਲ ਸਾਡੀ ਸਾਹਿਤ ਜਾਂ ਭਾਸ਼ਾ ਦੀ ਇਤਿਹਾਸਕਾਰੀ ਵਿੱਚ**

**ਦੋ ਚਾਰ ਸਤਰਾਂ ਵਿੱਚ ਸਮੇਟ ਦਿੱਤਾ ਜਾਂਦਾ ਹੈ। ਮੈਂ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਈਸਾਈ ਮਿਸ਼ਨਰੀਆਂ ਦੇ ਯੋਗਦਾਨ ਬਾਰੇ ਜਾਣਕਾਰੀ ਲੱਭਣ ਦੀ ਕੋਸ਼ਿਸ਼ ਕੀਤੀ , ਪਰ ਹਰ ਜਗ੍ਹਾ ਇਸ ਬਾਰੇ ਕੁੱਝ ਸਤਰਾਂ ਤੋਂ ਜ਼ਿਆਦਾ ਕੁੱਝ ਨਹੀਂ ਮਿਲਦਾ।**

– ਇਹ ਸਾਡੀ ਅਜ਼ਾਦੀ ਸੰਗਰਾਮ ਦੀ ਲਹਿਰ ਕਾਰਨ ਈਸਾਈ ਮਿਸ਼ਨਰੀਆਂ ਪ੍ਰਤੀ ਪੈਦਾ ਹੋਏ ਪੱਖਪਾਤ ਦਾ ਸਿੱਟਾ ਹੈ। ਅਜ਼ਾਦੀ ਸੰਗਰਾਮੀ ਲਹਿਰ ਨਾਲ ਜੁੜੇ ਲੋਕ ਇਹ ਸਮਝਦੇ ਸਨ ਕਿ ਈਸਾਈ ਮਿਸ਼ਨਰੀ ਬ੍ਰਿਟਿਸ਼ ਰਾਜ ਦੇ ਹਿੱਤਾਂ ਦੀ ਪੂਰਤੀ ਲਈ ਕੰਮ ਕਰ ਰਹੇ ਹਨ, ਇਸ ਕਰਕੇ ਉਨ੍ਹਾਂ ਪ੍ਰਤੀ ਇਸ ਤਰਾਂ ਦੇ ਪੱਖਪਾਤ ਦੀ ਭਾਵਨਾ ਪੈਦਾ ਹੋਣੀ ਕੁਦਰਤੀ ਸੀ। ਰਾਜਨੀਤਕ ਜਾਂ ਵਿਚਾਰਧਾਰਕ ਤੌਰ ਤੇ ਇਹ ਗੱਲ ਸਹੀ ਹੋ ਸਕਦੀ ਹੈ, ਪਰ ਇਤਿਹਾਸਕ ਤੱਥ ਦੇ ਤੌਰ ਤੇ ਇਸ ਗੱਲ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਨਾ ਸਿਰਫ ਪੰਜਾਬੀ ਬਲਕਿ ਸਾਰੀਆਂ ਭਾਰਤੀ ਖੇਤਰੀ ਭਾਸ਼ਾਵਾਂ ਦਾ ਆਧੁਨਿਕ ਮੂੰਹ ਮੱਥਾ ਬਣਾਉਣ ਵਿੱਚ ਈਸਾਈ ਮਿਸ਼ਨਰੀਆਂ ਦਾ ਮੋਹਰੀ ਤੇ ਇਤਿਹਾਸਕ ਰੋਲ ਹੈ। ਸਾਡੀਆਂ ਸਾਰੀਆਂ ਭਾਸ਼ਾਵਾਂ ਦੇ ਪ੍ਰਾਈਮਰ, ਡਿਕਸ਼ਨਰੀਆਂ, ਗਰਾਮਰਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਬਣਾਈਆਂ। ਸਾਡੇ ਕੋਲ ਸੰਸਕ੍ਰਿਤ ਦੀ ਗਰਾਮਰ ਤਾਂ ਸ਼ਾਇਦ ਦੁਨੀਆ ਵਿੱਚ ਸਭ ਤੋਂ ਪਹਿਲਾਂ ਹੋਵੇਗੀ, ਪਰ ਖੇਤਰੀ ਭਾਸ਼ਾਵਾਂ ਦਾ ਕੁੱਝ ਵੀ ਨਹੀਂ ਸੀ। ਈਸਾਈ ਮਿਸ਼ਨਰੀ ਜਦ ਇੱਥੇ ਆਏ ਤਾਂ ਉਨ੍ਹਾਂ ਦੇ ਸਾਹਮਣੇ ਇੱਕ ਮਿਸ਼ਨ ਸੀ। ਉਹ ਮਿਸ਼ਨ ਈਸਾਈਅਤ ਦੇ ਪ੍ਰਚਾਰ ਦਾ ਸੀ। ਇਸ ਵਾਸਤੇ ਉਹ ਭਾਰਤ ਦੇ ਵੱਖ ਵੱਖ ਖੇਤਰਾਂ ਵਿੱਚ ਆਮ ਲੋਕਾਂ ਤੱਕ ਪਹੁੰਚਣਾ ਚਾਹੁੰਦੇ ਸਨ। ਇਸ ਵਾਸਤੇ ਉਹ ਸੰਸਕ੍ਰਿਤ ਜਾਂ ਉਰਦੂ ਨਾਲ ਨਹੀਂ ਸਨ ਪਹੁੰਚ ਸਕਦੇ। ਇਸ ਕਰਕੇ ਉਨ੍ਹਾਂ ਇਸ ਚੀਜ਼ ਨੂੰ ਮਹਿਸੂਸ ਕੀਤਾ ਕਿ ਜੇ ਸਧਾਰਨ ਲੋਕਾਂ ਤੱਕ ਪਹੁੰਚ ਕਰਨੀ ਹੈ ਤਾਂ ਭਾਰਤ ਦੇ ਲੋਕਾਂ ਦੀਆਂ ਸਥਾਨਕ ਭਾਸ਼ਾਵਾਂ ਵਿੱਚ ਗੱਲ ਕੀਤੀ ਜਾਵੇ। ਇਸ ਮਕਸਦ ਲਈ ਉਨ੍ਹਾਂ ਦੀ ਸਭ ਤੋਂ ਪਹਿਲੀ ਜ਼ਰੂਰਤ ਸੀ ਕਿ ਉਹ ਖੁਦ ਵੀ ਇਨ੍ਹਾਂ ਭਾਸ਼ਾਵਾਂ ਨੂੰ ਚੰਗੀ ਤਰਾਂ ਵਿਗਿਆਨਕ ਤਰੀਕੇ ਨਾਲ ਸਿੱਖ ਸਕਦੇ। ਇਸ ਵਾਸਤੇ ਉਨ੍ਹਾਂ ਇਨ੍ਹਾਂ ਭਾਸ਼ਾਵਾਂ ਦੇ ਪ੍ਰਾਈਮਰ ਬਣਾਉਣੇ ਸ਼ੁਰੂ ਕੀਤੇ, ਡਿਕਸ਼ਨਰੀਆਂ ਬਣਾਈਆਂ ਤੇ ਗਰਾਮਰਾਂ ਤਿਆਰ ਕਰਵਾਈਆਂ। ਇਸ ਤੋਂ ਵੀ ਕਮਾਲ ਦੀ ਗੱਲ ਇਹ ਹੈ ਕਿ ਉਨ੍ਹਾਂ ਸਾਡੇ ਪੁਰਾਤਨ ਸਾਹਿਤ ਦੀਆਂ ਬਹੁਤ ਸਾਰੀਆਂ ਸ਼ਾਹਕਾਰ ਰਚਨਾਵਾਂ ਸੰਸਕ੍ਰਿਤ ਵਿੱਚੋਂ ਅਨੁਵਾਦ ਕਰਵਾਕੇ ਲੋਕਲ ਭਾਸ਼ਾਵਾਂ ਵਿੱਚ ਛਾਪੀਆਂ। ਮਿਸਾਲ ਦੇ ਤੌਰ ਤੇ ਹਿਤੋਪਦੇਸ਼, ਜਾਤਕ ਕਥਾਵਾਂ, ਵਿਕਰਮ ਬੇਤਾਲ, ਗੁਲ ਬੁਕਾਬਲੀ ਆਦਿ ਅੱਜਕੱਲ੍ਹ ਦੀਆਂ ਪੌਪੂਲਰ ਰਚਨਾਵਾਂ ਸਭ ਤੋਂ ਪਹਿਲਾਂ ਇਸਾਈ ਮਿਸ਼ਨਰੀਆਂ ਦੁਆਰਾ ਹੀ ਸਥਾਨਕ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਈਆਂ ਗਈਆਂ ਸਨ। ਇਸੇ ਤਰਾਂ ਅਰਬੀ/ਫਾਰਸੀ ਮੂਲ ਵਾਲੀਆਂ ਬਹੁਤ ਸਾਰੀਆਂ ਰਚਨਾਵਾਂ ਜਿਨ੍ਹਾਂ ਵਿੱਚ ਅਰੇਬੀਅਨ ਨਾਈਟਸ ਵਗੈਰਾ ਸ਼ਾਮਲ ਹਨ, ਪਹਿਲੀ ਵਾਰ ਇਸਾਈ ਮਿਸ਼ਨਰੀਆਂ ਰਾਹੀਂ ਹੀ ਸਥਾਨਕ ਭਾਸ਼ਾਵਾਂ ਵਿੱਚ ਸਾਹਮਣੇ ਆਈਆਂ।

**? ਪੰਜਾਬ ਵਿੱਚ ਇਸਾਈ ਮਿਸ਼ਨਰੀਆਂ ਦੀਆਂ ਇਨ੍ਹਾਂ ਗਤੀਵਿਧੀਆਂ ਤੋਂ ਚੁਣੌਤੀ ਜਾਂ ਪ੍ਰੇਰਨਾ ਲੈ ਕੇ ਹੀ ਪੰਜਾਬੀ ਭਾਸ਼ਾ ਵਿੱਚ ਗਤੀਵਿਧੀਆਂ ਅਰੰਭ ਹੋਈਆਂ ?**

– ਇਸ ਸਥਿਤੀ ਨੂੰ ਚੰਗੀ ਤਰਾਂ ਸਮਝਣ ਲਈ ਸਾਨੂੰ ਉਸ ਵੇਲੇ ਦੇ ਪੰਜਾਬ ਦੀ ਵਾਸਤਵਿਕ ਹਾਲਤ ਸਮਝਣੀ ਚਾਹੀਦੀ ਹੈ। ਅੱਜ ਦੀ ਪੀੜ੍ਹੀ ਨੂੰ ਉਸ ਵੇਲੇ ਜੋ ਅਸਲ ਹਾਲਾਤ ਸਨ, ਉਨ੍ਹਾਂ ਦਾ ਪੂਰਾ ਅਨੁਮਾਨ ਨਹੀਂ ਹੈ। ਉਸ ਵੇਲੇ ਪੰਜਾਬ ਦੀ ਮੁਖ ਭਾਸ਼ਾ ਪੰਜਾਬੀ ਜਾਂ ਹਿੰਦੀ ਨਹੀਂ ਸੀ ਬਲਕਿ ਉਰਦੂ ਸੀ। ਉਰਦੂ ਹੀ ਸਰਕਾਰੀ ਕਾਰਜਾਂ ਵਿੱਚ ਵਰਤੀ ਜਾਂਦੀ ਸੀ। ਉਰਦੂ ਹੀ ਪੜ੍ਹਾਈ ਦਾ ਮਾਧਿਅਮ ਸੀ। ਉਰਦੂ ਹੀ ਸਾਹਿਤ ਤੇ ਮੀਡੀਆ ਦੀ ਭਾਸ਼ਾ ਸੀ। ਪੰਜਾਬ ਉਸ ਵੇਲੇ ਬੁਨਿਆਦੀ ਤੌਰ ਤੇ ਉਰਦੂ ਭਾਸ਼ਾ ਵਾਲਾ ਸੂਬਾ ਸੀ। ਪੰਜਾਬੀ ਸਿਰਫ ਆਮ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਸੀ। ਸਰਕਾਰੀ ਦਫਤਰਾਂ, ਮੀਡੀਆ, ਸਾਹਿਤ ਜਾਂ ਸਿੱਖਿਆ ਸੰਸਥਾਨਾਂ ਵਿੱਚ ਪੰਜਾਬੀ ਦਾ ਕੋਈ ਖਾਸ ਦਰਜਾ ਨਹੀਂ



ਸੀ। ਮੈਂ ਉਸ ਦੌਰ ਦੇ ਸਿੱਖਿਆ ਨੀਤੀ ਨਾਲ ਸਬੰਧਤ ਬਹੁਤ ਸਾਰੇ ਦਸਤਾਵੇਜ਼ ਦੇਖੇ ਹਨ। ਉਸ ਵਕਤ ਭਾਰਤ ਵਿੱਚ ਖੇਤਰੀ ਭਾਸ਼ਾਵਾਂ ਦੇ ਤੌਰ ਤੇ ਕੁੱਝ ਹੋਰ ਭਾਸ਼ਾਵਾਂ ਦਾ ਜ਼ਿਕਰ ਤਾਂ ਹੁੰਦਾ ਹੈ, ਪਰ ਪੰਜਾਬੀ ਦਾ ਕੋਈ ਜ਼ਿਕਰ ਕਿਤੇ ਨਹੀਂ ਮਿਲਦਾ। ਇਸ ਗੱਲ ਨੂੰ ਅਸੀਂ ਚੰਗੀ ਤਰਾਂ ਇਸ ਪੱਖ ਤੋਂ ਵੀ ਸਮਝ ਸਕਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਭਾਸ਼ਾ ਵੀ ਪੰਜਾਬੀ ਨਹੀਂ ਸੀ। ਇਸ ਕਰਕੇ ਜਦੋਂ ਈਸਾਈ ਮਿਸ਼ਨਰੀਆਂ ਨੇ ਆਪਣੀਆਂ ਸਰਗਰਮੀਆਂ ਅਰੰਭ ਕੀਤੀਆਂ ਤਾਂ ਉਸ ਵੇਲੇ ਪਹਿਲਾ ਪ੍ਰਤੀਕਰਮ ਉਰਦੂ ਜਾਂ ਦੇਵਨਾਗਰੀ ਵਿੱਚ ਹੁੰਦਾ ਹੈ। ਉਰਦੂ ਦੀ ਬਜਾਏ ਵੀ ਜ਼ਿਆਦਾ ਜ਼ੋਰ ਦੇਵਨਾਗਰੀ ਦੇ ਆਉਂਦਾ ਹੈ। ਉਸ ਵੇਲੇ ਪੰਜਾਬ ਵਿੱਚ ਚਾਹੇ ਮੁਸਲਮਾਨ ਹੋਣ, ਚਾਹੇ ਹਿੰਦੂ ਹੋਣ ਤੇ ਚਾਹੇ ਸਿੱਖ, ਸਾਰੇ ਤਬਕਿਆਂ ਨਾਲ ਸਬੰਧਤ ਪੜ੍ਹੇ ਲਿਖੇ ਲੋਕ ਮੁਖ ਤੌਰ ਤੇ ਉਰਦੂ ਹੀ ਵਰਤ ਰਹੇ ਸਨ। ਦੇਵਨਾਗਰੀ ਜਾਣਨ ਵਾਲਾ ਪੰਜਾਬ ਵਿੱਚ ਕੋਈ ਵਿਰਲਾ ਟਾਵਾਂ ਹੁੰਦਾ ਸੀ। ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਦੇਵਕੀਨੰਦਨ ਖੱਤਰੀ ਦਾ ਨਾਵਲ ਚੰਦਰਕਾਂਤਾ ਬੇਹੱਦ ਮਸ਼ਹੂਰ ਹੋਇਆ ਤਾਂ ਉਸ ਦਾ ਉਰਦੂ ਅਨੁਵਾਦ ਉਸ ਨੇ ਨਹੀਂ ਛਪਵਾਇਆ। ਇਸ ਕਰਕੇ ਉਸ ਨੂੰ ਪੰਜਾਬ ਵਿੱਚ ਪੜ੍ਹਨ ਵਾਲੇ ਬੜੇ ਥੋੜ੍ਹੇ ਸਨ। ਕਿਹਾ ਜਾਂਦਾ ਹੈ ਕਿ ਉਸ ਵਕਤ ਮੁਲਕ ਵਿੱਚ ਬਹੁਤ ਸਾਰੇ ਲੋਕਾਂ ਨੇ ਪਹਿਲੀ ਵਾਰ ਇਹ ਨਾਵਲ ਪੜ੍ਹਨ ਲਈ ਦੇਵਨਾਗਰੀ ਸਿੱਖੀ। ਇਹ ਗੱਲ ਵਧਾਈ ਚੜ੍ਹਾਈ ਹੋ ਸਕਦੀ ਹੈ ਪਰ ਇਸ ਤੋਂ ਇੱਕ ਤੱਥ ਤਾਂ ਸਾਹਮਣੇ ਆਉਂਦਾ ਹੀ ਹੈ ਕਿ ਉਸ ਵਕਤ ਪੰਜਾਬ ਅੰਦਰ ਦੇਵਨਾਗਰੀ ਜਾਣਨ ਵਾਲਾ ਕੋਈ ਵਿਰਲਾ ਟਾਵਾਂ ਹੀ ਹੁੰਦਾ ਸੀ। ਹਿੰਦੂ ਜਾਗਰਤੀ ਲਹਿਰਾਂ ਨੇ ਦੇਵਨਾਗਰੀ ਤੇ ਹਿੰਦੀ ਨੂੰ ਪੌਪੂਲਰ ਕਰਨ ਦਾ ਬੀੜਾ ਉਠਾਇਆ ਹੋਇਆ ਸੀ। ਪੰਜਾਬ ਵਿੱਚ ਉਨ੍ਹਾਂ ਕਾਫੀ ਅਸਰ ਕੀਤਾ। ਉਨ੍ਹਾਂ ਦਾ ਇਸ ਗੱਲ ਤੇ ਜ਼ੋਰ ਸੀ ਕਿ ਉਰਦੂ ਦੀ ਨੇੜਤਾ ਮੁਸਲਮਾਨ ਨਾਲ ਜ਼ਿਆਦਾ ਹੈ। ਇਸ ਕਰਕੇ ਹਿੰਦੂਆਂ ਨੂੰ ਦੇਵਨਾਗਰੀ ਸਿੱਖਣੀ ਚਾਹੀਦੀ ਹੈ। ਉਨ੍ਹਾਂ ਦੇ ਇਸ ਪ੍ਰਚਾਰ ਤੋਂ ਬਾਅਦ ਪੰਜਾਬ ਵਿੱਚ ਦੇਵਨਾਗਰੀ ਪ੍ਰਚਲਿਤ ਹੋਣੀ ਸ਼ੁਰੂ ਹੁੰਦੀ ਹੈ ਅਤੇ ਉਸ ਦੌਰ ਵਿੱਚ ਬਹੁਤ ਸਾਰੇ ਲੋਕ ਪੰਜਾਬੀ ਵੀ ਦੇਵਨਾਗਰੀ ਵਿੱਚ ਲਿਖਦੇ ਸਨ। ਭਾਈ ਚਤਰ ਸਿੰਘ ਜੀਵਨ ਸਿੰਘ ਵਰਗੇ ਪਬਲਿਸ਼ਰ ਆਪਣੀ ਪੰਥਕ ਕਿਤਾਬਾਂ ਵੀ ਗੁਰਮੁਖੀ ਦੇ ਨਾਲ ਨਾਲ ਦੇਵਨਾਗਰੀ ਲਿਪੀ ਵਿੱਚ ਵੀ ਛਾਪਦੇ ਸਨ। ਇਸ ਤੋਂ ਬਾਅਦ ਫੇਰ ਸਿੱਖ ਜਾਗਰਤੀ ਲਹਿਰ ਵੀ ਜ਼ੋਰ ਪਕੜਨ ਲੱਗਦੀ ਹੈ ਤੇ ਭਾਈ ਵੀਰ ਸਿੰਘ ਪਹਿਲੀ ਅਜਿਹੀ ਸ਼ਖ਼ਸੀਅਤ ਹੈ, ਜਿਹੜੀ ਸਿੱਖ ਜਾਗਰਤੀ ਲਹਿਰ ਦੇ ਬੈਨਰ ਹੇਠ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਸਾਹਮਣੇ ਆਉਂਦੀ ਹੈ। ਭਾਈ ਵੀਰ ਸਿੰਘ ਸਿੱਖ ਰਈਸ ਸੀ। ਉਨ੍ਹਾਂ ਖੁਦ ਆਪਣੀ ਪ੍ਰੈਸ ਲਾਈ। ਇਸ ਪ੍ਰੈਸ ਤੋਂ ਈਸਾਈ ਮਿਸ਼ਨਰੀਆਂ ਦੇ ਟ੍ਰੈਕਟਾਂ ਦੀ ਤਰਜ਼ ਤੇ ਆਪਣੇ ਖਾਲਸਾ ਸਮਾਚਾਰ ਟ੍ਰੈਕਟ ਛਾਪਣੇ ਸ਼ੁਰੂ ਕੀਤੇ। ਉਨ੍ਹਾਂ ਨੇ ਈਸਾਈ ਮਿਸ਼ਨਰੀਆਂ ਦੁਆਰਾ ਛਾਪੇ ਗਏ ਨਾਵਲ ਪਿਲਗਰਿਮਜ਼ ਪ੍ਰੌਗਰੈਸ ਦੇ ਮੁਕਾਬਲੇ ਤੇ ਸਿੱਖ ਪ੍ਰੇਰਨਾ ਵਾਲਾ ਨਾਵਲ 'ਸੁੰਦਰੀ' ਲਿਖਿਆ ਤੇ ਛਾਪਿਆ, ਜਿਸ ਨੂੰ ਪਹਿਲਾ ਪੰਜਾਬੀ ਨਾਵਲ ਕਿਹਾ ਜਾਂਦਾ ਹੈ।

**? ਕੀ ਪੰਜਾਬੀ ਦਾ ਮੁਢਲਾ ਉਭਾਰ ਸਿੱਖ ਮਿਸ਼ਨਰੀ ਜਾਂ ਜਾਗਰਤੀ ਲਹਿਰਾਂ ਦੇ ਰੂਪ ਵਿੱਚ ਹੀ ਹੁੰਦਾ ਹੈ ?**

– ਨਹੀਂ। ਉਸ ਵੇਲੇ ਪੰਜਾਬੀ ਵਿੱਚ ਵੀ ਕਈ ਕੁੱਝ ਨਾਲੋ ਨਾਲ ਹੋ ਰਿਹਾ ਸੀ। ਮੈਂ ਇਸ ਨੂੰ ਦੋ ਵੱਡੇ ਵਰਗਾਂ ਵਿੱਚ ਵੰਡਦਾ ਹਾਂ। ਇੱਕ ਵਰਗ ਅਜਿਹੀਆਂ ਸ਼ਖ਼ਸੀਅਤਾਂ ਦਾ ਹੈ, ਜਿਨ੍ਹਾਂ ਨੇ ਪੰਜਾਬੀ ਦੇ ਵਿਕਾਸ ਦਾ ਝੰਡਾ ਚੁੱਕਿਆ ਤੇ ਉਸ ਦੇ ਅਧਾਰ ਤੇ ਮੁਹਿੰਮ ਚਲਾਈ। ਇਨ੍ਹਾਂ ਵਿੱਚ ਪਹਿਲੇ ਭਾਈ ਵੀਰ ਸਿੰਘ ਸਨ, ਜਿਹੜੇ ਨਿਰੋਲ ਸਿੱਖ ਜਾਗਰਤੀ ਲਹਿਰ ਦੇ ਨੁਮਾਇੰਦੇ ਸਨ। ਦੂਸਰੇ ਹੀਰਾ ਸਿੰਘ ਦਰਦ ਸਨ, ਜਿਨ੍ਹਾਂ ਫੁਲਵਾੜੀ ਪਰਚਾ ਸ਼ੁਰੂ ਕੀਤਾ। ਉਹ ਫੁਲਵਾੜੀ ਨੂੰ ਪ੍ਰੋਫੈਸ਼ਨਲ ਪੇਪਰ ਦੇ ਤੌਰ ਤੇ ਚਲਾ ਰਹੇ ਸਨ ਤੇ ਸਾਰੀਆਂ ਧਿਰਾਂ ਨੂੰ ਨੁਮਾਇੰਦਗੀ ਦਿੰਦੇ ਰਹਿੰਦੇ ਸਨ। ਉਨ੍ਹਾਂ ਦਾ ਮੁਖ ਨਾਅਰਾ

ਪੰਜਾਬੀ ਦੇ ਵਿਕਾਸ ਦੇ ਨਾਂ ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਜਗਾਉਣਾ ਸੀ। ਇਹ ਉਨ੍ਹਾਂ ਬਹੁਤ ਕਾਮਯਾਬੀ ਨਾਲ ਚਲਾਇਆ। ਉਸ ਜ਼ਮਾਨੇ ਵਿੱਚ ਫੁਲਵਾੜੀ ਵਰਗਾ ਪਰਚਾ ਵੀ 25 ਤੋਂ 30 ਹਜ਼ਾਰ ਛਪਦਾ ਸੀ। ਤੀਸਰੀ ਅਹਿਮ ਸ਼ਖ਼ਸੀਅਤ ਗੁਰਬਖਸ਼ ਸਿੰਘ ਪ੍ਰੀਤਲੜੀ ਸਨ। ਉਨ੍ਹਾਂ ਨੇ 1933 ਵਿੱਚ ਪ੍ਰੀਤਲੜੀ ਮੈਗਜ਼ੀਨ ਸ਼ੁਰੂ ਕੀਤਾ। ਉਨ੍ਹਾਂ ਇਨ੍ਹਾਂ ਵਿੱਚ ਸਭ ਤੋਂ ਵੱਧ ਪੱਛਮੀ ਤਰਜ਼ ਵਾਲੇ ਆਧੁਨਿਕ ਤੇ ਸੈਕੂਲਰ ਸਨ। ਉਨ੍ਹਾਂ ਨਵੀਂ ਤਰਾਂ ਦੀ ਪੱਛਮੀ ਜੀਵਨ ਜਾਚ ਨੂੰ ਪ੍ਰਚਾਰਨਾ ਸ਼ੁਰੂ ਕੀਤਾ। ਉਹ ਵੀ ਇੱਕ ਲਹਿਰ ਬਣ ਗਏ। ਉਨ੍ਹਾਂ ਅਚਾਰ, ਵਿਹਾਰ ਦੇ ਕੁੱਝ ਨਿਯਮਾਂ ਨੂੰ ਪਹਿਲੀ ਵਾਰ ਪੰਜਾਬੀ ਦੇਸੀ ਸਮਾਜ ਸਾਹਮਣੇ ਲਿਆਂਦਾ ਤੇ ਪੰਜਾਬੀਆਂ ਨੂੰ ਪਹਿਲੀ ਵਾਰ ਸ਼ਹਿਰੀ ਜੀਵਨ ਜਾਚ ਸਿਖਾਈ। ਇਹ ਤਿੰਨ ਵੱਡੀਆਂ ਸ਼ਖ਼ਸੀਅਤਾਂ ਸਨ, ਜਿਨ੍ਹਾਂ ਨੂੰ ਮੈਂ ਪੰਜਾਬੀ ਦੇ ਲੇਖਕ ਉਦਮੀ ਕਹਾਂਗਾ। ਇਹ ਲੇਖਕ ਸਨ ਅਤੇ ਉਦਮੀ ਸਨ। ਇਨ੍ਹਾਂ ਪੰਜਾਬੀ ਦੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਪਛਾਣਦਿਆਂ ਤੇ ਇਸ ਦੀ ਭਾਵੁਕ ਅਪੀਲ ਨਾਲ ਇਕਸੁਰ ਹੁੰਦਿਆਂ ਆਪਣੇ ਸਾਹਿਤਕ ਤੇ ਬਿਜ਼ਨਸ ਕਰੀਅਰ ਬਹੁਤ ਕਾਮਯਾਬੀ ਤੇ ਨਫਾਸਤ ਨਾਲ ਖੜ੍ਹੇ ਕੀਤੇ। ਪੰਜਾਬੀ ਦੇ ਮੁਢਲੇ ਵਿਕਾਸ ਵਿੱਚ ਸਾਡੀ ਸਾਹਿਤਕ ਇਤਿਹਾਸਕਾਰੀ ਸਿਰਫ ਇਨ੍ਹਾਂ ਤਿੰਨਾਂ ਦਾ ਜ਼ਿਕਰ ਕਰਦੀ ਹੈ। ਪਰ ਮੈਂ ਸਮਝਦਾ ਹਾਂ ਕਿ ਇੱਕ ਹੋਰ ਵਰਗ ਹੈ, ਜਿਨ੍ਹਾਂ ਦਾ ਯੋਗਦਾਨ ਇਨ੍ਹਾਂ ਸਖਸ਼ੀਅਤਾਂ ਨਾਲੋਂ ਘੱਟ ਨਹੀਂ ਹੈ। ਪਰ ਸਾਡੀ ਇਤਿਹਾਸਕਾਰੀ ਨੇ ਉਸ ਪਹਿਲੂ ਵੱਲ ਪੂਰਾ ਧਿਆਨ ਨਹੀਂ ਦਿੱਤਾ। ਇਹ ਦੂਜਾ ਵਰਗ ਹੈ, ਅੰਮ੍ਰਿਤਸਰ ਦੇ ਬਜ਼ਾਰ ਮਾਈ ਸੇਵਾਂ ਵਿੱਚੋਂ ਕੰਮ ਕਰ ਰਿਹਾ ਨਿਰੋਲ ਕਮਰਸ਼ੀਅਲ ਪੰਜਾਬੀ ਪਬਲਿਸ਼ਰ। ਉਪਰ ਜਿਨ੍ਹਾਂ ਤਿੰਨ ਸ਼ਖ਼ਸੀਅਤਾਂ ਦਾ ਜ਼ਿਕਰ ਕੀਤਾ ਹੈ ,ਉਨ੍ਹਾਂ ਪੰਜਾਬੀ ਦੇ ਵਿਕਾਸ ਨੂੰ ਇੱਕ ਭਾਵੁਕ ਨਾਅਰੇ ਦੇ ਤੌਰ ਤੇ ਉਠਾਇਆ ਤੇ ਇਸ ਨਾਂ ਹੇਠ ਭਾਈਚਾਰ ਫੰਡ ਵੀ ਇਕੱਤਰ ਕੀਤਾ। ਫੁਲਵਾੜੀ ਦਾ ਹਰ ਅੰਕ ਪੰਜਾਬੀ ਦੇ ਨਾਂ ਤੇ ਫੰਡ ਇਕੱਠਾ ਕਰਨ ਦੀਆਂ ਅਪੀਲਾਂ ਨਾਲ ਭਰਿਆ ਹੁੰਦਾ ਸੀ। ਪਰ ਬਜ਼ਾਰ ਮਾਈ ਸੇਵਾਂ ਵਿੱਚੋਂ ਕੰਮ ਕਰ ਰਿਹਾ ਪੰਜਾਬੀ ਦਾ ਪਹਿਲਾ ਉਦਮੀ ਪਬਲਿਸ਼ਰਜ਼ ਅਜਿਹੇ ਕਿਸੇ ਨਾਅਰੇ ਹੇਠ ਕੰਮ ਨਹੀਂ ਸੀ ਕਰ ਰਿਹਾ, ਬਲਕਿ ਉਸ ਨੇ ਪੰਜਾਬੀ ਪ੍ਰਕਾਸ਼ਨ ਨੂੰ ਖੜ੍ਹਾ ਕਰਨ ਲਈ ਇੱਕ ਬਿਜ਼ਨਸ ਫਾਰਮੂਲਾ ਤਿਆਰ ਕੀਤਾ ਅਤੇ ਉਸ ਨੂੰ ਕਾਮਯਾਬੀ ਨਾਲ ਚਲਾਇਆ। ਜਿਵੇਂ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ, ਇਸ ਫਾਰਮੂਲੇ ਦੇ ਦੋ ਮੁਖ ਅੰਗ ਹਨ, ਪਹਿਲਾ ਧਾਰਮਿਕ ਸਾਹਿਤ ਤੇ ਦੂਜਾ ਸਿਖਿਆ ਸਾਹਿਤ। ਧਾਰਮਿਕ ਸਾਹਿਤ ਵਿੱਚ ਗੁਟਕਾ, ਪੰਜ ਗ੍ਰੰਥੀ, ਬੀੜਾਂ, ਵੈਦਿਕ ਗ੍ਰੰਥ, ਜੰਤਰੀਆਂ, ਕਿੱਸੇ, ਤੰਤਰ ਤੇ ਤਲਿਸਮ ਦੀਆਂ ਕਿਤਾਬਾਂ, ਟੀਕੇ , ਵਿਆਖਿਆਨ ਆਦਿ ਸ਼ਾਮਲ ਹਨ। ਸਿੱਖਿਆ ਸਾਹਿਤ ਤਹਿਤ ਤਰਾਂ ਤਰਾਂ ਦੇ ਨੁਸਖੇ, ਟਰੇਡ ਸਿੱਖਿਆ ਦੀਆਂ ਕਿਤਾਬਾਂ ਆਦਿ ਸ਼ਾਮਲ ਸਨ। ਇਸ ਤੋਂ ਇਲਾਵਾ ਉਹ ਕਿੱਸੇ ਤੇ ਹੋਰ ਮਨੋਰੰਜਨ ਸਾਹਿਤ ਵੀ ਛਾਪਦੇ ਸਨ। ਇਸ ਬਿਜ਼ਨਸ ਫਾਰਮੂਲੇ ਤਹਿਤ ਉਨ੍ਹਾਂ ਪੰਜਾਬੀ ਜ਼ੁਬਾਨ ਵਿੱਚ ਪ੍ਰਕਾਸ਼ਨ ਇੰਡਸਟਰੀ ਦੀਆਂ ਨੀਹਾਂ ਮਜ਼ਬੂਤ ਕੀਤੀਆਂ। ਉਨ੍ਹਾਂ ਆਮ ਲੋਕਾਂ ਦੀਆਂ ਰੋਜ਼ ਮਰ੍ਹਾ ਦੀਆਂ ਲੋੜਾਂ ਦੇ ਅਧਾਰ ਤੇ ਸਾਹਿਤ ਛਾਪਿਆ। ਮੈਂ ਇਨ੍ਹਾਂ ਪ੍ਰਕਾਸ਼ਕਾਂ ਦੁਆਰਾ ਅੱਠ ਜਿਲਦਾਂ ਵਿੱਚ ਛਪੀ ਦਰਜੀ ਸਿੱਖਿਆ ਦੀ ਕਿਤਾਬ ਦੇਖੀ ਹੈ। ਜੋ ਵੀ ਨਵਾਂ ਟਰੇਡ, ਨਵੀਂ ਤਕਨਾਲੋਜੀ ਉਸ ਦੌਰ ਵਿੱਚ ਸ਼ੁਰੂ ਹੁੰਦੀ ਸੀ, ਉਸ ਬਾਰੇ ਮੁਢਲੀ ਜਾਣਕਾਰੀ ਦੀ ਲੋਕਾਂ ਨੂੰ ਲੋੜ ਹੁੰਦੀ ਸੀ। ਇਨ੍ਹਾਂ ਪ੍ਰਕਾਸ਼ਕਾਂ ਨੇ ਉਹ ਸਾਰਾ ਕੁੱਝ ਛਾਪਿਆ। ਇਸ ਨਾਲ ਬੇਸ਼ੁਮਾਰ ਅਜਿਹਾ ਸਾਹਿਤ ਪੰਜਾਬੀ ਵਿੱਚ ਛਪਿਆ, ਜਿਹੜਾ ਆਮ ਲੋਕਾਂ ਦੀ ਵਿਹਾਰਕ ਜ਼ਰੂਰਤ ਤੇ ਅਧਾਰਤ ਸੀ। ਉਨ੍ਹਾਂ ਪੰਜਾਬੀ ਜ਼ੁਬਾਨ ਨੂੰ ਵੱਖ ਵੱਖ ਤਰਾਂ ਦੀ ਜਾਣਕਾਰੀ ਦੇ ਪ੍ਰਗਟਾਅ ਦਾ ਮਾਧਿਅਮ ਬਣਾਇਆ। ਇਸ ਨਾਲ ਪੰਜਾਬੀ ਕਿਤਾਬਾਂ ਦਾ ਘੇਰਾ ਤੇ ਪ੍ਰਭਾਵ ਵਿਸ਼ਾਲ ਹੋਇਆ। ਪੰਜਾਬੀ ਨੂੰ ਵੱਖ ਵੱਖ ਤਰਾਂ ਦੇ ਗਿਆਨ ਦਾ ਮਾਧਿਅਮ ਬਣਾਉਣ, ਲੋਕਾਂ ਦੀਆਂ ਵਿਹਾਰਕ ਜ਼ਿੰਦਗੀ ਦੀਆਂ ਜ਼ਰੂਰਤਾਂ ਦੇ ਨੇੜੇ ਰੱਖਣ ਤੇ ਕਮਰਸ਼ੀਅਲ ਅਧਾਰ ਤੇ ਪੰਜਾਬੀ ਪ੍ਰਕਾਸ਼ਨ ਦੀਆਂ ਜੜਾਂ ਮਜ਼ਬੂਤ ਕਰਕੇ ਮੇਰੀ ਨਜ਼ਰ ਵਿੱਚ ਇਨ੍ਹਾਂ ਲੋਕਾਂ ਨੇ



ਪੰਜਾਬੀ ਦੇ ਵਿਕਾਸ ਵਿੱਚ ਜ਼ਿਆਦਾ ਯੋਗਦਾਨ ਪਾਇਆ ਹੈ।

**? ਅਸੀਂ ਦੇਖ ਰਹੇ ਹਾਂ ਕਿ ਇਹ ਦੋਵੇਂ ਰੁਝਾਨ ਅੱਗੇ ਜਾ ਕੇ ਸੁੰਗੜ ਜਾਂਦੇ ਹਨ। ਫੁਲਵਾੜੀ ਜਾਂ ਪ੍ਰੀਤਲੜੀ ਤੋਂ ਬਾਅਦ ਸਾਨੂੰ ਕਿਸੇ ਪੰਜਾਬੀ ਰਸਾਲੇ ਦਾ 25 ਜਾਂ ਤੀਹ ਹਜ਼ਾਰ ਛਪਣਾ ਅਸੰਭਵ ਲੱਗਣ ਲੱਗਦਾ ਹੈ ਅਤੇ ਪੰਜਾਬੀ ਪੁਸਤਕ ਪ੍ਰਕਾਸ਼ਨ ਵੀ ਆਪਣੇ ਕਮਰਸ਼ੀਅਲ ਕਾਮਯਾਬੀ ਦੇ ਅਧਾਰ ਗੁਆ ਦਿੰਦਾ ਹੈ। ਇਸ ਦਾ ਕੀ ਕਾਰਨ ਹੈ ?**

– ਧਿਆਨ ਨਾਲ ਦੇਖੀਏ ਤਾਂ ਦੋਵੇਂ ਪਾਸੇ ਇੱਕੋ ਬਿਮਾਰੀ ਨਜ਼ਰ ਆਉਂਦੀ ਹੈ। ਫੁਲਵਾੜੀ ਜਾਂ ਪ੍ਰੀਤਲੜੀ ਪਰਚਿਆਂ ਦਾ ਘੇਰਾ ਮੁਕਾਬਲਤਨ ਵਿਸ਼ਾਲ ਹੈ। ਉਹ ਸਮਾਜ ਵਿੱਚ ਆ ਰਹੇ ਨਵੇਂ ਰੁਝਾਨਾਂ ਦੀ ਜ਼ਿਆਦਾ ਵਿਆਪਕ ਸਤਰ ਤੇ ਤਰਜ਼ਮਾਨੀ ਕਰਦੇ ਹਨ। ਪਰ ਬਾਅਦ ਵਿੱਚ ਆਏ ਮੈਗਜ਼ੀਨ ਆਰਸੀ, ਨਾਗਮਣੀ ਆਦਿ ਨਿਰੋਲ ਸਾਹਿਤਕ ਮੈਗਜ਼ੀਨ ਰਹਿ ਜਾਂਦੇ ਹਨ। ਅਸੀਂ ਦੇਖਦੇ ਹਾਂ ਕਿ ਬਾਅਦ ਵਿੱਚ ਜਾਕੇ ਪੰਜਾਬੀ ਦਾ ਮਤਲਬ ਪੰਜਾਬੀ ਸਾਹਿਤ ਹੀ ਰਹਿ ਜਾਂਦਾ ਹੈ। ਪੰਜਾਬੀ ਪਰਚੇ ਵੀ ਸਾਹਿਤ ਦੇ ਪਰਚੇ ਰਹਿ ਜਾਂਦੇ ਹਨ ਅਤੇ ਪੰਜਾਬੀ ਪੁਸਤਕ ਪ੍ਰਕਾਸ਼ਨ ਵੀ ਬੁਨਿਆਦੀ ਤੌਰ ਤੇ ਸਾਹਿਤਕ ਪੁਸਤਕਾਂ ਦਾ ਪ੍ਰਕਾਸ਼ਨ ਰਹਿ ਜਾਂਦਾ ਹੈ। ਸਾਹਿਤਕ ਮੈਗਜ਼ੀਨ ਹਜ਼ਾਰ ਪੰਜ ਸੌ ਵੇਚਣਾ ਵੀ ਮੁਸ਼ਕਲ ਹੋ ਜਾਂਦਾ ਹੈ। ਅੱਜ ਪੰਜਾਬੀ ਦਾ ਝੰਡਾ ਚੁੱਕਣ ਵਾਲਿਆਂ ਨੂੰ ਇਹ ਗੱਲ ਸਮਝਾਉਣੀ ਮੁਸ਼ਕਲ ਹੋ ਜਾਂਦੀ ਹੈ ਕਿ ਪੰਜਾਬੀ ਦਾ ਮਤਲਬ ਕੱਲਾ ਪੰਜਾਬੀ ਦਾ ਗੰਭੀਰ ਸਾਹਿਤ ਜਾਂ ਵਿਚਾਰਧਾਰਕ ਸਾਹਿਤ ਨਹੀਂ ਹੈ। ਪੰਜਾਬੀ ਦੇ ਵਿਕਾਸ ਲਈ ਇਹ ਆਤਮਘਾਤੀ ਸੋਚ ਸੀ। ਇਸ ਦਾ ਤਾਰਕਿਕ ਨਤੀਜਾ ਅਸੀਂ ਦੇਖਿਆ ਜਦੋਂ ਆਰਸੀ ਤੇ ਨਾਗਮਣੀ ਵੀ ਬੰਦ ਹੋ ਗਏ ਅਤੇ ਅੱਜ ਸਾਡੇ ਕੋਲ ਇੱਕ ਵੀ ਪੰਜਾਬੀ ਪਰਚਾ ਅਜਿਹਾ ਨਹੀਂ, ਜਿਸ ਦੀ ਆਮ ਸਮਾਜ ਵਿੱਚ ਗੱਲ ਕਰ ਸਕੀਏ। ਜੋ ਕੁੱਝ ਵੀ ਹੈ, ਪੰਜਾਬੀ ਦੇ ਲੇਖਕਾਂ ਦੇ ਹਜ਼ਾਰ ਪੰਜ ਸੌ ਵਾਲੇ ਘੇਰੇ ਵਿੱਚ ਹੀ ਸਿਮਟਿਆ ਹੋਇਆ ਹੈ। ਇਹ ਹਜ਼ਾਰ ਪੰਜ ਸੌ ਬੰਦਾ ਆਪੇ ਲਿਖਦਾ ਹੈ ਅਤੇ ਆਪਸ ਵਿੱਚ ਹੀ ਪੜ੍ਹ ਲੈਂਦਾ ਹੈ। ਆਪਣੇ ਤੋਂ ਬਾਹਰ ਦਾ ਸਮਾਜ ਨਾ ਇਨ੍ਹਾਂ ਨੂੰ ਦਿਸਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਉਸ ਬਾਰੇ ਕੋਈ ਜਾਣਕਾਰੀ ਹੈ। ਇਹ ਜ਼ਿੰਦਗੀ ਤੋਂ ਅਸਲ ਵਿੱਚ ਟੁੱਟੇ ਹੋਏ ਲੋਕ ਹਨ। ਇਹ ਖੂਹ ਦੇ ਡੱਡੂ ਹਨ ਅਤੇ ਇਹ ਪੰਜਾਬੀ ਦਾ ਵਿਕਾਸ ਕਰਨ ਦਾ ਭਰਮ ਪਾਲੀਂ ਬੈਠੇ ਹਨ।

**? ਇਸ ਸਮੁਚੀ ਸਥਿਤੀ ਨੂੰ ਬਦਲਣ ਵਿੱਚ ਕੀ ਪ੍ਰਗਤੀਵਾਦੀ ਲਹਿਰ ਕੋਈ ਯੋਗਦਾਨ ਨਹੀਂ ਪਾਉਂਦੀ ? ਪ੍ਰਗਤੀਵਾਦੀ ਲਹਿਰ ਤਾਂ ਸਾਹਿਤ ਨੂੰ ਲੋਕਾਂ ਦੇ ਨੇੜੇ ਲਿਜਾਣ ਦਾ ਹੀ ਦਾਅਵਾ ਕਰਦੀ ਹੈ।**

– ਪ੍ਰਗਤੀਵਾਦੀ ਲਹਿਰ ਦੀ ਸਾਡੇ ਸਾਹਿਤ ਨੂੰ ਬੜੀ ਵੱਡੀ ਦੇਣ ਹੈ। ਪਿਛਲੇ ਦੌਰ ਦੇ ਸਾਡੇ ਬਹੁਤ ਸਾਰੇ ਵੱਡੇ ਲੇਖਕ ਇਸ ਲਹਿਰ ਦੀ ਪੈਦਾਵਾਰ ਹਨ। ਇਸ ਲਹਿਰ ਦੇ ਅਸਰ ਸਦਕਾ ਪੰਜਾਬੀ ਵਿੱਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਹੈ ਅਤੇ ਪਿਛਲੇ ਦਹਾਕਿਆਂ ਦੌਰਾਨ ਪ੍ਰਗਤੀਵਾਦੀ ਲਹਿਰ ਦੇ ਅਸਰ ਹੇਠ ਲਿਖੇ ਰਚਨਾਤਮਕ ਤੇ ਵਿਚਾਰਧਾਰਕ ਸਾਹਿਤ ਨਾਲ ਸਾਡੀਆਂ ਲਾਇਬਰੇਰੀਆਂ ਭਰੀਆਂ ਪਈਆਂ ਹਨ। ਪਰ ਇਸ ਸਥਿਤੀ ਦਾ ਦੂਜਾ ਪਾਸਾ ਵੀ ਹੈ। ਪ੍ਰਗਤੀਵਾਦੀ ਲਹਿਰ ਨੇ ਭਾਵੇਂ ਭਰਮ ਤਾਂ ਇਹ ਪਾਲ ਰੱਖਿਆ ਕਿ ਉਹ ਲੋਕਾਂ ਦੀ ਗੱਲ ਕਰ ਰਹੀ ਹੈ ਅਤੇ ਲੋਕਾਂ ਦੇ ਨੇੜੇ ਹੈ ਪਰ ਉਹ ਲੋਕਾਂ ਦੇ ਨੇੜੇ ਸਿਰਫ ਗੱਲਾਂ ਵਿੱਚ ਸੀ। ਉਹ ਲੋਕ ਪੱਖੀ ਹੋਣ ਦੀਆਂ ਗੱਲਾਂ ਕਰਦੀ ਸੀ। ਲੋਕ ਪੱਖੀ ਵਿਚਾਰਧਾਰਾ ਦੀ ਗੱਲ ਕਰਦੀ ਸੀ। ਲੋਕ ਪੱਖੀ ਸਿਧਾਂਤਕ, ਵਿਚਾਰਧਾਰਕ ਤੇ ਰਾਜਨੀਤਕ ਪੁਜੀਸ਼ਨਾਂ ਲੈਂਦੀ ਸੀ, ਪਰ ਬੁਨਿਆਦੀ ਤੌਰ ਤੇ ਉਸ ਦਾ ਸਾਰਾ ਲੋਕ ਪੱਖ ਵਿਚਾਰਧਾਰਕ ਫਾਰਮੂਲੇਸ਼ਨਾਂ ਤੋਂ ਸਿਵਾ ਕੁੱਝ ਨਹੀਂ ਸੀ। ਇਸ ਨੇ ਲੋਕ ਪੱਖੀ ਵਿਚਾਰਧਾਰਾ ਰੱਖਣਾ ਅਤੇ ਅਸਲ ਵਿੱਚ ਲੋਕ ਪੱਖੀ ਹੋਣ ਦੇ ਫਰਕ ਨੂੰ ਨਹੀਂ ਸਮਝਿਆ। ਲੋਕ ਪੱਖੀ ਹੋਣ ਦਾ ਮਤਲਬ ਸਿਰਫ ਲੋਕ ਪੱਖੀ ਸਿਆਸਤ ਕਰਨਾ ਨਹੀਂ ਹੈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਇਸ ਨੇ ਸਮਾਜ ਅੰਦਰ ਇੱਕ

ਸੀਮਤ ਦ੍ਰਿਸ਼ਟੀ ਵਾਲਾ ਵਿਚਾਰਧਾਰਕ ਸਰਕਲ ਤਾਂ ਪੈਦਾ ਕਰ ਦਿੱਤਾ, ਪਰ ਅਸਲ ਵਿੱਚ ਸਾਹਿਤ, ਰਚਨਾਕਾਰੀ ਤੇ ਪ੍ਰਕਾਸ਼ਨ ਦਾ ਘੇਰਾ ਸੀਮਤ ਕਰ ਦਿੱਤਾ। ਪ੍ਰਗਤੀਵਾਦੀ ਲਹਿਰ ਨੇ ਵਿਚਾਰਧਾਰਕ, ਸਾਹਿਤਕ ਅਤੇ ਅਕਾਦਮਿਕ ਸਰਕਲਾਂ ਅੰਦਰ ਇੱਕ ਵਿਚਾਰਧਾਰਕ ਦਹਿਸ਼ਤ ਪੈਦਾ ਕੀਤੀ। ਇਨ੍ਹਾਂ ਨੂੰ ਜੋ ਪ੍ਰਗਤੀਵਾਦੀ ਨਹੀਂ ਸੀ ਲੱਗਦਾ, ਉਸ ਨੂੰ ਛੁਟਿਆਇਆ ਤੇ ਨੀਵਾਂ ਦਿਖਾਇਆ। ਪ੍ਰਗਤੀਵਾਦੀ ਲਹਿਰ ਨੇ ਆਪਣਾ ਸਾਰਾ ਜ਼ੋਰ ਵਿਚਾਰਧਾਰਕ ਸ਼ੁਧਤਾ, ਵਿਚਾਰਧਾਰਕ ਸਪਸ਼ਟਤਾ ਤੇ ਵਿਚਾਰਧਾਰਕ ਵਚਨਬੱਧਤਾ ਤੇ ਲਾ ਦਿੱਤਾ। ਸਾਡੇ ਸਮੁਚੇ ਵਿਚਾਰਧਾਰਕ, ਸਾਹਿਤਕ ਅਤੇ ਅਕਾਦਮਿਕ ਖੇਤਰ ਦਾ ਮੁਖ ਜ਼ੋਰ ਵਿਚਾਰਧਾਰਕ ਅਤੇ ਰਾਜਨੀਤਕ ਏਜੰਡੇ ਵੱਲ ਲੱਗ ਗਿਆ। ਪ੍ਰਕਾਸ਼ਨ ਤੇ ਰਚਨਾਕਾਰੀ ਦੇ ਦੂਜੇ ਪਹਿਲੂ ਕਮਜ਼ੋਰ ਹੁੰਦੇ ਗਏ ਤੇ ਹੌਲੀ ਹੌਲੀ ਲੱਗਭਗ ਖਤਮ ਹੋ ਗਏ। ਜਿੰਨੀ ਦੇਰ ਪ੍ਰਗਤੀਵਾਦੀ ਲਹਿਰ ਦਾ ਆਪਣਾ ਕੁੱਝ ਨਾ ਕੁੱਝ ਜ਼ੋਰ ਸੀ, ਉਸ ਦੇ ਅਸਰ ਸਦਕਾ ਪੁਸਤਕਾਂ ਦੀ ਵਿਕਰੀ ਦਾ ਇੱਕ ਭਰਮ ਜਿਹਾ ਬਣਿਆ ਰਿਹਾ। ਪਰ ਪ੍ਰਗਤੀਵਾਦੀ ਲਹਿਰ ਦੇ ਕਮਜ਼ੋਰ ਹੋਣ ਨਾਲ ਸਾਰਾ ਕੁੱਝ ਹੀ ਡੁੱਬ ਗਿਆ। ਪੰਜਾਬੀ ਸਾਹਿਤ, ਅਕਾਦਮਿਕਤਾ ਤੇ ਰਚਨਾਕਾਰੀ ਤੇ ਪ੍ਰਗਤੀਵਾਦੀ ਅਜਾਰੇਦਾਰੀ ਨੇ ਜੋ ਕੀਤਾ, ਉਸ ਇਸ ਤਰਾਂ ਦੀ ਹਾਲਤ ਹੈ ਜਿਵੇਂ ਸਾਡੇ ਇੱਕ ਮੁਹਾਵਰੇ ਵਿੱਚ ਪੇਸ਼ ਕੀਤੀ ਗਈ ਹੈ, ਕਿ ਆਪ ਤਾਂ ਡੁੱਬਿਓਂ ਬਾਹਮਣ ਜਜਮਾਨ ਵੀ ਡੋਬੇ।

**? ਪਰ ਪ੍ਰਗਤੀਵਾਦੀ ਲਹਿਰ ਵਾਲੇ ਤਾਂ ਇਹ ਕਹਿੰਦੇ ਹਨ ਕਿ ਰੂਸੀ ਕਿਤਾਬਾਂ ਨੇ ਪੰਜਾਬ ਵਿੱਚ ਪੜ੍ਹਨ ਲਿਖਣ ਤੇ ਪੁਸਤਕ ਕਲਚਰ ਵਿੱਚ ਕਰਾਂਤੀ ਲਿਆਂਦੀ ਸੀ।**

– ਰੂਸੀ ਕਿਤਾਬਾਂ ਨੇ ਅਸਲ ਵਿੱਚ ਪੰਜਾਬੀ ਭਾਸ਼ਾ ਤੇ ਪ੍ਰਕਾਸ਼ਨ ਇੰਡਸਟਰੀ ਦਾ ਬਹੁਤ ਗਹਿਰਾ ਨੁਕਸਾਨ ਕੀਤਾ ਹੈ। ਰੂਸੀ ਕਿਤਾਬਾਂ ਦਾ ਪ੍ਰਕਾਸ਼ਨ ਇੱਕ ਬਹੁਤ ਹੀ ਹੱਦ ਦਰਜੇ ਦਾ ਸਬਸਿਡਾਈਜ਼ਡ ਪ੍ਰਕਾਸ਼ਨ ਸੀ। ਇਸ ਕਰਕੇ ਇਨ੍ਹਾਂ ਦੀ ਖਾਸੀਅਤ ਇਹ ਸੀ ਕਿ ਇੱਕ ਤਾਂ ਇਨ੍ਹਾਂ ਦਾ ਪ੍ਰਕਾਸ਼ਨ ਬਹੁਤ ਉਚ ਪਾਏ ਦਾ ਸੀ ਅਤੇ ਦੂਜਾ ਇਹ ਸਸਤੀਆਂ ਸਨ। ਪ੍ਰਿੰਟਿੰਗ ਦੇ ਪੱਖੋਂ ਦੇਖੀਏ ਤਾਂ ਇਹ ਪੰਜਾਬੀ ਵਿੱਚ ਇੰਟਰਨੈਸ਼ਨ ਮਿਆਰ ਦੀਆਂ ਕਿਤਾਬਾਂ ਸਨ। ਪਰ ਉਂਗਲਾਂ ਤੇ ਗਿਣੀਆਂ ਜਾਣ ਜੋਗੀਆਂ ਕੁੱਝ ਕੁ ਕਿਤਾਬਾਂ ਨੂੰ ਛੱਡਕੇ ਜ਼ਿਆਦਾਤਰ ਦਾ ਅਨੁਵਾਦ ਐਨਾ ਮਾੜਾ ਸੀ ਕਿ ਪੜ੍ਹਿਆ ਹੀ ਨਹੀਂ ਸੀ ਜਾ ਸਕਦਾ। ਇਸ ਕਰਕੇ ਇਹ ਕਿਤਾਬਾਂ ਪੜ੍ਹਨ ਲਈ ਨਹੀਂ ਬਲਕਿ ਰੱਖਣ ਲਈ ਖਰੀਦੀਆਂ ਜਾਂਦੀਆਂ ਸਨ। ਪ੍ਰਗਤੀਵਾਦੀ ਲਹਿਰ ਦੇ ਅਸਰ ਸਦਕਾ ਰੂਸੀ ਕਿਤਾਬਾਂ ਖਰੀਦਣਾ ਤੇ ਰੱਖਣਾ ਫੈਸ਼ਨ ਬਣਾ ਦਿੱਤਾ ਗਿਆ। ਲੋਕ ਫੈਸ਼ਨ ਵਜੋਂ ਇਹ ਕਿਤਾਬਾਂ ਖਰੀਦ ਜ਼ਰੂਰ ਲੈਂਦੇ ਸਨ ਪਰ ਇਨ੍ਹਾਂ ਵਿੱਚੋਂ ਪੜ੍ਹੀਆਂ ਬਹੁਤ ਥੋੜ੍ਹੀਆਂ ਜਾਂਦੀਆਂ ਸਨ। ਉਸਦਾ ਕਾਰਨ ਇਹ ਸੀ ਕਿ ਇਹ ਪੜ੍ਹੀਆਂ ਜਾਣ ਜੋਗੀਆਂ ਨਹੀਂ ਸਨ। ਟਰਾਂਸਲੇਸ਼ਨਾਂ ਕਰਨ ਵਾਲੇ ਕੁੱਝ ਲੋਕਾਂ ਨੇ ਇਸ ਚੱਕਰ ਵਿੱਚ ਪੈਸਾ ਜ਼ਰੂਰ ਕਮਾ ਲਿਆ, ਪਰ ਇਸ ਨਾਲ ਪੰਜਾਬੀ ਜ਼ੁਬਾਨ ਦਾ ਕੋਈ ਭਲਾ ਨਹੀਂ ਹੋਇਆ। ਅੱਜ ਘਟੀਆ ਕੁਆਲਿਟੀ ਵਾਲਾ ਥਰਡ ਕਲਾਸ ਚੀਨੀ ਮਾਲ ਬਜ਼ਾਰ ਵਿੱਚ ਆਉਣ ਨਾਲ ਸਾਡੀ ਲੋਕਲ ਇੰਡਸਟਰੀ ਨੂੰ ਗੰਭੀਰ ਸੱਟ ਵੱਜ ਰਹੀ ਹੈ।ਇਹੀ ਹਾਲ ਰੂਸੀ ਕਿਤਾਬਾਂ ਨੇ ਕੀਤਾ। ਸੋਵੀਅਤ ਗਰਾਂਟ ਨਾਲ ਛਪਣ ਵਾਲੀਆਂ ਇਨ੍ਹਾਂ ਸਸਤੀਆਂ ਕਿਤਾਬਾਂ ਨੇ ਸਾਡੀ ਲੋਕ ਪੁਸਤਕ ਇੰਡਸਟਰੀ ਨੂੰ ਗੰਭੀਰ ਸੱਟ ਮਾਰੀ। ਅੱਜ ਜੇ ਸਰਕਾਰ ਸਸਤੇ ਮੁੱਲ ਦੀ ਅਸਟਰੇਲੀਅਨ ਕਣਕ ਮਾਰਕੀਟ ਵਿੱਚ ਆਉਣ ਦੀ ਆਗਿਆ ਦੇ ਦੇਵੇ ਤਾਂ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਇਸ ਨਾਲ ਸਾਡੇ ਕਿਸਾਨ ਨੂੰ ਗੰਭੀਰ ਨੁਕਸਾਨ ਪਹੁੰਚੇਗਾ। ਬਿਲਕੁਲ ਇਹੀ ਕੁੱਝ ਕਿਤਾਬਾਂ ਦੇ ਮਾਮਲੇ ਵਿੱਚ ਸੋਵੀਅਤ ਪ੍ਰਕਾਸ਼ਨਾਂ ਨੇ ਸਾਡੇ ਮੁਲਕਾਂ ਵਿੱਚ ਕੀਤਾ ਹੈ। ਇਹ ਸਾਰਾ ਸਾਹਿਤ ਸੋਵੀਅਤ ਸਰਕਾਰ ਦੇ ਰਾਜਨੀਤਕ ਤੇ ਵਿਚਾਰਧਾਰਕ ਹਿੱਤਾਂ ਦੀ ਪੂਰਤੀ ਲਈ ਬਜ਼ਾਰ ਵਿੱਚ ਸੁੱਟਿਆ ਗਿਆ ਵਿਚਾਰਧਾਰਕ ਸਾਹਿਤ ਸੀ। ਇਹ ਸਾਡੇ ਲੋਕਾਂ ਦੀਆਂ ਰੋਜ਼ ਮੱਰ੍ਹਾ ਦੀਆਂ ਲੋੜਾਂ ਵਿੱਚੋਂ ਪੈਦਾ ਹੋਇਆ ਸਾਹਿਤ ਨਹੀਂ ਸੀ। ਜਿਸ ਤਰੀਕੇ ਨਾਲ ਸਾਡੇ ਬਹੁਤ ਸਾਰੇ



ਸਭਿਆਚਾਰਕ ਰੂਪਾਂ ਵਿੱਚ ਅੱਜ ਅਮਰੀਕੀ ਪ੍ਰਭਾਵ ਹੈ ਤੇ ਸਭਿਆਚਾਰ ਦਾ ਪੱਛਮੀਕਰਨ ਹੋ ਰਿਹਾ ਹੈ, ਉਸ ਨਾਲ ਪੱਛਮੀ ਕਲਚਰ, ਗਿਆਨ ਤੇ ਜੀਵਨ ਜਾਚ ਦੀ ਇੱਕ ਸਰਦਾਰੀ ਸਥਾਪਤ ਹੋ ਗਈ ਹੈ, ਜਿਸ ਦੇ ਸਾਹਮਣੇ ਸਾਡੀ ਨਵੀਂ ਪੀੜ੍ਹੀ ਨੂੰ ਭਾਰਤੀ ਸਭਿਆਚਾਰ, ਗਿਆਨ ਤੇ ਜੀਵਨ ਜਾਚ ਨੀਵੇਂ ਪੱਧਰ ਦੇ ਲੱਗਦੇ ਹਨ। ਪੱਛਮੀ ਸਭਿਆਚਾਰ, ਗਿਆਨ ਤੇ ਵਿਚਾਰਧਾਰਾ ਦਾ ਗਲੈਮਰ ਸਥਾਪਤ ਕਰ ਦਿੱਤਾ ਗਿਆ ਹੈ। ਸੋਵੀਅਤ ਯੂਨੀਅਨ ਦੇ ਦੌਰ ਵਿੱਚ ਸੋਵੀਅਤ ਕਿਤਾਬਾਂ ਨੇ ਇਹੀ ਕੁੱਝ ਸੋਵੀਅਤ ਵਿਚਾਰਧਾਰਾ ਤੇ ਸਭਿਆਚਾਰ ਬਾਰੇ ਕੀਤਾ। ਉਸ ਨੇ ਸੋਵੀਅਤ ਯੂਨੀਅਨ ਦੇ ਕਮਿਊਨਿਸਟ ਸਭਿਆਚਾਰ, ਰੂਸੀ ਜੀਵਨ, ਰੂਸੀ ਸਾਹਿਤ ਤੇ ਰੂਸੀ ਗਿਆਨ ਨੂੰ ਗਲੈਮਰਾਈਜ਼ ਕਰ ਦਿੱਤਾ ਤੇ ਸਾਡੇ ਲੋਕਲ ਸਭਿਆਚਾਰ ਤੇ ਗਿਆਨ ਨੂੰ ਹੀਣਾ ਲੱਗਣ ਲਾ ਦਿੱਤਾ। ਨਵੇਂ ਰੂਸੀ ਗਿਆਨ ਅਤੇ ਸਾਹਿਤ ਅੱਗੇ ਸਾਨੂੰ ਆਪਣੀ ਅਮੀਰ ਪਰੰਪਰਾ, ਗਿਆਨ ਤੇ ਸਭਿਆਚਾਰ ਛੋਟੇ ਲੱਗਣ ਲੱਗ ਪਏ।

ਅਜ਼ਾਦੀ ਤੋਂ ਬਾਅਦ ਮੁਲਕ ਦੀ ਬੌਧਿਕ ਜਮਾਤ, ਕਲਾ ਅਤੇ ਸਾਹਿਤ ਨਾਲ ਜੁੜੇ ਖੇਤਰਾਂ ਵਿੱਚ ਪ੍ਰਗਤੀਵਾਦੀ ਸੋਚ ਤੇ ਵਿਚਾਰਧਾਰਾ ਦੀ ਸਰਦਾਰੀ ਰਹੀ ਹੈ। ਇਹ ਉਹ ਦੌਰ ਹੈ, ਜਦੋਂ ਪ੍ਰਗਤੀਵਾਦੀ ਗਿਆਨ ਤੇ ਸੋਚ ਕਿਸੇ ਇਲਹਾਮ ਤੋਂ ਵੀ ਉਪਰ ਦੀ ਚੀਜ਼ ਲੱਗਣ ਲੱਗ ਪਈ। ਗੈਰ ਪ੍ਰਗਤੀਵਾਦੀ ਹੋਣਾ ਇਸ ਤਰਾਂ ਸੀ, ਜਿਵੇਂ ਕੋਈ ਕਾਫਰ ਹੋਵੇ। ਵੱਖਰੀ ਸੋਚ ਵਾਲਿਆਂ ਨੂੰ ਪ੍ਰਗਤੀਵਾਦੀ ਇਸ ਤਰਾਂ ਦੇਖਦੇ ਸਨ, ਜਿਵੇਂ ਅੱਜ ਆਰ ਐਸ ਐਸ ਵਾਲੇ ਮੁਸਲਮਾਨਾਂ ਨੂੰ ਦੇਖਦੇ ਹਨ। ਪ੍ਰਗਤੀਵਾਦ ਨੇ ਇੱਕ ਸਾਡੇ ਸਾਹਿਤ, ਬੌਧਿਕ ਤੇ ਅਕਾਦਮਿਕ ਹਲਕਿਆਂ ਅੰਦਰ ਇੱਕ ਵਿਚਾਰਧਾਰਕ ਹੰਕਾਰ ਪੈਦਾ ਕੀਤਾ। ਹੌਲੀ ਹੌਲੀ ਇਹ ਹੰਕਾਰ ਗਹਿਰਾ ਉਤਰਦਾ ਗਿਆ ਤੇ ਇਸ ਨੇ ਸਾਡੀ ਬੌਧਿਕ ਜਮਾਤ ਦੇ ਅਚੇਤ ਮਨ ਤੇ ਕਬਜ਼ਾ ਕਰ ਲਿਆ। ਅਸੀਂ ਦੇਖਿਆ ਹੈ ਕਿ ਹਰ ਤਰਾਂ ਦੀ ਕੱਟੜਤਾ ਲਗਾਤਾਰ ਵਧਦੀ ਜਾਂਦੀ ਹੈ। ਜਿਵੇਂ ਅੱਜ ਅਸੀਂ ਸਿੱਖੀ ਦੇ ਨਾਂ ਤੇ ਰੋਜ਼ ਵਧ ਰਹੀ ਕੱਟੜਤਾ ਦੇਖ ਰਹੇ ਹਾਂ। ਸਿੰਘ ਸਭਾ ਲਹਿਰ ਤੱਕ ਸਿੱਖ ਡੇਰਿਆਂ, ਸਿੱਖ ਬੁਧੀਜੀਵੀ ਤਬਕੇ ਅਤੇ ਸਿੱਖ ਸੰਗਠਨਾਂ ਅੰਦਰ ਐਨੀ ਤੰਗ ਨਜ਼ਰੀ ਨਹੀਂ ਸੀ। ਸਿੰਘ ਸਭਾ ਲਹਿਰ ਨਾਲ ਸਿਖ ਜਾਗਰਤੀ ਦਾ ਜੋ ਸਿਲਸਿਲਾ ਸ਼ੁਰੂ ਹੋਇਆ, ਉਹ ਹੌਲੀ ਹੌਲੀ ਨਵੀਂ ਤਰਾਂ ਦੀ ਕੱਟੜਤਾ ਵਿੱਚ ਪਲਟਣਾ ਸ਼ੁਰੂ ਹੋ ਗਿਆ। ਇਸ ਨੇ ਸਾਰੇ ਸਿੱਖ ਇਤਿਹਾਸ, ਮਰਿਆਦਾ, ਸੰਸਥਾਨਾਂ ਤੇ ਪਰੰਪਰਾਵਾਂ ਦਾ ਘੇਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ। ਅੱਜ ਹਾਲਤ ਇਥੇ ਤੱਕ ਪਹੁੰਚ ਗਈ ਹੈ ਕਿ ਇਨ੍ਹਾਂ ਲੋਕਾਂ ਨੇ ਭਾਈ ਨੰਦ ਲਾਲ ਗੋਯਾ ਨੂੰ ਵੀ ਅੰਮ੍ਰਿਤ ਛਕਾਕੇ ਸਿੰਘ ਸਜਾ ਦਿੱਤਾ ਹੈ। ਜਦਕਿ ਇਤਿਹਾਸ ਵਿੱਚ ਕਿਤੇ ਇਸ ਤਰਾਂ ਦਾ ਵੇਰਵਾ ਨਹੀਂ ਮਿਲਦਾ। ਪਹਿਲਾਂ ਸਿਰਫ ਮੂਰਤੀ ਪੂਜਾ ਦਾ ਵਿਚਾਰਧਾਰਕ ਵਿਰੋਧ ਕੀਤਾ ਜਾਂਦਾ ਸੀ, ਹੁਣ ਇਹ ਸਮਾਧਾਂ ਢਾਹੁਣ ਤੇ ਆ ਗਏ ਹਨ। ਕਹਿਣ ਦਾ ਮਤਲਬ ਹੈ ਕਿ ਤੰਗ ਨਜ਼ਰੀ ਤੇ ਕੱਟੜਤਾ ਇੱਕ ਅਜਿਹੀ ਬਿਮਾਰੀ ਹੈ ਜਿਹੜੀ ਲਗਾਤਾਰ ਵਧਦੀ ਜਾਂਦੀ ਹੈ। ਇਹੀ ਕੁੱਝ ਪ੍ਰਗਤੀਵਾਦੀ ਲਹਿਰ ਨਾਲ ਵੀ ਹੋਇਆ। ਉਸਾਰੂ ਤੇ ਵਿਚਾਰਧਾਰਕ ਸਾਹਿਤ ਦੀ ਗੱਲ ਕਰਦੇ ਕਰਦੇ ਇਹ ਹੌਲੀ ਹੌਲੀ ਹਰ ਤਰਾਂ ਦੇ ਪੌਪੂਲਰ ਸਾਹਿਤ ਤੇ ਕਲਾ ਨੂੰ ਨੀਵਾਂ ਦਿਖਾਉਣ ਤੇ ਆ ਗਈ। ਇਹ ਵਿਚਾਰਧਾਰਕ ਦਬਦਬੇ ਦਾ ਹਾਲ ਇਹ ਸੀ ਕਿ ਪੌਪੂਲਰ ਸਾਹਿਤ ਲਿਖਣ ਵਾਲੇ ਆਪਣੇ ਆਪ ਨੂੰ ਇਸ ਤਰਾਂ ਸਮਝਣ ਲੱਗੇ, ਜਿਵੇਂ ਉਹ ਕੋਈ ਗਲਤ ਕੰਮ ਕਰਨ ਵਾਲੇ ਹੋਣ। ਇਹ ਚੀਜ਼ ਸਿਰਫ ਪੰਜਾਬੀ ਵਿੱਚ ਹੀ ਨਹੀਂ ਹੋਈ ਬਲਕਿ ਹੋਰ ਭਾਸ਼ਾਵਾਂ ਵਿੱਚ ਵੀ ਹੋਈ। ਗੁਲਸ਼ਨ ਨੰਦਾ ਦਾ ਨਾਵਲ ਚੰਦਨ 1980 ਵਿੱਚ ਜਦ ਛਪਿਆ ਤਾਂ ਉਸ ਦਾ ਪਹਿਲਾ ਐਡੀਸ਼ਨ 5 ਲੱਖ ਛਪਿਆ ਸੀ। ਇਕੱਲੇ ਮੈਂ ਹੀ ਪੰਜਾਬ ਵਿੱਚ ਉਸ ਦੀ 10 ਹਜ਼ਾਰ ਕਾਪੀ ਡਿਸਟ੍ਰੀਬਿਊਟ ਕੀਤੀ ਸੀ। ਇਹ ਕੁੱਲ 10 ਲੱਖ ਦੇ ਕਰੀਬ ਵਿਕਿਆ। ਪੰਜਾਬੀ ਵਿੱਚ ਬੂਟਾ ਸਿੰਘ ਸ਼ਾਦ ਦਾ ਨਾਵਲ ਕੁੱਤਿਆਂ ਵਾਲਾ ਸਰਦਾਰ ਜਦ ਆਇਆ ਸੀ ਤਾਂ ਇਸ ਦਾ ਪਹਿਲਾ ਐਡੀਸ਼ਨ ਹੀ 10 ਹਜ਼ਾਰ ਛਾਪਿਆ ਗਿਆ ਸੀ।ਪਾਸ਼ ਦੀ ਇੱਕ ਕਵਿਤਾ ਵਿੱਚ ਗੁਲਸ਼ਨ ਨੰਦਾ ਦੇ ਨਾਵਲਾਂ ਬਾਰੇ ਮਜ਼ਾਕ ਨੁਮਾ

ਗੱਲ ਕੀਤੀ ਗਈ ਹੈ। ਇਹ ਸਮੁਚੀ ਪ੍ਰਗਤੀਵਾਦੀ ਲਹਿਰ ਦੀ ਸੋਚ ਸੀ। ਅਕਾਦਮਿਕਤਾ ਤੇ ਵੀ ਕਿਉਂਕਿ ਪ੍ਰਗਤੀਵਾਦੀ ਸੋਚ ਵਾਲੇ ਹਾਵੀ ਸਨ, ਇਸ ਕਰਕੇ ਉਨ੍ਹਾਂ ਦਾ ਸਾਹਿਤ ਮੁਲਾਂਕਣ, ਰਿਵੀਊ ਤੇ ਅਲੋਚਨਾ ਵੀ ਨਿਰੀਪੁਰੀ ਵਿਚਾਰਧਾਰਕ ਸਰੋਕਾਰਾਂ ਤੋਂ ਪ੍ਰੇਰਿਤ ਸੀ। ਇਸ ਕਰਕੇ ਇਸ ਅਲੋਚਨਾ ਨੇ ਪੌਪੂਲਰ ਸਾਹਿਤ ਦਾ ਹਾਂਪੱਖੀ ਮੁਲਾਂਕਣ ਤਾਂ ਕੀ ਕਰਨਾ ਸੀ, ਉਸ ਨੂੰ ਅਛੂਤ ਸਮਝਕੇ ਰੱਦ ਕੀਤਾ। ਅੱਜ ਪੰਜਾਬੀ ਵਿੱਚ ਪੌਪੂਲਰ ਸਾਹਿਤ ਦੀ ਪਰੰਪਰਾ ਪੂਰੀ ਤਰਾਂ ਖਤਮ ਹੈ। ਜਿਵੇਂ ਅਸੀਂ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ ਕਿ ਪੌਪੂਲਰ ਸਾਹਿਤ ਤੋਂ ਬਿਨਾਂ ਬੁਕ ਇੰਡਸਟਰੀ ਨੂੰ ਖੜ੍ਹਾ ਕਰਨਾ ਮੁਸ਼ਕਲ ਹੈ। ਗੰਭੀਰ ਸਾਹਿਤ ਦਾ ਘੇਰਾ ਹਮੇਸ਼ਾ ਹੀ ਬਹੁਤ ਸੀਮਤ ਰਹਿੰਦਾ ਹੈ। ਅੱਜ ਮੁਲਕ ਦੀਆਂ ਜ਼ਿਆਦਾਤਰ ਭਾਸ਼ਾਵਾਂ ਵਿੱਚ ਪੌਪੂਲਰ ਸਾਹਿਤ ਖਤਮ ਹੋ ਚੁੱਕਾ ਹੈ। ਪੌਪੂਲਰ ਸਾਹਿਤ ਪ੍ਰਕਾਸ਼ਨ ਘਰਾਂ ਤੇ ਬੁਕ ਸੈਲਰਾਂ ਨੂੰ ਰੈਗੂਲਰ ਆਮਦਨ ਦਾ ਇੱਕ ਚੈਨਲ ਦਿੰਦਾ ਹੈ, ਜਿਸ ਨਾਲ ਉਹ ਸਿਸਟਮ ਨੂੰ ਚੱਲਦਾ ਰੱਖ ਸਕਦੇ ਹਨ। ਅੰਮ੍ਰਿਤਸਰ ਦੇ ਪ੍ਰਕਾਸ਼ਕਾਂ ਕੋਲ ਅਜਿਹਾ ਰੈਗੂਲਰ ਆਮਦਨ ਦਾ ਸਰੋਤ ਗੁਰਬਾਣੀ ਸਾਹਿਤ ਰਿਹਾ ਹੈ ਅਤੇ ਜਲੰਧਰ ਦੇ ਪ੍ਰਕਾਸ਼ਕਾਂ ਕੋਲ ਟੈਕਸਟ ਬੁਕ ਲਿਟਰੇਚਰ। ਇਸ ਤੋਂ ਬਿਨਾਂ ਜੋ ਜ਼ਿੰਦਗੀ ਦੇ ਨਵੇਂ ਰੁਝਾਨਾਂ ਵਿੱਚੋਂ ਨਵਾਂ ਸਾਹਿਤ ਪੈਦਾ ਹੋਣਾ ਸੀ, ਉਹ ਧਾਰਾ ਬੰਦ ਹੋ ਗਈ।

**? ਭਾਪਾ ਪ੍ਰੀਤਮ ਸਿੰਘ ਨੇ ਨਵਯੁਗ ਪਬਲਿਸ਼ਰਜ਼ ਨਿਰੋਲ ਸਾਹਿਤਕ ਕਿਤਾਬਾਂ ਦੇ ਸਿਰ ਤੇ ਖੜ੍ਹਾ ਕੀਤਾ। ਉਹ ਕਿਵੇਂ ਵਾਪਰਿਆ ?**

– ਇਹ ਬਹੁਤ ਵੱਡਾ ਭੁਲੇਖਾ ਹੈ ਕਿ ਭਾਪਾ ਪ੍ਰੀਤਮ ਸਿੰਘ ਗੰਭੀਰ ਸਾਹਿਤ ਦੇ ਸਿਰ ਤੇ ਆਪਣਾ ਬਿਜ਼ਨਸ ਚਲਾ ਰਿਹਾ ਸੀ। ਭਾਪਾ ਜੀ ਕਿਸੇ ਵੇਲੇ ਪ੍ਰੀਤਨਗਰ ਵਿੱਚ ਪ੍ਰੀਤਲੜੀ ਹੋਰਾਂ ਨਾਲ ਕੰਪੋਜ਼ਿਟਰ ਦੇ ਤੌਰ ਤੇ ਕੰਮ ਕਰਦੇ ਰਹੇ ਸਨ। ਉਜਾੜੇ ਤੋਂ ਬਾਅਦ ਗੁਰਬਖਸ਼ ਸਿੰਘ ਹੋਰੀਂ ਵੀ ਦਿੱਲੀ ਆ ਗਏ ਸਨ ਤੇ ਉਨ੍ਹਾਂ ਮਹਿੰਦਰ ਸਿੰਘ ਰੰਧਾਵਾ ਦੀ ਕਿਰਪਾ ਦ੍ਰਿਸ਼ਟੀ ਨਾਲ ਮਹਿਰੌਲੀ ਵਿੱਚ ਇੱਕ ਪਲਾਟ ਹਾਸਲ ਕਰ ਲਿਆ, ਜਿਥੇ ਉਨ੍ਹਾਂ ਪ੍ਰੈਸ ਲਾ ਲਈ। ਗੁਰਬਖਸ਼ ਸਿੰਘ ਪ੍ਰੀਤਲੜੀ ਹੋਰਾਂ ਦਾ ਇਥੇ ਮਨ ਨਹੀਂ ਲੱਗਿਆ ਤੇ ਉਨ੍ਹਾਂ ਤੋਂ ਕਿਸੇ ਤਰੀਕੇ ਨਾਲ ਉਸ ਦੌਰ ਵਿੱਚ ਤੀਹ ਹਜ਼ਾਰ ਰੁਪਏ ਵਿੱਚ ਇਹ ਪ੍ਰੈਸ ਭਾਪਾਜੀ ਨੇ ਖਰੀਦ ਲਈ। ਭਾਪਾਜੀ ਨੂੰ ਪ੍ਰਿੰਟਿੰਗ ਦਾ ਚੰਗਾ ਅਨੁਭਵ ਸੀ ਅਤੇ ਉਹ ਬੜੇ ਸੁਲਝੇ ਹੋਏ ਬਿਜ਼ਨਸਮੈਨ ਸਨ, ਇਸ ਕਰਕੇ ਉਨ੍ਹਾਂ ਪ੍ਰਿੰਟਿੰਗ ਦਾ ਕੰਮ ਚਲਾ ਲਿਆ। ਉਨ੍ਹਾਂ ਦੀ ਪ੍ਰੈਸ ਕਮਰਸ਼ੀਅਲੀ ਚੱਲ ਨਿਕਲੀ। ਪ੍ਰਕਾਸ਼ਨ ਦਾ ਕੰਮ ਤਾਂ ਉਤੋਂ ਉਤੋਂ ਹੀ ਹੋਈ ਜਾਂਦਾ ਸੀ। ਫੇਰ ਭਾਪਾ ਜੀ ਨੂੰ ਸੋਵੀਅਤ ਅੰਬੈਸੀ ਵਾਲੇ ਵੀ ਰਾਸ ਆ ਗਏ। ਉਹ ਅੰਬੈਸੀ ਦੁਆਰਾ ਅਨੁਵਾਦ ਕਰਵਾਈਆਂ ਜਾਂਦੀਆਂ ਕਿਤਾਬਾਂ ਛਾਪਦੇ। ਉਨ੍ਹਾਂ ਨੂੰ ਇੱਕ ਪਾਸੇ ਤਿਆਰ ਹੋਈਆਂ ਕਿਤਾਬਾਂ ਮਿਲਦੀਆਂ, ਜਿਨ੍ਹਾਂ ਨੂੰ ਵੇਚਣ ਦੇ ਅਧਿਕਾਰ ਉਨ੍ਹਾਂ ਨੂੰ ਮਿਲੇ ਹੋਏ ਸਨ ਅਤੇ ਦੂਜੇ ਪਾਸੇ ਕਿਤਾਬਾਂ ਛਾਪਣ ਦੇ ਪੈਸੇ ਵੀ ਉਨ੍ਹਾਂ ਨੂੰ ਮਿਲਦੇ। ਇਹ ਸਿਲਸਿਲਾ ਲੰਬਾ ਸਮਾਂ ਚੱਲਿਆ। ਸੋਵੀਅਤ ਅੰਬੈਸੀ ਨੇ ਉਨ੍ਹਾਂ ਨੂੰ ਇੱਕ ਮਜ਼ਬੂਤ ਫਾਇਨਾਂਸ਼ਲ ਅਧਾਰ ਦੇ ਦਿੱਤਾ। ਫੇਰ ਇੱਕ ਦੌਰ ਅਜਿਹਾ ਵੀ ਆਇਆ, ਜਦੋਂ ਮੁਲਕ ਵਿੱਚ ਅਨਾਜ ਦਾ ਸੰਕਟ ਪੈਦਾ ਹੋ ਗਿਆ ਤੇ ਭਾਰਤ ਨੇ ਅਮਰੀਕਾ ਤੋਂ ਸਹਾਇਤਾ ਲਈ। ਅਮਰੀਕਾ ਦੁਆਰਾ ਜਿਸ ਧਾਰਾ ਤਹਿਤ ਇਹ ਸਹਾਇਤਾ ਦਿੱਤੀ ਗਈ, ਉਸ ਨੂੰ ਪਬਲਿਕ ਲਾਅ 480 (ਪੀਐਲ 480) ਕਿਹਾ ਜਾਂਦਾ ਹੈ। ਇਸ ਧਾਰਾ ਤਹਿਤ ਜੋ ਅਨਾਜ ਦਿੱਤਾ ਜਾਂਦਾ ਹੈ, ਉਹ ਬਿਲਕੁਲ ਫਰੀ ਨਹੀਂ ਹੁੰਦਾ। ਇਸ ਧਾਰਾ ਅਨੁਸਾਰ ਅਨਾਜ ਦੇ ਪੈਸੇ ਤਾਂ ਲਏ ਜਾਂਦੇ ਹਨ ਪਰ ਉਨ੍ਹਾਂ ਪੈਸਿਆਂ ਦੀ ਅਦਾਇਗੀ ਉਸੇ ਮੁਲਕ ਦੀ ਕਰੰਸੀ ਵਿੱਚ ਲਈ ਜਾਂਦੀ ਹੈ ਤੇ ਉਥੇ ਹੀ ਖਰਚ ਕੀਤੀ ਜਾਂਦੀ ਹੈ। ਇਹ ਜੋ ਪੈਸਾ ਅਮਰੀਕੀ ਅੰਬੈਸੀ ਕੋਲ ਆਇਆ, ਇਹ ਪੈਸਾ ਅਮਰੀਕੀ ਸਾਹਿਤ ਛਾਪਣ ਲਈ ਖਰਚਿਆ ਗਿਆ। ਕੁੱਝ ਦੇਰ ਭਾਪਾ ਜੀ ਨੇ ਇਹ ਕੰਮ ਵੀ ਕੀਤਾ। ਇਸ ਨਾਲ ਵੀ ਉਨ੍ਹਾਂ ਦੇ ਪ੍ਰਕਾਸ਼ਨ ਬਿਜ਼ਨਸ ਨੂੰ ਬਹੁਤ ਵੱਡੀ ਮਦਦ ਮਿਲੀ। ਆਰਸੀ ਕੋਈ ਵਪਾਰਕ ਕਾਮਯਾਬੀ ਨਹੀਂ ਸੀ। ਉਹ ਭਾਪਾ ਜੀ ਦੀ ਆਪਣੀ ਪ੍ਰੈਸ ਤੇ ਛਪਦਾ



ਸੀ ਅਤੇ ਇਸ ਨਾਲ ਉਨ੍ਹਾਂ ਦਾ ਖਰਚਾ ਨਾਮਾਤਰ ਹੀ ਰਹਿ ਜਾਂਦਾ ਸੀ। ਭਾਪਾ ਜੀ ਪੰਜਾਬੀ ਦੇ ਸਾਹਿਤਕ ਹਲਕਿਆਂ ਵਿੱਚ ਅਪਣੇ ਇੱਕ ਮੰਚ ਦੇ ਤੌਰ ਤੇ ਇਸ ਨੂੰ ਪੱਲਿਓਂ ਖਰਚਕੇ ਵੀ ਚਲਾ ਸਕਦੇ ਸਨ। ਇਸ ਦੇ ਬਾਵਜੂਦ ਵੀ ਇਸ ਪਰਚੇ ਬਾਰੇ ਇਹ ਨਹੀਂ ਕਹਿ ਸਕਦੇ ਕਿ ਇਸ ਪ੍ਰੀਤਲੜੀ ਦੀ ਤਰਾਂ ਕੋਈ 20 ਜਾਂ ਪੱਚੀ ਹਜ਼ਾਰ ਛਪਦਾ ਸੀ। ਇਸ ਦੀ ਛਪਣ ਗਿਣਤੀ ਹਜ਼ਾਰ ਪੰਦਰਾਂ ਸੌ ਦੇ ਨੇੜੇ ਤੇੜੇ ਰਹਿੰਦੀ ਸੀ। ਨਾਗਮਣੀ ਅੰਮ੍ਰਿਤਾ ਪ੍ਰੀਤਮ ਦਾ ਨਿੱਜੀ ਬੁਲੇਟਿਨ ਸੀ। ਉਸ ਦੀ ਛਪਣ ਗਿਣਤੀ ਵੀ ਹਜ਼ਾਰ ਪੰਦਰਾਂ ਸੌ ਹੀ ਸੀ ਅਤੇ ਉਹ ਵੀ ਕੋਈ ਕਮਰਸ਼ੀਅਲ ਤੌਰ ਤੇ ਕਾਮਯਾਬ ਪਰਚਾ ਨਹੀਂ ਸੀ।

**? ਇਸੇ ਦੌਰਾਨ ਭਾਸ਼ਾ ਵਿਭਾਗ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਤੇ ਯੂਨੀਵਰਸਿਟੀਆਂ ਦੇ ਪ੍ਰਕਾਸ਼ਨ ਹਾਊਸ ਵੀ ਆ ਗਏ। ਕੀ ਉਨ੍ਹਾਂ ਨੇ ਪੰਜਾਬੀ ਪੁਸਤਕਾਂ ਤੇ ਗੰਭੀਰ ਸਾਹਿਤ ਦੇ ਪ੍ਰਕਾਸ਼ਨ ਵਿੱਚ ਕੋਈ ਯੋਗਦਾਨ ਨਹੀਂ ਪਾਇਆ।**

– ਭਾਸ਼ਾ ਵਿਭਾਗ ਜਿਸ ਟੀਚੇ ਨੂੰ ਮੁਖ ਰੱਖਕੇ ਸ਼ੁਰੂ ਕੀਤਾ ਗਿਆ ਸੀ, ਉਸ ਵਿੱਚ ਤਾਂ ਇਹ ਫੇਲ੍ਹ ਹੈ। ਭਾਸ਼ਾ ਵਿਭਾਗ ਵਰਗੇ ਅਦਾਰਿਆਂ ਦਾ ਮਕਸਦ ਅਜਿਹਾ ਸਾਹਿਤ, ਖੋਜ ਕਾਰਜ ਤੇ ਹਵਾਲਾ ਸਮੱਗਰੀ ਛਾਪਣੀ ਹੁੰਦਾ ਹੈ, ਜਿਹੜੇ ਕਿਸੇ ਪ੍ਰੋਫੈਸ਼ਨਲ ਪਬਲਿਸ਼ਰ ਲਈ ਛਾਪਣੇ ਸੰਭਵ ਨਾ ਹੋਣ। ਇਹ ਅਜਿਹਾ ਸਾਹਿਤ ਹੁੰਦਾ ਹੈ, ਜਿਸ ਦੀ ਕਾਪੀ ਭਾਵੇਂ ਦੋ ਚਾਰ ਸੌ ਹੀ ਛਪਣੀ ਹੁੰਦੀ ਹੈ, ਪਰ ਜਿਸ ਦੀ ਅਕਾਦਮਿਕ ਮਹੱਤਤਾ ਹੁੰਦੀ ਹੈ। ਕਈ ਅਜਿਹੇ ਖੋਜ ਪ੍ਰਾਜੈਕਟ ਹੁੰਦੇ ਹਨ, ਜਿਨ੍ਹਾਂ ਦਾ ਬਹੁਤ ਮਹੱਤਵ ਹੁੰਦਾ ਹੈ, ਜਿਨ੍ਹਾਂ ਤੇ ਖਰਚਾ ਵੀ ਬਹੁਤ ਹੁੰਦਾ ਹੈ, ਪਰ ਜਿਹੜੇ ਕਮਰਸ਼ੀਅਲੀ ਨਹੀਂ ਛਾਪੇ ਜਾ ਸਕਦੇ। ਇਸ ਤਰਾਂ ਦੇ ਪ੍ਰਾਜੈਕਟ ਸਰਕਾਰੀ ਜਾਂ ਸੰਸਥਾਈ ਗਰਾਂਟਾਂ ਦੇ ਸਿਰ ਤੇ ਹੀ ਚੱਲ ਸਕਦੇ ਹਨ। ਭਾਸ਼ਾ ਵਿਭਾਗ ਦੀ ਸਮੱਸਿਆ ਇਹ ਰਹੀ ਕਿ ਇਸ ਵਿੱਚ ਬਹੁਤ ਉਚੀ ਸੋਚ ਤੇ ਦ੍ਰਿਸ਼ਟੀ ਵਾਲੇ ਲੋਕ ਬਹੁਤ ਘੱਟ ਆਏ। ਇਨ੍ਹਾਂ ਲੋਕਾਂ ਅੰਦਰ ਆਪਣੇ ਕਾਰਜ ਪ੍ਰਤੀ ਨਾ ਲਗਨ ਸੀ ਅਤੇ ਨਾ ਉਸ ਪਾਏ ਦਾ ਬੌਧਿਕ ਮਿਆਰ ਸੀ। ਉਨ੍ਹਾਂ ਲਈ ਇਹ ਸਰਕਾਰੀ ਪੋਸਟਾਂ ਅਤੇ ਨੌਕਰੀਆਂ ਸਨ ਅਤੇ ਉਨ੍ਹਾਂ ਇਸੇ ਸੋਚ ਨਾਲ ਇਹ ਨੌਕਰੀਆਂ ਕੀਤੀਆਂ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਿਫਾਰਿਸ਼ੀ ਲੋਕਾਂ ਕੋਲੋਂ ਅਨੁਵਾਦ ਕਰਵਾਏ ਗਏ। ਸਿਫਾਰਸ਼ੀ ਲੋਕਾਂ ਦੀਆਂ ਕਿਤਾਬਾਂ ਛਾਪੀਆਂ ਗਈਆਂ। ਅੱਜ ਭਾਸ਼ਾ ਵਿਭਾਗ ਦੀਆਂ ਛਾਪੀਆਂ ਕਿਤਾਬਾਂ ਚੁੱਕਕੇ ਦੇਖ ਲਓ, ਉਨ੍ਹਾਂ ਦਾ ਅਨੁਵਾਦ ਐਨਾ ਮਾੜਾ ਹੈ ਕਿ ਜੇ ਇਸ ਮਾਮਲੇ ਦੀ ਕੋਈ ਨਿਰਪੱਖ ਪੜਤਾਲ ਕਰਵਾਈ ਜਾਵੇ ਤਾਂ ਅਜਿਹੇ ਵਿਸ਼ਵ ਕਲਾਸਿਕ ਸਾਹਿਤ ਦਾ ਬੇੜਾ ਗਰਕ ਕਰਨ ਵਾਲੇ ਅਨੁਵਾਦਕਾਂ ਤੇ ਅਜਿਹੇ ਅਨੁਵਾਦ ਨੂੰ ਛਾਪਣ ਵਾਲੇ ਚੇਅਰਮੈਨਾਂ ਖਿਲਾਫ ਕਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ ਛਪਾਈ ਐਨੀ ਬੁਰੀ ਹੈ ਕਿ ਭਾਸ਼ਾ ਵਿਭਾਗ ਦੀਆਂ ਇਹ ਕਿਤਾਬਾਂ ਤੁਸੀਂ ਆਪਣੀ ਨਿਜੀ ਲਾਇਬਰੇਰੀ ਵਿੱਚ ਨਹੀਂ ਰੱਖ ਸਕਦੇ। ਭਾਸ਼ਾ ਵਿਭਾਗ ਇੱਕ ਅਜਿਹਾ ਅਦਾਰਾ ਸੀ, ਜਿਹੜਾ ਪੰਜਾਬੀ ਦੇ ਵਿਸ਼ਵ ਪੱਧਰ ਦੀ ਸੋਚ ਵਾਲੇ ਅਕਾਦਮੀਸ਼ਨਾਂ ਤੇ ਬੁਧੀਜੀਵੀਆਂ ਦੁਆਰਾ ਚਲਾਇਆ ਜਾਣਾ ਚਾਹੀਦਾ ਸੀ। ਪਰ ਇਹ ਹੌਲੀ ਹੌਲੀ ਦੋਇਮ ਦਰਜੇ ਦੇ ਲੋਕਾਂ ਨਾਲ ਭਰ ਗਿਆ। ਯੂਨੀਵਰਸਿਟੀ ਟੈਕਸਟ ਬੁਕ ਬੋਰਡ ਦਾ ਮਕਸਦ ਹਰ ਵਿਸ਼ੇ ਵਿੱਚ ਅਜਿਹੀਆਂ ਕਿਤਾਬਾਂ ਤਿਆਰ ਕਰਵਾਉਣੀਆਂ ਸਨ, ਜਿਹੜੀਆਂ ਯੂਨੀਵਰਸਿਟੀ ਵਿਦਿਆਰਥੀਆਂ ਦੇ ਕੰਮ ਆ ਸਕਣ। ਪਰ ਇਸ ਬੋਰਡ ਦਾ ਜੋ ਹਾਲ ਹੋਇਆ, ਉਹ ਸਭ ਦੇ ਸਾਹਮਣੇ ਹੈ।

**? ਪੰਜਾਬੀ ਵਿੱਚ ਮੈਗਜ਼ੀਨ, ਰਿਸਾਲੇ ਤਾਂ ਅੱਜ ਵੀ ਬਹੁਤ ਛਪ ਰਹੇ ਹਨ। ਬੱਸ ਅੱਡਿਆਂ ਦੀਆਂ ਸਟਾਲਾਂ ਤੇ ਕਾਫੀ ਪੰਜਾਬੀ ਪਰਚੇ ਨਜ਼ਰ ਆ ਜਾਂਦੇ ਹਨ। ਇਨ੍ਹਾਂ ਪਰਚਿਆਂ ਨੂੰ ਦੇਖਕੇ ਦੋਵੇਂ ਤਰਾਂ ਦੇ ਖਿਆਲ ਮਨ ਵਿੱਚ ਆਉਂਦੇ ਹਨ। ਪਹਿਲਾ ਖਿਆਲ ਆਉਂਦਾ ਹੈ ਕਿ ਜੇ ਐਨੇ ਪਰਚੇ ਛਪ ਰਹੇ ਹਨ ਤਾਂ ਇਹ ਕਿਸੇ ਵਿਕਾਸ ਤੇ ਗਤੀਵਿਧੀ ਦੀ ਨਿਸ਼ਾਨੀ ਹੀ ਹੈ। ਪਰ ਜਦ ਇਨ੍ਹਾਂ ਰਸਾਲਿਆਂ ਦੀ ਛਪਣ**

**ਗਿਣਤੀ ਤੇ ਇਕੌਨਮੀ ਨੂੰ ਦੇਖੀਏ ਤਾਂ ਮਾਯੂਸੀ ਹੁੰਦੀ ਹੈ।**

– ਪੰਜਾਬੀ ਪਰਚਿਆਂ ਦੀ ਸਥਿਤੀ ਨੂੰ ਸਮਝਣ ਲਈ ਇਸ ਦੀ ਤੁਲਨਾ ਉਸ ਦੌਰ ਨਾਲ ਕਰਨੀ ਚਾਹੀਦੀ ਹੈ, ਜਦੋਂ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਦੌਰਾਨ ਕਈ ਕਾਮਯਾਬ ਪੰਜਾਬੀ ਮੈਗਜ਼ੀਨ ਸ਼ੁਰੂ ਹੋਏ। ਇਸ ਵਿੱਚ ਹੀਰਾ ਸਿੰਘ ਦਰਦ ਦਾ ਫੁਲਵਾੜੀ, ਲਾਭ ਸਿੰਘ ਨਾਰੰਗ ਦਾ ਪ੍ਰੀਤਮ, ਕਿਰਤੀ ਪਾਰਟੀ ਦਾ ਕਿਰਤੀ, ਚਰਨ ਸਿੰਘ ਸ਼ਹੀਦ ਦਾ ਮੌਜੀ, ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਪ੍ਰੀਤਲੜੀ, ਮੋਹਨ ਸਿੰਘ ਦਾ ਪੰਜ ਦਰਿਆ ਅਤੇ ਨਾਨਕ ਸਿੰਘ ਦਾ ਲੋਕ ਸਾਹਿਤ ਆਦਿ ਸ਼ਾਮਲ ਹਨ। ਇਸ ਦੌਰ ਦੇ ਕੁੱਝ ਪ੍ਰਮੁਖ ਪੰਜਾਬੀ ਰਸਾਲੇ 25–25 ਹਜ਼ਾਰ ਤੱਕ ਛਪਦੇ ਸਨ। ਇਨ੍ਹਾਂ ਪਰਚਿਆਂ ਦਾ ਇੱਕ ਖਾਸ ਪਹਿਲੂ ਇਹ ਸੀ ਕਿ ਇਨ੍ਹਾਂ ਨੂੰ ਚਲਾਉਣ ਵਾਲੀਆਂ ਸ਼ਖ਼ਸੀਅਤਾਂ ਨੇ ਇਨ੍ਹਾਂ ਨੂੰ ਆਪਣੀ ਫੁਲ ਟਾਈਮ ਗਤੀਵਿਧੀ ਬਣਾਇਆ ਸੀ ਅਤੇ ਇਹ ਸਾਰੇ ਲੋਕ ਜਿਸ ਤਰੀਕੇ ਨਾਲ ਇਨ੍ਹਾਂ ਮੈਗਜ਼ੀਨਾਂ ਨੂੰ ਚਲਾ ਰਹੇ ਸਨ, ਉਹ ਕਮਰਸ਼ੀਅਲੀ ਕਾਮਯਾਬੀ ਨਾਲ ਚੱਲਣ ਵਾਲਾ ਤਰੀਕਾ ਸੀ। ਇਹ ਵੀ ਸਚਾਈ ਹੈ ਕਿ ਇਹ ਮੈਗਜ਼ੀਨ ਕਮਰਸ਼ੀਅਲ ਤੌਰ ਤੇ ਕਾਮਯਾਬੀ ਨਾਲ ਚੱਲੇ। ਜੇ ਸਾਡੀ ਮੈਗਜ਼ੀਨ ਪੱਤਰਕਾਰਤਾ ਦਾ ਵਿਕਾਸ ਸਹੀ ਤਰੀਕੇ ਨਾਲ ਹੁੰਦਾ ਤਾਂ ਇਹੀ ਮੈਗਜ਼ੀਨ ਅੱਜ 2 ਤੋਂ 3 ਲੱਖ ਦੀ ਗਿਣਤੀ ਵਿੱਚ ਛਪ ਰਹੇ ਹੋਣੇ ਚਾਹੀਦੇ ਸੀ। ਪਰ ਹੋਇਆ ਬਿਲਕੁਲ ਉਲਟ। ਅਸੀਂ ਹਜ਼ਾਰ ਪੰਜ ਸੌ ਕਾਪੀਆਂ ਛਾਪਣ ਵਾਲੇ ਮੈਗਜ਼ੀਨਾਂ ਜੋਗੇ ਰਹਿ ਗਏ ਹਾਂ, ਜਿਨ੍ਹਾਂ ਦੀ ਕਾਊਂਟਰ ਸੇਲ 300 ਤੋਂ ਨਹੀਂ ਟੱਪਦੀ। ਅਜਿਹੀ ਮੈਗਜ਼ੀਨ ਪੱਤਰਕਾਰੀ ਦਾ ਮੁਢ ਆਰਸੀ ਤੇ ਨਾਗਮਣੀ ਨਾਲ ਬੱਝਦਾ ਹੈ। ਇਹ ਮੈਗਜ਼ੀਨ ਕਿਸੇ ਕਮਰਸ਼ੀਅਲ ਦ੍ਰਿਸ਼ਟੀ ਨਾਲ ਨਹੀਂ ਸਨ ਚੱਲ ਰਹੇ ਬਲਕਿ ਕਿਸੇ ਸ਼ਖ਼ਸੀਅਤ ਜਾਂ ਲੇਖਕ ਦੀ ਨਿੱਜੀ ਪ੍ਰਮੋਸ਼ਨ ਦਾ ਵਾਹਨ ਸਨ। ਜਦ ਮੈਗਜ਼ੀਨ 20 ਜਾਂ 25 ਹਜ਼ਾਰ ਦੀ ਗਿਣਤੀ ਵਿੱਚ ਛਪਣ ਵਾਲੇ ਸਨ ਤਾਂ ਉਸ ਦੌਰ ਵਿੱਚ ਪੰਜਾਬੀ ਦੀ ਕਿਤਾਬ ਦੀ ਮਾਰਕੀਟ ਵੀ ਵੱਡੀ ਸੀ। ਜਦ ਮੈਗਜ਼ੀਨ ਪੰਜ ਚਾਰ ਸੌ ਤੇ ਆ ਗਏ ਤਾਂ ਕਿਤਾਬਾਂ ਦੀ ਮਾਰਕੀਟ ਵੀ ਇਸ ਦੇ ਨਾਲ ਹੀ ਥੱਲੇ ਆ ਗਈ। ਬਾਅਦ ਦੇ ਦੌਰ ਵਿੱਚ ਅਕਸ, ਪੰਜਾਬੀ ਡਾਈਜੈਸਟ ਤੇ ਮਹਿਰਮ ਮੈਗਜ਼ੀਨ ਆਉਂਦੇ ਹਨ, ਜਿਹੜੇ ਉਚ ਰੇਟਾਂ ਵਾਲੀਆਂ ਕਾਰਪੋਰੇਟ ਐਡਾਂ ਲੈਣ ਵਿੱਚ ਤਾਂ ਕਾਮਯਾਬ ਹਨ ਪਰ ਸਮੱਗਰੀ ਦੇ ਪੱਖੋਂ ਖਾਲੀ ਹਨ। ਇਨ੍ਹਾਂ ਦੇ ਪਾਠਕਾਂ ਦੀ ਗਿਣਤੀ ਨਾਮਾਤਰ ਹੈ। ਖਾਲਿਸਤਾਨੀ ਲਹਿਰ ਦੇ ਦੌਰ ਦੌਰਾਨ ਕੁੱਝ ਮੈਗਜ਼ੀਨ ਕਾਫੀ ਵੱਡੀ ਗਿਣਤੀ ਵਿੱਚ ਛਪਦੇ ਤੇ ਵਿਕਦੇ ਰਹੇ। ਪਰ ਇਹ ਮੈਗਜ਼ੀਨ ਕਿਸੇ ਵੀ ਤਰਾਂ ਭਾਸ਼ਾ ਦੇ ਵਿਕਾਸ ਵਿੱਚ, ਜਾਂ ਸਮਾਜ ਅੰਦਰ ਪੜ੍ਹਨ ਲਿਖਣ ਦਾ ਕਲਚਰ ਵਿਕਸਤ ਕਰਨ ਦਾ ਮਾਧਿਅਮ ਨਹੀਂ ਸਨ। ਇਸ ਕਰਕੇ ਭਾਸ਼ਾ ਜਾਂ ਸਾਹਿਤ ਦੇ ਇਤਿਹਾਸ ਵਿੱਚ ਇਨ੍ਹਾਂ ਦਾ ਕੋਈ ਜ਼ਿਕਰ ਵੀ ਨਹੀਂ ਆਵੇਗਾ। ਇਸੇ ਸਮੇਂ ਦੌਰਾਨ ਇੱਕ ਛੋਟਾ ਜਿਹਾ ਹੋਰ ਰੁਝਾਨ ਸਾਹਮਣੇ ਆਇਆ, ਜਿਸ ਦਾ ਜ਼ਿਕਰ ਕਰਨਾ ਬਣਦਾ ਹੈ। ਤਰਕਸ਼ੀਲ ਲਹਿਰ ਵੀ ਗੜਬੜੀ ਦੇ ਦਿਨਾਂ ਦੌਰਾਨ ਹੀ ਸ਼ੁਰੂ ਹੋਈ। ਇਸ ਨੇ ਤਰਕਸ਼ੀਲ ਮੈਗਜੀਨ ਸ਼ੁਰੂ ਕੀਤਾ ਅਤੇ ਹੋਰ ਤਰਕਸ਼ੀਲ ਸਾਹਿਤ ਵੀ ਛਾਪਿਆ। ਤਰਕਸ਼ੀਲ ਪਰਚਾ ਅੱਜ ਦੀ 15–16 ਹਜ਼ਾਰ ਛਪਦਾ ਹੈ। ਇਸ ਪਰਚੇ ਤੇ ਲਹਿਰ ਨੇ ਕੁੱਝ ਖਾਸ ਤਰਾਂ ਦਾ ਸਾਹਿਤ ਪੜ੍ਹਨ ਦੀ ਚੇਟਕ ਲਾਈ ਤੇ ਪੰਜਾਬ ਅੰਦਰ ਇੱਕ ਨਵੀਂ ਤਰਾਂ ਦਾ ਸੁਚੇਤ ਵਰਗ ਪੈਦਾ ਕੀਤਾ। ਕੁੱਝ ਲੋਕਾਂ ਨੇ ਪਰਚੇ ਸ਼ੁਰੂ ਕਰਨ ਦੇ ਤਜ਼ਰਬੇ ਕੀਤੇ ਹਨ, ਪਰ ਸਾਰੇ ਹੀ ਤਜ਼ਰਬੇ ਫੇਲ੍ਹ ਹੋਏ ਹਨ। ਅੱਜ ਹਾਲਤ ਐਨੀ ਬੇਬਸੀ ਵਾਲੀ ਹੈ ਕਿ ਸਾਨੂੰ ਪੰਜਾਬੀ ਵਿੱਚ ਕਮਰਸ਼ੀਅਲੀ ਕਾਮਯਾਬੀ ਵਾਲਾ ਕੋਈ ਪਰਚਾ ਚੱਲਣ ਦੀ ਸੰਭਾਵਨਾ ਵੀ ਨਜ਼ਰ ਆਉਣੋਂ ਹਟ ਗਈ ਹੈ।

**? ਪਰ ਇਸ ਵਕਤ ਪੰਜਾਬ ਵਿੱਚ 9-10 ਰੋਜ਼ਾਨਾ ਅਖਬਾਰ ਹਨ ਅਤੇ ਉਨ੍ਹਾਂ ਦੀ ਕੁੱਲ੍ਹ ਛਪਣ ਗਿਣਤੀ 7 ਲੱਖ ਨੂੰ ਟਪ ਜਾਂਦੀ ਹੋਵੇਗੀ। ਕੀ ਪੰਜਾਬੀ ਅਖਬਾਰਾਂ ਦੀ ਇਹ ਛਪਣ ਗਿਣਤੀ ਇਸ ਸੰਭਾਵਨਾ ਨੂੰ ਨਹੀਂ ਦਰਸਾਉਂਦੀ ਕਿ ਪੰਜਾਬ ਵਿੱਚ ਪੰਜਾਬੀ ਪੜ੍ਹਨ ਵਾਲੇ ਅਜੇ ਵੀ ਬਹੁਤ ਹਨ।**



– ਪੰਜਾਬੀ ਵਿੱਚ ਅਖਬਾਰਾਂ ਪੜ੍ਹਨ ਵਾਲਿਆਂ ਦੀ ਗਿਣਤੀ ਲੱਖਾਂ ਵਿੱਚ ਹੈ ਪਰ ਕਿਤਾਬਾਂ ਦੀ ਵਿਕਰੀ ਹਜ਼ਾਰ ਦਾ ਅੰਕੜਾ ਵੀ ਮੁਸ਼ਕਲ ਨਾਲ ਪਾਰ ਕਰਦੀ ਹੈ। ਪੰਜਾਬੀ ਅਖਬਾਰਾਂ ਅੰਦਰ ਇਹ ਸੰਭਾਵਨਾ ਸੀ ਕਿ ਉਹ ਪੰਜਾਬ ਅੰਦਰ ਪੁਸਤਕ ਕਲਚਰ ਨੂੰ ਪ੍ਰਮੋਟ ਕਰਦੇ। ਅਖਬਾਰ ਕਿਤਾਬਾਂ ਤੇ ਪੜ੍ਹਨ ਲਿਖਣ ਦਾ ਕਲਚਰ ਵਿਕਸਤ ਕਰਨ ਦਾ ਬਹੁਤ ਵੱਡਾ ਮਾਧਿਅਮ ਹੋ ਸਕਦੇ ਸਨ। ਪਰ ਪੰਜਾਬੀ ਅਖਬਾਰਾਂ ਵੀ ਉਸੇ ਬੌਧਿਕ ਕਲਚਰ ਦੀ ਤਰਜਮਾਨੀ ਕਰ ਰਹੀਆਂ ਹਨ, ਜਿਹੜਾ ਪੰਜਾਬੀ ਮੀਡੀਅਮ ਵਾਲੀ ਪੀੜ੍ਹੀ ਨੇ ਪੈਦਾ ਕੀਤਾ ਹੈ। ਪੰਜਾਬੀ ਮੀਡੀਆ ਨਾਲ ਜੁੜਿਆ ਮੇਰਾ ਇੱਕ ਦੋਸਤ ਕਹਿੰਦਾ ਹੁੰਦਾ ਹੈ ਕਿ ਪੰਜਾਬੀ ਅਖਬਾਰਾਂ ਅਧਪੜ੍ਹੇ ਲੋਕਾਂ ਦੀਆਂ ਅਖਬਾਰਾਂ ਹਨ। ਮੈਂ ਭਾਵੇਂ ਇਸ ਗੱਲ ਨਾਲ ਪੂਰੀ ਤਰਾਂ ਸਹਿਮਤ ਨਾ ਹੋਵਾਂ, ਪਰ ਇੱਕ ਗੱਲ ਵਿੱਚ ਜ਼ਰੂਰ ਸਚਾਈ ਹੈ ਕਿ ਪੰਜਾਬੀ ਅਖਬਾਰਾਂ ਅੰਦਰ ਵੀ ਉਹ ਸਮਰੱਥਾ ਨਹੀਂ ਹੈ ਕਿ ਇਹ ਪੰਜਾਬੀ ਨੂੰ ਪੰਜਾਬ ਦੇ ਸ਼ਹਿਰੀ ਸਮਾਜ ਦੀ ਭਾਸ਼ਾ ਬਣਾ ਸਕਦੇ। ਪੰਜਾਬੀ ਅਖਬਾਰਾਂ ਦਾ ਜ਼ਿਆਦਾਤਰ ਫੈਲਾਅ ਪੰਜਾਬ ਵਿੱਚ ਗੜਬੜੀ ਦੇ ਦਿਨਾਂ ਦੌਰਾਨ ਹੋਇਆ ਹੈ। ਉਸ ਦੌਰ ਨੇ ਪੰਜਾਬ ਦੇ ਦੂਰ ਦਰਾਜ ਦੇ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਅੰਦਰ ਵੀ ਸੂਚਨਾ ਦੀ ਭੁੱਖ ਪੈਦਾ ਕਰ ਦਿੱਤੀ ਸੀ ਅਤੇ ਸੂਚਨਾ ਦੀ ਇਹ ਭੁੱਖ ਜਿਊਣ ਮਰਨ ਨਾਲ ਜੁੜੀ ਸੀ। ਇਸ ਕਰਕੇ ਅਖਬਾਰ ਤਾਂ ਦੂਰ ਤੱਕ ਚਲੇ ਗਿਆ। ਪਰ ਅਖਬਾਰਾਂ ਸਮਾਜ ਦੇ ਸਰਵਪੱਖੀ ਵਿਕਾਸ ਦਾ ਵਾਹਨ ਨਹੀਂ ਬਣ ਸਕੀਆਂ। ਇਸਦਾ ਕਾਰਨ ਉਹੀ ਹੈ, ਜਿਸ ਦਾ ਮੈਂ ਸ਼ੁਰੂ ਵਿੱਚ ਜ਼ਿਕਰ ਕੀਤਾ ਹੈ। ਪੰਜਾਬੀ ਅਖਬਾਰਾਂ, ਪੰਜਾਬੀ ਪੱਤਰਕਾਰਤਾ ਨਾਲ ਜੁੜੇ ਜ਼ਿਆਦਾਤਰ ਲੋਕ ਉਹ ਹਨ, ਜਿਹੜੇ ਪੰਜਾਬੀ ਮੀਡੀਅਮ ਵਾਲੇ ਪੜ੍ਹਾਈ ਸਿਸਟਮ ਦੀ ਪੈਦਾਵਾਰ ਹਨ। ਇਨ੍ਹਾਂ ਦਾ ਹਾਲ ਪੰਜਾਬੀ ਦੇ ਪ੍ਰੋਫੈਸਰਾਂ ਜਾਂ ਟੀਚਰਾਂ ਤੋਂ ਵੀ ਮਾੜਾ ਹੈ। ਇਹ ਗੱਲ ਮੈਂ ਫੇਰ ਸਪਸ਼ਟ ਕਰਦਿਆਂ ਕਿ ਪੰਜਾਬੀ ਦਾ ਸੰਕਟ ਪੰਜਾਬ ਦੇ ਲੋਕਾਂ ਕਰਕੇ ਨਹੀਂ ਹੈ ਬਲਕਿ ਪੰਜਾਬੀ ਨਾਲ ਜੁੜੇ ਅਧਿਆਪਕਾਂ, ਖੋਜੀਆਂ, ਪੱਤਰਕਾਰਾਂ, ਅਕਾਦਮੀਸ਼ਨਾਂ, ਲੇਖਕਾਂ ਕਾਰਨ ਹੈ। ਇਸ ਵਕਤ ਇਹ ਸਾਰੇ ਉਹ ਹਨ, ਜਿਹੜੇ ਪੰਜਾਬੀ ਮੀਡੀਅਮ ਵਾਲੇ ਹਨ।

**? ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਪੱਤਰਕਾਰ, ਪੰਜਾਬੀ ਲੇਖਕ, ਪੰਜਾਬੀ ਟੀਚਰ ਅਤੇ ਪੰਜਾਬੀ ਅਕਾਦਮੀਸ਼ਨ ਖੂਹ ਦੇ ਡੱਡੂ ਹਨ। ਉਨ੍ਹਾਂ ਦਾ ਬੌਧਿਕ ਕਲਚਰ ਦਿਹਾਤੀ ਹੈ। ਉਨ੍ਹਾਂ ਕੋਲ ਨਵੀਂ ਦੁਨੀਆ ਦਾ ਵਿਜ਼ਨ ਨਹੀਂ। ਕੀ ਇਹ ਠੀਕ ਹੈ ?**

– ਬਿਲਕੁਲ। ਇਹ ਗੱਲ ਕੌੜੀ ਭਾਵੇਂ ਹੋਵੇ, ਪਰ ਇਹ ਸੱਚ ਹੈ। ਦੂਰ ਕੀ ਜਾਣਾ, ਪੰਜਾਬੀ ਮੀਡੀਆ ਦੀ ਹੀ ਲੈ ਲਓ। ਅੱਜ ਇੰਟਰਨੈਟ ਤੇ ਕੰਪਿਊਟਰ ਐਨੀ ਆਮ ਚੀਜ਼ ਹੈ ਕਿ ਅੱਜ ਦੇ ਦੌਰ ਵਿੱਚ ਜਿਹੜਾ ਇਸ ਤਕਨਾਲੋਜੀ ਤੋਂ ਵਾਕਫ ਨਹੀਂ, ਉਸਦੀ ਹਾਲਤ ਲਗਭਗ ਅਨਪੜ੍ਹਾਂ ਵਾਲੀ ਹੋ ਜਾਂਦੀ ਹੈ। ਪਰ ਪੰਜਾਬੀ ਅਖਬਾਰੀ ਮੀਡੀਆ ਵਿੱਚ ਜੋ ਹਾਲਤ ਹੈ, ਉਸ ਦੀ ਸਿਰਫ ਇੱਕ ਮਿਸਾਲ ਮੈਂ ਦੇਵਾਂਗਾ। ਪੰਜਾਬੀ ਟ੍ਰਿਬਿਊਨ ਸਾਡਾ ਸਭ ਤੋਂ ਗੰਭੀਰ ਅਖਬਾਰ ਹੈ। ਪੰਜਾਬ ਦਾ ਪੜ੍ਹਿਆ ਲਿਖਿਆ ਤੇ ਬੌਧਿਕ ਰੁਚੀਆਂ ਵਾਲਾ ਤਬਕਾ ਇਹ ਅਖਬਾਰ ਪੜ੍ਹਦਾ ਹੈ। ਇਹ ਅਖਬਾਰ ਇੱਕ ਵੱਡੇ ਅਦਾਰੇ ਦੁਆਰਾ ਚਲਾਇਆ ਜਾ ਰਿਹਾ ਹੈ। ਇਹ ਵੀ ਅਸੀਂ ਮੰਨਦੇ ਹਾਂ ਕਿ ਸਾਰੇ ਪੰਜਾਬੀ ਅਖਬਾਰਾਂ ਵਿੱਚੋਂ ਇਸ ਅਖਬਾਰ ਦਾ ਸਟਾਫ ਸਭ ਤੋਂ ਵੱਧ ਕੁਆਲੀਫਾਈਡ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਅੱਜ ਤੱਕ ਇਸ ਅਖਬਾਰ ਦਾ ਔਨਲਾਈਨ ਐਡੀਸ਼ਨ ਨਹੀਂ ਹੈ। ਅਜੀਤ ਨੇ ਕੁੱਝ ਸਾਲ ਆਪਣਾ ਔਨਲਾਈਨ ਐਡੀਸ਼ਨ ਸ਼ੁਰੂ ਕਰ ਦਿੱਤਾ ਸੀ ਅਤੇ ਉਹ ਕਾਫੀ ਕਾਮਯਾਬ ਹੈ। ਪਰ ਪੰਜਾਬੀ ਟ੍ਰਿਬਿਊਨ ਤੇ ਜੱਗਬਾਣੀ ਅਜੇ ਤੱਕ ਵੀ ਔਨਲਾਈਨ ਨਹੀਂ ਹਨ। ਨਵਾਂ ਜ਼ਮਾਨਾ ਔਨਲਾਈਨ ਨਹੀਂ ਹੈ। ਅੱਜ ਦੇ ਜ਼ਮਾਨੇ ਵਿੱਚ ਕਿਸੇ ਅਖਬਾਰ ਦਾ ਔਨਲਾਈਨ ਨਾ ਹੋਣਾ ਇਸ ਤਰਾਂ ਦੀ ਗੱਲ ਹੈ ਜਿਵੇਂ ਕਿਸੇ ਕੋਲ ਮੋਬਾਈਲ ਫੋਨ ਨਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਪੰਜਾਬੀ ਪੱਤਰਕਾਰਤਾ ਨਾਲ ਜੁੜੇ ਬਹੁਤੇ ਲੋਕਾਂ ਨੂੰ ਇਸ ਤੇ

ਹੈਰਾਨੀ ਵੀ ਨਹੀਂ ਹੁੰਦੀ।

ਇਸੇ ਤਰਾਂ ਪੰਜਾਬੀ ਖੋਜ ਤੇ ਅਕਾਦਮਿਕਤਾ ਬਾਰੇ ਵੀ ਕਹਿ ਸਕਦੇ ਹਾਂ। ਭਾਸ਼ਾ ਵਿਭਾਗ ਸਾਡਾ ਸਭ ਤੋਂ ਵੱਡਾ ਅਦਾਰਾ ਹੈ, ਜਿਸ ਨੇ ਸਾਡੇ ਹਵਾਲਾ ਸਾਹਿਤ, ਖੋਜ ਸਮੱਗਰੀ, ਪੁਰਾਤਨ ਸਾਹਿਤ ਦਾ ਪ੍ਰਕਾਸ਼ਨ ਕੀਤਾ ਹੈ ਜਾਂ ਕਰਨਾ ਹੈ। ਇਸ ਵਿਭਾਗ ਨੇ ਆਪਣੀ ਇੱਕ ਕੰਮ ਚਲਾਊ ਜਿਹੀ ਵੈਬਸਾਈਟ ਤਾਂ ਬਣਾਈ ਹੈ ਪਰ ਹਵਾਲਾ ਸਮੱਗਰੀ ਨੂੰ ਔਨਲਾਈਨ ਕਰਨ ਵੱਲ ਕੋਈ ਇੱਕ ਕਦਮ ਵੀ ਹਾਲੇ ਨਹੀਂ ਉਠਾਇਆ। ਹੈਰਾਨੀ ਹੁੰਦੀ ਹੈ ਕਿ ਅਜੇ ਤੱਕ ਪੰਜਾਬੀ ਦੀ ਇੱਕ ਵੀ ਔਨਲਾਈਨ ਡਿਕਸ਼ਨਰੀ ਨਹੀਂ ਹੈ।

ਸਾਡੇ ਕੋਲ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਸਭ ਤੋਂ ਵੱਡੀ ਰੈਫਰੈਂਸ ਲਾਇਬਰੇਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹੈ, ਜਿਥੇ ਬਹੁਤ ਹੀ ਕੀਮਤੀ ਇਤਿਹਾਸਕ ਦਸਤਾਵੇਜ਼, ਮੈਗਜ਼ੀਨ ਤੇ ਕਿਤਾਬਾਂ ਪਈਆਂ ਹਨ। ਇਹ ਸਾਰੀ ਸਮੱਗਰੀ ਸਮੇਂ ਨਾਲ ਘਸ ਰਹੀ ਹੈ ਅਤੇ ਦਿਨ ਬ ਦਿਨ ਇਸ ਦੀ ਹਾਲਤ ਖਰਾਬ ਹੋ ਰਹੀ ਹੈ। ਕੁੱਝ ਹੀ ਸਾਲਾਂ ਵਿੱਚ ਇਸ ਨੇ ਬਿਲਕੁਲ ਬੇਕਾਰ ਹੋ ਜਾਣਾ ਹੈ। ਲੋੜ ਇਸ ਗੱਲ ਦੀ ਸੀ ਕਿ ਇਸ ਸਮੁਚੀ ਸਮੱਗਰੀ ਨੂੰ ਡਿਜੀਟਲਾਈਜ਼ ਕੀਤਾ ਜਾਂਦਾ ਅਤੇ ਔਨਲਾਈਨ ਕਰ ਦਿੱਤਾ ਜਾਂਦਾ, ਤਾਂ ਜੋ ਇਹ ਸਾਰੇ ਦਸਤਾਵੇਜ਼ ਸੰਭਾਲੇ ਵੀ ਜਾਂਦੇ ਅਤੇ ਖੋਜੀਆਂ ਲਈ ਖੁਲ੍ਹੇ ਰੂਪ ਵਿੱਚ ਵੀ ਉਪਲਬਧ ਹੋ ਜਾਂਦੇ। ਪਰ ਕਿਸੇ ਦਾ ਇਸ ਪਾਸੇ ਧਿਆਨ ਨਹੀਂ ਹੈ। ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਦਾ ਇਸ ਪਾਸੇ ਧਿਆਨ ਨਹੀਂ ਹੈ। ਇਹ ਸਾਰਾ ਕੁੱਝ ਸਾਡੀ ਬਹੁਪੱਖੀ ਬੌਧਿਕ ਅਤੇ ਅਕਾਦਮਿਕ ਗਰੀਬ ਦੀ ਮਿਸਾਲ ਪੇਸ਼ ਕਰ ਰਿਹਾ ਹੈ।

**? ਇਹ ਸਮਝਿਆ ਜਾਂਦਾ ਹੈ ਕਿ ਪੰਜਾਬੀ ਲੇਖਕ ਇੱਕ ਅਜਿਹਾ ਤਬਕਾ ਹੈ, ਜਿਹੜਾ ਲੋਕਾਂ ਨਾਲ ਜੁੜਿਆ ਹੈ। ਜਿਸ ਦਾ ਲੋਕਾਂ ਦੀ ਨਬਜ਼ ਤੇ ਹੱਥ ਹੈ। ਪੰਜਾਬੀ ਲੇਖਕ ਆਪਣੇ ਆਪ ਨੂੰ ਪੰਜਾਬੀ ਭਾਸ਼ਾ ਪ੍ਰਤੀ ਵਚਨਬੱਧ ਵੀ ਸਮਝਦਾ ਹੈ। ਪਿਛਲੇ ਦੌਰ ਦੌਰਾਨ ਵੀ ਪੰਜਾਬੀ ਦੇ ਵਿਕਾਸ ਦਾ ਝੰਡਾ ਪੰਜਾਬੀ ਲੇਖਕਾਂ ਦੇ ਹੱਥ ਹੀ ਰਿਹਾ ਹੈ। ਜੇ ਅਸੀਂ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵੱਲ ਨਜ਼ਰ ਮਾਰੀਏ ਤਾਂ ਪੰਜਾਬੀ ਸਭਿਆਚਾਰਕ ਜਾਗਰਤੀ ਲਹਿਰ ਦੇ ਆਗੂ ਪੰਜਾਬੀ ਲੇਖਕ ਹੀ ਹਨ। ਮੌਜੂਦਾ ਦੌਰ ਵਿੱਚ ਪੰਜਾਬੀ ਲੇਖਕ ਦਾ ਅਜਿਹਾ ਰੋਲ ਕਿਉਂ ਨਹੀਂ ਨਜ਼ਰ ਆ ਰਿਹਾ ? ਇਸ ਸੰਕਟ ਦਾ ਟਾਕਰਾ ਕਰਨ ਲਈ ਪੰਜਾਬੀ ਲੇਖਕਾਂ ਦੀ ਕਿਸ ਤਰਾਂ ਦੀ ਭੂਮਿਕਾ ਹੋ ਸਕਦੀ ਹੈ ?**

– ਮੌਜੂਦਾ ਪੰਜਾਬੀ ਲੇਖਕ ਨੇ ਸਮੱਸਿਆ ਦਾ ਹੱਲ ਕਰਨ ਵਿੱਚ ਤਾਂ ਕੀ ਰੋਲ ਅਦਾ ਕਰਨਾ ਹੈ, ਉਹ ਤਾਂ ਖੁਦ ਇੱਕ ਸਮੱਸਿਆ ਬਣਿਆ ਹੋਇਆ ਹੈ। ਮੌਜੂਦਾ ਪੰਜਾਬੀ ਲੇਖਕ ਤਾਂ ਖੁਦ ਸਮੱਸਿਆ ਦਾ ਇੱਕ ਹਿੱਸਾ ਹੈ। ਉਸ ਤੋਂ ਅਸੀਂ ਕਿਸੇ ਵੱਡੇ ਰੋਲ ਦੀ ਕੀ ਉਮੀਦ ਰੱਖ ਸਕਦੇ ਹਾਂ। ਮੇਰਾ ਇਹ ਅਕੀਦਾ ਹੈ ਕਿ ਮੌਜੂਦਾ ਸੰਕਟ ਵਿੱਚੋਂ ਵੀ ਸਾਡੇ ਸਮਾਜ ਨੂੰ ਉਸ ਤਰਾਂ ਦੀਆਂ ਸ਼ਖ਼ਸੀਅਤਾਂ ਹੀ ਕੱਢਣਗੀਆਂ, ਜਿਸ ਤਰਾਂ ਦੀਆਂ ਸ਼ਖ਼ਸੀਅਤਾਂ ਅਸੀਂ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਹੀਰਾ ਸਿੰਘ ਦਰਦ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਰੂਪ ਵਿੱਚ ਵੀਹੀਵੀਂ ਸਦੀ ਦੇ ਮੁਢ ਵਿੱਚ ਦੇਖੀਆਂ ਹਨ। ਪਰ ਅੱਜ ਦੇ ਦੌਰ ਦੀਆਂ ਚੁਣੌਤੀਆਂ ਦੇ ਹਾਣ ਦੀਆਂ ਅਜਿਹੀਆਂ ਸ਼ਖ਼ਸੀਅਤਾਂ ਸ਼ਾਇਦ ਅਜੇ ਪੈਦਾ ਹੋਣੀਆਂ ਹਨ। ਅਜਿਹੀਆਂ ਵਿਜ਼ਨਰੀ ਸਾਹਿਤਕ ਅਤੇ ਸਭਿਆਚਾਰਕ ਹਸਤੀਆਂ ਅਜੇ ਸਾਡੇ ਕੋਲ ਨਹੀਂ ਹਨ। ਪੁਰਾਣੀ ਪੀੜ੍ਹੀ ਦੇ ਕੁੱਝ ਲੋਕ ਹਨ, ਜਿਨ੍ਹਾਂ ਦਾ ਵਿਜ਼ਨ ਵੀ ਵਿਸ਼ਾਲ ਹੈ ਅਤੇ ਜਿਨ੍ਹਾਂ ਕੋਲ ਇਸ ਸੰਕਟ ਨੂੰ ਵੱਡੇ ਪ੍ਰਸੰਗ ਵਿੱਚ ਦੇਖਣ ਦੀ ਸੋਝੀ ਹੈ, ਪਰ ਉਹ ਲੋਕ ਆਪਣੇ ਜੀਵਨ ਦੇ ਆਖਰੀ ਪੜਾਅ ਤੇ ਹਨ। ਉਹ ਕੋਈ ਵੱਡੀ ਭੂਮਿਕਾ ਨਿਭਾਉਣ ਦੀਆਂ ਸੰਭਾਵਨਾਵਾਂ ਤੋਂ ਪਾਰ ਜਾ ਚੁੱਕੇ ਹਨ। ਬਾਕੀ ਜੋ ਲੋਕ ਹਨ, ਉਹ ਬੌਣੇ ਹਨ। ਉਨ੍ਹਾਂ ਕੋਲ ਨਾ ਵਿਜ਼ਨ ਹੈ ਅਤੇ ਨਾ ਸਮਰੱਥਾ। ਇਹ ਪੰਜਾਬੀ ਲੇਖਕ ਪੰਜਾਬੀ ਮੀਡੀਅਮ ਵਾਲੀ ਪੀੜ੍ਹੀ ਵਿਚੋਂ ਹੀ ਆਇਆ ਹੈ। ਇਨ੍ਹਾਂ ਦੀ



ਸੋਚ ਤੇ ਸੰਵੇਦਨਾ ਖੇਤਰੀ, ਦਿਹਾਤੀ ਤੇ ਜਗੀਰੂ ਹੈ। ਅੱਜ ਦੇ ਗਲੋਬਲਾਈਜ਼ਡ ਸੰਸਾਰ ਵਿੱਚ ਇਹ ਲੋਕ ਸਾਡੀ ਕੌਮ ਦੀ ਕੀ ਅਗਵਾਈ ਕਰਨਗੇ ? ਇੱਕ ਹੋਰ ਕਮਾਲ ਹੈ। ਜਿੰਨਾ ਸਾਡੇ ਲੇਖਕ ਦੇ ਸੋਚ ਦਾ ਘੇਰਾ ਛੋਟਾ ਹੈ, ਸਵੈ ਭਰਮ ਦਾ ਪੱਧਰ ਓਨਾ ਹੀ ਜ਼ਿਆਦਾ ਹੈ। ਇਹ ਲੇਖਕ ਸਵੈ ਸਿਰਜਤ ਸੰਸਾਰ ਵਿੱਚ ਵਿਚਰਦਾ ਹੈ ਅਤੇ ਲੋਕਾਂ ਤੱਕ ਇਸ ਦੀ ਪਹੁੰਚ ਨਹੀਂ। ਇਹ ਲੇਖਕ ਆਪਣੇ ਆਪ ਵਿੱਚ ਹੀ ਲਿਖਦਾ ਹੈ, ਇਸ ਕਰਕੇ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਉਸ ਦੀ ਲਿਖੀ ਗੱਲ ਕਿਸੇ ਤੱਕ ਪਹੁੰਚ ਰਹੀ ਹੈ, ਕੀ ਉਸ ਦੀ ਗੱਲ ਦਾ ਪੜ੍ਹਨ ਵਾਲੇ ਨੂੰ ਕੋਈ ਫਾਇਦਾ ਹੋ ਰਿਹਾ ਹੈ, ਕੀ ਉਸ ਦੀ ਗੱਲ ਸਮਾਜ ਨੂੰ ਕੁੱਝ ਨਵਾਂ ਦੇ ਰਹੀ ਹੈ ਜਾਂ ਸਿਰਫ ਉਹ ਆਪਣੀਆਂ ਭਾਵਨਾਵਾਂ ਦਾ ਕਥਾਰਸਿਸ ਹੀ ਕਰ ਰਿਹਾ ਹੈ। ਇਸ ਦਾ ਸਭ ਤੋਂ ਉਘੜਵਾਂ ਪ੍ਰਗਟਾਵਾ ਅਸੀਂ ਕਵਿਤਾ ਵਿੱਚ ਦੇ ਰਹੇ ਹਾਂ। ਨਵੀਂ ਕਵਿਤਾ ਲਗਾਤਾਰ ਸੀਮਤ ਹੁੰਦੀ ਜਾ ਰਹੀ ਹੈ। ਇਸ ਦਾ ਸੁਣਨ ਵਾਲਿਆਂ ਨਾਲ ਰਾਬਤਾ ਘਟ ਰਿਹਾ ਹੈ। ਅੱਜਕਲ੍ਹ ਕਵਿਤਾ ਭਾਵੇਂ ਪੜ੍ਹਨ ਵਾਲੀ ਵਿਧਾ ਸਮਝੀ ਜਾਂਦੀ ਹੈ, ਪਰ ਪੜ੍ਹਨ ਵਿੱਚ ਵੀ ਇਸ ਦਾ ਸੰਚਾਰ ਲਗਾਤਾਰ ਘਟ ਰਿਹਾ ਹੈ। ਕਵੀ ਇਹ ਸੋਚ ਕੇ ਨਹੀਂ ਲਿਖ ਰਿਹਾ ਕਿ ਉਸਦੀ ਰਚਨਾ ਕਿਸੇ ਨੇ ਪੜ੍ਹਨੀ ਵੀ ਹੈ, ਪੜ੍ਹਨ ਵਾਲੇ ਨੇ ਸਮਝਣੀ ਵੀ ਹੈ ਅਤੇ ਪੜ੍ਹਕੇ ਉਸਨੇ ਕੁੱਝ ਗ੍ਰਹਿਣ ਵੀ ਕਰਨਾ ਹੈ। ਜੇ ਕਵੀ ਇਸ ਗੱਲ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦੇਣ ਤਾਂ ਸੰਭਵ ਹੈ ਕਿ ਵੱਡੀ ਗਿਣਤੀ ਵਿੱਚ ਨਵੇਂ ਕਵੀ ਕਵਿਤਾ ਲਿਖਣੀ ਬੰਦ ਕਰ ਦੇਣ।

**? ਕੀ ਇਸ ਦਾ ਮਤਲਬ ਇਹ ਹੈ ਕਿ ਸਾਰਾ ਸਾਹਿਤ ਹੀ ਪੌਪੂਲਰ ਸਾਹਿਤ ਹੋ ਜਾਵੇ ? ਕੀ ਸਾਰਾ ਸਾਹਿਤ ਪ੍ਰਗਤੀਵਾਦੀਆਂ ਦੇ ਨਾਅਰਿਆਂ ਦੀ ਤਰਾਂ ਚੌਂਕਾਂ, ਸੱਥਾਂ ਤੇ ਸਿਆਸੀ ਸਟੇਜਾਂ ਤੇ ਸੁਣਾਏ ਜਾਣ ਲਾਇਕ ਹੋ ਜਾਵੇ ? ਕੀ ਇਸ ਨਾਲ ਕਿਸੇ ਵੀ ਗੰਭੀਰ ਗੱਲ ਦੀ ਸੰਭਾਵਨਾ ਖਤਮ ਨਹੀਂ ਹੋ ਜਾਵੇਗੀ ?**

– ਇਸ ਸੁਆਲ ਤਦ ਪੈਦਾ ਹੋ ਰਿਹਾ ਹੈ ਕਿਉਂਕਿ ਸਾਡੇ ਸਾਹਮਣੇ ਪੌਪੂਲਰ ਅਤੇ ਗੰਭੀਰ ਸਾਹਿਤ ਦੀਆਂ ਗਲਤ ਮਿਸਾਲਾਂ ਹਨ। ਅਸੀਂ ਪੌਪੂਲਰ ਸਾਹਿਤ ਜਾਂ ਤਾਂ ਜਸੂਸੀ ਨਾਵਲਾਂ ਨੂੰ ਸਮਝਦੇ ਹਾਂ ਅਤੇ ਜਾਂ ਸਿਆਸੀ ਨਾਅਰਿਆਂ ਵਾਲੀ ਨਕਸਲੀ ਕਵਿਤਾ ਨੂੰ। ਦੂਜੇ ਪਾਸੇ ਗੰਭੀਰ ਸਾਹਿਤ ਅਸੀਂ ਸਿਰਫ ਹਰਨਾਮ ਜਾਂ ਸਤੀ ਕੁਮਾਰ ਦੀ ਕਵਿਤਾ ਨੂੰ ਸਮਝਦੇ ਹਾਂ। ਮੇਰਾ ਸੁਆਲ ਹੈ ਕਿ ਕੀ ਗੁਰਬਾਣੀ, ਸੂਫੀ ਸਾਹਿਤ, ਕਿੱਸਾ ਸਾਹਿਤ ਗੰਭੀਰ ਸਾਹਿਤ ਨਹੀਂ ਹੈ ? ਕੀ ਸ਼ਿਵ ਕੁਮਾਰ ਜਾਂ ਸੁਰਜੀਤ ਪਾਤਰ ਗੰਭੀਰ ਕਵੀ ਨਹੀਂ ਹਨ ? ਕੁੱਝ ਸਾਲ ਪਹਿਲਾਂ ਹਿੰਦੀ ਸਿਨੇਮਾ ਵਿੱਚ ਇਹ ਵੰਡ ਹੁੰਦੀ ਸੀ। ਇੱਕ ਪੌਪੂਲਰ ਸਿਨੇਮਾ ਅਤੇ ਦੂਜੀ ਆਰਟ ਸਿਨੇਮਾ। ਆਰਟ ਸਿਨੇਮਾ ਨੂੰ ਚੰਦ ਲੋਕ ਹੀ ਦੇਖਦੇ ਸਨ। ਪਰ ਫਿਲਮਾਂ ਪੱਲਿਓਂ ਪੈਸੇ ਖਰਚਕੇ ਬਣਾਈਆਂ ਜਾਂਦੀਆਂ ਸਨ ਅਤੇ ਕਮਰਸ਼ੀਅਲੀ ਫੇਲ੍ਹ ਹੁੰਦੀਆਂ ਸਨ। ਪਰ ਇਹ ਲੋਕ ਪੌਪੂਲਰ ਸਿਨੇਮਾ ਵਾਲਿਆਂ ਨੂੰ ਦੇਖਕੇ ਨੱਕ ਬੁਲ੍ਹ ਚੜ੍ਹਾਉਂਦੇ ਸਨ। ਹੌਲੀ ਹੌਲੀ ਫਿਲਮ ਇੰਡਸਟਰੀ ਦੀ ਇਹ ਵੰਡ ਆਪਣੇ ਆਪ ਹੱਲ ਹੋ ਗਈ। ਸਾਡੇ ਫਿਲਮਕਾਰਾਂ ਨੇ ਇਸ ਪਾੜੇ ਨੂੰ ਮੇਟਣ ਲਈ ਰਸਤੇ ਕੱਢ ਲਏ। ਇਨ੍ਹਾਂ ਹੀ ਕੋਸ਼ਿਸ਼ਾਂ ਦਾ ਸਿੱਟਾ ਹੈ ਕਿ ਸਾਡੇ ਹੁਣ ਬਲੈਕ ਤੇ ਤਾਰੇ ਜ਼ਮੀਂ ਪਰ ਵਰਗੀਆਂ ਫਿਲਮਾਂ ਵੀ ਕਮਰਸ਼ੀਅਲੀ ਕਾਮਯਾਬ ਹੋਈਆਂ ਹਨ। ਸਾਡਾ ਸਾਹਿਤਕਾਰ, ਕਲਾਕਾਰ ਜੇ ਇਸ ਗੱਲ ਨੂੰ ਹਮੇਸ਼ਾ ਧਿਆਨ ਵਿੱਚ ਰੱਖੇਗਾ ਕਿ ਉਹ ਇੱਕ ਵਿਆਪਕ ਪਾਠਕ/ਸਰੋਤੇ ਲਈ ਲਿਖ ਜਾਂ ਰਚ ਰਿਹਾ ਹੈ ਤਾਂ ਉਹ ਅਜਿਹੀਆਂ ਜੁਗਤਾਂ ਅਤੇ ਵਿਧੀਆਂ ਦੀ ਤਲਾਸ਼ ਕਰੇਗਾ, ਜਿਸ ਰਾਹੀਂ ਉਹ ਗੰਭੀਰ ਗੱਲਾਂ ਵੀ ਸੌਖੇ ਤਰੀਕੇ ਨਾਲ ਕਹਿ ਸਕੇਗਾ। ਮਿਸਾਲ ਦੇ ਤੌਰ ਤੇ ਸਟੀਵਨ ਸਪਿਲਬਰਗ ਦੀ ਫਿਲਮ ਜੁਰਾਸਿਕ ਪਾਰਕ ਹੈ। ਇਸ ਫਿਲਮ ਵਿੱਚ ਇੱਕ ਅਜਿਹੇ ਮਨੋਰੰਜਨ ਪਾਰਕ ਦੀ ਕਹਾਣੀ ਹੈ, ਜਿਸ ਵਿੱਚ ਵਿਗਿਆਨੀ ਹਜ਼ਾਰਾਂ ਸਾਲ ਪਹਿਲਾਂ ਖਤਮ ਹੋਏ ਡਾਇਨਾਸੋਰਾਂ ਨੂੰ ਜੈਨੇਟਿਕ ਇੰਜਨੀਅਰਿੰਗ ਦੇ ਪ੍ਰਯੋਗਾਂ ਦੁਆਰਾ ਦੁਬਾਰਾ ਬਣਾਇਆ ਜਾਂਦਾ ਹੈ। ਇਹ ਪ੍ਰਯੋਗ ਉਲਟ ਪੈ ਜਾਂਦੇ ਹਨ ਅਤੇ ਡਾਇਨਾਸੋਰ ਫਿਰ ਉਨ੍ਹਾਂ ਵਿਗਿਆਨੀਆਂ ਦੇ ਕਾਬੂ ਤੋਂ ਬਾਹਰ ਹੋ ਜਾਂਦੇ ਹਨ ਅਤੇ ਵਿਆਪਕ ਤਬਾਹੀ ਦਾ ਕਾਰਨ

ਬਣਦੇ ਹਨ। ਇਸ ਫਿਲਮ ਨੂੰ ਬੱਚੇ ਵੀ ਦੇਖ ਸਕਦੇ ਹਨ ਅਤੇ ਇਸ ਦੀ ਗੰਭੀਰ ਤੋਂ ਗੰਭੀਰ ਵਿਆਖਿਆ ਵੀ ਸੰਭਵ ਹੈ। ਸਾਨੂੰ ਅਜਿਹੀ ਬਹੁ ਪਰਤੀ ਸਾਹਿਤ ਜਾਂ ਕਲਾ ਪੈਦਾ ਕਰਨੀ ਹੋਵੇਗੀ, ਜਿਹੜੀ ਚੇਤਨਾ ਦੇ ਵੱਖ ਵੱਖ ਪੱਧਰਾਂ ਵਾਲੇ ਲੋਕਾਂ ਨੂੰ ਇੱਕੋ ਵੇਲੇ ਅਪੀਲ ਕਰ ਸਕੇ। ਹਰ ਕੋਈ ਆਪੋ ਆਪਣੀ ਚੇਤਨਾ ਦੇ ਪੱਧਰ ਮੁਤਾਬਕ ਉਸ ਚੋਂ ਅਰਥ ਗ੍ਰਹਿਣ ਕਰ ਸਕੇ। ਗੁਰਬਾਣੀ, ਸੂਫੀ ਸਾਹਿਤ ਵਿੱਚ ਇਸੇ ਤਰਾਂ ਹੁੰਦਾ ਹੈ।

**? ਕੀ ਆਧੁਨਿਕ ਕਵਿਤਾ ਵਿਆਪਕ ਅਪੀਲ ਅਤੇ ਅਸਰ ਵਾਲੀ ਰਚਨਾ ਹੋ ਸਕਦੀ ਹੈ ?**

– ਸਿਧਾਂਤਕ ਤੌਰ ਤੇ ਮੈਂ ਇਸ ਦਾ ਹਾਂ ਵਿੱਚ ਹੀ ਜਵਾਬ ਦੇਵਾਂਗਾ। ਇਹ ਸਾਡੀ ਕਲਪਨਾ ਤੇ ਸਕਿੱਲ ਦੀ ਹੀ ਘਾਟ ਹੈ ਕਿ ਅਸੀਂ ਅਜਿਹੀ ਗੰਭੀਰ ਕਵਿਤਾ ਦੀ ਕਲਪਨਾ ਨਹੀਂ ਕਰ ਪਾ ਰਹੇ, ਜਿਹੜੀ ਬਹੁਤੀ ਗਹਿਰੀ ਵੀ ਹੋਵੇ ਅਤੇ ਜਿਸ ਦੀ ਮਾਸ ਅਪੀਲ ਵੀ ਹੋਵੇ। ਅਸੀਂ ਆਪਣੀ ਕਲਪਨਾਸ਼ੀਲਤਾ ਦੀ ਘਾਟ ਕਾਰਨ ਹੀ ਇਹ ਮੰਨ ਲਿਆ ਹੈ ਕਿ ਮਾਸ ਅਪੀਲ ਵਾਲੀ ਸਟੇਜੀ ਕਵਿਤਾ ਸਿਰਫ ਹਲਕੇ ਪੱਧਰ ਦੀ ਕਵਿਤਾ ਹੀ ਹੋ ਸਕਦੀ ਹੈ। ਬਹੁਤ ਉਚ ਪਾਏ ਦੇ ਰਚਨਾਕਾਰ ਨੇ ਵਿਅੰਗ ਤੇ ਮਜ਼ਾਕ ਵਿੱਚ ਵੀ ਐਨੀਆਂ ਗੰਭੀਰ ਗੱਲਾਂ ਕਹੀਆਂ ਹਨ ਕਿ ਉਸ ਸਾਹਮਣੇ ਹਰ ਕਿਸਮ ਦੇ ਉਚ ਗਿਆਨ ਦੇ ਵੀ ਹੱਥ ਖੜ੍ਹੇ ਹੋ ਜਾਂਦੇ ਹਨ। ਮੁੱਲਾ ਨਸਰੁਦੀਨ ਦੀਆਂ ਕਹਾਣੀਆਂ ਦੀ ਮਿਸਾਲ ਹੀ ਲੈ ਲਓ। ਪੰਚਤੰਤਰ ਦੀਆਂ ਕਹਾਣੀਆਂ ਲੈ ਲਓ। ਇਸੇ ਤਰਾਂ ਆਧੁਨਿਕ ਦੌਰ ਵਿੱਚ ਉਰਦੂ ਕੀ ਆਖਰੀ ਕਿਤਾਬ ਪੜ੍ਹ ਲਓ। ਕੀ ਇਹ ਕਿਸੇ ਅਖੌਤੀ ਗੰਭੀਰ ਸਾਹਿਤ ਤੋਂ ਉਰ੍ਹੇ ਦੀਆਂ ਗੱਲਾਂ ਹਨ। ਮੈਂ ਇਥੇ ਇੱਕ ਵਾਰ ਹੋਰ ਸਪਸ਼ਟ ਕਰ ਦਿਆਂ ਕਿ ਮੈਂ ਅਜਿਹੇ ਗੰਭੀਰ ਸਾਹਿਤ ਦੀ ਸੰਭਾਵਨਾ ਤੇ ਮਹੱਤਵ ਨੂੰ ਪੂਰੀ ਤਰਾਂ ਰੱਦ ਨਹੀਂ ਕਰ ਰਿਹਾ, ਜਿਸ ਦਾ ਘੇਰਾ ਸੀਮਤ ਰਹੇਗਾ। ਕੁੱਝ ਮਿਕਦਾਰ ਅਜਿਹੇ ਸਾਹਿਤ ਦੀ ਵੀ ਰਹੇਗੀ। ਮੈਂ ਜਿਸ ਗੱਲ ਤੇ ਜ਼ੋਰ ਦੇਣਾ ਚਾਹ ਰਿਹਾ ਹਾਂ, ਉਹ ਇਹ ਹੈ ਕਿ ਅਸੀਂ ਸਾਹਿਤ ਜਾਂ ਕਲਾ ਦੀ ਪੌਪੂਲਰ ਅਪੀਲ ਦੇ ਮੁੱਦੇ ਨੂੰ ਛੁਟਿਆਈਏ ਨਾ। ਸਾਹਿਤ ਅਤੇ ਕਲਾ ਦਾ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਪਹੁੰਚਣਾ ਇਸ ਦੀ ਤਾਕਤ ਹੈ, ਕਮਜ਼ੋਰੀ ਨਹੀਂ। ਸਭ ਤੋਂ ਕਾਮਯਾਬ ਸਾਹਿਤ ਜਾਂ ਕਲਾ ਉਸ ਨੂੰ ਸਮਝਿਆ ਜਾਂਦਾ ਹੈ, ਜਿਹੜਾ ਗੰਭੀਰਤਾ ਤੇ ਲੋਕ ਅਪੀਲ ਦਾ ਸੁਮੇਲ ਹੋਵੇ। ਜਿਹੜਾ ਗੰਭੀਰ ਵੀ ਹੋਏ ਅਤੇ ਜਿਹੜਾ ਆਮ ਲੋਕਾਂ ਅੰਦਰ ਪੌਪੂਲਰ ਵੀ ਹੋਵੇ। ਇਸ ਤਰਾਂ ਦੀ ਕਵਿਤਾ ਆਧੁਨਿਕ ਦੌਰ ਵਿੱਚ ਵੀ ਹੋ ਸਕਦੀ ਹੈ। ਅਸੀਂ ਕਵਿਤਾ ਕਿਤੋਂ ਅਸਮਾਨ ਤੋਂ ਨਹੀਂ ਉਤਾਰਨੀ। ਸਾਡੇ ਤਾਂ ਖੂਨ ਵਿੱਚ ਹੀ ਕਵਿਤਾ ਹੈ। ਸਭ ਤੋਂ ਵੱਧ ਕਵਿਤਾ ਪੰਜਾਬ ਦੀਆਂ ਔਰਤਾਂ ਅੰਦਰ ਹੈ। ਪੰਜਾਬ ਦੇ ਜੀਵਨ ਦਾ ਕੋਈ ਅਜਿਹਾ ਪੱਖ ਨਹੀਂ ਸੀ, ਜਿਸ ਵਿਚ ਗਾਇਆ ਨਹੀਂ ਸੀ ਜਾਂਦਾ ਅਤੇ ਜਿਸ ਬਾਰੇ ਲੋਕ ਗੀਤ, ਲੋਕ ਬੋਲੀਆਂ ਨਹੀਂ ਸਨ। ਰਿਕਾਰਡਰ, ਲਾਊਡ ਸਪੀਕਰ ਆਦਿ ਆਧੁਨਿਕ ਤਕਨਾਲੋਜੀ ਦੇ ਆਉਣ ਤੋਂ ਬਾਅਦ ਸਾਡੇ ਲੋਕ ਜੀਵਨ ਦਾ ਇਹ ਪੱਖ ਕਮਜ਼ੋਰ ਜ਼ਰੂਰ ਪਿਆ ਹੈ ਪਰ ਇਹ ਸਾਡੇ ਖੂਨ ਵਿੱਚ ਹੈ। ਸ਼ਿਵ ਕੁਮਾਰ ਸਾਡੇ ਖੂਨ ਵਿੱਚ ਸ਼ਾਮਲ ਇਸ ਕਵਿਤਾ ਨੂੰ ਹੀ ਖਿੱਚ ਪਾ ਰਿਹਾ ਸੀ।

**? ਇਸ ਸਥਿਤੀ ਦਾ ਟਾਕਰਾ ਕਰਨ ਲਈ ਪੰਜਾਬੀ ਲੇਖਕਾਂ ਦੀਆਂ ਕੁੱਝ ਜਥੇਬੰਦੀਆਂ ਤੇ ਕੁੱਝ ਲੇਖਕਾਂ ਦੁਆਰਾ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਪੰਜਾਬ ਵਿੱਚ ਪੰਜਾਬੀ ਨੂੰ ਖਤਮ ਹੋਣ ਤੋਂ ਬਚਾਉਣ ਲਈ ਸਰਕਾਰੀ ਪੱਧਰ ਤੇ ਜ਼ੋਰ ਨਾਲ ਪੰਜਾਬੀ ਲਾਗੂ ਕਰਨੀ ਚਾਹੀਦੀ ਹੈ ਅਤੇ ਪੰਜਾਬ ਵਿੱਚ ਸਿੱਖਿਆ ਦੇ ਮਾਧਿਅਮ ਦੇ ਤੌਰ ਵੀ ਪੰਜਾਬੀ ਨੂੰ ਪੂਰੀ ਤਰਾਂ ਲਾਗੂ ਕਰਨਾ ਚਾਹੀਦਾ ਹੈ।**

–ਪੰਜਾਬੀ ਲੇਖਕਾਂ ਦੀਆਂ ਜਥੇਬੰਦੀਆਂ ਤੇ ਕੁੱਝ ਸੀਨੀਅਰ ਲੇਖਕ ਜੋ ਕਹਿ ਕਰ ਰਹੇ ਹਨ, ਉਹ ਪੰਜਾਬ ਪੰਜਾਬੀ ਭਾਸ਼ਾ ਦੇ ਕਿਸੇ ਮਸਲੇ ਨੂੰ ਹੱਲ ਕਰਨ ਦੀ ਬਜਾਏ ਉਸ ਨੂੰ ਹੋਰ ਗਹਿਰਾ ਬਣਾਉਣਾ ਹੈ। ਸਾਡਾ ਸੰਕਟ ਇਸ ਪੰਜਾਬੀ ਮੀਡੀਅਮ ਵਾਲੀ ਪੜ੍ਹਾਈ ਦੀ ਹੀ ਤਾਂ ਪੈਦਾਵਾਰ ਹੈ।



ਸਾਡੇ ਪੰਜਾਬੀ ਲੇਖਕ, ਅਕਾਦਮੀਸ਼ਨ, ਬੁਧੀਜੀਵੀ ਅਸਲ ਵਿੱਚ ਆਪਣੇ ਹੀ ਵਿਚਾਰਧਾਰਕ ਭੰਬਲਭੂਸੇ ਕਾਰਨ ਇੱਥੇ ਚਲੇ ਗਏ ਹਨ ਕਿ ਉਨ੍ਹਾਂ ਸਕੂਲਾਂ ਵਿੱਚ ਅੰਗਰੇਜ਼ੀ ਦੀ ਪੜ੍ਹਾਈ ਦਾ ਵੀ ਸਿਧਾਂਤਕ ਤੌਰ ਤੇ ਵਿਰੋਧ ਕੀਤਾ। ਪੰਜਾਬੀ ਲੇਖਕਾਂ ਦੁਆਰਾ ਇਹ ਮੰਗ ਕਰਨਾ ਤਾਂ ਸਮਝ ਆ ਸਕਦਾ ਹੈ ਕਿ ਪੰਜਾਬ ਵਿੱਚ ਪੰਜਾਬੀ ਦੇ ਵਿਕਾਸ ਲਈ ਕੁੱਝ ਕੀਤਾ ਜਾਵੇ, ਪਰ ਜਦ ਉਹ ਅੰਗਰੇਜ਼ੀ ਦੀ ਪੜ੍ਹਾਈ ਦਾ ਵਿਰੋਧ ਕਰਦੇ ਹਨ ਤਾਂ ਇਸ ਨਾਲ ਨਾ ਸਿਰਫ ਉਨ੍ਹਾਂ ਦੀ ਤੰਗ ਨਜ਼ਰੀ ਸਾਹਮਣੇ ਆਉਂਦੀ ਹੈ, ਨਾਲੋ ਨਾਲ ਉਨ੍ਹਾਂ ਦਾ ਦੋਗਲਾਪਣ ਵੀ ਨਜ਼ਰ ਆਉਂਦਾ ਹੈ। ਸਾਰੇ ਪੰਜਾਬੀ ਅਕਾਦਮੀਸ਼ਨ, ਪੰਜਾਬੀ ਟੀਚਰ ਤੇ ਲੇਖਕ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੜ੍ਹਾ ਰਹੇ ਹਨ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਅੰਗਰੇਜ਼ੀ ਦੀ ਪੜ੍ਹਾਈ ਤੋਂ ਵਾਂਝਾ ਰੱਖਣਾ ਚਾਹੁੰਦੇ ਹਨ। ਸਾਡੀਆਂ ਲੇਖਕ ਜਥੇਬੰਦੀਆਂ ਦੀ ਇਹ ਸਿਰੇ ਦੀ ਗੈਰ ਜ਼ਿੰਮੇਵਾਰ ਕਾਰਵਾਈ ਸੀ। ਪਿਛਲੇ ਦਹਾਕਿਆਂ ਦੇ ਤਜ਼ਰਬੇ ਨੇ ਜੋ ਸਿੱਟੇ ਕੱਢੇ, ਉਹ ਸਾਹਮਣੇ ਆ ਚੁੱਕੇ ਹਨ। ਪੰਜਾਬੀ ਦੀ ਜੋ ਹਾਲਤ ਹੈ, ਉਹ ਸਾਡੀ ਮੌਜੂਦਾ ਸਿੱਖਿਆ ਨੀਤੀ ਕਾਰਨ ਹੈ। ਇਹ ਸਿੱਖਿਆ ਨੀਤੀ ਅਜਿਹੇ ਵਿਦਿਆਰਥੀ ਪੈਦਾ ਕਰ ਰਹੀ ਹੈ, ਜਿਹੜੇ ਅੱਜ ਦੇ ਗਲੋਬੀਕ੍ਰਿਤ ਸੰਸਾਰ ਵਿੱਚ ਵਿਚਰਨ ਤੋਂ ਅਸਮਰੱਥ ਹਨ। ਪੰਜਾਬੀ ਦੀ ਪੜ੍ਹਾਈ ਦੇ ਨਾਂ ਤੇ ਅਸੀਂ ਅਜਿਹੀ ਪੀੜ੍ਹੀ ਪੈਦਾ ਕੀਤੀ ਹੈ, ਜਿਹੜੀ ਅੰਬਾਲੇ ਤੋਂ ਅੱਗੇ ਜਾਕੇ ਬੇਬਸ ਤੇ ਓਪਰੀ ਮਹਿਸੂਸ ਕਰਦੀ ਹੈ। ਜਿਹੜੀ ਪੀੜ੍ਹੀ ਪਲੱਸ ਟੂ ਤੋਂ ਬਾਅਦ ਸਾਇੰਸ ਦੀ ਪੜ੍ਹਾਈ ਤੋਂ ਡਰਦੀ ਹੈ। ਜਿਹੜੀ ਕਿਸੇ ਵੀ ਅੱਛੇ ਪ੍ਰੋਫੈਸ਼ਨਲ ਕੋਰਸ ਤੋਂ ਡਰਦੀ ਹੈ। ਇਸੇ ਦਾ ਸਿੱਟਾ ਇਹ ਨਿਕਲਿਆ ਕਿ ਜਿਹੜਾ ਵੀ ਥੋੜ੍ਹਾ ਠੀਕ ਠਾਕ ਰੋਟੀ ਖਾਣ ਵਾਲਾ ਪੰਜਾਬੀ ਪਰਿਵਾਰ ਹੈ, ਉਹ ਇਨ੍ਹਾਂ ਸਰਕਾਰੀ ਸਕੂਲਾਂ ਤੋਂ ਆਪਣੇ ਬੱਚਿਆਂ ਨੂੰ ਦੂਰ ਲੈ ਗਿਆ। ਆਮ ਲੋਕ ਆਪਣੀ ਜ਼ਿੰਦਗੀ ਤੇ ਜ਼ਿੰਦਗੀ ਦੀ ਤੋਰ ਬਾਰੇ ਸਾਡੇ ਲੇਖਕਾਂ, ਬੁਧੀਜੀਵੀਆਂ, ਅਕਾਦਮੀਸ਼ਨਾਂ ਤੇ ਲੇਖਕ ਜਥੇਬੰਦੀਆਂ ਵਾਲਿਆਂ ਤੋਂ ਕਿਤੇ ਸਿਆਣੇ ਹਨ। ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਭਵਿਖ ਦਾ ਪਤਾ ਹੈ। ਉਹ ਆਪਣੇ ਬੱਚਿਆਂ ਨੂੰ ਅਜਿਹੇ ਨਹੀਂ ਬਣਾਉਣੇ ਚਾਹੁੰਦੇ, ਜਿਸ ਤਰਾਂ ਦੇ ਪੰਜਾਬੀ ਲੇਖਕ, ਪੰਜਾਬੀ ਪ੍ਰੋਫੈਸਰ ਤੇ ਟੀਚਰ ਹਨ। ਇਹ ਗੱਲ ਕੌੜੀ ਹੋ ਸਕਦੀ ਹੈ, ਪਰ ਜ਼ਿੰਦਗੀ ਦੀ ਸਚਾਈ ਇਹੀ ਹੈ। ਸਾਨੂੰ ਖੁੱਲ੍ਹੀਆਂ ਅੱਖਾਂ ਨਾਲ ਇਸ ਸਚਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ।

**? ਕੀ ਆਧੁਨਿਕ ਇਲੈਕਟ੍ਰਾਨਿਕ ਮੀਡੀਆ ਦੀ ਆਮਦ ਨੇ ਵੀ ਸਮਾਜ ਵਿੱਚ ਸਾਹਿਤ ਦੇ ਸਥਾਨ ਤੇ ਅਸਰ ਪਾਇਆ ਹੈ। ਮਿਸਾਲ ਦੇ ਤੌਰ ਤੇ ਟੀਵੀ ਤੇ ਸਿਨੇਮਾ ਦੀ ਆਮਦ ਨਾਲ ਕਿਤਾਬਾਂ ਪੜ੍ਹਨ ਦੀ ਆਦਤ ਘਟੀ ਹੈ।**

– ਜਿਥੋਂ ਤੱਕ ਇਸ ਤਰਾਂ ਦੀ ਟੈਕਨਾਲੋਜੀ ਦੇ ਅਸਰ ਦੀ ਗੱਲ ਹੈ, ਉਹ ਸਰਵਵਿਆਪਕ ਹੈ। ਚਾਹੇ ਟੀਵੀ ਹੋਵੇ ਅਤੇ ਚਾਹੇ ਇੰਟਰਨੈਟ, ਇਹ ਵਿਸ਼ਵ ਵਿਆਪੀ ਵਰਤਾਰਾ ਹੈ। ਇਸ ਨੇ ਸਾਰੀ ਦੁਨੀਆ ਨੂੰ ਪ੍ਰਭਾਵਤ ਕੀਤਾ ਹੈ ਅਤੇ ਇਸ ਦਾ ਜੋ ਵੀ ਅਸਰ ਹੋਵੇਗਾ, ਉਹ ਦੁਨੀਆ ਦੀਆਂ ਸਾਰੀਆਂ ਭਾਸ਼ਾਵਾਂ ਦੇ ਪਿਆ ਹੈ। ਇਨ੍ਹਾਂ ਦੇ ਬੁਰੇ ਅਸਰ ਦੀ ਗਲ ਕਰਦੇ ਹਾਂ ਤਾਂ ਅਸੀਂ ਇਹ ਮੰਨਕੇ ਚੱਲਦੇ ਹਾਂ ਕਿ ਭਾਸ਼ਾ ਸਿਰਫ ਲਿਖਤੀ ਸ਼ਬਦ ਜਾਂ ਕਿਤਾਬ ਹੀ ਹੈ। ਇੰਟਰਨੈਟ, ਟੀਵੀ ਤੇ ਵੀ ਭਾਸ਼ਾ ਆ ਰਹੀ ਹੈ ਅਤੇ ਉਸ ਰਾਹੀਂ ਵੀ ਭਾਸ਼ਾ ਦਾ ਵਿਕਾਸ ਹੁੰਦਾ ਹੈ। ਜੇ ਪੰਜਾਬੀ ਦੇ ਪ੍ਰਸੰਗ ਵਿੱਚ ਗੱਲ ਕਰੀਏ ਤਾਂ ਅੱਜ ਦੇ ਪੰਜਾਬੀ ਜੇ ਬਚੀ ਹੋਈ ਹੈ ਤਾਂ ਉਹ ਇਸ ਮੀਡੀਆ ਸਦਕਾ ਹੀ ਹੈ। ਪੰਜਾਬੀ ਨੂੰ ਜੋ ਕੌਮਾਂਤਰੀ ਪਛਾਣ ਪੰਜਾਬੀ ਪੌਪ ਸੰਗੀਤ ਨੇ ਦੁਆਈ ਹੈ ਅਤੇ ਉਸ ਸਦਕਾ ਪੰਜਾਬੀ ਜਿਵੇਂ ਸਿਨੇਮਾ, ਟੀਵੀ ਜਿਹੇ ਮਾਧਿਅਮਾਂ ਵਿੱਚ ਇੱਕ ਇੰਟਰਨੈਸ਼ਨਲ ਪੱਧਰ ਤੇ ਸਵੀਕਾਰੀ ਜਾਣ ਵਾਲੀ ਭਾਸ਼ਾ ਬਣੀ ਹੈ, ਉਹ ਇੱਕ ਬਹੁਤ ਅਹਿਮ ਪਹਿਲੂ ਹੈ, ਜਿਸ ਨੂੰ ਪੰਜਾਬ ਦਾ ਅੱਜ ਦਾ ਅਕਾਦਮੀਸ਼ਨ ਮੰਨਣ ਜਾਂ ਸਵੀਕਾਰਨ ਲਈ ਤਿਆਰ ਨਹੀਂ। ਉਹ ਆਪਣੇ ਅਖੌਤੀ ਗੰਭੀਰ ਕਿਤਾਬੀ ਗਿਆਨ ਦੇ

ਘੁਮੰਡ ਵਿੱਚ ਕੈਦ ਹੈ।

**? ਕੀ ਬਾਲ ਸਾਹਿਤ ਰਾਹੀਂ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਪੰਜਾਬੀ ਪੜ੍ਹਨ ਦੀ ਆਦਤ ਪੈ ਸਕਦੇ ਹਾਂ ?**

– ਅੱਜ ਦੇ ਸ਼ਹਿਰੀ ਬੱਚੇ ਹੈਰੀ ਪੌਟਰ ਦਾ ਨਾਂ ਤਾਂ ਜਾਣਦੇ ਹਨ, ਪਰ ਉਸ ਨੂੰ ਸਾਡੇ ਆਪਣੇ ਸਾਹਿਤ ਦੀ ਜਾਣਕਾਰੀ ਨਹੀਂ। ਉਹ ਯੂਰੋਪ, ਅਮਰੀਕਾ ਜਾਂ ਜਪਾਨ ਵਿੱਚ ਬਣੇ ਕਾਰਟੂਨ ਸੀਰੀਅਲਾਂ ਦੇ ਪਾਤਰਾਂ ਤੋਂ ਵਾਕਫ ਹਨ, ਪਰ ਸਾਡੇ ਸਾਹਿਤ ਦੇ ਕਿਰਦਾਰ ਉਨ੍ਹਾਂ ਤੱਕ ਨਹੀਂ ਪਹੁੰਚਦੇ। ਇਸ ਦਾ ਕਾਰਨ ਇਹ ਹੈ ਕਿ ਅਸੀਂ ਅੱਜ ਦੇ ਬੱਚਿਆਂ ਦੀ ਮਾਨਸਿਕਤਾ ਨੂੰ ਪਕੜਨ ਵਾਲੇ ਮੀਡੀਅਮ ਰਾਹੀਂ, ਅੱਜ ਦੇ ਮੁਹਾਵਰੇ ਵਿੱਚ ਅਤੇ ਅੱਜ ਕਲ੍ਹ ਦੇ ਆਕਰਸ਼ਕ ਅੰਦਾਜ਼ ਵਿੱਚ ਆਪਣਾ ਸਾਹਿਤ, ਆਪਣਾ ਗਿਆਨ ਨਹੀਂ ਪੇਸ਼ ਕਰ ਪਾ ਰਹੇ। ਬੱਚਿਆਂ ਨੂੰ ਸੈਂਟਾ ਕਲੌਜ਼ ਤਾਂ ਚੰਗਾ ਲੱਗਦਾ ਹੈ ਪਰ ਹਨੂਮਾਨ ਜਾਂ ਨਿਹੰਗ ਦਾ ਕਿਰਦਾਰ ਉਨ੍ਹਾਂ ਦੀ ਖਿਚ ਦਾ ਕੇਂਦਰ ਨਹੀਂ। ਇਸ ਲਈ ਕਸੂਰ ਬੱਚਿਆਂ ਦਾ ਨਹੀਂ ਹੈ। ਨਾ ਸੈਂਟਾ ਕਲੌਜ ਦਾ ਹੈ। ਇਹ ਕਸੂਰ ਸਾਡਾ ਹੈ। ਜਿਵੇਂ ਜਦ ਭਾਰਤ ਵਿੱਚ ਈਸਾਈ ਮਿਸ਼ਨਰੀ ਆਏ ਤਾਂ ਉਨ੍ਹਾਂ ਸਾਡੀਆਂ ਜ਼ੁਬਾਨਾਂ ਵਿੱਚ ਕਿਤਾਬਾਂ ਛਾਪੀਆਂ। ਬਾਈਬਲ ਛਾਪੀ। ਜਦ ਲੋਕ ਉਹ ਸਾਹਿਤ ਪੜ੍ਹਨ ਲੱਗੇ ਤਾਂ ਸਾਡੇ ਲੋਕਾਂ ਨੂੰ ਫਿਕਰ ਪਿਆ। ਇਸ ਫਿਕਰ ਵਿਚੋਂ ਹੀ ਸਾਡੇ ਲੋਕਾਂ ਨੇ ਆਧੁਨਿਕ ਪ੍ਰਿੰਟਿੰਗ ਟੈਕਨਾਲੋਜੀ ਨੂੰ ਅਪਣਾਇਆ ਤੇ ਉਸ ਜ਼ਰੀਏ ਨਵੀਂ ਤਰਾਂ ਦਾ ਪੰਜਾਬੀ ਸਾਹਿਤ ਲੋਕਾਂ ਤੱਕ ਪਹੁੰਚਾਣਾ ਸ਼ੁਰੂ ਕੀਤਾ। ਉਸੇ ਤਰਾ ਦੀ ਹਾਲਤ ਅੱਜ ਫੇਰ ਬਣੀ ਹੋਈ ਹੈ। ਆਧੁਨਿਕ ਟੀਵੀ ਤਕਨਾਲੋਜੀ, ਸਿਨੇਮਾ, ਐਨੀਮੇਸ਼ਨ, ਇੰਟਰਨੈਟ ਦੇ ਮਾਮਲੇ ਵਿਚੱ ਅਸੀਂ ਪਛੜੇ ਹੋਏ ਹਾਂ। ਲੋੜ ਇਸ ਗੱਲ ਦੀ ਹੈ ਕਿ ਕਿਸੇ ਨੂੰ ਦੋਸ਼ ਦੇਣ ਦੀ ਬਜਾਏ ਖੁਦ ਆਪਣੀ ਸੋਚ ਵਿਸ਼ਾਲ ਕਰੀਏ ਤੇ ਆਪਣੇ ਆਪ ਨੂੰ ਨਵੇਂ ਯੁੱਗ ਦੀਆਂ ਚੁਣੌਤੀਆਂ ਦੇ ਹਾਣ ਦੇ ਬਣਾਈਏ।

**? ਸਾਡੀਆਂ ਪੜ੍ਹਨ ਰੁਚੀਆਂ ਨੂੰ ਵਿਕਸਤ ਕਰਨ ਤੇ ਕਿਤਾਬਾਂ ਦੀ ਇੰਡਸਟਰੀ ਨੂੰ ਖੜ੍ਹਾ ਕਰਨ ਵਿੱਚ ਲਾਇਬਰੇਰੀਆਂ ਦਾ ਕੀ ਰੋਲ ਹੋ ਸਕਦਾ ਹੈ ?**

– ਇਸ ਮਾਮਲੇ ਵਿੱਚ ਲਾਇਬਰੇਰੀਆਂ ਦੀ ਬਹੁਤ ਵੱਡੀ ਭੂਮਿਕਾ ਹੋ ਸਕਦੀ ਹੈ। ਜੇ ਅਸੀਂ ਸਰਕਾਰੀ ਜਾਂ ਸਮੂਹਿਕ ਪੱਧਰ ਤੇ ਕੁੱਝ ਕਰ ਸਕਦੇ ਹਾਂ ਤਾਂ ਇਹ ਹੀ ਹੋ ਸਕਦਾ ਹੈ ਕਿ ਪਿੰਡ ਪੱਧਰ ਤੇ ਲਾਇਬਰੇਰੀਆਂ ਦਾ ਇੱਕ ਵਿਸ਼ਾਲ ਨੈਟਵਰਕ ਖੜ੍ਹਾ ਕਰ ਦਈਏ। ਇਨ੍ਹਾਂ ਲਾਇਬਰੇਰੀਆਂ ਕੋਲ ਕਿਤਾਬਾਂ ਖਰੀਦਣ ਵਾਸਤੇ ਚੋਖੇ ਫੰਡ ਹੋਣ। ਕਿਤਾਬਾਂ ਖਰੀਦਣ ਵਾਸਤੇ ਇੱਕ ਬਹੁਤ ਹੀ ਪ੍ਰੋਫੈਸ਼ਨਲ, ਪਾਰਦਰਸ਼ੀ ਤੇ ਉਚ ਪੱਧਰ ਦੇ ਲੋਕਾਂ ਦੀ ਸ਼ਮੂਲੀਅਤ ਵਾਲਾ ਕੋਈ ਮੈਕੇਨਿਜ਼ਮ ਹੋਵੇ। ਜਦ ਪੰਜਾਬ ਵਿੱਚ ਪੰਦਰਾਂ ਤੋਂ ਵੀਹ ਹਜ਼ਾਰ ਲਾਇਬਰੇਰੀਆਂ ਦਾ ਇੱਕ ਅਜਿਹਾ ਵੱਡਾ ਨੈਟਵਰਕ ਹੋਵੇਗਾ ਤਾਂ ਇਸ ਨਾਲ ਦੋ ਪੱਧਰ ਤੇ ਫਾਇਦਾ ਹੋਵੇਗਾ। ਇੱਕ ਪਾਸੇ ਤਾਂ ਪਿੰਡ ਪਧਰ ਤੱਕ ਲੋਕਾਂ ਕੋਲ ਕਿਤਾਬਾਂ ਪਹੁੰਚਣਗੀਆਂ ਤੇ ਲੋਕਾਂ ਅੰਦਰ ਪੜ੍ਹਨ ਦੀਆਂ ਰੁਚੀਆਂ ਪੈਦਾ ਹੋਣਗੀਆਂ। ਦੂਜਾਕਿਤਾਬਾਂ ਦੀ ਇੰਡਸਟਰੀ ਨੂੰ ਇੱਕ ਮੁਢਲਾ ਘੱਟੋ ਘੱਟ ਅਧਾਰ ਮਿਲ ਜਾਵੇਗਾ। ਜੇ ਪੰਜਾਬ ਸਰਕਾਰ ਇਸ ਪਾਸੇ ਹੀ ਧਿਆਨ ਦੇ ਦੇਵੇ ਤਾਂ ਇਹ ਪੰਜਾਬ ਦੀ ਬਹੁਤ ਵੱਡੀ ਸੇਵਾ ਹੋਵੇਗੀ। ਇਸ ਮਾਮਲੇ ਵਿੱਚ ਪੰਜਾਬੀ ਭਾਸ਼ਾ ਦੀਆਂ ਕਿਤਾਬਾਂ ਨੂੰ ਇੱਕ ਖਾਸ ਤਰਜੀਹ ਦਿੱਤੀ ਜਾ ਸਕਦੀ ਹੈ।

**? ਜਿਸ ਸਥਿਤੀ ਵਿੱਚ ਇਸ ਵੇਲੇ ਅਸੀਂ ਫਸ ਚੁੱਕੇ ਹਾਂ, ਉਸ ਵਿਚੋਂ ਨਿਕਲਣ ਦਾ ਹੁਣ ਕੀ ਰਸਤਾ ਹੈ। ਕੀ ਸਾਨੂੰ ਆਪਣੀ ਭਾਸ਼ਾ ਨੀਤੀ ਬਾਰੇ ਨਵੇਂ ਸਿਰੇ ਤੋਂ ਸੋਚਣਾ ਹੋਵੇਗਾ ?**

– ਹਰ ਮਸਲੇ ਦਾ ਜੇ ਸੁਚੇਤ ਪੱਧਰ ਤੇ ਹੱਲ ਨਾ ਕੱਢਿਆ ਜਾਵੇ ਤਾਂ ਸਮਾਜ ਆਪਣੇ ਆਪ ਉਸ ਦਾ ਹੱਲ ਕੱਢ ਲੈਂਦਾ ਹੈ। ਭਾਸ਼ਾ ਦੇ ਸੰਕਟ ਨੂੰ ਹੱਲ ਕਰਨ ਲਈ ਸਮਾਜ ਦੀ ਗਤੀ ਨਹੀਂ ਰੋਕੀ ਜਾ ਸਕਦੀ। ਜੇ ਸਮਾਜ ਤਰੱਕੀ ਕਰਦਾ ਰਹੇ ਤਾਂ ਬਹੁਤ ਸਾਰੇ ਮਸਲੇ ਆਪਣੇ ਆਪ ਹੱਲ ਹੁੰਦੇ ਜਾਂਦੇ ਹਨ।



ਕੁੱਝ ਲੋਕ ਕਹਿੰਦੇ ਹਨ ਕਿ ਚੀਨ, ਜਪਾਨ, ਰੂਸ ਤੇ ਯੂਰਪੀ ਮੁਲਕਾਂ ਦੀ ਤਰਾਂ ਸਾਰਾ ਆਧੁਨਿਕ ਗਿਆਨ ਪੰਜਾਬੀ ਵਿੱਚ ਕਰ ਲਓ। ਇਹ ਹਵਾਈ ਗੱਲਾਂ ਨੇ। ਜੇ ਅਸੀਂ ਇਹ ਸੋਚੀਏ ਕਿ ਸਾਰੇ ਦਾ ਸਾਰਾ ਆਧੁਨਿਕ ਗਿਆਨ ਅਸੀਂ ਪੰਜਾਬੀ ਵਿੱਚ ਟਰਾਂਸਲੇਟ ਕਰ ਸਕਦੇ ਹਾਂ ਤਾਂ ਇਹ ਬੇਵਕੂਫਾਂ ਦੇ ਸੰਸਾਰ ਵਿੱਚ ਰਹਿਣ ਵਾਲੀ ਗੱਲ ਹੋਵੇਗੀ। ਇਹ ਸੰਭਵ ਹੀ ਨਹੀਂ ਹੈ। ਸਾਡੇ ਵਾਸਤੇ ਬਿਹਤਰ ਇਹੀ ਰਹੇਗਾ ਕਿ ਸਾਇੰਸ ਨੂੰ ਅਸੀਂ ਉਸੇ ਭਾਸ਼ਾ ਵਿੱਚ ਸਵੀਕਾਰ ਕਰੀਏ, ਜਿਸ ਭਾਸ਼ਾ ਵਿੱਚ ਇਹ ਹੁਣ ਸਹਿਜ ਰੂਪ ਵਿੱਚ ਆ ਰਹੀ ਹੈ। ਹਰ ਵਿਕਸਤ ਸਮਾਜ ਬਹੁ ਭਾਸ਼ੀ ਸਮਾਜ ਹੁੰਦਾ ਹੈ। ਅੱਜ ਦੀ ਦੁਨੀਆ ਵਿਚ ਕੋਈ ਵੀ ਸਮਾਜ ਇੱਕ ਭਾਸ਼ੀ ਹੋਕੇ ਰਹਿ ਨਹੀਂ ਸਕਦਾ। ਜੇ ਸਾਡੇ ਸਾਹਿਤ ਤੇ ਪੌਪ ਕਲਚਰ ਦੀ ਭਾਸ਼ਾ ਪੰਜਾਬੀ ਹੈ ਤਾਂ ਸਾਇੰਸ ਦੀ ਭਾਸ਼ਾ ਅੰਗਰੇਜ਼ੀ ਹੋ ਸਕਦੀ ਹੈ। ਅੱਗੇ ਜਾਕੇ ਇਸ ਦਾ ਕੀ ਹੱਲ ਨਿਕਲਦਾ ਹੈ, ਉਹ ਸਾਡੇ ਨਾਲੋਂ ਜ਼ਿੰਦਗੀ ਜ਼ਿਆਦਾ ਬਿਹਤਰ ਜਾਣਦੀ ਹੈ। ਪਰ ਇੱਕ ਗੱਲ ਨਿਸ਼ਚਿਤ ਹੈ ਕਿ ਪੰਜਾਬੀ ਦਾ ਵਿਕਾਸ ਵੀ ਇੱਕ ਬਹੁਭਾਸ਼ੀ ਪੰਜਾਬ ਵਿੱਚ ਹੀ ਹੋ ਸਕਦਾ ਹੈ। ਗਲੋਬਲ ਪੱਧਰ ਤੇ ਅੱਜ ਪੰਜਾਬੀ ਦੀ ਨੁਮਾਇੰਦਗੀ ਉਹ ਬੱਚੇ, ਉਹ ਪੀੜ੍ਹੀ ਹੀ ਕਰ ਸਕੇਗੀ, ਜਿਹੜੀ ਬਹੁਭਾਸ਼ੀ ਹੋਵੇ। ਸਾਡੇ ਵੱਡੇ ਭਾਸ਼ਾਈ ਪ੍ਰਤੀਕ ਭਾਈ ਵੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ ਆਦਿ ਸਭ ਬਹੁਭਾਸ਼ੀ ਸਨ। ਪੰਜਾਬੀ ਮੀਡੀਅਮ ਵਾਲੇ ਬੱਚਿਆਂ ਵਿੱਚ ਉਹ ਆਤਮ ਵਿਸ਼ਵਾਸ ਨਹੀਂ ਆ ਸਕਦਾ। ਜੇ ਸੁਚੇਤ ਤੌਰ ਤੇ ਅਸੀਂ ਕੁੱਝ ਕਰ ਸਕਦੇ ਹਾਂ ਤਾਂ ਆਪਣੇ ਬੱਚਿਆਂ ਨੂੰ ਬਹੁ ਭਾਸ਼ੀ ਬਣਾ ਸਕਦੇ ਹਾਂ। ਜੇ ਅਸੀਂ ਨਹੀਂ ਵੀ ਕਰਾਂਗੇ ਤਾਂ ਇਹ ਆਪਣੇ ਆਪ ਹੋ ਰਿਹਾ ਹੈ। ਆਮ ਲੋਕ, ਆਮ ਜ਼ਿੰਦਗੀ ਬੁਧੀਜੀਵੀਆਂ ਤੇ ਲੇਖਕਾਂ ਤੋਂ ਕਿਤੇ ਅੱਗੇ ਤੇ ਕਿਤੇ ਵੱਧ ਸੂਝਵਾਨ ਹੈ।

## ਕੁੱਝ ਹੋਰ ਟੂਕਾਂ

ਸਾਡਾ ਸਮਾਜ ਮੂਲ ਰੂਪ ਵਿੱਚ ਖੇਤੀ ਕਰਨ ਵਾਲਾ ਸਮਾਜ ਸੀ, ਇਸ ਕਰਕੇ ਅਸੀਂ ਦੇਖ ਸਕਦੇ ਹਾਂ ਕਿ ਖੇਤੀ ਦੇ ਸ਼ਬਦ ਸਾਡੇ ਕੋਲ ਬਾਹਰੋਂ ਨਹੀਂ ਆਏ। ਇਸੇ ਤਰ੍ਹਾਂ ਸਾਡੇ ਕੋਲ ਵੱਖ ਵੱਖ ਤਰ੍ਹਾਂ ਦੇ ਟਰੇਡ ਨਾਲ ਸੰਬੰਧਤ ਆਪਣੀ ਸ਼ਬਦਾਵਲੀ ਸੀ। ਐਟ੍ਰੌਨੋਮੀ, ਗਣਿਤ, ਮੈਡੀਸਨ, ਪਸ਼ੂ ਪਾਲਣ ਆਦਿ ਖੇਤਰਾਂ ਵਿੱਚ ਅਸੀਂ ਦੁਨੀਆ ਵਿੱਚ ਕਿਸੇ ਤੋਂ ਘੱਟ ਨਹੀਂ ਸਾਂ। ਇਸ ਕਰਕੇ ਇਨ੍ਹਾਂ ਸਭ ਖੇਤਰਾਂ ਨਾਲ ਸੰਬੰਧਤ ਸ਼ਬਦਾਵਲੀ ਦਾ ਸਾਡੀਆਂ ਭਾਸ਼ਾਵਾਂ ਵਿੱਚ ਤੋੜਾ ਨਹੀਂ। ਜਿਹੜੇ ਅਨੁਸਾਸ਼ਨ, ਜਿਹੜੀਆਂ ਵਿਗਿਆਨਾਂ, ਤਕਨਾਲੋਜੀ ਤੇ ਕੰਮ ਸਾਡੇ ਕੋਲ ਬਾਹਰੋਂ ਆਏ, ਉਨ੍ਹਾਂ ਦੀ ਸ਼ਬਦਾਵਲੀ ਸਾਡੇ ਕੋਲ ਨਹੀਂ ਸੀ। ਇੱਕ ਸਜਿੰਦ ਸਮਾਜ ਤੇ ਸਜਿੰਦ ਭਾਸ਼ਾ ਇਸ ਤਰ੍ਹਾਂ ਬਾਹਰੋਂ ਆਉਣ ਵਾਲੇ ਗਿਆਨਾਂ ਦੀ ਭਾਸ਼ਾ ਨੂੰ ਆਪਣੇ ਅੰਦਰ ਸਮਾ ਲੈਂਦੀ ਹੈ। ਅੰਗਰੇਜ਼ੀ ਇੰਟਰਨੈਸ਼ਨਲ ਭਾਸ਼ਾ ਇਸੇ ਤਰੀਕੇ ਨਾਲ ਬਣੀ ਹੈ।

*****

ਜਦ ਗਿਆਨ ਤੇ ਕਬਜ਼ਾ ਰੱਖਣ ਵਾਲੇ ਬ੍ਰਾਹਮਣ ਤੇ ਵਿਹਾਰਕ ਕੰਮ ਕਰਨ ਵਾਲੇ ਲੋਕਾਂ ਵਿੱਚਕਾਰ ਪਾੜਾ ਵਧ ਗਿਆ ਤੇ ਟਕਰਾਅ ਪੈਦਾ ਹੋ ਗਿਆ ਤਾਂ ਇੱਕ ਦੂਜੇ ਦੇ ਕੰਮ ਨੂੰ ਛੁਟਿਆਉਣ ਦਾ ਸਿਲਸਿਲਾ ਸ਼ੁਰੂ ਹੋਇਆ। ਬ੍ਰਾਹਮਣ ਨੇ ਸਭ ਤੋਂ ਪਹਿਲਾਂ ਆਯੁਰਵੈਦ ਨੂੰ ਨੀਚਾ ਦਿਖਾਉਣਾ ਸ਼ੁਰੂ ਕੀਤਾ। ਉਸ ਸਮਾਜ ਵਿੱਚ ਡਾਕਟਰ ਦਾ ਕੰਮ ਨੀਚ ਗਿਣਿਆ ਜਾਣ ਲੱਗਾ। ਕੁੱਝ ਦਹਾਕੇ ਪਹਿਲਾਂ ਤੱਕ ਵੈਦਗੀ ਦਾ ਕੰਮ ਬ੍ਰਾਹਮਣਾਂ ਲਈ ਨੀਚ ਸਮਝਿਆ ਜਾਂਦਾ ਰਿਹਾ ਹੈ। ਇਹ ਟਕਰਾਅ ਇਸ ਹੱਦ ਤੱਕ ਵਧ ਗਿਆ ਕਿ ਬ੍ਰਾਹਮਣ ਨੇ ਹਰ ਵਿਹਾਰਕ ਕੰਮ ਨੂੰ ਛੋਟਾ ਦਿਖਾਇਆ ਤੇ ਗਿਆਨ ਨਾਲ ਜੁੜੇ ਲੋਕ ਜ਼ਿਆਦਾ ਤੋਂ ਜ਼ਿਆਦਾ ਨਿਰਾਕਾਰਤਾ ਦੇ ਮੰਡਲਾਂ ਵਿੱਚ ਚਲੇ ਗਏ। ਉਪਨਿਸ਼ਦ ਇਸ ਨਿਰਾਕਾਰਤਾ

ਦੀ ਸਿਖਰ ਹਨ। ਦੂਜੇ ਪਾਸੇ ਵੱਖ ਵੱਖ ਤਰ੍ਹਾਂ ਦੇ ਵਿਹਾਰਕ ਕੰਮਾਂ ਵਾਲਿਆਂ ਦਾ ਗਿਆਨ ਪੈਦਾ ਕਰਨ ਵਾਲੀ ਜਮਾਤ ਨਾਲੋਂ ਨਾਤਾ ਟੁੱਟਦਾ ਰਿਹਾ ਤੇ ਉਨ੍ਹਾਂ ਨੇ ਆਪਣੀ ਤਰ੍ਹਾਂ ਦੀ ਭਾਸ਼ਾ ਵਿਕਸਤ ਕਰ ਲਈ। ਇਹ ਭਾਸ਼ਾ ਕਦੇ ਗਿਆਨ ਦੇ ਖੇਤਰਾਂ ਵਿੱਚ ਨਹੀਂ ਆਈ ਤੇ ਸਮਾਂ ਪਾਕੇ ਅਜਿਹੀ ਬਹੁਤ ਸਾਰੀ ਸ਼ਬਦਾਵਲੀ ਗੁਆਚ ਗਈ।

*****

ਤਕਨਾਲੋਜੀ, ਗਿਆਨ ਤੇ ਭਾਸ਼ਾ ਦਾ ਅਦਾਨ ਪ੍ਰਦਾਨ ਕੋਈ ਨਵੀਂ ਚੀਜ਼ ਨਹੀਂ। ਸਾਡੀ ਭਾਸ਼ਾ ਜੋ ਹੁਣ ਤੱਕ ਹੈ, ਉਹ ਵੀ ਬਾਹਰ ਦੇ ਅਸਰਾਂ ਨਾਲ ਹੀ ਬਣੀ ਹੋਈ ਹੈ। ਮਿਸਾਲ ਦੇ ਤੌਰ ਤੇ ਹਲਟ ਸ਼ਬਦ ਜਾਂ ਤਕਨੀਕ ਨੂੰ ਅਸੀਂ ਆਪਣੀ ਸਮਝਦੇ ਹੋਵਾਂਗੇ ਪਰ ਅਸਲ ਵਿੱਚ ਇਹ ਇਰਾਨ ਤੋਂ ਆਇਆ ਸੀ। ਇਸੇ ਤਰ੍ਹਾਂ ਘੋੜੇ ਦੀ ਰਕਾਬ ਇੱਕ ਅਹਿਮ ਤਕਨਾਲੋਜੀਕਲ ਖੋਜ ਸੀ, ਜਿਸ ਨੇ ਯੁੱਧ ਪ੍ਰਣਾਲੀ ਤੋਂ ਲੈ ਕੇ ਸਮਾਜ ਦਾ ਬਹੁਤ ਕੁੱਝ ਬਦਲਿਆ। ਰਕਾਬ ਵੀ ਬਾਹਰੋਂ ਆਈ। ਰਥ ਸ਼ਬਦ ਵੀ ਬਾਹਰੋਂ ਆਇਆ। ਕੁੜਤਾ ਪਜਾਮਾ ਵੀ ਬਾਹਰੋਂ ਆਇਆ। ਸਲਵਾਰ ਕਮੀਜ਼ ਵੀ ਬਾਹਰੋਂ ਆਈ। ਇਹ ਅਦਾਨ ਪ੍ਰਦਾਨ ਪਹਿਲਾਂ ਵੀ ਚਲਦਾ ਰਿਹਾ ਹੈ ਅਤੇ ਅੱਗੇ ਵੀ ਚਲਦਾ ਰਹੇਗਾ।

*****

ਕਵਿਤਾ ਨੂੰ ਨਿੰਦਣਾ ਜਾਂ ਉਸ ਦਾ ਮਜ਼ਾਕ ਉਡਾਉਣ ਭਾਰਤੀ ਵਿਰਾਸਤ ਦਾ ਹਿੱਸਾ ਨਹੀਂ ਹੈ। ਸਾਡੀ ਵਿਰਾਸਤ ਵਿੱਚ ਤਾਂ ਕਵਿਤਾ ਦਾ ਹਮੇਸ਼ਾ ਹੀ ਕੇਂਦਰੀ ਸਥਾਨ ਰਿਹਾ ਹੈ। ਸਾਡਾ ਸਾਰਾ ਗਿਆਨ ਹੀ ਕਵਿਤਾ ਵਿੱਚ ਹੁੰਦਾ ਸੀ। ਉਸ ਸਮਾਜ ਵਿੱਚ ਹਰ ਕਿਸੇ ਨੂੰ ਕਵਿਤਾ ਦੀ ਥੋੜ੍ਹੀ ਬਹੁਤੀ ਟਰੇਨਿੰਗ ਹੋ ਜਾਂਦੀ ਸੀ। ਜਿਸ ਨਾਲ ਹਰ ਕਿਸੇ ਅੰਦਰ ਆਪੋ ਆਪਣੇ ਖੇਤਰ ਦਾ ਗਿਆਨ ਕਵਿਤਾ ਰਾਹੀਂ ਪ੍ਰਗਟ ਕਰਨ ਦੀ ਸਮਰੱਥਾ ਆ ਜਾਂਦੀ ਸੀ। ਕਵਿਤਾ ਸਾਡੇ ਕਲਚਰ ਦਾ ਹਿੱਸਾ ਸੀ। ਇਸ ਕਰਕੇ ਹਰ ਖੇਤਰ ਵਿੱਚ ਗਿਆਨ ਅਸੀਂ ਸਿਰਜਿਆ ਤੇ ਪ੍ਰਗਟ ਕੀਤਾ। ਪਰ ਅੱਜ ਕਿਉਂਕਿ ਅਸੀਂ ਕਵਿਤਾ ਨਾਲੋਂ, ਸ਼ਬਦ ਨਾਲੋਂ ਜਾਂ ਕਹਿ ਸਕਦੇ ਹਾਂ ਕਿ ਭਾਸ਼ਾ ਰਾਹੀਂ ਆਪਣੀ ਗੱਲ ਕਹਿਣ ਦੀ ਸਮਰੱਥਾ ਨਾਲੋਂ ਟੁੱਟ ਗਏ ਹਾਂ, ਉਸ ਕਾਰਨ ਅਸੀਂ ਵੱਖ ਵੱਖ ਖੇਤਰਾਂ ਵਿੱਚ ਪੈਦਾ ਹੋ ਰਿਹਾ ਗਿਆਨ ਵੀ ਆਪਣੀਆਂ ਭਾਸ਼ਾਵਾਂ ਵਿੱਚ ਪ੍ਰਗਟਾਉਣ ਦੀ ਸਮਰੱਥਾ ਗੁਆ ਲਈ ਹੈ। ਸਾਡੇ ਵਿਗਿਆਨੀ, ਡਾਕਟਰ, ਇੰਜਨੀਅਰ, ਬਿਜ਼ਨਸਮੈਨ ਤੇ ਹੋਰ ਲੋਕ ਆਪੋ ਆਪਣੇ ਖੇਤਰਾਂ ਦਾ ਗਿਆਨ ਸਾਡੀਆਂ ਭਾਸ਼ਾਵਾਂ ਵਿੱਚ ਪ੍ਰਗਟਾਉਣ ਦੇ ਸਮਰੱਥ ਨਹੀਂ। ਉਹ ਭਾਸ਼ਾ ਰਾਹੀਂ ਪ੍ਰਗਟਾਵੇ ਦੀ ਸਮਰੱਥਾ ਤੋਂ ਵਾਂਝੇ ਹਨ। ਉਹ ਕਵਿਤਾ ਨਾਲੋਂ ਟੁੱਟੇ ਹਨ। ਉਹ ਭਾਸ਼ਾ ਤੋਂ ਵੀ ਦੂਰ ਹੋ ਗਏ ਹਨ।

*****

ਪੁਰਾਣੇ ਦੌਰ ਵਿੱਚ ਹਰ ਤਰਾਂ ਦੇ ਕਾਰੋਬਾਰ ਨਾਲ ਸਬੰਧਤ ਲੋਕਾਂ ਅੰਦਰ ਸਾਹਿਤ ਰਚਣ ਦੀ ਸਮਰੱਥਾ ਹੁੰਦੀ ਸੀ। ਚਾਹੇ ਕੋਈ ਜੋਤਿਸ਼ ਸਾਸ਼ਤਰੀ ਹੋਵੇ, ਚਾਹੇ ਗਣਿਤ ਸਾਸ਼ਤਰੀ ਜਾਂ ਕੋਈ ਵੈਦ। ਹਰ ਤਰਾਂ ਦਾ ਕੰਮ ਕਰਨ ਵਾਲੇ ਲੋਕ ਕਵਿਤਾ ਅਤੇ ਸਾਹਿਤ ਨਾਲ ਜੁੜੇ ਹੋਏ ਸਨ। ਇਨ੍ਹਾਂ ਕਾਰੋਬਾਰਾਂ ਨਾਲ ਜੁੜੇ ਲੋਕਾਂ ਨੇ ਸਾਹਿਤ ਰਚਨਾ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਅਸੀਂ ਪੰਜਾਬੀ ਸਾਹਿਤ ਵਿਚ ਹੀ ਦੇਖ ਸਕਦੇ ਹਾਂ ਕਿ ਸਾਡੇ ਬਹੁਤ ਸਾਰੇ ਪੁਰਾਣੇ ਲੇਖਕ ਵੈਦ ਸਨ।

*****

ਬਹੁਤ ਦੇਰ ਤੱਕ ਪੰਜਾਬ ਦੀ ਸਰਕਾਰੀ ਭਾਸ਼ਾ ਉਰਦੂ ਹੀ ਰਹੀ ਹੈ। ਸਾਡੇ ਇੱਥੇ ਸਿਖਿਆ ਦਾ ਮਾਧਿਅਮ ਵੀ ਉਰਦੂ ਸੀ। 1947 ਤੱਕ ਸਿੱਖਿਆ ਦਾ ਮਾਧਿਅਮ ਉਰਦੂ ਰਿਹਾ ਹੈ। ਵਿਗਿਆਨਾਂ ਜਾਂ ਜੁਗਰਾਫੀ ਵਗੈਰ ਸ਼ੁਰੂ ਵਿੱਚ ਉਰਦੂ ਭਾਸ਼ਾ ਵਿੱਚ ਹੀ ਟਰਾਂਸਲੇਟ ਕੀਤੇ ਗਏ। 1947 ਤੋਂ ਲੈ ਕੇ 1960 ਤੱਕ ਤਿੰਨ ਭਾਸ਼ਾਵਾਂ ਸਨ। ਉਰਦੂ ਦੀ ਤਾਕਤ ਇਹ ਰਹੀ ਹੈ ਕਿ ਇਹ ਸਾਰੇ ਸਰੋਤਾਂ ਤੋਂ ਸ਼ਬਦ



ਲੈਂਦਾ ਸੀ। 1950 ਤੋਂ ਬਾਅਦ ਪੰਜਾਬੀ ਵਿਚ ਕਿਤਾਬਾਂ ਦਾ ਅਨੁਵਾਦ ਹੋਣ ਲੱਗ ਪਿਆ। ਮੁਢਲੇ ਦਿਨਾਂ ਦੌਰਾਨ ਇਸ ਤੇ ਉਰਦੂ ਦਾ ਰੰਗ ਭਾਰੂ ਸੀ ਅਤੇ ਹੌਲੀ ਹੌਲੀ ਸੰਸਕ੍ਰਿਤੀਕਰਨ ਦਾ ਰੁਝਾਨ ਵਧਣ ਲੱਗਾ। ਸਮੱਸਿਆ ਟੈਕਸਟ ਬੁੱਕਾਂ ਤੋਂ ਸ਼ੁਰੂ ਹੋਈ ਸੀ ਅਤੇ ਇਸ ਦਾ ਅਸਰ ਸਮੁਚੀ ਭਾਸ਼ਾ ਤੇ ਪਿਆ।

*****

ਭਾਰਤ ਅੰਦਰ ਬਾਈਬਲ ਦਾ ਸਭ ਤੋਂ ਪਹਿਲਾ ਅਨੁਵਾਦ ਤਾਮਿਲ ਵਿੱਚ ਹੋਇਆ ਸੀ। ਇਸ ਤੋਂ ਬਾਅਦ ਬੰਗਾਲੀ, ਮਰਾਠੀ, ਪੰਜਾਬੀ ਤੇ ਹਿੰਦੀ ਵਿਚ ਇਸ ਦਾ ਤਰਜਮਾ ਹੋਇਆ।

*****

ਪੰਜਾਬੀ ਵਿੱਚ ਰੂਹਾਨੀ ਸਾਹਿਤ ਬਥੇਰਾ ਹੈ ਅਤੇ ਉਸ ਨੂੰ ਪ੍ਰਗਟਾਉਣ ਦੀ ਸਮਰੱਥਾ ਇਸ ਅੰਦਰ ਹੈ। ਇਸੇ ਤਰਾਂ ਵੱਖ ਵੱਖ ਤਰਾਂ ਦੀਆਂ ਲਹਿਰਾਂ ਦੀ ਅਤੇ ਰਾਜਨੀਤਕ ਖਿਆਲਾਂ ਦੀ ਭਾਸ਼ਾ ਵੀ ਇਹ ਰਹੀ ਹੈ। ਉਨ੍ਹਾਂ ਖੇਤਰਾਂ ਅੰਦਰ ਸਾਨੂੰ ਸ਼ਬਦਾਵਲੀ ਦੀ ਕੋਈ ਸਮੱਸਿਆ ਨਹੀਂ ਪਰ ਜਿਥੋਂ ਤੱਕ ਨਵੀਆਂ ਵਿਗਿਆਨਾਂ ਤੇ ਨਵੇਂ ਗਿਆਨ ਦਾ ਸਬੰਧ ਹੈ, ਉਸ ਦੀ ਭਾਸ਼ਾ ਇਹ ਨਹੀਂ ਬਣ ਸਕੀ।

*****

ਸਰਕਾਰਾਂ ਦੇ ਪੱਧਰ ਤੇ ਭਾਸ਼ਾ ਕੋਈ ਮੁੱਦਾ ਨਹੀਂ ਹੈ। ਸਰਕਾਰਾਂ ਦੇ ਸੰਚਾਲਨ ਵਿੱਚ ਭਾਸ਼ਾ ਕਿਤੇ ਰੁਕਾਵਟ ਨਹੀਂ ਬਣਦੀ। ਇਸੇ ਤਰ੍ਹਾਂ ਵਪਾਰ ਤੇ ਕਾਰੋਬਾਰ ਦੇ ਢਾਂਚੇ ਵਿੱਚ ਭਾਸ਼ਾ ਦੀ ਕੋਈ ਸਮੱਸਿਆ ਨਹੀਂ ਹੈ। ਚਾਹੇ ਫੈਕਟਰੀਆਂ ਦੇ ਮੈਨੇਜਰ ਹੋਣ, ਚਾਹੇ ਤਜਾਰਤ ਦੇ ਹੋਰ ਖੇਤਰ ਹੋਣ, ਕਿਸੇ ਨੂੰ ਆਪਣੇ ਵਰਕਰਾਂ ਨਾਲ, ਦੂਸਰੇ ਬਿਜ਼ਨਸਾਂ ਨਾਲ ਗੱਲਬਾਤ ਕਰਨ ਵਿੱਚ ਕੋਈ ਸਮੱਸਿਆ ਨਹੀਂ। ਡਾਕਟਰ ਨੂੰ ਆਪਣੇ ਜੂਨੀਅਰਾਂ ਨਾਲ ਜਾਂ ਮਰੀਜ਼ਾਂ ਨਾਲ ਗੱਲਬਾਤ ਕਰਨ ਵਿੱਚ ਕੋਈ ਸਮੱਸਿਆ ਨਹੀਂ। ਪੈਦਾਵਾਰ ਕਰਨ ਵਾਲੇ, ਕੁੱਝ ਉਪਜਾਉਣ ਵਾਲੇ, ਧਨ ਪੈਦਾ ਕਰਨ ਵਾਲੇ ਲੋਕਾਂ ਅੰਦਰ ਭਾਸ਼ਾ ਦੀ ਸਮੱਸਿਆ ਦੀ ਗੱਲ ਅਸੀਂ ਕਿਤੇ ਨਹੀਂ ਸੁਣਦੇ। ਫੇਰ ਭਾਸ਼ਾ ਦੀ ਸਮੱਸਿਆ ਦੀ ਗੱਲ ਕੌਣ ਕਰ ਰਿਹਾ ਹੈ ? ਸਿਰਫ ਉਹ ਲੋਕ ਜਿਹੜੇ ਸਿੱਧੇ ਤੌਰ ਤੇ ਭਾਸ਼ਾ ਦੇ ਕਾਰੋਬਾਰ ਨਾਲ ਜੁੜੇ ਹਨ।

*****

ਸਾਡਾ ਪੜ੍ਹੇ ਲਿਖੇ ਹੋਣ ਤੇ ਅਨਪੜ੍ਹ ਹੋਣ ਦਾ ਸੰਕਲਪ ਵੀ ਪੱਖਪਾਤੀ ਹੈ। ਇਹ ਬਹੁਤ ਵੱਡੀ ਗਲਤਫਹਿਮੀ ਹੈ ਕਿ ਸਿਰਫ ਪੜ੍ਹੇ ਲਿਖੇ ਲੋਕ ਹੀ ਗਿਆਨ ਪੈਦਾ ਕਰਦੇ ਹਨ ਜਾਂ ਭਾਸ਼ਾ ਸਿਰਜਦੇ ਹਨ। ਅਸਲੀਅਤ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਅਸੀਂ ਅਨਪੜ੍ਹ ਕਹਿੰਦੇ ਹਾਂ, ਉਹ ਹੀ ਜ਼ਿੰਦਗੀ ਦਾ ਅਸਲ ਗਿਆਨ ਪੈਦਾ ਕਰ ਰਹੇ ਹਨ। ਉਹ ਹੀ ਨਵੀਂ ਭਾਸ਼ਾ ਸਿਰਜਦੇ ਹਨ। ਨਵੇਂ ਸ਼ਬਦ ਸਿਰਜ ਰਹੇ ਹਨ। ਉਹ ਜਿਹੜੇ ਸ਼ਬਦ ਤੇ ਭਾਸ਼ਾ ਸਿਰਜਦੇ ਹਨ, ਉਹ ਜ਼ਿਆਦਾ ਜਿਊਂਦੀ ਭਾਸ਼ਾ ਹੈ। ਪੜ੍ਹੇ ਲਿਖੇ ਲੋਕ ਜੋ ਭਾਸ਼ਾ ਸਿਰਜ ਰਹੇ ਹਨ, ਉਹ ਦਿਨ-ਬ-ਦਿਨ ਨਿਰਜਿੰਦ ਜਿਹੀ ਹੁੰਦੀ ਜਾ ਰਹੀ ਹੈ।

*****

ਭਾਸ਼ਾ ਦਾ ਮਿਆਰੀਕਰਨ ਇੱਕ ਬਹੁਤ ਵੱਡੀ ਭ੍ਰਾਂਤੀ ਹੈ। ਇਹ ਸੰਕਲਪ ਕਿਤਾਬੀ ਗਿਆਨ ਵਾਲੇ ਲੋਕਾਂ ਨੇ ਪੈਦਾ ਕੀਤਾ। ਦੁਨੀਆ ਵਿੱਚ ਕਿਤੇ ਵੀ ਉਸ ਤਰ੍ਹਾਂ ਦਾ ਮਿਆਰੀਕਰਨ ਨਹੀਂ ਹੈ, ਜਿਸ ਦੀ ਵਿਦਵਾਨ ਕਿਸਮ ਦੇ ਲੋਕ ਗੱਲ ਕਰ ਰਹੇ ਹਨ। ਚਾਹੇ ਸ਼ਬਦਾਂ ਦਾ ਮਿਆਰੀਕਰਨ ਹੋਵੇ, ਚਾਹੇ ਸ਼ਬਦਜੋੜਾਂ ਦਾ, ਚਾਹੇ ਗਰਾਮਰ ਦੇ ਨਿਯਮਾਂ ਦਾ ਅਤੇ ਚਾਹੇ ਹੋਰ ਕਿਸੇ ਵੀ ਚੀਜ਼ ਦਾ। ਪੂਰਨ ਮਿਆਰੀਕਰਨ ਕਿਤੇ ਵੀ ਨਹੀਂ ਹੋ ਸਕਦਾ। ਭਾਸ਼ਾ ਦਾ ਸੰਬੰਧ ਜ਼ਿੰਦਗੀ ਨਾਲ ਹੈ ਅਤੇ ਜ਼ਿੰਦਗੀ ਨੂੰ ਕੁੱਝ ਬੰਦ ਨਿਯਮਾਂ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ।

*****

ਦੁਨੀਆ ਵਿੱਚ ਸਭ ਤੋਂ ਵੱਧ ਹੱਥਲਿਖਤ ਕਿਤਾਬਾਂ ਭਾਰਤ ਵਿੱਚ ਹਨ। ਪੁਰਾਤਨ ਭਾਰਤ

ਕਿਤਾਬਾਂ ਤੇ ਗਿਆਨ ਦੀ ਭੂਮੀ ਸੀ। ਪਰ ਸਾਡੇ ਇਹ ਗਿਆਨ ਇੱਕ ਖਾਸ ਵਰਗ ਤੱਕ ਸੀਮਤ ਸੀ। ਇਹੀ ਵਜ੍ਹਾ ਸੀ ਕਿ ਸਾਡੇ ਕੋਲ ਕਿਤਾਬਾਂ ਦੀ ਅਜਿਹੀ ਅਮੀਰ ਪਰੰਪਰਾ ਦੇ ਬਾਵਜੂਦ ਪ੍ਰਿੰਟਿੰਗ ਟੈਕਨਾਲੋਜੀ ਵਿਕਸਤ ਨਹੀਂ ਹੋਈ। ਸਾਡੇ ਚੀਨ ਜਪਾਨ ਤੋਂ ਵੀ ਪਹਿਲਾਂ ਬਲੌਕ ਪ੍ਰਿੰਟਿੰਗ ਦੀ ਤਕਨੀਕ ਸੀ, ਪਰ ਉਹ ਕਿਤਾਬਾਂ ਛਾਪਣ ਲਈ ਨਹੀਂ ਬਲਕਿ ਟੈਕਸਟਾਈਲ ਲਈ ਵਰਤੀ ਜਾਂਦੀ ਸੀ। ਯੂਰਪ ਵਿੱਚ ਗੁਟਨਬਰਗ ਨੇ ਆਧੁਨਿਕ ਪ੍ਰਿੰਟਿੰਗ ਮਸ਼ੀਨ 1470 ਵਿੱਚ ਬਣਾ ਲਈ ਸੀ। ਸਾਡੇ ਕੋਲ ਇਹ ਮਸ਼ੀਨ ਈਸਾਈ ਮਿਸ਼ਨਰੀ ਲੈਕੇ ਆਇਆ। ਅਸੀਂ ਇਸ ਤਕਨਾਲੋਜੀ ਨੂੰ ਮਜ਼ਬੂਰਨ ਮਿਸ਼ਨਰੀਆਂ ਦਾ ਟਾਕਰਾ ਕਰਨ ਲਈ ਪ੍ਰਵਾਨ ਕੀਤਾ।

*****

ਪੰਜਾਬੀ ਵਿੱਚ ਆਧੁਨਿਕ ਵਾਰਤਕ ਲਿਖਣ ਵਾਲਾ ਪਹਿਲਾ ਲੇਖਕ ਸ਼ਰਧਾ ਰਾਮ ਫਿਲੌਰੀ ਹੈ। ਉਸਦੀ ਸਾਡੀ ਭਾਸ਼ਾ ਨੂੰ ਬਹੁਤ ਵੱਡੀ ਦੇਣ ਹੈ। ਉਹ ਬੜੀ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਸੀ। ਓਮ ਜੈ ਜਗਦੀਸ਼ ਹਰੇ ਭਜਨ ਉਸੇ ਨੇ ਲਿਖਿਆ ਸੀ ਅਤੇ ਉਸ ਦੀ ਧੁਨ ਵੀ ਉਸ ਨੇ ਬਣਾਈ। ਬਾਅਦ ਵਿੱਚ ਪੂਰੇ ਭਾਰਤ ਅੰਦਰ ਇਹ ਭਜਨ ਇਸੇ ਧੁਨ ਵਿੱਚ ਪ੍ਰਚਲਿਤ ਹੋ ਗਿਆ। ਅੱਜ ਵੀ ਇਹ ਭਜਨ ਉਸੇ ਧੁਨ ਵਿੱਚ ਗਾਇਆ ਜਾਂਦਾ ਹੈ। ਬਹੁਤ ਥੋੜ੍ਹੇ ਲੋਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਇਹ ਐਨਾ ਮਸ਼ਹੂਰ ਭਜਨ ਸ਼ਰਧਾ ਰਾਮ ਨੇ ਦੇ ਕਿਸੇ ਪੰਜਾਬੀ ਪੰਡਿਤ ਨੇ ਲਿਖਿਆ ਸੀ।

*****

ਪੰਜਾਬੀ ਪ੍ਰਕਾਸ਼ਨ ਵਿੱਚ ਵੀ ਬਹੁਤ ਵੱਡੀਆਂ ਬਿਜ਼ਨਸ ਸੰਭਾਵਨਾਵਾਂ ਹਨ। ਮਿਸਾਲ ਦੇ ਤੌਰ ਤੇ ਜੇ ਪੰਜਾਬ ਵਿੱਚ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀ ਪਧਰ ਤੱਕ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗੱਲ ਕਰੀਏ ਤਾਂ ਹਰ ਸਮੇਂ ਪੰਜਾਬ ਵਿੱਚ ਕੁੱਲ 55 ਲੱਖ ਦੇ ਕਰੀਬ ਅਜਿਹਾ ਵਿਦਿਆਰਥੀ ਹੁੰਦਾ ਹੈ, ਜਿਹੜਾ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬੀ ਪੜ੍ਹ ਰਿਹਾ ਹੁੰਦਾ ਹੈ। ਜੇ ਇਸ ਵਿਦਿਆਰਥੀ ਦੀ ਰੁਚੀ ਦਾ ਸਾਹਿਤ, ਕਿਤਾਬਾਂ ਪ੍ਰਕਾਸ਼ਤ ਹੋਣ ਜਾਂ ਇਨ੍ਹਾਂ ਵਿਦਿਆਰਥੀਆਂ ਨੂੰ ਪੰਜਾਬੀ ਕਿਤਾਬਾਂ ਦੀ ਪੜ੍ਹਾਈ ਨਾਲ ਜੋੜਿਆ ਜਾਵੇ ਤਾਂ ਪੰਜਾਬੀ ਭਾਸ਼ਾ ਵਿੱਚ ਵੀ ਬਹੁਤ ਵੱਡੀ ਪਬਲਿਸ਼ਿੰਗ ਇੰਡਸਟਰੀ ਖੜ੍ਹੀ ਹੋ ਸਕਦੀ ਹੈ। ਪੰਜਾਬੀ ਪ੍ਰਕਾਸ਼ਨ ਲਈ ਇਹ ਇੱਕ ਸੰਭਾਵਨਾ ਵੀ ਹੈ ਅਤੇ ਚੁਣੌਤੀ ਵੀ।

*****

ਕਿਤਾਬ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਸਮਾਜਕ ਤਾਕਤ ਹੈ। ਕਿਤਾਬ ਦੇ ਇਤਿਹਾਸ ਨਾਲ ਅਸੀਂ ਸਮਾਜ ਦਾ ਇਤਿਹਾਸ ਸਮਝ ਸਕਦੇ ਹਾਂ। ਅਸੀਂ ਕਦੇ ਕਿਤਾਬ ਦਾ ਇਤਿਹਾਸ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ।

---

ਮਹਿਲਾਂ ਨੂੰ ਕਿਉਂ ਮਹਿਲਾਂ ਵਾਲੇ, ਜੰਦਰੇ ਮਾਰ ਤੁਰੇ।
ਜਿਹੜੀ ਬਾਜ਼ੀ ਜਿੱਤਣੀ ਸੀ, ਉਹ, ਓਹੀ ਹਾਰ ਤੁਰੇ।

ਆਖ ਰਿਹਾ ਸਾਂ ਮੈਂ ਤਾਂ ਮੁੜ-ਮੁੜ ਇੰਜ ਨਾ ਵਗਣਾ ਸੀ,
ਅੱਥੇਰ ਪਾਣੀ ਆਪਣੇ ਹੀ ਪੱਤਣਾਂ ਨੂੰ ਖਾਰ ਤੁਰੇ।

**-ਜਸਵਿੰਦਰ ਮਾਨ**



## ਮੰਡੀਕਰਣ ਅਤੇ ਸਮਕਾਲੀ ਦਲਿਤ ਸਮਾਜ : ਇੱਕ ਦ੍ਰਿਸ਼ਟੀਕੋਣ
## -ਡਾ. ਰੌਣਕੀ ਰਾਮ

**? ਡਾ ਰੌਣਕੀ ਰਾਮ ਜੀ ਤੁਸੀਂ ਕਾਫ਼ੀ ਸਮੇਂ ਤੋਂ ਦਲਿਤ ਲਹਿਰ ਤੇ ਦਲਿਤ ਸਮਾਜ ਸੰਬੰਧੀ ਖੋਜ ਵਿਚ ਲੱਗੇ ਹੋਏ ਹੋ ਤੇ ਇਨ੍ਹਾਂ ਮਜ਼ਮੂਨਾਂ ਨੂੰ ਲੈ ਕੇ ਦੇਸ਼-ਵਿਦੇਸ਼ ਵਿਚ ਬਹੁਤ ਸਾਰੀਆਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫਰੰਸ਼ਾਂ ਵਿਚ ਭਾਗ ਲੈ ਚੁੱਕੇ ਹੋ। ਵਿਸ਼ਵ ਮਾਨਤਾ ਪ੍ਰਾਪਤ ਪੱਤਰਕਾਵਾਂ ਵਿਚ ਵੀ ਛਪ ਚੁੱਕੇ ਹੋ। ਤੁਹਾਡਾ ਇਹ ਰੁਝਾਨ ਕਿਸ ਤਰ੍ਹਾਂ ਬਣਿਆ।**

– ਮੇਰੀ ਖੋਜ ਦੇ ਵਿਸ਼ੇ ਤਾਂ ਬਿਲਕੁੱਲ ਅਲੱਗ ਅਲੱਗ ਸਨ ਜਿਵੇਂ ਮੈਂ ਐੱਮ ਦੌਰਾਨ 'ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਕਾਂਗਰਸ ਪਾਰਟੀ' ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਵਿਚ ਮੈਂ ਜਿਸ ਵਿਸ਼ੇ ਨੂੰ ਲੈ ਕੇ ਪੀ-ਐੱਚ ਡੀ ਕੀਤੀ ਉਹ ਸੀ 'ਵਿਸ਼ਵ ਸ਼ਾਂਤੀ'। ਮੇਰੀ ਪੀ-ਐੱਚ ਦੀ ਖੋਜ ਅਮਰੀਕਾ ਵੱਲੋਂ ਦੂਸਰੇ ਵਿਸ਼ਵ ਯੁੱਧ ਉਪਰੰਤ ਜਾਪਾਨ ਵਿੱਚ ਲੋਕਤੰਤਰਿਕ ਪ੍ਰਣਾਲੀ ਸਥਾਪਿਤ ਕਰਕੇ ਉਸ ਨੂੰ ਸ਼ਾਂਤੀ ਪਥ ਉੱਤੇ ਲਿਆਉਣ ਦੇ ਸੰਬੰਧ ਵਿੱਚ ਸੀ। ਇਸ ਉਪਰੰਤ ਅੰਤਰ-ਰਾਸ਼ਟਰੀ ਰਾਜਨੀਤੀ ਅਤੇ ਵਿਸ਼ਵ ਸ਼ਾਂਤੀ ਦੇ ਮਜ਼ਮੂਨ ਨੂੰ ਲੈ ਕੇ ਮੈਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚਲੇ 'ਸਕੂਲ ਆਫ਼ ਇੰਟਰਨੈਸ਼ਨਲ ਸਟੱਡੀਜ਼' ਦੇ 'ਸੈਂਟਰ ਆਫ਼ ਇੰਟਰਨੈਸ਼ਨਲ ਪੋਲੀਟਿਕਸ' ਵਿੱਚ ਰਿਸਰਚ ਐਸੋਸ਼ੀਏਟ ਦੇ ਤੌਰ 'ਤੇ ਪੜ੍ਹਾਇਆ ਵੀ। ਇਸ ਸਮੇਂ ਦੌਰਾਨ ਮੈਨੂੰ ਸਵੀਡਨ ਵਿੱਚ ਉਪਸਲਾ ਯੂਨੀਵਰਸਿਟੀ ਵਿਖੇ 'ਵਿਵਾਦਾਂ ਨੂੰ ਸ਼ਾਂਤੀ ਪੂਰਵਕ ਨਿਪਟਾਉਣ' ਦੇ ਵਿਸ਼ੇ 'ਤੇ ਉੱਚ-ਵਿੱਦਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ, ਜਿਸ ਨੂੰ ਬਾਅਦ ਵਿੱਚ ਮੈਂ ਗੋਆ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਵਿੱਚ ਪੜ੍ਹਾਇਆ ਵੀ। ਇਹ ਸਿਲਸਲਾ 1995 ਦੇ ਮੱਧ ਤੱਕ ਜਾਰੀ ਰਿਹਾ।

ਜੂਨ 1995 ਵਿੱਚ ਮੈਨੂੰ ਪੰਜਾਬ ਯੂਨੀਵਰਸਿਟੀ ਦੇ ਗਾਂਧੀਅਨ ਸਟੱਡੀਜ਼ ਵਿਭਾਗ ਵਿੱਚ ਵਿਸ਼ਵ ਸਾਂਤੀ ਦੇ ਮਜ਼ਮੂਨ ਨੂੰ ਪੜ੍ਹਾਉਣ ਦਾ ਮੌਕਾ ਮਿਲਿਆ। ਗਾਂਧੀਅਨ ਐਂਡ ਪੀਸ ਸਟੱਡੀ ਵਿਭਾਗ ਵਿਚ ਪੜ੍ਹਾਉਣ ਦੌਰਾਨ ਮੈਨੂੰ ਲੱਗਿਆ ਕਿ ਪੰਜਾਬ ਵਿਚ ਜਿਸ ਤਰ੍ਹਾਂ ਦਾ ਕੰਮ ਹੋ ਰਿਹਾ ਹੈ ਉਸ ਦਾ ਵਿਸ਼ਵ ਸ਼ਾਂਤੀ ਜਾਂ ਅੰਤਰ-ਰਾਸ਼ਟਰੀ ਰਾਜਨੀਤੀ ਨਾਲ ਕੋਈ ਖ਼ਾਸ ਰੁਝਾਨ ਨਹੀਂ ਹੈ। ਆਰੰਭ ਵਿਚ ਮੈਂ ਪੰਜਾਬ ਬਾਰੇ ਸਰਸਰੀ ਤੌਰ 'ਤੇ ਪੜ੍ਹਨਾ ਸ਼ੁਰੂ ਕੀਤਾ। ਗਾਂਧੀਅਨ ਸਟੱਡੀਜ਼ ਵਿਭਾਗ ਵਿੱਚ ਤਿੰਨ ਸਾਲ ਪੜ੍ਹਾਉਣ ਤੋਂ ਬਾਅਦ ਮੇਰੀ ਨਿਯੁਕਤੀ (1998) ਇਸੇ ਹੀ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਵਿੱਚ ਹੋ ਗਈ। ਰਾਜਨੀਤੀ ਵਿਭਾਗ ਦੇ ਪ੍ਰੋਫ਼ੈਸਰ ਪੀ ਐੱਸ਼ ਵਰਮਾ ਅਤੇ ਮਰਹੂਮ ਪ੍ਰੋਫ਼ੈਸਰ ਪ੍ਰਦੀਪ ਕੁਮਾਰ ਦਲਿਤ ਵਿਸ਼ੇ 'ਤੇ ਗੰਭੀਰਤਾ ਪੂਰਵਕ ਖੋਜ ਕਾਰਜ ਵਿਚ ਰੁੱਝੇ ਹੋਏ ਸਨ। ਪ੍ਰੋਫ਼ੈਸਰ ਵਰਮਾ ਨੇ ਮੈਨੂੰ ਪੰਜਾਬ ਦੇ ਦਲਿਤ ਸਮਾਜ ਨਾਲ ਸੰਬੰਧਤ ਵਿਭਾਗ ਵੱਲੋਂ ਕਰਵਾਏ ਜਾ ਰਹੇ ਸੈਮੀਨਾਰ ਵਾਸਤੇ ਲੇਖ ਲਿਖਣ ਲਈ ਕਿਹਾ। ਲੇਖ ਉਨ੍ਹਾਂ ਨੂੰ ਪਸੰਦ ਆਇਆ। ਇਹ ਮੇਰੀ ਦਲਿਤ ਖੋਜ ਵਿੱਚ ਸ਼ੁਰੂਆਤ ਸੀ।

ਇਸੀ ਸ਼ੁਰੂਆਤ ਨੇ ਮੈਨੂੰ ਕੇ ਸੀ ਸੁਲੇਖ ਅਤੇ ਕੇ ਸੀ ਸ਼ਨਮਾਰ ਨਾਲ ਮਿਲਵਾਇਆ। ਕੇ ਸੀ ਸੁਲੇਖ ਇੱਕ ਉੱਘੇ ਅਤੇ ਅਨੁਭਵੀ ਅੰਬੇਡਕਰੀ ਹਨ ਜਿਹੜੇ 1944 ਤੋਂ ਨਿਰੰਤਰ ਰੂਪ ਵਿੱਚ ਦਲਿਤ ਸਮਾਜ ਦੇ ਉਥਾਨ ਲਈ ਕਾਰਜਸ਼ੀਲ ਹਨ। ਕੇ ਸੀ ਸ਼ਨਮਾਰ

ਪੰਜਾਬ ਦੇ ਜ਼ੇਲ੍ਹ ਵਿਭਾਗ ਦੇ ਆਈ ਜੀ ਵਜੋਂ ਸੇਵਾਮੁਕਤ ਸਨ ਅਤੇ ਦਲਿਤ ਉਥਾਨ ਦੇ ਕਾਰਜ ਵਿੱਚ ਵਧ-ਚੜ੍ਹ ਕੇ ਹਿੱਸਾ ਪਾ ਰਹੇ ਸਨ। ਇਨ੍ਹਾਂ ਦੋਨਾਂ ਅੰਬੇਡਕਰੀ ਸ਼ਖ਼ਸੀਅਤਾਂ ਨੇ ਮੇਰੀ ਦਲਿਤ ਵਿਸ਼ੇ ਪ੍ਰਤੀ ਖੋਜ ਦੀ ਰੁਚੀ ਨੂੰ ਵਧਣ ਵਿੱਚ ਬਹੁਤ ਸਹਿਯੋਗ ਦਿੱਤਾ।

ਭਾਵੇਂ ਪੰਜਾਬੀ ਦਲਿਤ ਔਰਤਾਂ ਦੇ ਖੇਤ ਮਜ਼ਦੂਰੀ ਕੰਮ ਵਿੱਚ ਭੂਮਿਕਾ ਦੇ ਨਾਲ ਸੰਬੰਧਤ ਵਿਸ਼ੇ 'ਤੇ ਮੈਂ 1980ਵਿਆਂ ਦੇ ਦੌਰਾਨ ਪ੍ਰੋਫ਼ੈਸਰ ਪਰਮਜੀਤ ਸਿੰਘ ਜੱਜ ਦੇ ਨਾਲ 'ਪੰਜਾਬ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟਰੇਸ਼ਨ' ਦੇ ਖੋਜ ਪ੍ਰੋਜੈਕਟ ਵਿੱਚ ਕੰਮ ਕਰ ਚੁੱਕਾ ਸਾਂ, ਪਰ ਦਲਿਤ ਸਮਾਜ ਦੇ ਵਿਸ਼ੇ 'ਤੇ ਵਿਧੀਪੂਰਵਕ ਖੋਜ ਦਾ ਕੰਮ ਮੈਂ 1998ਵਿਆਂ ਦੌਰਾਨ ਸ਼ੁਰੂ ਕੀਤਾ। ਸ਼ੁਰੂ-ਸ਼ੁਰੂ ਵਿੱਚ ਇੱਕ ਹੋਰ ਮਹੱਤਵਪੂਰਨ ਸਰੋਤ ਜਿਸ ਨੇ ਮੈਨੂੰ ਦਲਿਤ ਸਮਾਜ ਦੀਆਂ ਗਹਿਰੀਆਂ ਪਰਤਾਂ ਨੂੰ ਘੋਖਣ ਲਈ ਜਾਗਰਤ ਕੀਤਾ, ਉਹ ਸੀ ਅਮਰੀਕਾ ਦੇ ਪ੍ਰਸਿੱਧ ਪ੍ਰੋਫ਼ੈਸਰ ਮਾਰਕ ਜੁਰਜ਼ਨਸਮੇਅਰ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਰਿਲੀਜੀਅਸ ਰਿਬੇਲਜ਼ ਇਨ ਦੀ ਪੰਜਾਬ'। ਮਾਰਕ ਨੇ ਇਸ ਪੁਸਤਕ ਨੂੰ ਤਿਆਰ ਕਰਨ ਲਈ ਕਾਫ਼ੀ ਸਮੇਂ ਤੱਕ ਪੰਜਾਬ ਵਿੱਚ ਰਹਿ ਕੇ ਖੋਜ ਕੀਤੀ ਸੀ। ਉਨ੍ਹਾਂ ਨੇ ਬਹੁਤ ਸਾਰੇ ਦਲਿਤ ਕਾਰਕੁੰਨਾਂ, ਸਰਕਾਰੀ ਮਹਿਕਮਿਆਂ ਵਿੱਚ ਕਾਰਜਸ਼ੀਲ ਅਫ਼ਸਰਾਂ, ਰਾਜਨੀਤਿਕ ਆਗੂਆਂ, ਬੁੱਧੀਜੀਵੀਆਂ ਅਤੇ ਹੋਰ ਸੰਬੰਧਤ ਵਿਅਕਤੀਆਂ ਨਾਲ ਨਿੱਜੀ ਮੁਲਾਕਾਤਾਂ ਕਰਕੇ ਅਤੇ ਪੰਜਾਬ ਦੀ ਆਦਿ ਧਰਮ ਲਹਿਰ ਨਾਲ ਸੰਬੰਧਤ ਦਸਤਾਵੇਜ਼ਾਂ ਦੀ ਛਾਣਬੀਨ ਕਰਕੇ ਪੀ-ਐੱਚ ਡੀ ਦੀ ਖੋਜ ਮੁਕੰਮਲ ਕੀਤੀ ਸੀ, ਜਿਸ ਨੂੰ ਉਨ੍ਹਾਂ ਨੇ ਬਾਅਦ ਵਿੱਚ ਉਪਰੋਕਤ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ। ਮੈਂ ਇਸ ਕਿਤਾਬ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਅਤੇ ਇਸ ਵਿੱਚ ਅੰਕਿਤ ਨਿੱਜੀ ਮੁਲਾਕਾਤੀਆਂ ਦੀ ਸੂਚੀ ਵਿੱਚੋਂ ਜਿੰਨਿਆਂ ਨੂੰ ਵੀ ਮਿਲ ਸਕਿਆ, ਜਾ ਕੇ ਮਿਲਿਆ। ਇਸ ਕਾਰਜ ਦੌਰਾਨ ਮੈਨੂੰ ਪੰਜਾਬ ਦਲਿਤ ਸਮਾਜ ਨਾਲ ਸੰਬੰਧਤ ਕਾਫ਼ੀ ਪੁਸਤਕਾਂ ਅਤੇ ਲੇਖਾਂ ਨੂੰ ਪੜ੍ਹਨ ਦਾ ਵੀ ਮੌਕਾ ਮਿਲਿਆ। ਇਨ੍ਹਾਂ ਹੀ ਦਿਨਾਂ ਦੌਰਾਨ ਅੰਬੇਡਕਰ ਚੇਅਰ ਪ੍ਰੋਫ਼ੈਸਰ ਹਰੀਸ਼ ਕੇ ਪੁਰੀ ਪੰਜਾਬ ਦੇ ਦਲਿਤ ਵਿਸ਼ੇ 'ਤੇ ਪੁਸਤਕ ਸੰਪਾਦਿਤ ਕਰ ਰਹੇ ਸਨ, ਉਨ੍ਹਾਂ ਨੇ ਆਪਣੀ ਇਸ ਪੁਸਤਕ ਲਈ ਮੈਨੂੰ ਵੀ ਇੱਕ ਲੇਖ ਤਿਆਰ ਕਰਨ ਦਾ ਮੌਕਾ ਦਿੱਤਾ। ਉਸ ਵੇਲੇ ਤੱਕ ਮੈਂ ਇਸ ਵਿਸ਼ੇ ਨਾਲ ਸੰਬੰਧਤ 'ਫਿਲਡ' ਦੇ ਆਧਾਰ 'ਤੇ ਕੁਝ ਕੰਮ ਕਰ ਚੁੱਕਾ ਸੀ। ਇਹ ਲੇਖ ਮੈਂ ਨਿੱਜੀ ਮੁਲਾਕਾਤਾਂ ਅਤੇ ਲੋੜੀਂਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਤਿਆਰ ਕੀਤਾ। ਲੇਖ ਬਹੁਤ ਵਿਸਥਾਰ ਨਾਲ ਲਿਖਿਆ ਗਿਆ ਸੀ ਜਿਸ ਦੇ ਕਾਫ਼ੀ ਵੱਡੇ ਆਕਾਰ ਦੇ ਬਾਵਜੂਦ ਵੀ ਪੁਰੀ ਸਾਹਿਬ ਨੇ ਉਸ ਨੂੰ ਉਸੇ ਤਰ੍ਹਾਂ ਪ੍ਰਵਾਨ ਕਰਕੇ ਆਪਣੀ ਪੁਸਤਕ ਵਿੱਚ ਸ਼ਾਮਲ ਕੀਤਾ, ਜਿਸ ਨਾਲ ਮੈਨੂੰ ਬਹੁਤ ਹੌਸਲਾ ਮਿਲਿਆ। ਇਹ ਗੱਲ 2004 ਦੀ ਹੈ। ਉਸੇ ਹੀ ਸਾਲ ਅੰਤਰ-ਰਾਸ਼ਟਰੀ ਪੱਧਰ ਦੇ ਪ੍ਰਸਿੱਧ ਜਰਨਲ 'ਕੰਟਰੀਬਿਊਸ਼ਨਜ਼ ਇਨ ਇੰਡੀਅਨ ਸੋਸ਼ਾਲੋਜੀ' ਵਿੱਚ ਆਦਿ ਧਰਮ ਲਹਿਰ ਨਾਲ ਸੰਬੰਧਤ ਫਿਲਡ ਖੋਜ 'ਤੇ ਆਧਾਰਤ ਮੇਰਾ ਲੇਖ ਵੀ ਪ੍ਰਕਾਸ਼ਿਤ ਹੋ ਗਿਆ। ਕੁਝ-ਕੁ ਮਹੀਨਿਆਂ ਬਾਅਦ ਤੱਲ੍ਹਣ ਕਾਂਡ ਨਾਲ ਸੰਬੰਧਤ ਇੱਕ ਹੋਰ ਖੋਜ ਭਰਪੂਰ ਤਿਆਰ ਕੀਤਾ ਹੋਇਆ ਮੇਰਾ ਲੇਖ ਕੈਲੀਫੋਰਨੀਆ ਯੂਨੀਵਰਸਿਟੀ ਵਰਕਲੇ ਦੇ ਪ੍ਰਸਿੱਧ ਜਰਨਲ 'ਏਸ਼ੀਅਨ ਸਰਵੇ' ਨੇ ਪ੍ਰਕਾਸ਼ਿਤ ਕਰ ਦਿੱਤਾ, ਜਿਸ ਨੇ ਮੈਨੂੰ ਦਲਿਤ ਵਿਸ਼ੇ 'ਤੇ ਹੋਰ ਖੋਜ ਕਰਨ ਲਈ ਉਤਸ਼ਾਹਿਤ ਕੀਤਾ। ਬੱਸ ਫੇਰ ਕੀ ਸੀ, ਅੰਤਰ-ਰਾਸ਼ਟਰੀ ਰਾਜਨੀਤੀ ਦੀ ਖੋਜ ਨੂੰ ਛੱਡ ਕੇ ਮੈਂ ਆਪਣਾ ਪੂਰਾ ਧਿਆਨ ਪੰਜਾਬ ਦੇ ਦਲਿਤ ਵਿਸ਼ੇ ਦੀ ਖੋਜ 'ਤੇ ਕੇਂਦਰਤ ਕਰ ਲਿਆ ਜੋ ਹੁਣ ਤੱਕ ਜਾਰੀ ਹੈ। ਇਸੇ ਸੰਬੰਧ ਵਿੱਚ ਰਾਸ਼ਟਰ ਅਤੇ ਵਿਸ਼ਵ ਦੀਆਂ ਵੱਖ-



ਵੱਖ ਖੋਜ ਪੱਤਰਕਾਵਾਂ ਵਿੱਚ ਲਗਾਤਾਰ ਆਪਣੀ ਖੋਜ ਨੂੰ ਪ੍ਰਕਾਸ਼ਿਤ ਕਰਵਾਉਂਦਾ ਆ ਰਿਹਾ ਹਾਂ।

**? ਤੁਸੀਂ ਮੁੱਢਲੀ ਵਿੱਦਿਆ ਕਿੱਥੋਂ ਹਾਸਲ ਕੀਤੀ। ਉਸ ਤੋਂ ਬਾਅਦ ਕਿਥੇ-ਕਿਥੇ ਪੜ੍ਹਨ ਦਾ ਮੌਕਾ ਮਿਲਿਆ ਤੁਸੀਂ ਦਲਿਤ ਨਹੀਂ ਹੋ। ਪਰ ਦਲਿਤ ਸਾਹਿਤ ਤੇ ਦਲਿਤ ਚੇਤਨਾ ਨਾਲ ਕਿਵੇਂ ਜੜੇ ?**

– ਮੈਂ ਮੁੱਢਲੀ ਵਿੱਦਿਆ ਤਾਂ ਆਪਣੇ ਪਿੰਡੋਂ ਹੀ ਪ੍ਰਾਪਤ ਕੀਤੀ ਸੀ। ਸਾਡੇ ਪਿੰਡ ਦਸਵੀਂ ਤੱਕ ਦਾ ਸਕੂਲ ਸੀ। ਮੇਰਾ ਪਿੰਡ ਸਾਹਰੀ ਹੈ। ਇਹ ਹੁਸ਼ਿਆਰਪੁਰ ਤੋਂ 12 ਕੁ ਕਿਲੋਮੀਟਰ ਫਗਵਾੜਾ ਰੋਡ 'ਤੇ ਹੈ। ਜੇ ਜਲੰਧਰੋਂ ਜਾਈਏ ਤਾਂ ਨਸਰਾਲੇ ਤੋਂ 3 ਕੁ ਕਿਲੋਮੀਟਰ ਹੈ। ਵੈਸੇ ਮੇਰਾ ਪਿੰਡ ਕਾਹਰੀ-ਸਾਹਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜੋ ਅਲੱਗ-ਅਲੱਗ ਪਿੰਡ ਹਨ। ਮੈਂ ਆਪਣੇ ਪਿੰਡ ਦੇ ਸਕੂਲ ਤੋਂ ਹੀ 1977 ਵਿਚ ਦਸਵੀਂ ਪਾਸ ਕੀਤੀ। ਇਸ ਤੋਂ ਬਾਅਦ ਸਰਕਾਰੀ ਕਾਲਜ ਹੁਸ਼ਿਆਰਪੁਰ ਦਾਖ਼ਲਾ ਲੈ ਲਿਆ। ਇਸ ਕਾਲਜ ਤੋਂ ਮੈਂ 1980 ਵਿਚ ਬੀ ਏ ਪਾਸ ਕੀਤੀ। ਇਸ ਕਾਲਜ ਵਿਚ ਰਾਜਨੀਤੀ ਸ਼ਾਸ਼ਤਰ ਦੀ ਐੱਮ ਏ ਵੀ ਉਪਲੱਭਧ ਸੀ। ਸੋ ਮੈਂ ਐਮ ਏ ਰਾਜਨੀਤੀ ਸ਼ਾਸ਼ਤਰ ਵੀ ਇਥੋਂ ਹੀ ਕਰ ਲਈ। ਮੈਂ ਐੱਮ ਏ ਤੱਕ ਆਪਣੀ ਸਾਰੀ ਪੜ੍ਹਾਈ ਪਿੰਡ ਰਹਿੰਦੇ ਹੋਏ ਹੀ ਕੀਤੀ। ਮੈਂ ਹਰ ਰੋਜ਼ ਸਾਇਕਲ 'ਤੇ ਹੁਸ਼ਿਆਰਪੁਰ ਜਾਂਦਾ ਹੁੰਦਾ ਸੀ। ਇਥੇ ਮੈਂ ਛੇ ਸਾਲ ਪੜ੍ਹਿਆ। ਫਿਰ ਮੈਂ 1983 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐੱਮ ਫਿਲ਼ ਕਰਨ ਚਲਾ ਗਿਆ। ਇਸੇ ਤਰ੍ਹਾਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਪੀ-ਐੱਚ ਡੀ ਅਤੇ ਫਿਰ ਸਵੀਡਨ ਤੋਂ ਵੀ ਉੱਚ ਵਿੱਦਿਆ ਹਾਸਲ ਕੀਤੀ। ਮੈਂ ਆਪਣੀ ਪੜ੍ਹਾਈ ਦੌਰਾਨ ਪੰਜਾਬ ਸਟੂਡੈਂਟ ਯੂਨੀਅਨ ਨਾਲ ਜੁੜਿਆ ਹੋਇਆ ਸੀ ਕਿਉਂਕਿ ਪੰਜਾਬ ਸਟੂਡੈਂਟ ਯੂਨੀਅਨ ਸਮਾਜ ਵਿਚ ਬਰਾਬਰਤਾ ਲਈ ਗਰੀਬ ਦੀ ਲੁੱਟ-ਖਸੁੱਟ ਨੂੰ ਖ਼ਤਮ ਕਰਕੇ ਚੰਗੇ ਸਮਾਜ ਦੀ ਸਿਰਜਣਾ ਦੀ ਗੱਲ ਕਰਦੀ ਸੀ। ਉਨ੍ਹਾਂ ਦਿਨਾਂ ਵਿਚ ਪ੍ਰਿਥਵੀ ਪਾਲ ਸਿੰਘ ਰੰਧਾਵਾ ਨੇ ਸਰਕਾਰੀ ਕਾਲਜ ਹੁਸ਼ਿਆਰਪੁਰ ਦਾਖ਼ਲਾ ਲਿਆ ਹੋਇਆ ਸੀ। ਕਾਲਜ ਵਿਚ ਉਸਾਰੂ ਸੋਚ ਦਾ ਚੰਗਾ ਮਾਹੌਲ ਸੀ। ਉਨ੍ਹਾਂ ਦਿਨਾਂ ਵਿਚ ਮੈਂ ਮਾਰਕਸਵਾਦੀ ਸਾਹਿਤ ਕਾਫ਼ੀ ਪੜ੍ਹਿਆ। ਮਾਰਕਸ ਤੇ ਲੈਨਿਨ ਦੀਆਂ ਪੁਸਤਕਾਂ ਅਤੇ ਇਸ ਨਾਲ ਸੰਬੰਧਤ ਹੋਰ ਪੁਸਤਕਾਂ ਵੀ ਪੜ੍ਹੀਆਂ। ਕਹਿਣ ਦਾ ਭਾਵ ਪੰਜਾਬ ਯੂਨੀਵਰਸਿਟੀ ਵਿਚ ਐੱਮ ਫਿਲ਼ ਕਰਨ ਤੱਕ ਮੈਂ ਕਾਫ਼ੀ ਕੁਝ ਮਾਰਕਸਵਾਦ ਬਾਰੇ ਪੜ੍ਹ ਲਿਆ ਸੀ। ਮੇਰੀ ਇਹ ਸਟੱਡੀ ਹੀ ਮੈਨੂੰ ਅੰਬੇਡਕਰ ਅਤੇ ਆਦਿ ਧਰਮ ਲਹਿਰ ਬਾਰੇ ਖੋਜ ਕਰਨ ਵਿਚ ਕਾਫ਼ੀ ਸਹਾਈ ਸਿੱਧ ਹੋਈ ਕਿਉਂਕਿ ਮਾਰਕਸਵਾਦ ਮਨੁੱਖ ਦੀ ਆਰਥਿਕ ਲੁੱਟ-ਖਸੁੱਟ ਦੀ ਗੱਲ ਕਰਦਾ ਹੈ ਅਤੇ ਅੰਬੇਡਕਰੀ ਮਿਸ਼ਨ ਅਤੇ ਆਦਿ ਧਰਮ ਲਹਿਰ ਆਰਥਿਕ ਲੁੱਟ-ਖਸੁੱਟ ਦੇ ਨਾਲ-ਨਾਲ ਜਿਨ੍ਹਾਂ ਲੋਕਾਂ ਨੂੰ ਸਮਾਜਕ ਤੌਰ 'ਤੇ ਹਾਸ਼ੀਆਗ੍ਰਸਤ ਕੀਤਾ ਹੋਇਆ ਹੈ, ਉਨ੍ਹਾਂ ਦੀ ਬਰਾਬਰਤਾ ਦੀ ਗੱਲ ਕਰਦੇ ਹਨ। ਸਮਾਜਕ ਅਨਿਆਂ, ਆਰਥਿਕ ਲੁੱਟ-ਖਸੁੱਟ ਨਾਲੋਂ ਹੋਰ ਵੀ ਵੱਡਾ ਸ਼ੋਸ਼ਣ ਹੈ ਕਿਉਂਕਿ ਇਹ ਦੇਖਿਆ ਗਿਆ ਹੈ ਕਿ ਦਲਿਤ ਸਮਾਜ ਵਿਚੋਂ ਜੇ ਕਿਸੇ ਦੀ ਤਰੱਕੀ ਵੀ ਹੋ ਜਾਵੇ ਪਰ ਫਿਰ ਵੀ ਉਸ ਨੂੰ ਸਮਾਜਕ ਤੌਰ 'ਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਦਲਿਤ ਸਮੱਸਿਆ ਨੂੰ ਸਮਝਣ ਲਈ ਜਮਾਤ ਦੇ ਨਾਲ ਜਾਤ ਦੀ ਸਮਝ ਬਹੁਤ ਜ਼ਰੂਰੀ ਹੈ। ਜਮਾਤ ਬਾਰੇ ਮੇਰੀ ਚੇਤਨਾ ਪਹਿਲਾਂ ਹੀ ਬਣ ਚੁੱਕੀ ਸੀ ਜਿਸ ਨੇ ਜਾਤ ਦੀ ਸਮੱਸਿਆ ਨੂੰ ਸਮਝਣ ਲਈ ਮੇਰੀ ਬਹੁਤ ਮੱਦਦ ਕੀਤੀ।

**? ਪੰਜਾਬ ਵਿੱਚ ਦਲਿਤ ਸਮਾਜ ਦੀ ਰੂਪ-ਰੇਖਾ ਬਾਕੀ ਸੂਬਿਆਂ ਨਾਲੋਂ ਕੁਝ ਭਿੰਨ**

**ਹੈ ਜਾਂ ਉਸੇ ਤਰ੍ਹਾਂ ਦੀ ਹੈ ?**

- ਪੰਜਾਬ ਵਿੱਚ ਦਲਿਤ ਸਮਾਜ ਦੀ ਜੋ ਰੂਪ-ਰੇਖਾ ਸਾਡੇ ਸਾਹਮਣੇ ਆਉਂਦੀ ਹੈ ਉਹ ਭਾਰਤ ਦੇ ਦੂਜੇ ਸੂਬਿਆਂ ਦੇ ਦਲਿਤ ਸਮਾਜ ਤੋਂ ਕਾਫ਼ੀ ਭਿੰਨ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਸਭ ਤੋਂ ਵੱਡਾ ਕਾਰਨ ਇਸ ਦਾ ਇਹ ਹੈ ਕਿ ਪੰਜਾਬ ਬਹੁਤ ਲੰਮੇ ਸਮੇਂ ਤੱਕ ਮੁਸਲਮਾਨੀ ਰਾਜ ਅਧੀਨ ਰਿਹਾ ਹੈ। ਇਸ ਸਮੇਂ ਦੌਰਾਨ ਇਸਲਾਮ ਦਾ ਕਾਫ਼ੀ ਪ੍ਰਸਾਰ ਹੋਇਆ। ਇਸਲਾਮ ਦੇ ਫੈਲਾ ਪਿਛੇ ਇੱਕ ਕਾਰਨ ਇਹ ਵੀ ਸੀ ਕਿ ਇਸਲਾਮ ਵਿੱਚ ਹਿੰਦੂ ਧਰਮ ਦੀ ਤਰ੍ਹਾਂ ਜਾਤੀ-ਪਾਤੀ ਵਿਤਕਰਾ ਨਹੀਂ ਸੀ ਜਿਸ ਨੇ ਪੰਜਾਬ ਵਿੱਚੋਂ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਦੀ ਮਾਨਤਾ ਬਹੁਤ ਘਟਾ ਦਿੱਤੀ। ਪੰਜਾਬ ਵਿੱਚ ਗੁਰੂ ਸਾਹਿਬਾਨ ਦੇ ਸਮਾਜਕ ਬਰਾਬਰਤਾ ਦੇ ਫ਼ਲਸਫ਼ੇ ਨੇ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਨੂੰ ਹੋਰ ਵੀ ਕਮਜ਼ੋਰ ਕਰਦੇ ਹੋਏ ਸਮਾਜ ਦੀ ਉਸਾਰੀ ਵੱਲ ਬਹੁਤ ਅਹਿਮ ਯੋਗਦਾਨ ਪਾਇਆ। ਗੁਰੂ ਨਾਨਕ ਦੇ ਘਰ ਦਾ ਫ਼ਲਸਫ਼ਾ ਜਾਤੀ-ਪਾਤੀ ਵਿਧਾਨ ਦੀ ਵਿਰੋਧਤਾ, ਔਰਤ ਦੀ ਬਰਾਬਰੀ ਤੇ ਸਮਾਜ ਦੀ ਸਾਂਝੀਵਾਲਤਾ ਦੀ ਗੱਲ ਕਰਦਾ ਸੀ। ਇਸ ਨਾਲ ਪੰਜਾਬ ਵਿੱਚ ਇੱਕ ਨਵੀਂ ਸੋਚ ਦੀ ਸ਼ੁਰੂਆਤ ਹੋਈ। ਇਸ ਸੋਚ ਨਾਲ ਸਮਾਜਕ ਬਰਾਬਰਤਾ ਦੀ ਵੀ ਗੱਲ ਹੋਈ। ਇਸ ਨਾਲ ਵਹਿਮ-ਭਰਮ, ਰੀਤੀ-ਰਿਵਾਜ, ਮੂਰਤੀ ਪੂਜਾ ਆਦਿ ਬ੍ਰਾਹਮਣਵਾਦੀ ਧਾਰਨਾਵਾਂ ਨੂੰ ਨਕਾਰਿਆ ਗਿਆ ਜਿਸ ਦਾ ਪੰਜਾਬ ਦੀ ਧਰਤੀ ’ਤੇ ਡੂੰਘਾ ਅਸਰ ਪਿਆ। ਹਿੰਦੂ ਧਾਰਮਿਕ ਇਲਾਕਿਆਂ ਵਿੱਚ ਜਿਸ ਤਰ੍ਹਾਂ ਰੀਤੀ-ਰਿਵਾਜਾਂ, ਕਰਮਕਾਂਡਾਂ, ਮੂਰਤੀ ਪੂਜਾ, ਹੋਰ ਵਹਿਮਾਂ-ਭਰਮਾਂ ਅਤੇ ਊਚ-ਨੀਚ ਦਾ ਅਸਰ ਰਿਹਾ ਉਹ ਅਸਰ ਪੰਜਾਬ ਵਿੱਚ ਕਾਫ਼ੀ ਘਟ ਗਿਆ। ਪੰਜਾਬ ਵਿੱਚ ਤਾਂ ਸਗੋਂ ਬ੍ਰਾਹਮਣ ਨੂੰ ਬਹੁਤ ਨੀਵਾਂ ਸਮਝਿਆ ਜਾਣ ਲੱਗਾ। ਪੰਜਾਬ ਵਿੱਚ ਆਮ ਲੋਕਾਂ ਨੇ ਸਵੇਰੇ-ਸਵੇਰੇ ਬ੍ਰਾਹਮਣ ਦੇ ਮੱਥੇ ਲੱਗਣ ਨੂੰ ਅਸ਼ੁੱਭ ਮੰਨਣਾ ਸ਼ੁਰੂ ਕਰ ਦਿੱਤਾ। ਪਰੰਤੂ ਕੁਝ ਕਾਰਨਾਂ ਕਰਕੇ ਪੰਜਾਬ ਵਿੱਚ ਜਾਤੀ ਭੇਦ-ਭਾਵ ਇੱਕ ਵਾਰ ਫਿਰ ਹੌਲੀ-ਹੌਲੀ ਹੋਂਦ ਅਖ਼ਤਿਆਰ ਕਰਨ ਲੱਗਾ ਜਿਸ ਦਾ ਮੁੱਖ ਆਧਾਰ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਨਾ ਹੋ ਕੇ ਆਰਥਿਕ ਸਥਿਤੀ ਬਣਿਆ। ਇਸ ਆਰਥਿਕ ਸਥਿਤੀ ਦਾ ਸੰਬੰਧ ਪੰਜਾਬ ਦੇ ਖੇਤੀਬਾੜੀ ਪ੍ਰਧਾਨ ਰਾਜ ਹੋਣ ਕਾਰਨ ਜ਼ਮੀਨ ਦੀ ਮਾਲਕੀ ਨਾਲ ਜਾ ਜੁੜਦਾ ਹੈ। ਪੰਜਾਬ ਵਿੱਚ ਦਲਿਤ ਆਬਾਦੀ (29%) ਭਾਰਤ ਦੇ ਬਾਕੀ ਸੂਬਿਆਂ ਨਾਲੋਂ ਸਭ ਤੋਂ ਜ਼ਿਆਦਾ ਹੈ ਜਿਸ ਦੇ ਆਉਣ ਵਾਲੀ ਮਰਦਮ ਸ਼ੁਮਾਰੀ ਵਿੱਚ ਹੋਰ ਵੀ ਵਧਣ ਦੀ ਆਸ ਹੈ। ਇਸ ਦਾ ਕਾਰਨ ਇਹ ਹੈ ਕਿ ਸੰਨ 2007 ਵਿੱਚ ਰਾਏ ਸਿੱਖ ਬਰਾਦਰੀ ਨੂੰ ਸਡਿਊਲਡ ਕਾਸਟ ਲਿਸਟ ਵਿੱਚ ਸ਼ਾਮਲ ਕਰ ਲੈਣਾ। ਭਾਰਤ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਪੰਜਾਬ ਵਿੱਚ ਦਲਿਤਾਂ ਦੀ ਸਭ ਤੋਂ ਜ਼ਿਆਦਾ ਆਬਾਦੀ ਦੇ ਬਾਵਜੂਦ ਉਨ੍ਹਾਂ ਦਾ ਜ਼ਮੀਨ ਦੀ ਮਾਲਕੀ ਵਿੱਚ ਹਿੱਸਾ ਇਨ੍ਹਾਂ ਸਭ ਸੂਬਿਆਂ ਦੇ ਦਲਿਤ ਹਿੱਸੇ ਦੇ ਮੁਕਾਬਲੇ ਬਹੁਤ ਘੱਟ ਹੈ। ਪੰਜਾਬ ਵਿੱਚ ਦਲਿਤਾਂ ਦੇ ਪਾਸ ਵਾਹੀਯੋਗ ਭੂਮੀ ਦਾ ਸਿਰਫ਼ 2.34' ਹਿੱਸਾ ਹੈ ਅਤੇ 5' ਤੋਂ ਘੱਟ ਦਲਿਤ ਖੇਤੀ ਕਰਦੇ ਹਨ। ਜ਼ਮੀਨ ਦੀ ਮਾਲਕੀ ਅਤੇ ਦਲਿਤ ਵਿਤਕਰੇ ਨੂੰ ਸਮਝਣ ਲਈ ਜਿਨ੍ਹਾਂ ਦੋ ਪਹਿਲੂਆਂ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਬਣਦੀ ਹੈ, ਉਹ ਹਨ- ਰਈਅਤਨਾਮੇ ਅਤੇ ਇੰਤਕਾਲੀ ਇਰਾਜੀ ਐਕਟ (1900)। ਰਈਅਤਨਾਮੇ ਦੇ ਵਿਧਾਨ ਅਨੁਸਾਰ ਦਲਿਤ ਲੋਕ ਜਿਸ ਜਗ੍ਹਾ ’ਤੇ ਆਪਣਾ ਘਰ ਜਾਂ ਕੋਠੇ ਬਣਾ ਕੇ ਰਹਿੰਦੇ ਸਨ, ਉਸ ਦੀ ਮਾਲਕੀ ਦਾ ਹੱਕ ਉਨ੍ਹਾਂ ਨੂੰ ਨਹੀਂ ਸੀ। ਉਹ ਜ਼ਮੀਨ ਪਿੰਡ ਦੇ ਜ਼ਿੰਮੀਦਾਰਾਂ ਦੇ ਨਾਂ ਬੋਲਦੀ ਸੀ। ਦਲਿਤ ਲੋਕਾਂ ਨੂੰ ਉਸ ਜ਼ਮੀਨ ’ਤੇ ਰਹਿਣ ਬਦਲੇ ਕਈ ਤਰ੍ਹਾਂ ਦੀਆਂ ਵਗਾਰਾਂ ਕਰਨੀਆਂ ਪੈਂਦੀਆਂ



ਸਨ। ਇੰਤਕਾਲੀ ਇਰਾਜੀ ਐਕਟ ਜਿਹੜਾ ਕਿ ਅੰਗਰੇਜ਼ ਸਰਕਾਰ ਵੱਲੋਂ ਕਾਸ਼ਤਕਾਰਾਂ ਦੀ ਜ਼ਮੀਨ ਨੂੰ ਸੂਦਖੋਰਾਂ ਦੀ ਹੜੱਪ ਤੋਂ ਬਚਾਉਣ ਲਈ ਹੋਂਦ ਵਿੱਚ ਲਿਆਂਦਾ ਗਿਆ ਸੀ, ਅਸਿੱਧੇ ਤੌਰ ’ਤੇ ਦਲਿਤ ਵਰਗ ਨੂੰ ਵੀ ਜ਼ਮੀਨ ਦੀ ਖ਼ਰੀਦੋ-ਫ਼ਰੋਖਤ ਤੋਂ ਬਾਹਰ ਰੱਖਦਾ ਸੀ। ਇਸ ਦੇ ਨਤੀਜੇ ਵਜੋਂ ਉਹਨਾਂ ਨੂੰ ਵੀ ਦੂਜੀਆਂ ਗ਼ੈਰ-ਕਾਸ਼ਤਕਾਰ ਬਰਾਦਰੀਆਂ ਦੀ ਤਰ੍ਹਾਂ ਜ਼ਮੀਨ ਖਰੀਦਣ ਦਾ ਅਧਿਕਾਰ ਨਹੀਂ ਸੀ। ਪੰਜਾਬ ਵਿੱਚ ਦਲਿਤਾਂ ਪਾਸ ਜ਼ਮੀਨ ਦੀ ਮਾਲਕੀ ਵਿੱਚ ਨਾ ਬਰਾਬਰ ਦਾ ਹਿੱਸਾ ਹੋਣ ਪਿੱਛੇ ਅਜਿਹੇ ਵਿਤਕਰੇ ਆਧਾਰਤ ਕਾਨੂੰਨਾਂ ਦਾ ਵੀ ਕਾਫ਼ੀ ਹੱਥ ਰਿਹਾ ਹੋਵੇਗਾ। ਭਾਵੇਂ ਇਹ ਕਾਨੂੰਨ ਡਾ. ਅੰਬੇਡਕਰ ਦੀ ਹਿੰਮਤ ਸਦਕਾ ਖ਼ਤਮ ਹੋ ਗਏ ਪਰੰਤੂ ਇਨ੍ਹਾਂ ਦੇ ਦਲਿਤ ਵਿਰੋਧੀ ਸੰਤਾਪ ਨੂੰ ਠੰਢਾ ਹੋਣ ਵਿੱਚ ਅਜੇ ਹੋਰ ਵਕਤ ਲੱਗੇਗਾ। ਇਨ੍ਹਾਂ ਕਾਰਨਾਂ ਕਰਕੇ ਪੰਜਾਬ ਵਿੱਚ ਦਲਿਤਾਂ ਨਾਲ ਵਿਤਕਰਾ ਬ੍ਰਾਹਮਣੀ ਕਰਮਕਾਂਡਾਂ ’ਤੇ ਆਧਾਰਤ ਨਾ ਹੋ ਕੇ ਆਰਥਿਕ ਸਥਿਤੀ ਨਾਲ ਜਾ ਜੁੜਦਾ ਹੈ ਜਿਸ ਕਰਕੇ ਪੰਜਾਬ ਦੇ ਦਲਿਤ ਸਮਾਜ ਦੀ ਰੂਪ-ਰੇਖਾ ਬਾਕੀ ਸੂਬਿਆਂ ਨਾਲੋਂ ਭਿੰਨ ਹੋ ਜਾਂਦੀ ਹੈ। ਪੰਜਾਬ ਵਿੱਚ ਦਲਿਤ ਦਾ ਸੰਤਾਪ ਭਿੱਟ ਨਹੀਂ ਹੈ ਸਗੋਂ ਉਸ ਦੇ ਆਰਥਿਕ ਤਰੱਕੀ ਦੇ ਰਾਹ ਵਿੱਚ ਆਰਥਿਕਤਾ ’ਤੇ ਆਧਾਰਤ ਉਨ੍ਹਾਂ ਨਾਲ ਸਮਾਜਕ ਤੌਰ ’ਤੇ ਹੋ ਰਿਹਾ ਵਿਤਕਰਾ ਹੈ।

**? ਜਿਵੇਂ ਤੁਸੀਂ ਦੱਸਿਆ ਕਿ ਪੰਜਾਬ ਦੀ ਦਲਿਤ ਆਬਾਦੀ ਭਾਰਤ ਦੇ ਬਾਕੀ ਸੂਬਿਆਂ ਦੇ ਮੁਕਾਬਲਤਨ ਬਹੁਤ ਜ਼ਿਆਦਾ ਹੈ। ਇਸ ਦਾ ਕੀ ਕਾਰਨ ਹੈ ? ਇੰਨੀ ਜ਼ਿਆਦਾ ਆਬਾਦੀ ਹੋਣ ਦੇ ਬਾਵਜੂਦ ਵੀ ਰਾਜਨੀਤਕ ਪੱਧਰ ’ਤੇ ਦਲਿਤ ਪਹਿਚਾਣ ਦਿਖਾਈ ਨਹੀਂ ਦਿੰਦੀ। ਕਿਉਂ ?**

- ਇਹ ਸਵਾਲ ਬਹੁਤ ਅਹਿਮ ਹੈ। ਜਿੱਥੋਂ ਤੱਕ ਪੰਜਾਬ ਵਿੱਚ ਦਲਿਤ ਆਬਾਦੀ ਦੀ ਗੱਲ ਹੈ, ਉਸ ਬਾਰੇ ਸਾਰੇ ਹੀ ਖੋਜਾਰਥੀ ਇਹ ਸੋਚ ਰਹੇ ਹਨ ਕਿ ਇਸ ਦਾ ਕੀ ਕਾਰਨ ਹੋ ਸਕਦਾ ਹੈ ? ਪਰ ਇਸ ਦਾ ਕੋਈ ਠੋਸ ਹੱਲ ਨਹੀਂ ਲੱਭ ਰਿਹਾ। ਜੇਕਰ ਅਸੀਂ ਇਹ ਮੰਨ ਲਈਏ ਕਿ ਏਥੇ ਜਾਤ-ਪਾਤ ਨੂੰ ਲੈ ਕੇ ਵਿਤਕਰਾ ਘੱਟ ਸੀ ਇਸ ਕਾਰਨ ਬਾਕੀ ਇਲਾਕਿਆਂ ਤੋਂ ਦਲਿਤ ਇੱਥੇ ਆ ਕੇ ਵਸ ਗਏ ਪਰ ਇਹ ਕੋਈ ਠੋਸ ਜਵਾਬ ਨਹੀਂ ਬਣਦਾ। ਇਸ ਦੇ ਕੁਝ ਹੋਰ ਵੀ ਕਾਰਨ ਹੋ ਸਕਦੇ ਹਨ ਜਿਨ੍ਹਾਂ ਬਾਰੇ ਅਜੇ ਕੋਈ ਬਹੁਤਾ ਚਾਨਣਾ ਨਹੀਂ ਪੈ ਸਕਿਆ। ਪਰ ਇਹ ਮੁੱਦਾ ਸਮਾਜ ਸ਼ਾਸਤਰੀਆਂ ਵਿੱਚ ਬੜੀ ਅਹਿਮੀਅਤ ਰੱਖਦਾ ਹੈ। ਦੂਸਰੀ ਗੱਲ ਇਹ ਕਿ ਦਲਿਤਾਂ ਦੀ 29% ਆਬਾਦੀ ਹੋਣ ਦੇ ਬਾਵਜੂਦ ਵੀ ਬਹੁਜਨ ਸਮਾਜ ਪਾਰਟੀ ਪਿਛਲੀਆਂ ਚੋਣਾਂ ਵਿੱਚ ਇੱਕ ਵੀ ਸੀਟ ਜਿੱਤ ਨਹੀਂ ਸਕੀ। ਉਸ ਦਾ ਕਾਰਨ ਕੀ ਹੈ ? ਇੰਨੀ ਆਬਾਦੀ ਹੋਣ ਦੇ ਬਾਵਜੂਦ ਵੀ ਵਿਧਾਨ ਸਭਾ ਵਿੱਚ ਦਲਿਤ ਆਪਣੀ ਪਹਿਚਾਣ ਨਹੀਂ ਬਣਾ ਸਕੇ। ਅੱਜ ਪੰਜਾਬ ਦੀ ਅਨੁਸੂਚਿਤ ਜਾਤੀ ਲਿਸਟ ਵਿੱਚ 39 ਜਾਤਾਂ ਹਨ। ਸੰਨ 2001 ਤੱਕ 38 ਜਾਤਾਂ ਸੀ ਪਰ ਹੁਣ 39 ਹੋ ਗਈਆਂ ਹਨ। ਇਨ੍ਹਾਂ 39 ਜਾਤਾਂ ਵਿੱਚ ਮੁੱਖ ਜਾਤਾਂ ਦੋ ਗੁੱਟ ਹਨ- ਬਾਲਮੀਕ (ਜਿਸ ਵਿੱਚ ਮਜ਼ਹਬੀ ਵੀ ਸ਼ਾਮਲ ਹਨ) ਅਤੇ ਚਮਾਰ (ਜਿਸ ਵਿੱਚ ਰਾਮਦਾਸੀਏ, ਆਦਿ ਧਰਮੀ, ਰੈਗਰ, ਰਵੀਦਾਸੀਏ)। ਚਮਾਰ-ਆਦਿ ਧਰਮੀ ਗਰੁੱਪ ਅਤੇ ਬਾਲਮੀਕੀ-ਮਜ਼ਹਬੀ ਗਰੁੱਪ, ਅਨੁਸੂਚਿਤ ਜਾਤੀਆਂ ਦਾ ਤਕਰੀਬਨ 80' ਬਣਦੇ ਹਨ। ਇਨ੍ਹਾਂ ਦੋਨਾਂ ਜਾਤੀ ਗਰੁੱਪਾਂ ਦੇ ਰਾਜਨੀਤਕ ਪੱਧਰ ’ਤੇ ਵੱਖਰੇ-ਵੱਖਰੇ ਨਿਸ਼ਾਨੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਕਾਂਗਰਸ ਅਤੇ ਅਕਾਲੀਆਂ ਨਾਲ ਜੁੜੇ ਹੋਏ ਹਨ। ਇਨ੍ਹਾਂ ਦੇ ਆਪਸ ਵਿੱਚ ਵੀ ਕਾਫ਼ੀ ਗਿਲੇ-ਸ਼ਿਕਵੇ ਹਨ। ਜਿਵੇਂ ਬਾਲਮੀਕੀਆਂ ਦਾ ਕਹਿਣਾ ਹੈ ਕਿ ਆਦਿ ਧਰਮੀਆਂ ਜਾਂ ਚਮਾਰਾਂ ਨੇ ਬਹੁਤ ਸਾਰੀਆਂ ਸਹੂਲਤਾਂ ਲੈ ਲਈਆਂ

ਹਨ ਪਰ ਅਸੀਂ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਹਾਂ। ਇਸ ਕਰਕੇ ਪੰਜਾਬ ਵਿੱਚ ਰਾਖਵਾਂਕਰਨ ਦੇ ਅੰਦਰ ਰਾਖਵਾਂਕਰਨ ਬਣਾ ਦਿੱਤਾ ਗਿਆ ਹੈ। ਪਹਿਲਾਂ ਸੰਵਿਧਾਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਸੀ। ਪੰਜਾਬ ਵਿੱਚ ਅੱਜ 50' ਸੀਟਾਂ ਸਿਰਫ਼ ਬਾਲਮੀਕੀਆਂ ਲਈ ਰਾਖਵੀਂਆਂ ਹਨ ਅਤੇ 50' ਸੀਟਾਂ ਬਾਕੀ ਸਾਰੀ ਅਨੁਸੂਚਿਤ ਜਾਤੀਆਂ ਲਈ। ਉਪਰੋਕਤ ਕਾਰਨਾਂ ਕਰਕੇ ਦਲਿਤ ਜਾਤੀਆਂ ਆਪਸ ਵਿੱਚ ਹੀ ਵੰਡੀਆਂ ਪਈਆਂ ਹਨ। ਰਾਜਨੀਤਕ ਪਹਿਚਾਣ ਤਾਂ ਹੀ ਬਣ ਸਕਦੀ ਹੈ ਜੇਕਰ ਇਹ ਇੱਕਠੇ ਹੋ ਕੇ ਅੱਗੇ ਆਉਣ। ਜਦੋਂ ਆਦਿ ਧਰਮ ਲਹਿਰ ਚੱਲੀ ਸੀ ਤਾਂ ਉਸ ਸਮੇਂ ਵੀ ਇਨ੍ਹਾਂ ਵਿੱਚ ਆਪਸੀ ਤਕਰਾਰਬਾਜ਼ੀ ਸ਼ੁਰੂ ਹੋ ਗਈ ਸੀ। ਜਦੋਂ ਤੱਕ ਅਨੁਸੂਚਿਤ ਜਾਤੀਆਂ ਆਪਸੀ ਵੰਡੀਆਂ ਖ਼ਤਮ ਕਰਕੇ ਸਾਂਝੇ ਤੌਰ ’ਤੇ ਅੱਗੇ ਨਹੀਂ ਆਉਂਦੀਆਂ ਉਸ ਸਮੇਂ ਤੱਕ ਇਨ੍ਹਾਂ ਦੀ ਕੋਈ ਰਾਜਨੀਤਕ ਪਹਿਚਾਣ ਨਹੀਂ ਬਣ ਸਕਦੀ।

**? ਦੇਖਿਆ ਗਿਆ ਹੈ ਅੱਜ ਕਲ ਪੰਜਾਬ ਵਿਚ ਦਲਿਤਾਂ ਦਾ ਵੱਡਾ ਹਿੱਸਾ ਆਰਥਿਕ ਮੰਦੀ ਦਾ ਜੀਵਨ ਬਸਰ ਕਰ ਰਿਹਾ ਹੈ। ਇਨ੍ਹਾਂ ਵਿਚੋਂ ਬਹੁਤੇ ਪਿੰਡਾਂ ਵਿਚ ਰਹਿ ਰਹੇ ਹਨ ਤੇ ਖੇਤੀ ਨਾਲ ਜੁੜੇ ਹੋਏ ਹਨ ਪਰ ‘ਹਰੀ ਕ੍ਰਾਂਤੀ’ ਤੋਂ ਬਾਅਦ ਉਨ੍ਹਾਂ ਨੂੰ ਜ਼ਿਮੀਂਦਾਰਾਂ ਤੋਂ ਰੋਜ਼ੀ-ਰੋਟੀ ਦਾ ਵੀ ਜੋ ਸਹਾਰਾ ਮਿਲਦਾ ਸੀ, ਉਹ ਵੀ ਖੋਹਿਆ ਗਿਆ। ਇਸ ਦੁਖਾਂਤਕ ਸਥਿਤੀ ਦਾ ਦਲਿਤਾਂ ਦੀ ਵਿੱਦਿਆ ਪ੍ਰਾਪਤੀ ’ਤੇ ਕੀ ਅਸਰ ਪਿਆ।**

– ਇਸ ਸਵਾਲ ਨੂੰ ਸਮਝਣ ਵਾਸਤੇ ਸਾਨੂੰ ਇਸ ਦੇ ਪਿਛੋਕੜ ਵਿਚ ਜਾਣਾ ਪਏਗਾ। ਪੰਜਾਬ ਬਿਨਾਂ ਸ਼ੱਕ ਖੇਤੀ ਪ੍ਰਧਾਨ ਸੂਬਾ ਹੈ। ਪੰਜਾਬ ਦੇ ਤਿੰਨ ਸਬ-ਖੇਤਰ ਹਨ- ਮਾਲਵਾ, ਦੁਆਬਾ ਤੇ ਮਾਝਾ। ਤਿੰਨਾਂ ਵਿਚ ਦਲਿਤਾਂ ਦੀ ਸਥਿਤੀ ਅਲੱਗ-ਅਲੱਗ ਹੈ। ਦੁਆਬੇ ਦਾ ਦਲਿਤ ਵਿੱਦਿਆ ਪੱਖੋਂ ਤੇ ਸਾਧਨਾਂ ਪੱਖੋਂ ਬਹੁਤ ਅੱਗੇ ਹੈ। ਪੰਜਾਬ ਵਿਚ ‘ਹਰੀ ਕ੍ਰਾਂਤੀ’ ਨਾਲ ਮਸ਼ੀਨੀਕਰਨ ਹੋਇਆ। ਮਸ਼ੀਨੀਕਰਨ ਨਾਲ ਖੇਤੀ ਵਿਚ ਬਹੁਤ ਤਬਦੀਲੀਆਂ ਆਈਆਂ, ਜੋ ਕੰਮ ਪੰਜਾਬ ਵਿਚ ਕਾਫ਼ੀ ਬੰਦੇ ਕਰਦੇ ਸਨ, ਉਹ ਇਕ ਮਸ਼ੀਨ ਕਰਨ ਲੱਗ ਪਈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਖੇਤੀ ਵਿਚ ਮਨੁੱਖੀ ਮਿਹਨਤ ਦਾ ਹਿੱਸਾ ਬਹੁਤ ਘੱਟ ਗਿਆ। ਇਸ ਦਾ ਇੱਕ ਵੱਡਾ ਪ੍ਰਭਾਵ ਇਹ ਵੀ ਪਿਆ ਕਿ ਇਸ ਸਮੇਂ ਦੌਰਾਨ ਹੀ ਪੂਰਬੀ ਰਾਜਾਂ ਦੀ ਸਸਤੀ ਮਨੁੱਖੀ ਲੇਬਰ ਖੇਤੀ ਲਈ ਮੁੱਹਈਆ ਹੋਣ ਲੱਗ ਪਈ। ਇਸ ਨਾਲ ਪੰਜਾਬ ਦੇ ਜ਼ਿਮੀਂਦਾਰਾਂ ਦੀ ਦਲਿਤਾਂ ਉੱਤੇ ਨਿਰਭਰਤਾ ਘਟ ਗਈ। ਦੂਸਰੀ ਗੱਲ ਇਹ ਕਿ ‘ਹਰੀ ਕ੍ਰਾਂਤੀ’ ਨੇ ਸਾਰੀਆਂ ਸ਼੍ਰੇਣੀਆਂ ਨੂੰ ਬਰਾਬਰ ਫ਼ਾਇਦਾ ਨਹੀਂ ਦਿੱਤਾ। ਇਸ ਦਾ ਸਭ ਤੋਂ ਵੱਧ ਫ਼ਾਇਦਾ ਵੱਡੇ ਜ਼ਿਮੀਂਦਾਰਾਂ ਨੂੰ ਹੋਇਆ। ਮੱਧ ਕਿਸਾਨੀ ਦੀ ਹਾਲਤ ਵੀ ਕਾਫ਼ੀ ਸੁਧਰ ਗਈ। ਪਰ ਪੰਜਾਬ ਦੇ ਗਰੀਬ ਕਿਸਾਨ ਨੂੰ ਇਸ ਦਾ ਬਹੁਤਾ ਫ਼ਾਇਦਾ ਨਹੀਂ ਹੋਇਆ। ਅਜਿਹੀਆਂ ਪ੍ਰਸਥਿਤੀਆਂ ਵਿਚ ਦਲਿਤਾਂ ਨੂੰ ਇਸ ਦਾ ਕੀ ਫ਼ਾਇਦਾ ਹੋਣਾ ਸੀ? ਸਗੋਂ ਰੋਜ਼ੀ-ਰੋਟੀ ਦਾ ਸਾਧਨ ਵੀ ਖੁੱਸ ਗਿਆ। ਸੋ ਸਰਮਾਏਦਾਰੀ ਦੀ ਤਰੱਕੀ ਨਾਲ ਕਦੇ ਮਜ਼ਦੂਰ ਕਲਾਸ ਦਾ ਫ਼ਾਇਦਾ ਨਹੀਂ ਹੁੰਦਾ। ਵਿਕਾਸ ਸਿਰਫ਼ ਪੂੰਜੀ ਵਾਲਿਆਂ ਦਾ ਹੁੰਦਾ ਹੈ ਜਾਂ ਜਿਨ੍ਹਾਂ ਕੋਲ ਸਾਧਨ ਹਨ ਉਨ੍ਹਾਂ ਦਾ। ਇਸ ਤਬਦੀਲੀ ਨਾਲ ਦੁਆਬੇ ਦੇ ਦਲਿਤਾਂ ਵਿਚ ਇਹ ਚੇਤਨਾ ਆਈ ਕਿ ਉਨ੍ਹਾਂ ਨੂੰ ਆਪਣੀ ਰੋਜ਼ੀ ਦੇ ਸਾਧਨਾਂ ਵਿਚ ਤਬਦੀਲੀ ਕਰਨੀ ਪਏਗੀ। ਹੁਣ ਸਿਰਫ਼ ਉਹ ਖੇਤੀ ਨਾਲ ਜੁੜੇ ਨਹੀਂ ਸਨ ਰਹਿ ਸਕਦੇ। ਉਨ੍ਹਾਂ ਨੇ ਰੋਜ਼ੀ-ਰੋਟੀ ਲਈ ਛੋਟੇ-ਛੋਟੇ ਧੰਦੇ ਕਰਨੇ ਸ਼ੁਰੂ ਕਰ ਦਿੱਤੇ ਜਿਵੇਂ ਨਾਈ ਦਾ ਕੰਮ, ਤਰਖਾਣ ਦਾ ਕੰਮ ਜਾਂ ਕੋਈ ਹੋਰ ਛੋਟੀ-ਮੋਟੀ ਦੁਕਾਨ ਆਦਿ। ਇਨ੍ਹਾਂ ਵਿਚੋਂ ਹੀ ਇੱਕ ਰਸਤਾ ਵਿਦੇਸ਼ਾਂ ਵਿਚ ਜਾਣ



ਦਾ ਰੁਝਾਨ ਸੀ ਜਿਸ ਨਾਲ ਉਨ੍ਹਾਂ ਦੀ ਆਰਥਿਕ ਸਥਿਤੀ ਵਿਚ ਕਾਫ਼ੀ ਸੁਧਾਰ ਹੋਇਆ। ਖੇਤੀ ਉੱਤੇ ਨਿਰਭਰਤਾ ਘਟਣ ਨਾਲ ਦਲਿਤ ਲੋਕ ਜ਼ਿਮੀਂਦਾਰੀ ਦਾਬੇ ਦਾ ਵਿਰੋਧ ਵੀ ਕਰਨ ਲੱਗੇ। ਇਨ੍ਹਾਂ ਨੇ ਆਪਣੇ ਹੱਕਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਅਜਿਹੀਆਂ ਤਬਦੀਲੀਆਂ ਨੂੰ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਵਿਚ ਉਸ ਤਰ੍ਹਾਂ ਨਹੀਂ ਲਿਆਂਦਾ ਜਿਸ ਤਰ੍ਹਾਂ ਲਿਆਉਣਾ ਚਾਹੀਦਾ ਸੀ। ਇਹ ਤਬਦੀਲੀ ਹਾਂ-ਪੱਖੀ ਤਬਦੀਲੀ ਸੀ। ਇਸ ਨਾਲ ਵੱਖਰੀ ਦਲਿਤ-ਪਹਿਚਾਣ ਦੀ ਗੱਲ ਸਾਹਮਣੇ ਆਈ। ਪਹਿਲਾਂ ਦਲਿਤ ਖੇਤੀ ਨਾਲ ਮਜ਼ਦੂਰ ਦੇ ਤੌਰ ’ਤੇ ਜੁੜਿਆ ਹੋਇਆ ਸੀ ਪਰ ਹੁਣ ਉਹ ਇਸ ਤੋਂ ਬਾਹਰ ਹੋਣਾ ਸ਼ੁਰੂ ਹੋ ਗਿਆ। ਹੌਲੀ-ਹੌਲੀ ਉਹ ਜ਼ਿਮੀਂਦਾਰੀ ਦਾਬੇ ਤੋਂ ਸੁਤੰਤਰ ਹੋਣ ਲੱਗਾ। ਸ਼ੁਰੂ ਵਿਚ ਭਾਵੇਂ ਉਸ ਲਈ ਹਾਲਾਤ ਬਹੁਤ ਭੈੜੇ ਸਨ ਪਰ ਬਾਅਦ ਵਿਚ ਉਸ ਨੇ ਉਸ ਵਿਚੋਂ ਨਿਕਲਣਾ ਸ਼ੁਰੂ ਕਰ ਦਿੱਤਾ। ਹੁਣ ਉਹ ਸਵੈ-ਮਾਣ ਨਾਲ ਜੀਉਣ ਲੱਗਾ ਜਿਸ ਨੇ ਉਸ ਦੇ ਅੰਦਰੋਂ ਉੱਚ ਜਾਤਾਂ ਦੇ ਭੈਅ ਦਾ ਹਊਆ ਖ਼ਤਮ ਕਰ ਦਿੱਤਾ। ਇਸ ਸਾਰੇ ਸਮੇਂ ਦੌਰਾਨ ਖ਼ਾਸ ਕਰਕੇ ਦੁਆਬੇ ਦੇ ਦਲਿਤਾਂ ਵਿਚ ਵਿੱਦਿਆ ਪ੍ਰਾਪਤ ਕਰਨ ਦੀ ਚੇਤਨਾ ਹੋਰ ਤਿੱਖੀ ਹੋਈ ਕਿਉਂਕਿ ਉਨ੍ਹਾਂ ਕੋਲ ਸਿਵਾਏ ਵਿੱਦਿਆ ਹਾਸਲ ਕਰਕੇ ਵਧੀਆ ਰੁਜ਼ਗਾਰ ਹਾਸਲ ਕਰਨ ਦੇ ਹੋਰ ਕੋਈ ਸਾਧਨ ਹੀ ਨਹੀਂ ਸੀ ਬਚਿਆ। ਉਨ੍ਹਾਂ ਨੂੰ ਲੱਗਿਆ ਕਿ ਜੇ ਵਿੱਦਿਆ ਪ੍ਰਾਪਤ ਕਰ ਲਈ ਤਾਂ ਰੋਟੀ ਮਿਲ ਸਕਦੀ ਹੈ, ਨਹੀਂ ਤਾਂ ਮਾਰੇ ਜਾਵਾਂਗੇ। ਇਸ ਸਮੇਂ ਇਕ ਗੱਲ ਹੋਰ ਵੀ ਵਾਪਰੀ ਕਿ ਸਰਕਾਰੀ ਸਕੂਲਾਂ ਦਾ ਮਿਆਰ ਥੱਲੇ ਡਿੱਗਣ ਲੱਗ ਪਿਆ। ਇਹ ਗੱਲ ਬੜੀ ਭੈੜੀ ਵਾਪਰੀ। ਪਰ ਮਾਝੇ ਤੇ ਮਾਲਵੇ ਵਿਚ ਦਲਿਤਾਂ ਵਿਚ ਇਸ ਕਿਸਮ ਦੀ ਤਬਦੀਲੀ ਨਹੀਂ ਆਈ। ਉਨ੍ਹਾਂ ਵਿਚ ਚੇਤਨਾ ਦੀ ਘਾਟ ਸੀ। ਉਹ ਜ਼ਿਮੀਂਦਾਰੀ ਦਾਬੇ ਤੋਂ ਬਾਹਰ ਨਾ ਨਿਕਲ ਸਕੇ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਜਿਥੇ ਉਹ ਵਿੱਦਿਆ ਦੇ ਖੇਤਰ ਵਿਚ ਪਿਛੇ ਰਹਿ ਗਏ, ਉਥੇ ਉਹ ਅੱਗੇ ਵਧਣ ਦੀਆਂ ਹੋਰ ਸੰਭਾਵਨਾਵਾਂ ਵਿਚੋਂ ਵੀ ਬਾਹਰ ਹੋ ਗਏ।

**? ਦੁਆਬੇ ਦੇ ਦਲਿਤ ਜਿਵੇਂ ਇਨ੍ਹਾਂ ਭੈੜੇ ਹਾਲਾਤ ਵਿਚੋਂ ਬਾਹਰ ਨਿਕਲੇ, ਉਸ ਪਿਛੇ ਮੂਲ ਕਾਰਨ ਕੀ ਸਨ।**

– ਇਸ ਦੇ ਪਿਛੇ ਵੱਡਾ ਕਾਰਨ ਇਹ ਹੈ ਕਿ ਦੁਆਬੇ ਦੇ ਦਲਿਤ ਲੋਕਾਂ ਵਿਚ ਚੇਤਨਾ ਬਹੁਤ ਆਈ। ਬਾਬਾ ਸਾਹਿਬ ਅੰਬੇਡਕਰ ਨੇ 1951 ਵਿਚ ਆਪਣੇ ਪੰਜਾਬ ਦੌਰੇ ਦੌਰਾਨ ਅਕਤੂਬਰ ਦੇ ਮਹੀਨੇ ਦੁਆਬੇ ਵਿਚ ਜਲੰਧਰ, ਮਾਲਵੇ ਵਿਚ ਲੁਧਿਆਣਾ ਅਤੇ ਪਟਿਆਲਾ ਥਾਵਾਂ ’ਤੇ ਭਾਸ਼ਣ ਦਿੱਤੇ। ਪੰਜਾਬ ਦੇ ਦਲਿਤਾਂ ਦਾ ਬਾਬਾ ਸਾਹਿਬ ਅੰਬੇਡਕਰ ਦੇ ਸੰਪਰਕ ਵਿਚ ਆਉਣਾ ਪੰਜਾਬ ਵਿਚ ਚੱਲ ਰਹੀ ਦਲਿਤ ਚੇਤਨਾ ਦੀ ਲਹਿਰ ਨੂੰ ਬਹੁਤ ਵੱਡਾ ਹੁੰਗਾਰਾ ਮਿਲਣਾ ਸੀ। ਪਹਿਲਾਂ ਬਾਬਾ ਸਾਹਿਬ ਅੰਬੇਡਕਰ ਦੇ ਫ਼ਲਸਫ਼ੇ ਤੋਂ ਪ੍ਰਭਾਵਿਤ ਹੋ ਕੇ ਸੇਠ ਕਿਸ਼ਨ ਦਾਸ ਨੇ, ਜੋ ਕਿ ‘ਆਦਿ ਧਰਮ’ ਲਹਿਰ ਦੇ ਮੋਢੀਆਂ ਵਿਚੋਂ ਸਨ, ‘ਪੰਜਾਬ ਅਛੂਤ ਫੈਡਰੇਸ਼ਨ’ ਨਾਮ ਦੀ ਸੰਸਥਾ ਖੜ੍ਹੀ ਕੀਤੀ ਜਿਹੜੀ ਕਿ ‘ਆਲ ਇੰਡੀਆ ਸ਼ਡਿਊਲਡ ਕਾਸਟ ਫੈਡਰੇਸ਼ਨ’ ਦਾ ਪੰਜਾਬ ਮਾਡਲ ਸੀ। ਇਥੇ ਇਹ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹੈ ਕਿ ਇਹ ਸੇਠ ਕਿਸ਼ਨ ਦਾਸ ਹੀ ਸਨ ਜਿਨ੍ਹਾਂ ਨੇ ‘ਆਦਿ ਧਰਮ ਮੰਡਲ’ ਦੀ ਇਮਾਰਤ, ਜਿਥੇ ਕਿ ਅੱਜ ਕਲ੍ਹ ‘ਸ਼੍ਰੀ ਗੁਰੂ ਰਵੀਦਾਸ ਸੀਨੀਅਰ ਸੈਕੰਡਰੀ ਸਕੂਲ’ ਅਤੇ ‘ਸਿਲਾਈ ਸਿੱਖਿਆ ਸੈਂਟਰ’ ਸਥਾਪਤ ਹੈ, ਨੂੰ ਇਕੱਲਿਆਂ ਨੇ ਖ਼ਰੀਦ ਕੇ ‘ਆਦਿ ਧਰਮ ਲਹਿਰ’ ਨੂੰ ਸਮਰਪਿਤ ਕੀਤਾ ਸੀ। ਸੇਠ ਕਿਸ਼ਨ ਦਾਸ ਹੀ ਬਾਬਾ ਸਾਹਿਬ ਅੰਬੇਡਕਰ ਹੁਰਾਂ ਨੂੰ ਉਨ੍ਹਾਂ

ਦੇ ਪੰਜਾਬ ਦੇ ਦੌਰੇ ਸਮੇਂ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਆਪਣੀ ਬਿਊਕ ਕਾਰ ਦੇ ਵਿਚ ਬਹੁਤ ਵੱਡੇ ਜਲੂਸ ਦੇ ਰੂਪ ਦੇ ਵਿਚ ਜਲੰਧਰ ਲੈ ਕੇ ਆਏ ਸਨ ਅਤੇ ਰਾਤ ਦਾ ਖਾਣਾ ਆਪਣੇ ਘਰ ਹੀ ਪ੍ਰੋਸਿਆ ਜਿਸ ਵਿਚ ਬਾਬਾ ਸਾਹਿਬ ਨੂੰ ਸਾਗ ਤੇ ਮੱਕੀ ਦੀ ਰੋਟੀ ਖਵਾਈ। ਸੇਠ ਕਿਸ਼ਨ ਦਾਸ ਵੱਲੋਂ ਸਥਾਪਤ ਕੀਤੀ 'ਪੰਜਾਬ ਅਛੂਤ ਫੈਡਰੇਸ਼ਨ' ਜੋ ਕਿ ਬਾਅਦ ਵਿਚ 'ਰਿਪਬਲਿਕਨ ਪਾਰਟੀ' ਦਾ ਰੂਪ ਧਾਰਨ ਕਰਦੀ ਹੈ ਜਿਸ ਵਿਚ ਲਾਹੌਰੀ ਰਾਮ ਬਾਲੀ, ਪਿਆਰਾ ਰਾਮ ਧੰਨੋਵਾਲੀ ਆਦਿ ਦਾ ਬਹੁਤ ਯੋਗਦਾਨ ਰਿਹਾ। 'ਰਿਪਬਲਿਕਨ ਪਾਰਟੀ' ਨੇ ਦਲਿਤ ਹਿੱਤਾਂ ਲਈ ਬੜਾ ਸੰਘਰਸ਼ ਕੀਤਾ। 'ਰਿਪਬਲਿਕਨ ਪਾਰਟੀ' ਦੇ ਕਾਰਕੁੰਨ ਚੱਕ ਹਕੀਮ ਤੋਂ ਦਿੱਲੀ ਤੱਕ ਸਾਇਕਲਾਂ ਉੱਤੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੇ ਘਰ ਤੱਕ ਗਏ। ਇਸ ਨਾਲ ਦੁਆਬੇ ਦੇ ਲੋਕਾਂ ਵਿਚ ਚੇਤਨਾ ਦਾ ਬਹੁਤ ਪਾਸਾਰ ਹੋਇਆ। ਇਸੇ ਸਮੇਂ ਦੌਰਾਨ ਇਕ ਹੋਰ ਅਹਿਮ ਗੱਲ ਇਹ ਵਾਪਰੀ ਕਿ ਦੁਆਬੇ ਵਿਚ ਦਲਿਤ ਔਰਤਾਂ ਨੇ ਇਸ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਇਥੋਂ ਤੱਕ ਕਿ ਕਾਮਰੇਡ ਰਾਮ ਕ੍ਰਿਸ਼ਨ, ਜੋ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਸਨ, ਦੀ ਕਾਰ ਨੂੰ ਜਲੰਧਰ ਵਿਖੇ ਡੱਕਿਆ ਅਤੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਅਤੇ ਹੱਥੋਪਾਈ ਵੀ ਹੋਈ। ਬਹੁਤ ਸਾਰੀਆਂ ਔਰਤਾਂ ਨੇ ਗ੍ਰਿਫ਼ਤਾਰੀ ਦਿੱਤੀ, ਜਿਸ ਵਿਚ ਲਾਹੌਰੀ ਰਾਮ ਬਾਲੀ ਦੀ ਧਰਮ ਪਤਨੀ ਵੀ ਆਪਣੇ ਛੋਟੇ-ਛੋਟੇ ਬੱਚਿਆਂ ਦੇ ਨਾਲ ਹਵਾਲਾਤ ਵਿਚ ਬੰਦ ਹੋਏ। ਇਸ ਨਾਲ ਪੂਰੇ ਪੰਜਾਬ ਦੀ ਦਲਿਤ ਲਹਿਰ ਨੂੰ ਇਕ ਬਹੁਤ ਜ਼ਬਰਦਸਤ ਹੁਲਾਰਾ ਮਿਲਿਆ। ਇਸ ਦਾ ਜਾਗ ਪਹਿਲਾਂ ਹੀ 'ਆਦਿ ਧਰਮ ਲਹਿਰ' ਨੇ ਲਾ ਦਿੱਤਾ ਸੀ। ਅਸਲ ਵਿਚ ਇਸ ਸਾਰੀ ਦਲਿਤ ਲਹਿਰ ਦਾ ਬੰਨਾ ਆਦਿ ਧਰਮ ਲਹਿਰ ਨੇ ਹੀ ਬੰਨ੍ਹਿਆ ਸੀ। 'ਆਦਿ ਧਰਮ ਲਹਿਰ' 1925 ਵਿਚ ਸ਼ੁਰੂ ਹੁੰਦੀ ਹੈ ਜੋ ਕਿ 11-12 ਜੂਨ 1926 ਵਿਚ ਪਿੰਡ ਮੁਗੋਵਾਲ ਵਿਖੇ ਇੱਕ ਬਹੁਤ ਵੱਡੇ ਇਜਲਾਸ ਦੇ ਦੌਰਾਨ 'ਦਲਿਤ ਸਸ਼ੱਕਤੀਕਰਨ' ਸੰਬੰਧੀ ਤਮਾਮ ਮਤੇ ਪਾਸ ਕਰਕੇ ਆਜ਼ਾਦੀ ਤੋਂ ਪਹਿਲੇ ਵਿਸ਼ਾਲ ਪੰਜਾਬ ਵਿਚ 'ਦਲਿਤ ਲਹਿਰ' ਨੂੰ ਜਨਮ ਦਿੰਦੀ ਹੈ। 'ਆਦਿ ਧਰਮ ਲਹਿਰ' ਨੇ 1931 ਵਿਚ ਅੰਗਰੇਜ਼ਾਂ ਕੋਲੋਂ ਪੰਜਾਬ ਦੇ ਅਸਲੀ ਬਸ਼ਿੰਦਿਆਂ ਦੇ ਵੱਖਰੇ ਧਰਮ ਦੀ ਮਾਨਤਾ ਪ੍ਰਾਪਤ ਕਰ ਲਈ ਸੀ, ਜਿਸ ਨੂੰ 'ਆਦਿ ਧਰਮ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। 'ਆਦਿ ਧਰਮ' ਦੇ ਹਜ਼ਾਰਾਂ ਕਾਰਕੁੰਨ ਸਾਈਮਨ ਕਮਿਸ਼ਨ ਸਾਹਮਣੇ ਵੀ ਪੇਸ਼ ਹੋਏ ਸਨ, ਲਾਲ ਪੱਗਾਂ ਬੰਨ੍ਹੀ, ਨਾਅਰੇ ਲਾਉਂਦੇ ਹੋਏ ਕਿ ਅਸੀਂ ਨਾ ਹਿੰਦੂ, ਨਾ ਮੁਸਲਮਾਨ, ਨਾ ਸਿੱਖ ਅਤੇ ਨਾ ਹੀ ਈਸਾਈ। ਅਸੀਂ ਤਾਂ ਇਸ 'ਪੰਜਾਬ ਦੇਸ਼' ਦੇ ਅਸਲੀ ਬਸ਼ਿੰਦੇ ਹਾਂ ਜਿਨ੍ਹਾਂ ਦਾ ਧਰਮ ਹੈ 'ਆਦਿ ਧਰਮ'। ਅੰਗਰੇਜ਼ ਸਰਕਾਰ ਨੇ ਉਨ੍ਹਾਂ ਦਾ (ਜਿਵੇਂ ਉਪਰ ਵਰਣਨ ਕੀਤਾ ਗਿਆ ਹੈ) ਵੱਖਰਾ ਧਰਮ ਸਥਾਪਤ ਕਰ ਦਿੱਤਾ। ਅਜਿਹਾ ਦਲਿਤ ਇਤਿਹਾਸ ਵਿਚ ਪਹਿਲੀ ਵਾਰ ਹੀ ਹੋਇਆ ਕਿ ਇਨ੍ਹਾਂ ਨੂੰ ਆਪਣਾ ਵੱਖਰਾ ਧਰਮ ਲਿਖਾਉਣ ਦੀ ਆਗਿਆ ਮਿਲੀ। ਜਿਸ ਨੇ ਦਲਿਤ ਚੇਤਨਾ ਵਿਚ ਬਹੁਤ ਇਜਾਫ਼ਾ ਕੀਤਾ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ 'ਆਦਿ ਧਰਮ' ਇਕ ਜਾਤੀ ਵਿਸ਼ੇਸ਼ ਤੱਕ ਸੀਮਤ ਹੋ ਕੇ ਰਹਿ ਗਿਆ। ਇਸ ਨਾਲ ਬੜਾ ਨੁਕਸਾਨ ਹੋਇਆ। ਦੂਸਰੀ ਗੱਲ ਇਹ ਕਿ ਅਜਿਹਾ ਬਹੁਤ ਕੁਝ ਦੁਆਬੇ ਤੱਕ ਹੀ ਸੀਮਤ ਰਿਹਾ। ਸੋ ਮਾਝੇ ਤੇ ਮਾਲਵੇ ਵਿਚ ਦੁਆਬੇ ਦੀ ਤਰ੍ਹਾਂ ਦਲਿਤ ਲੋਕਾਂ ਵਿਚ ਤਬਦੀਲੀ ਨਾ ਆਉਣ ਦਾ ਕਾਰਨ ਇਨ੍ਹਾਂ ਖੇਤਰਾਂ ਦੇ ਦਲਿਤਾਂ ਦਾ ਜ਼ਿਮੀਂਦਾਰਾਂ ਦੇ ਦਾਬੇ ਤੋਂ ਮੁਕਤ ਨਾ ਹੋਣਾ ਅਤੇ ਇਨ੍ਹਾਂ ਖੇਤਰਾਂ ਵਿਚ ਦਲਿਤ ਲਹਿਰ ਦਾ ਇਸ ਤਰ੍ਹਾਂ ਉਤਪੰਨ ਨਾ ਹੋਣਾ ਜਿਸ ਤਰ੍ਹਾਂ ਦੁਆਬੇ ਵਿਚ।  ਮਾਝੇ ਤੇ ਮਾਲਵੇ ਵਿਚ ਵਿੱਦਿਆ ਦਾ ਪਾਸਾਰ ਵੀ ਘੱਟ



ਹੋਇਆ। ਇਥੋਂ ਦੇ ਦਲਿਤ ਲੋਕ ਵਿਦੇਸ਼ਾਂ ਵਿਚ ਦੁਆਬੇ ਦੇ ਮੁਕਾਬਲਤਨ ਘੱਟ ਜਾ ਸਕੇ।

**? 1991 ਦੀ ਭਾਰਤ ਸਰਕਾਰ ਦੀ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀ ਨੀਤੀ ਦਾ ਦਲਿਤਾਂ ਦੀ ਵਿੱਦਿਆ 'ਤੇ ਕਿਹੋ ਜਿਹਾ ਪ੍ਰਭਾਵ ਪਿਆ।**

- ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦਾ ਇਹ ਦੌਰ 1991 ਵਿਚ ਸ਼ੁਰੂ ਹੋਇਆ। ਇਸ ਦਾ ਸਭ ਤੋਂ ਵੱਡਾ ਮਾੜਾ ਪ੍ਰਭਾਵ ਦਲਿਤਾਂ 'ਤੇ ਇਹ ਪਿਆ ਕਿ ਸਰਕਾਰ ਦੇ ਜ਼ਰੀਏ ਤੋਂ ਜੋ ਮੱਦਦ ਦਲਿਤਾਂ ਨੂੰ ਮਿਲਦੀ ਸੀ ਉਹ ਹੌਲੀ-ਹੌਲੀ ਖ਼ਤਮ ਹੋਣੀ ਸ਼ੁਰੂ ਹੋ ਗਈ। ਨਿੱਜੀਕਰਨ ਦੀ ਨੀਤੀ ਕਾਰਨ ਸਰਕਾਰੀ ਨੌਕਰੀਆਂ ਘੱਟ ਗਈਆਂ। ਰਾਖਵਾਂਕਰਨ ਹੋਣ ਕਾਰਨ ਕੁਝ ਦਲਿਤਾਂ ਨੂੰ ਨੌਕਰੀ ਮਿਲ ਜਾਂਦੀ ਸੀ ਪਰ ਹੁਣ ਇਹ ਮੌਕੇ ਘਟ ਗਏ। ਪਰ ਨਿੱਜੀ ਅਦਾਰਿਆਂ ਨੇ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਫ਼ਾਇਦਾ ਦਿੱਤਾ ਜਿਨ੍ਹਾਂ ਕੋਲ ਪੂੰਜੀ ਸੀ ਕਿਉਂਕਿ ਸਰਮਾਏਦਾਰੀ ਪ੍ਰਬੰਧ ਕਹਿੰਦਾ ਹੈ ਕਿ ਜਿਨ੍ਹਾਂ ਲੋਕਾਂ ਕੋਲ ਪੂੰਜੀ ਹੈ ਉਹ ਪੂੰਜੀ ਦਾ ਨਿਵੇਸ਼ ਕਰਕੇ ਹੋਰ ਪੂੰਜੀ ਇੱਕਠੀ ਕਰ ਸਕਦੇ ਹਨ। ਪਰ ਦਲਿਤਾਂ ਕੋਲ ਤਾਂ ਪੂੰਜੀ ਕਦੇ ਹੈ ਹੀ ਨਹੀਂ ਸੀ। ਇਨ੍ਹਾਂ ਨੂੰ ਤਾਂ ਦੋ ਵਕਤ ਦੀ ਰੋਟੀ ਬਦਲੇ ਸਖ਼ਤ ਮਿਹਨਤ ਕਰਨਾ ਹੀ ਸਿਖਾਇਆ ਸੀ। ਇਸੇ ਕਾਰਨ ਇਨ੍ਹਾਂ ਵਾਸਤੇ ਮੰਡੀ ਵਿਚ ਕੋਈ ਥਾਂ ਨਹੀਂ ਸੀ। ਇਹ ਦਲਿਤਾਂ ਨੂੰ ਹੋਰ ਦਬਾਉਣ ਦੀ ਸਾਜ਼ਿਸ਼ ਹੈ ਪਰ ਸਰਕਾਰ ਕਹਿੰਦੀ ਹੈ ਕਿ ਅਸੀਂ ਤਬਦੀਲੀ ਲਿਆ ਦੇਣੀ ਹੈ। ਅਸਲੀਅਤ ਵਿਚ ਇਹ ਦਲਿਤਾਂ ਦਾ ਗਾ ਦੱਬੀ ਜਾ ਰਹੀ ਹੈ। ਗਰੀਬੀ ਵਧ ਰਹੀ ਹੈ। ਦੁਨੀਆਂ ਵਿਚ ਭਾਰਤ ਇਕ ਅਜਿਹਾ ਦੇਸ਼ ਹੈ, ਜਿਥੇ ਲੋਕੀਂ ਭੁੱਖ ਨਾਲ ਸਭ ਤੋਂ ਵੱਧ ਸਤਾਏ ਹੋਏ ਹਨ। ਕਹਿਣ ਦਾ ਭਾਵ ਨਿੱਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਨਾਲ ਸਭ ਤੋਂ ਵੱਧ ਜ਼ੁਲਮ ਦਲਿਤਾਂ ਉੱਤੇ ਢਾਇਆ ਜਾ ਰਿਹਾ ਹੈ। ਅਜਿਹੀਆਂ ਪ੍ਰਸਥਿਤੀਆਂ ਕਾਰਨ ਅੱਜ ਦਲਿਤ ਵਿੱਦਿਆ ਪ੍ਰਾਪਤ ਕਰਨ ਲਈ ਸੋਚ ਵੀ ਨਹੀਂ ਸਕਦਾ।  ਇਥੇ ਪਹਿਲੀ ਸਮੱਸਿਆ ਰੋਟੀ ਦੀ ਹੈ। ਪਿਛੇ ਜਿਹੇ ਭੋਪਾਲ ਵਿਚ ਦਲਿਤ ਕਾਨਫਰੰਸ ਹੋਈ ਸੀ। ਮੈਂ ਉਥੇ ਗਿਆ ਸੀ। ਇਸ ਤੋਂ ਬਾਅਦ ਵੈਨਕੂਵਰ ਵਿਚ ਦਲਿਤ ਕਾਨਫਰੰਸ ਹੋਈ। ਅਸੀਂ ਉਥੇ ਚੰਦਰ ਭਾਨ ਪ੍ਰਸ਼ਾਦ ਨਾਲ ਮਿਲ ਕੇ ਇਕ ਖਰੜਾ ਤਿਆਰ ਕੀਤਾ ਜਿਸ ਨੂੰ 'ਡਾਇਵਰਸਿਟੀ' ਦਾ ਨਾਂ ਦਿੱਤਾ ਗਿਆ।  ਅਸੀਂ ਇਸ ਵਿਚ ਮੰਗ ਕੀਤੀ ਕਿ ਨਿੱਜੀ ਅਦਾਰਿਆਂ ਵਿਚ ਵੀ ਰਾਖਵਾਂਕਰਨ ਲਾਗੂ ਹੋਵੇ ਕਿਉਂਕਿ ਇਨ੍ਹਾਂ ਨੂੰ ਵੀ ਕਈ ਰੂਪਾਂ ਵਿਚ ਸਰਕਾਰ ਦੀ ਮੱਦਦ ਮਿਲਦੀ ਹੈ। ਇਥੋਂ ਤੱਕ ਕਿ ਯੂ ਵਿਚ ਵੀ ਕਾਲੇ ਲੋਕਾਂ ਅਤੇ ਰੈੱਡ ਇੰਡੀਅਨਾਂ ਆਦਿ ਨੂੰ ਕਈ ਥਾਵਾਂ 'ਤੇ ਤਰਜੀਹ ਮਿਲਦੀ ਹੈ। ਭਾਰਤ ਵਿਚ ਵੀ ਦਲਿਤਾਂ ਨੂੰ ਇਨ੍ਹਾਂ ਦਾ ਬਣਦਾ-ਸਰਦਾ ਹੱਕ ਮਿਲਣਾ ਚਾਹੀਦਾ ਹੈ। ਜਿਵੇਂ ਵੱਖ-ਵੱਖ ਤਰ੍ਹਾਂ ਦੇ ਵਪਾਰਾਂ ਦੇ ਲਾਇਸੰਸ ਦੇਣ ਸਮੇਂ ਦਲਿਤਾਂ ਨੂੰ ਉਨ੍ਹਾਂ ਵਿਚ ਸ਼ਾਮਲ ਕੀਤਾ ਜਾਵੇ। ਮਸਲਨ ਪੈਟਰੋਲ ਪੰਪਾਂ ਦੇ ਲਾਇਸੰਸ, ਗੈਸ ਏਜੰਸੀਆਂ, ਸੀਮਿੰਟ ਏਜੰਸੀਆਂ ਅਤੇ ਹੋਰ ਤਮਾਮ ਤਰ੍ਹਾਂ ਦੇ ਠੇਕੇ ਵੀ ਦਲਿਤਾਂ ਨੂੰ ਰਾਖਵੇਂਕਰਨ ਦੀ ਨੀਤੀ ਤਹਿਤ ਅਮਰੀਕਾ ਦੀ 'ਡਾਇਵਰਸਿਟੀ ਪਾਲਿਸੀ' (Diversity Policy) ਦੇ ਆਧਾਰ 'ਤੇ ਦਿੱਤੇ ਜਾਣ। ਇਨ੍ਹਾਂ ਗੱਲਾਂ ਨੂੰ ਵਿਚਾਰਨਾ ਜ਼ਰੂਰੀ ਬਣਦਾ ਹੈ ਨਹੀਂ ਤਾਂ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦਲਿਤਾਂ ਲਈ ਵੱਡਾ ਸੰਤਾਪ ਲੈ ਕੇ ਆਵੇਗਾ।

**? ਸਾਡੇ ਸਾਹਮਣੇ ਇਕ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਪ੍ਰੋਫੈਸ਼ਨਲ ਵਿੱਦਿਆ ਦੇ ਖੇਤਰ ਵਿਚ ਬਹੁਤ ਘੱਟ ਦਲਿਤ ਵਿਦਿਆਰਥੀ ਪ੍ਰਵੇਸ਼ ਪਾ ਸਕੇ ਹਨ। ਇਸ ਪਿਛੇ ਕੀ ਵਿਸ਼ੇਸ਼ ਕਾਰਨ ਹਨ।**

– ਦੇਖੋ, ਇਸ ਪਿਛੇ ਕਾਰਨ ਇਹ ਹੈ ਕਿ ਇੰਜੀਨੀਅਰਿੰਗ, ਮੈਡੀਕਲ ਤੇ ਕਾਮਰਸ ਆਦਿ ਦਾ ਇਕ ਵੱਖਰਾ ਰੁਤਬਾ ਹੈ। ਸਾਡੇ ਸਮਾਜ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਸਾਇੰਸ, ਮੈਥ ਅਤੇ ਅਰਥ ਸ਼ਾਸਤਰ ਆਦਿ ਦੀ ਪੜ੍ਹਾਈ ਇਕ ਖ਼ਾਸ ਤਰ੍ਹਾਂ ਦੀ ਪੜ੍ਹਾਈ ਹੈ। ਇਨ੍ਹਾਂ ਮਜ਼ਮੂਨਾਂ ਬਾਰੇ ਇਹ ਆਮ ਧਾਰਨਾ ਹੈ ਕਿ ਇਹ ਬਹੁਤ ਬਾਰੀਕੀ ਦੀ ਮੰਗ ਕਰਦੇ ਹਨ ਜਿਸ ਵਾਸਤੇ ਇਕ ਖ਼ਾਸ ਤਰ੍ਹਾਂ ਦੀ ਮਨੋਵਿਰਤੀ ਦੀ ਜ਼ਰੂਰਤ ਹੈ ਜੋ ਇਨ੍ਹਾਂ ਦੀ ਬਾਰੀਕੀ ਨੂੰ ਸਮਝਣ ਵਿਚ ਕਾਰਗਰ ਸਿੱਧ ਹੋਵੇਗੀ। ਇਕ ਹੋਰ ਧਾਰਨਾ ਇਹ ਵੀ ਹੈ ਕਿ ਜੋ ਗਰੀਬ-ਗੁਰਬੇ ਅਤੇ ਪੱਛੜੇ ਹੋਏ ਹਾਸ਼ੀਆਗ੍ਰਸਤ ਲੋਕ ਹਨ, ਉਨ੍ਹਾਂ ਦੇ ਬੱਚੇ ਇਨ੍ਹਾਂ ਵਿਸ਼ਿਆਂ ਦੀ ਬਾਰੀਕੀ ਨੂੰ ਪਕੜਨ ਤੋਂ ਅਸਮਰਥ ਰਹਿ ਜਾਂਦੇ ਹਨ। ਅਜਿਹੀਆਂ ਫਜ਼ੂਲ ਧਾਰਨਾਵਾਂ ਨੇ ਦਲਿਤ ਬੱਚਿਆਂ ਦੀ ਪੜ੍ਹਾਈ 'ਤੇ ਬਹੁਤ ਅਸਰ ਪਾਇਆ। ਦਲਿਤ ਵਿਦਿਆਰਥੀ ਕਈ ਕਾਰਨਾਂ ਕਰਕੇ ਆਰਟਸ ਦੇ ਮਜ਼ਮੂਨ ਚੁਣਨ ਲਈ ਮਜਬੂਰ ਹੁੰਦੇ ਰਹੇ। ਇਨ੍ਹਾਂ ਮਜ਼ਮੂਨਾਂ ਲਈ ਟਿਊਸ਼ਨਾਂ ਪੜ੍ਹਨ ਦੀ ਜ਼ਰੂਰਤ ਨਹੀਂ ਸੀ। ਇਸ ਕਾਰਨ ਉਹ ਅਕਸਰ ਆਰਟਸ ਤੱਕ ਹੀ ਸੀਮਤ ਹੋ ਜਾਂਦੇ ਹਨ। ਸਾਇੰਸ ਵਿਚ ਉਨ੍ਹਾਂ ਦਾ ਰੁਝਾਨ ਨਾ ਹੋ ਸਕਿਆ। ਇਕ ਕਿਸਮ ਦੀ ਇਹ ਝੂਠੀ ਗੀਤ ਬਣਾ ਦਿੱਤਾ ਗਈ ਕਿ ਦਲਿਤ ਵਿਦਿਆਰਥੀ ਸਾਇੰਸ, ਮੈਥ ਆਦਿ ਚੰਗੀ ਤਰ੍ਹਾਂ ਪੜ੍ਹ ਨਹੀਂ ਸਕਦਾ। ਇਸ ਨੂੰ ਅੰਗਰੇਜ਼ੀ ਨਹੀਂ ਆ ਸਕਦੀ। ਇਹ ਇੰਜੀਨੀਅਰ ਨਹੀਂ ਹੋ ਸਕਦਾ। ਉੱਚ ਜਾਤੀਆਂ ਦੀ ਇਹ ਮਾਨਸਿਕਤਾ ਬਣ ਗਈ ਕਿ ਇਨ੍ਹਾਂ ਖੇਤਰਾਂ ਲਈ 'ਦਲਿਤ ਅਯੋਗ' ਹਨ। ਇਹ ਧਾਰਨਾ ਬਣਾ ਲਈ ਗਈ। ਪਰ ਦਲਿਤਾਂ ਸਾਹਮਣੇ ਇਹ ਵੀ ਸਮੱਸਿਆ ਸੀ ਕਿ ਉਹ ਥੋੜ੍ਹਾ-ਬਹੁਤ ਪੜ੍ਹ ਕੇ ਕੋਈ ਨੌਕਰੀ ਬਗ਼ੈਰਾ ਲੈ ਲੈਣ। ਕੁਝ ਰੁਜ਼ਗਾਰ ਦੇ ਸਾਧਨ 'ਤੇ ਲੱਗ ਵੀ ਗਏ। ਇਸ ਨਾਲ ਥੋੜ੍ਹਾ ਫ਼ਰਕ ਪੈ ਗਿਆ। ਇਸ ਪਿਛੇ ਇਕ ਕਾਰਨ ਇਹ ਵੀ ਹੈ ਕਿ ਪ੍ਰੋਫੈਸ਼ਨਲ ਵਿੱਦਿਆ ਦਾ ਖ਼ਰਚਾ ਬਹੁਤ ਜ਼ਿਆਦਾ ਹੈ ਜਿਸ ਨੂੰ ਦਲਿਤ ਪਰਿਵਾਰ ਝੱਲ ਨਹੀਂ ਸਕਦੇ। ਪ੍ਰੋਫੈਸ਼ਨਲ ਖੇਤਰਾਂ ਵਿਚ ਧਨਾਢ ਲੋਕਾਂ ਦਾ ਦਬਦਬਾ ਹੈ ਕਿਉਂਕਿ ਉਨ੍ਹਾਂ ਕੋਲ ਸਾਧਨ ਹਨ। ਸਰਕਾਰ ਨੂੰ ਦਲਿਤਾਂ ਲਈ ਕੋਈ ਉਚਿੱਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਪ੍ਰੋਫੈਸ਼ਨਲ ਖੇਤਰਾਂ ਵਿਚ ਦਲਿਤਾਂ ਦੀ ਸ਼ਮੂਲੀਅਤ ਵਧਾਈ ਜਾ ਸਕੇ।

**? ਬਹੁਤ ਸਾਰੇ ਦਲਿਤ ਵਿਦਿਆਰਥੀ ਭੈੜੇ ਹਾਲਾਤ ਕਾਰਨ ਪੜ੍ਹ ਨਹੀਂ ਸਕੇ ਜਾਂ ਪੜ੍ਹਾਈ ਅੱਧ ਵਿਚਕਾਰ ਛੱਡ ਗਏ। ਕੀ ਉਨ੍ਹਾਂ ਦੇ ਪੜ੍ਹਨ ਵਾਸਤੇ ਪੰਜਾਬੀ ਵਿਚ ਅਜਿਹਾ ਕੋਈ ਦਲਿਤ ਸਾਹਿਤ ਉਪਲਬਧ ਹੈ ਜਿਸ ਨੂੰ ਉਹ ਪੜ੍ਹ ਕੇ ਚੰਗੀ ਸੇਧ ਲੈ ਸਕਣ?**

– ਮੈਂ ਇਹੀ ਕਹਿਣਾ ਚਾਹਾਂਗਾ ਕਿ ਜੇਕਰ ਉਹ ਵਿੱਦਿਆ ਨਿਯਮਿਤ ਢੰਗ ਨਾਲ ਨਹੀਂ ਲੈ ਸਕੇ ਪਰ ਫਿਰ ਵੀ ਉਨ੍ਹਾਂ ਅਜਿਹਾ ਸਾਹਿਤ ਪੜ੍ਹਨਾ ਚਾਹੀਦਾ ਹੈ ਜਿਸ ਨਾਲ ਉਨ੍ਹਾਂ ਨੂੰ ਆਪਣੇ ਹਾਲਾਤਾਂ ਬਾਰੇ, ਆਪਣੀਆਂ ਪ੍ਰਸਥਿਤੀਆਂ ਬਾਰੇ, ਆਪਣੇ ਲੋਕਾਂ ਦੀਆਂ ਮੁਸੀਬਤਾਂ ਬਾਰੇ ਚਾਨਣਾ ਪਵੇ। ਸਾਹਿਤ ਦੇ ਮਾਧਿਅਮ ਰਾਹੀਂ ਆਪਣੇ-ਆਪ ਨੂੰ ਚੇਤਨ ਕਰਨ, ਨਸ਼ਿਆਂ ਤੋਂ ਮੁਕਤ ਰਹਿਣ। ਅੱਜ ਦਲਿਤ ਸਾਹਿਤ ਦੀ ਬਹੁਤ ਲੋੜ ਹੈ। ਬਹੁਤ ਕੁਝ ਹੋ ਵੀ ਰਿਹਾ ਹੈ। ਬਹੁਤ ਕੁਝ ਹੋਣਾ ਵੀ ਚਾਹੀਦਾ ਹੈ। ਪੰਜਾਬ ਵਿਚ ਦਲਿਤਾਂ ਨਾਲ ਸੰਬੰਧਤ ਬਹੁਤ ਸਾਰੇ ਮੈਗਜ਼ੀਨ ਨਿਕਲ ਰਹੇ ਹਨ। ਇਹ ਖੁਸ਼ੀ ਦੀ ਗੱਲ ਹੈ। ਇਸ ਨਾਲ ਦਲਿਤ ਲੋਕ ਆਪਣੇ ਅਧਿਕਾਰਾਂ ਲਈ ਚੇਤਨ ਹੋਣਗੇ। ਬਾਬਾ ਸਾਹਿਬ ਅੰਬੇਡਕਰ ਨੇ ਵੀ ਬਹੁਤ ਸਾਰੇ ਮੈਗਜ਼ੀਨ ਸ਼ੁਰੂ ਕੀਤੇ ਸਨ। ਜਿਵੇਂ 'ਮੂਕਨਾਇਕ', 'ਜਨਤਾ', 'ਪ੍ਰਬੁੱਧ' ਭਾਰਤ ਆਦਿ। ਮੰਗੂ ਰਾਮ ਮੁਗੋਵਾਲੀਆ ਨੇ ਵੀ 'ਆਦਿ ਡੰਕਾ' ਅਖ਼ਬਾਰ ਕੱਢਿਆ। ਉਸ ਤੋਂ



ਬਾਅਦ 'ਉਜਾਲਾ' ਨਾਮ ਦਾ ਰਸਾਲਾ ਹੋਂਦ ਵਿਚ ਆਇਆ, ਜਿਸ ਦੇ ਪਹਿਲੇ ਸੰਪਾਦਕ ਕੇ ਸੁਲੇਖ ਸਾਹਿਬ ਸਨ, ਜੋ ਉਨ੍ਹਾਂ ਵੇਲਿਆਂ ਦੇ ਬੀ ਸਨ। ਉਨ੍ਹਾਂ ਨੇ ਪੰਜਾਬ ਵਿਚ ਅੰਬੇਡਕਰ ਲਹਿਰ ਨੂੰ ਫੈਲਾਉਣ ਵਿਚ ਬਹੁਤ ਯੋਗਦਾਨ ਪਾਇਆ। ਉਹ ਬਾਬਾ ਸਾਹਿਬ ਅੰਬੇਡਕਰ ਨੂੰ ਦਿੱਲੀ ਜਾ ਕੇ ਉਨ੍ਹਾਂ ਦੇ ਘਰ ਵੀ ਮਿਲੇ। ਜਦੋਂ ਬਾਬਾ ਸਾਹਿਬ ਅੰਬੇਡਕਰ 1951 ਵਿਚ ਪੰਜਾਬ ਦੇ ਦੌਰੇ 'ਤੇ ਆਏ ਤਾਂ ਸੁਲੇਖ ਸਾਹਿਬ ਉਨ੍ਹਾਂ ਦੇ ਨਾਲ-ਨਾਲ ਰਹੇ। ਉਹ ਬਹੁਤ ਸਮੇਂ ਤੱਕ 'ਉਜਾਲੇ' ਨੂੰ ਹੱਥ ਲਿਖਤ ਦੇ ਜ਼ਰੀਏ ਲੋਕਾਂ ਤੱਕ ਪਹੁੰਚਾਉਂਦੇ ਰਹੇ। ਸੁਲੇਖ ਸਾਹਿਬ ਅੱਜ-ਕੱਲ੍ਹ ਚੰਡੀਗੜ੍ਹ ਵਸੇ ਹੋਏ ਹਨ ਅਤੇ ਇਸ ਉਮਰ ਵਿਚ ਵੀ ਅੰਬੇਡਕਰ ਦੇ ਫਲਸਫ਼ੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਰਗਰਮ ਹਨ। 'ਉਜਾਲੇ' ਤੋਂ ਕਾਫ਼ੀ ਸਮੇਂ ਬਾਅਦ 'ਕੌਮੀ ਉਡਾਰੀਆਂ' ਜਿਸ ਦੇ ਸੰਪਾਦਕ ਸੀ ਐਲ਼ ਚੁੰਬਰ ਸਨ ਅਤੇ 'ਰਵੀਦਾਸ ਪੱਤ੍ਰਿਕਾ' ਜੋ ਕਿ ਮੰਗੂ ਰਾਮ ਜਸਪਾਲ ਨੇ ਇੰਗਲੈਂਡ ਤੋਂ ਪਰਤ ਕੇ ਜਲੰਧਰੋਂ ਸ਼ੁਰੂ ਕੀਤੀ, ਨੇ ਦਲਿਤ ਚੇਤਨਾ ਦੇ ਪਾਸਾਰ ਵਿਚ ਕਾਫ਼ੀ ਇਜ਼ਾਫ਼ਾ ਕੀਤਾ। ਇਸ ਤੋਂ ਇਲਾਵਾ ਇਥੇ ਵਿਸ਼ੇਸ਼ ਤੌਰ 'ਤੇ ਵਰਨਣ ਕੀਤਾ ਜਾਂਦਾ ਹੈ ਕਿ 1958 ਤੋਂ ਲੈ ਕੇ ਹੁਣ ਤੱਕ ਸ੍ਰੀ ਲਾਹੌਰੀ ਰਾਮ ਬਾਲੀ ਲਗਾਤਾਰ ਆਪਣੀਆਂ ਖੋਜ ਭਰਪੂਰ ਲਿਖਤਾਂ ਅਤੇ ਪ੍ਰਸਿੱਧ ਹਫ਼ਤਾਵਾਰੀ 'ਭੀਮ ਪੱਤ੍ਰਿਕਾ' ਜੋ ਹਿੰਦੀ, ਪੰਜਾਬ ਅਤੇ ਅੰਗਰੇਜ਼ੀ ਵਿਚ ਛਪਦੀ ਹੈ, ਦੇ ਰਾਹੀਂ ਦਲਿਤ ਚੇਤਨਾ ਉਭਾਰਨ ਵਿਚ ਅਹਿਮ ਰੋਲ ਅਦਾ ਕਰ ਰਹੇ ਹਨ।

ਬਾਲੀ ਸਾਹਿਬ ਨੇ ਬਾਬਾ ਸਾਹਿਬ ਅੰਬੇਡਕਰ ਦੀ ਜੀਵਨੀ ਵੀ ਪੰਜਾਬੀ ਵਿਚ ਲਿਖੀ ਜਿਸ ਦੇ ਹੁਣ ਤੱਕ ਬਹੁਤ ਐਡੀਸ਼ਨ ਛਪ ਚੁੱਕੇ ਹਨ। ਇਸ ਦਾ ਟਾਇਟਲ ਹੈ- 'ਡਾ ਅੰਬੇਡਕਰ : ਜੀਵਨ ਤੇ ਮਿਸ਼ਨ'। ਇਸ ਤੋਂ ਇਲਾਵਾ ਬਾਲੀ ਸਾਹਿਬ ਨੇ ਇਕ ਹੋਰ ਬਹੁਤ ਪੁਖ਼ਤਾ ਸਾਹਿਤਕ ਕੰਮ ਕੀਤਾ ਹੈ ਜਿਸ ਨਾਲ ਬਾਬਾ ਸਾਹਿਬ ਦਾ ਫ਼ਲਸਫ਼ਾ ਜਿਹੜਾ ਕਿ ਬਹੁਤ ਸਾਰੀਆਂ ਜਿਲਦਾਂ ਵਿਚ ਛਪਿਆ ਹੈ, ਦੇ ਨਿਚੋੜ ਨੂੰ ਇਕ ਪੁਸਤਕ ਦੇ ਰੂਪ ਵਿਚ ਜਿਸ ਦੇ ਦੋ ਭਾਗ ਹਨ, ਦਲਿਤ ਜਨਤਾ ਤੱਕ ਪਹੁੰਚਾਉਣ ਦਾ ਉੱਦਮ ਕੀਤਾ ਹੈ। ਇਹ ਦੋ ਭਾਗ ਹਨ-ਡਾ. ਅੰਬੇਡਕਰ ਕਲਮ ਦਾ ਕਮਾਲ, ਭਾਗ ਪਹਿਲਾ ਤੇ ਭਾਗ ਦੂਜਾ। ਇਹ ਦੋਨੋਂ ਭਾਗ ਹਿੰਦੀ ਵਿਚ ਉਪਲਬਧ ਹਨ।

ਅੱਜ ਕਲ੍ਹ ਸਿਰਜਣਾ, ਹਾਸ਼ੀਆ, ਸਰੋਕਾਰ, ਸ਼ਬਦ, ਪ੍ਰਵਚਨ, ਹੁਣ, ਬੇਗਮਪੁਰੇ ਦਾ ਵਾਸੀ, ਬੇਗਮਪੁਰਾ ਸ਼ਹਿਰ, ਮੂਕਵਕਤਾ ਆਦਿ ਮੈਗਜ਼ੀਨਾਂ ਵਿਚ ਦਲਿਤ ਸਾਹਿਤ ਖ਼ੂਬ ਛਪ ਰਿਹਾ ਹੈ ਤੇ ਜਿਸ ਨੂੰ ਲੈ ਕੇ ਭਰਵੀਂ ਵਿਚਾਰ-ਚਰਚਾ ਵੀ ਚੱਲ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਅਖ਼ਬਾਰਾਂ ਤੇ ਮੈਗਜ਼ੀਨਾਂ ਤੋਂ ਇਲਾਵਾ ਵੀ ਦਲਿਤ ਸਾਹਿਤ ਖੋਜ ਭਰਪੂਰ ਲਿਖਤਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋ ਰਿਹਾ ਹੈ। ਅਜਿਹੇ ਖੋਜ ਭਰਪੂਰ ਦਲਿਤ ਸਾਹਿਤ ਦੀ ਸ਼ੁਰੂਆਤ ਅਮਰੀਕਾ ਦੇ ਰਾਜਨੀਤੀ ਸ਼ਾਸਤਰ ਵਿਗਿਆਨੀ ਪ੍ਰੋ ਮਾਰਕ ਜੁਰਜਨਸੁਮੇਅਰ ਦੀ ਪੀ-ਐੱਚ ਦੀ ਖੋਜ, ਜੋ ਉਨ੍ਹਾਂ ਨੇ ਪੰਜਾਬ ਦੀ ਸੁਨਹਿਰੀ 'ਆਦਿ ਧਰਮ ਲਹਿਰ' ਉੱਤੇ ਕੀਤੀ, ਦੇ ਕਿਤਾਬ ਦੇ ਰੂਪ ਵਿਚ ਛਪਣ ਤੋਂ ਹੁੰਦੀ ਹੈ ਜੋ ਕਿ ਸਾਡੇ ਕੋਲ 1980 ਦੇ ਸ਼ੁਰੂ ਵਿਚ ਪ੍ਰਕਾਸ਼ਿਤ ਹੋ ਕੇ ਪਹੁੰਚਦੀ ਹੈ। ਇਸ ਖੋਜ ਨੇ ਪੰਜਾਬ ਵਿਚ ਦਲਿਤ ਸੱਟਡੀਜ਼ ਨੂੰ ਯੋਜਨਾਬੱਧ ਤਰੀਕੇ ਨਾਲ ਕਰਨ ਦੀ ਪਿਰਤ ਪਾਈ। ਪ੍ਰੋ. ਹਰੀਸ਼ਪੁਰੀ, ਪ੍ਰੋ. ਪਰਮਜੀਤ ਜੱਜ, ਪ੍ਰੋ. ਪ੍ਰਤਾਪ ਸਿੰਘ ਵਰਮਾ, ਪ੍ਰੋ. ਪ੍ਰਮੋਦ ਕੁਮਾਰ, ਪ੍ਰੋ. ਸੁਰਿੰਦਰ ਸਿੰਘ ਜੋਧਕਾ, ਪ੍ਰੋ. ਰਾਜ ਕੁਮਾਰ ਹੰਸ, ਪ੍ਰੋ. ਚਮਨ ਲਾਲ, ਪ੍ਰੋ. ਭੁਪਿੰਦਰ ਯਾਦਵ, ਪ੍ਰੋ. ਗੁਰਨਾਮ ਸਿੰਘ ਮੁਕਤਸਰ, ਡਾ. ਐਸ਼ਐਲ਼ ਵਿਰਦੀ, ਡਾ. ਗੁਰਮੀਤ ਸਿੰਘ ਕੱਲਰਮਾਜਰੀ, ਡਾ. ਸੁਰਿੰਦਰ ਅਜਨਾਤ, ਪੀ ਐਨ ਪਿੰਪਲੇ, ਬੀ ਆਰ

ਸਾਂਪਲੇ, ਸਤੀਸ਼ ਸ਼ਰਮਾ, ਭਗਵਾਨ ਦਾਸ, ਡੀ ਸੀ ਅਹੀਰ, ਡਾ. ਸੁਖਦੇਵ ਸਿੰਘ ਸਿਰਸਾ, ਗਿਆਨ ਸਿੰਘ ਬੱਲ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਜਗਬੀਰ ਸਿੰਘ, ਪ੍ਰੋ. ਮੀਤ ਖੱਟੜਾ, ਡਾ. ਦਰਿਆ, ਬਲਵੀਰ ਮਾਧੋਪਰੀ, ਦਵਾਰਕਾ ਭਾਰਤੀ, ਨਾਨਕ ਚੰਦ ਰੱਤੂ, ਡਾ ਹਰਨੇਕ ਸਿੰਘ ਕਲੇਰ, ਪ੍ਰੋ. ਧਰਮਪਾਲ ਸਿੰਗਲ, ਡਾ. ਭੀਮਇੰਦਰ ਸਿੰਘ, ਡਾ. ਸਰਬਜੀਤ ਸਿੰਘ ਆਦਿ ਵਿਦਵਾਨਾਂ ਦੇ ਪੰਜਾਬ ਦੀ ਦਲਿਤ ਚੇਤਨਾ ਸੰਬੰਧੀ ਬਹੁਤ ਸ਼ਲਾਘਾਯੋਗ ਯਤਨਾਂ ਦੇ ਨਾਲ-ਨਾਲ ਪੰਜਾਬ ਦੇ ਪ੍ਰਸਿੱਧ ਕਵੀਆਂ, ਕਹਾਣੀਕਾਰ, ਨਾਵਲਕਾਰ ਵੀ ਖ਼ੂਬ ਭੂਮਿਕਾ ਨਿਭਾ ਰਹੇ ਹਨ।

ਇਥੇ ਇਕ ਗੱਲ ਹੋਰ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਜਿਸ ਦਾ ਦਲਿਤ ਚੇਤਨਾ ਦੇ ਸਰੋਤ ਵਜੋਂ ਅਹਿਮ ਰੋਲ ਹੈ, ਉਹ ਹੈ ਦੁਆਬੇ ਵਿਚੋਂ ਬਾਹਰ ਵਿਦੇਸ਼ਾਂ ਵਿਚ ਜਾ ਕੇ ਵਸੇ ਹੋਏ ਦਲਿਤ ਅਤੇ ਉਨ੍ਹਾਂ ਵਲੋਂ ਆਪਣੇ ਵਿਦੇਸ਼ ਨਿਵਾਸਾਂ ਵਿਖੇ ਦਲਿਤ ਚੇਤਨਾ ਨੂੰ ਲੈ ਕੇ ਦਲਿਤ ਸਾਹਿਤ ਦਾ ਪਾਸਾਰ। ਇਨ੍ਹਾਂ ਵਿਚ ਮੁੱਖ ਤੌਰ 'ਤੇ 'ਅੰਬੇਡਕਰਟਾਈਮਜ਼ ਡਾਟ ਕੌਮ' ਜਿਸ ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਹਨ। ਇਸ ਵੈਬਸਾਈਟ ਦਾ ਕੈਲੀਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ ਵਿਖੇ ਮੁੱਖ ਦਫ਼ਤਰ ਹੈ। ਪ੍ਰੇਮ ਕੁਮਾਰ ਚੁੰਬਰ ਅਮਰੀਕਾ ਜਾਣ ਤੋਂ ਪਹਿਲਾਂ ਪੰਜਾਬ ਵਿਚ ਵੀ ਦਲਿਤ ਸਾਹਿਤ ਦੇ ਪਸਾਰ ਨੂੰ ਲੈ ਕੇ ਬਹੁਤ ਕ੍ਰਿਆਸ਼ੀਲ ਸੀ। ਉਹ ਆਪਣੇ ਭਰਾ ਅਤੇ 'ਕੌਮੀ ਉਡਾਰੀਆਂ' ਦੇ ਸੰਪਾਦਕ ਸੀ. ਐਲ਼ ਚੁੰਬਰ ਨਾਲ ਮਿਲ ਕੇ ਇਸ ਖੇਤਰ ਵਿਚ ਸਰਗਰਮ ਸੀ, ਉਹ ਖ਼ੁਦ ਵੀ ਕਾਫ਼ੀ ਦੇਰ 'ਕੌਮ ਉਡਾਰੀਆਂ' ਦੇ ਸੰਪਾਦਕ ਰਹੇ। ਕੈਨੇਡਾ ਵਿਚ ਆਨੰਦ ਬਾਲੀ, ਲਾਹੌਰੀ ਰਾਮ ਬਾਲੀ (ਜੋ ਕਿ ਪੰਜਾਬ ਦੀ ਪ੍ਰਸਿੱਧ ਅੰਬੇਡਕਰਵਾਦੀ ਸ਼ਖ਼ਸੀਅਤ ਹਨ) ਦੇ ਪੁੱਤਰ, ਦਲਿਤ ਸਾਹਿਤ ਵਿਚ ਬਹੁਤ ਯੋਗਦਾਨ ਪਾ ਰਹੇ ਹਨ। ਇੰਗਲੈਂਡ ਦੇ ਵੁਲਵਰਹੈਂਪਟਨ ਸ਼ਹਿਰ ਵਿਚ 'ਬੇਗਮਪੁਰਾ ਟਾਈਮਜ਼ ਕੁਆਟਰਲੀ' ਨਾਂ ਦੇ ਮੈਗਜ਼ੀਨ ਨੇ ਦਲਿਤ ਚੇਤਨਾ ਦੇ ਪਾਸਾਰ ਵਿਚ ਬਹੁਤ ਵਾਧਾ ਕੀਤਾ। ਵਿਦੇਸ਼ਾਂ ਵਿਚ ਵਸੇ ਹੋਏ ਦਲਿਤ ਭਰਾਵਾਂ ਦੇ ਇਨ੍ਹਾਂ ਸ਼ਲਾਘਾਯੋਗ ਕਦਮਾਂ ਦਾ ਪੰਜਾਬ ਦੀ ਦਲਿਤ ਵਸੋਂ ਉੱਤੇ ਬੜਾ ਸਾਕਾਰਾਤਮਕ ਪ੍ਰਭਾਵ ਪੈਂਦਾ ਹੈ। ਦੁਆਬੇ ਵਿਚੋਂ ਬਾਹਰ ਵਸੇ ਦਲਿਤਾਂ ਨੇ ਬਹੁਤ ਸਾਰੀਆਂ ਵਿਸ਼ਵ ਪੱਧਰ ਦੀਆਂ ਦਲਿਤ ਕਾਨਫਰੰਸਾਂ ਆਯੋਜਿਤ ਕਰਕੇ ਵੀ ਦਲਿਤ ਸਵਾਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਭਾਰਿਆ। ਦਲਿਤ ਸਾਹਿਤ ਦਲਿਤ ਚੇਤਨਾ ਦਾ ਆਧਾਰ ਹੈ। ਅੱਜ ਉੱਚ ਜਾਤੀ ਲੋਕਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਵਿਤਕਰੇ ਦਲਿਤਾਂ ਨਾਲ ਕੀਤੇ, ਉਹ ਗ਼ਲਤ ਸਨ। ਉਨ੍ਹਾਂ ਨੂੰ ਪਸ਼ਚਾਤਾਪ ਕਰਨਾ ਚਾਹੀਦਾ ਹੈ। ਮੁਆਫ਼ੀ ਮੰਗਣੀ ਚਾਹੀਦੀ ਹੈ ਜਿਵੇਂ ਕਿ ਆਸਟ੍ਰੇਲੀਆ ਦੇ ਵਾਈਟ ਹੁਕਮਰਾਨਾਂ ਨੇ ਉਥੋਂ ਦੇ ਆਦਿਵਾਸੀਆਂ ਤੋਂ ਮੰਗੀ ਅਤੇ ਕੈਨੇਡਾ ਦੇ ਅੰਗਰੇਜ਼ਾਂ ਨੇ ਉਥੋਂ ਦੇ ਰੈੱਡ ਇੰਡੀਅਨਾਂ ਤੋਂ ਲੋਕ ਸਭਾ ਵਿਚ ਮੁਆਫ਼ੀ ਮੰਗੀ। ਅੱਜ ਸਾਨੂੰ ਚੰਗਾ ਸਮਾਜ ਸਿਰਜਣ ਲਈ ਮਿਲ-ਜੁਲ ਕੇ ਕੰਮ ਕਰਨ ਦੀ ਲੋੜ ਹੈ। ਸਮਾਜਿਕ ਬਰਾਬਰਤਾ ਅਤੇ ਨਿਆਂ ਦੇ ਪਾਸਾਰ ਦੇ ਜ਼ਰੀਏ ਹੀ ਸਮਾਜ ਵਿਚ ਸੁੱਖਦ ਆਵੇਗੀ ਅਤੇ ਆਪਸੀ ਪਿਆਰ ਵਧੇਗਾ ਜਿਸ ਨੂੰ ਕਿ ਬਾਬਾ ਸਾਹਿਬ ਅੰਬੇਡਕਰ ਨੇ ਭਰਾਤਰੀ ਭਾਵਨਾ ਦਾ ਨਾਂ ਦਿੱਤਾ ਸੀ ਜੋ ਕਿ ਸੁਤੰਤਰਤਾ ਅਤੇ ਬਰਾਬਰਤਾ ਦੇ ਸਿਧਾਂਤਾਂ ਨਾਲ ਮਿਲ ਕੇ ਉਸ ਤ੍ਰਿਬੈਣੀ ਨੂੰ ਸੰਗਠਿਤ ਕਰਦੀ ਹੈ ਜਿਸ ਨੇ ਜਾਤ-ਪਾਤ ਦਾ ਪੂਰਨ ਤੌਰ 'ਤੇ ਨਾਸ਼ ਕਰਕੇ ਨਵੇਂ ਸਮਾਜ ਨੂੰ ਸਿਰਜਣਾ ਹੈ ਜਿਸ ਵਿਚ ਕਿਸੇ ਦਾ ਵੀ ਜਨਮ ਜਾਂ ਜਾਤ ਦੇ ਆਧਾਰ 'ਤੇ ਸ਼ੋਸ਼ਣ ਨਹੀਂ ਹੋਵੇਗਾ।



**? ਅੱਜ-ਕੱਲ੍ਹ ਪੰਜਾਬੀ ਵਿੱਚ ਜਿਹੜਾ ਦਲਿਤ ਸਾਹਿਤ ਲਿਖਿਆ ਜਾ ਰਿਹਾ ਹੈ, ਤੁਸੀਂ ਕੀ ਕਹਿਣਾ ਚਾਹੋਗੇ।**

– ਪੰਜਾਬੀ ਵਿੱਚ ਜੋ ਸਾਹਿਤ ਕਵਿਤਾ, ਕਹਾਣੀ, ਨਾਵਲ ਤੇ ਨਾਟਕ ਆਦਿ ਦੇ ਰੂਪ ਵਿੱਚ ਲਿਖਿਆ ਜਾ ਰਿਹਾ ਹੈ, ਇਹ ਸਾਰਾ ਸਾਹਿਤ ਤਾਂ ਮੈਂ ਨਹੀਂ ਪੜ੍ਹ ਸਕਦਾ ਪਰ ਕੁਝ ਚਰਚਿਤ ਰਚਨਾਵਾਂ ਨੂੰ ਪੜ੍ਹਨ ਦੀ ਕੋਸ਼ਿਸ਼ ਜ਼ਰੂਰ ਕਰਦਾ ਹਾਂ। ਇਸ ਸਾਹਿਤ ਨੂੰ ਪੜ੍ਹ ਕੇ ਮੈਨੂੰ ਇਕ ਦਿਸ਼ਾ ਮਿਲਦੀ ਹੈ। ਇਹ ਰਚਨਾਵਾਂ ਮੇਰੀ ਖੋਜ ਦਾ ਆਧਾਰ ਵੀ ਬਣਦੀਆਂ ਹਨ। ਸਮਕਾਲੀ ਪੰਜਾਬੀ ਦਲਿਤ ਸਾਹਿਤ ਨੂੰ ਪੜ੍ਹ ਕੇ ਮੈਨੂੰ ਇਹ ਵੀ ਲੱਗਦਾ ਹੈ ਕਿ ਪੰਜਾਬੀ ਜੀਵਨ ਦੀ ਉਹ ਤਸਵੀਰ ਇਸ ਵਿੱਚ ਪੇਸ਼ ਨਹੀਂ ਹੋ ਰਹੀ ਜੋ ਵਾਸਤਵਿਕ ਰੂਪ ਵਿੱਚ ਦਲਿਤ ਲੋਕ ਜੀਅ ਰਹੇ ਹਨ। ਮਸਲਨ ਦਲਿਤ ਸਾਹਿਤ ਨੂੰ ਲੈ ਕੇ ਬੜੇ ਲੰਮੇ ਸਮੇਂ ਤੋਂ ਇਹੀ ਚਰਚਾ ਚੱਲੀ ਆ ਰਹੀ ਹੈ ਕਿ ਦਲਿਤ ਸਾਹਿਤ ਦੀ ਰੂਪ-ਰੇਖਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਕੀ ਦਲਿਤ ਹੀ ਦਲਿਤਾਂ ਸੰਬੰਧੀ ਸਾਹਿਤ ਰਚੇਗਾ ਜਾਂ ਗ਼ੈਰ-ਦਲਿਤ ਵੀ ਅਜਿਹਾ ਸਾਹਿਤ ਰਚ ਸਕਦਾ ਹੈ? ਅਜਿਹੀ ਚਰਚਾ ਹੋਣੀ ਚੰਗੀ ਗੱਲ ਹੈ ਪਰ ਹੁਣ ਤੱਕ ਜਿੰਨਾ ਦਲਿਤ ਸਾਹਿਤ ਰਚਿਆ ਗਿਆ ਉਸ ਦਾ ਮੁਲਾਂਕਣ ਤਾਂ ਵੀ ਨਹੀਂ ਹੋ ਪਾਇਆ। ਜਿੱਥੋਂ ਤੱਕ ਦਲਿਤ ਸਾਹਿਤ ਨੂੰ ਦਲਿਤਾਂ ਦੁਆਰਾ ਰਚਣ ਦੀ ਗੱਲ ਹੈ, ਉਸ ਦੇ ਨਾਲ-ਨਾਲ ਇਹ ਵੀ ਚਰਚਾ ਦਾ ਵਿਸ਼ਾ ਬਣਨਾ ਚਾਹੀਦਾ ਹੈ ਕਿ ਉਹ ਕਿਹੜੇ ਦਲਿਤ ਲੇਖਕ ਹਨ ਜਿਨ੍ਹਾਂ ਨੇ ਅਜਿਹਾ ਸਾਹਿਤ ਰਚਿਆ? ਅਜਿਹੇ ਦਲਿਤ ਲੇਖਕਾਂ ਨੇ ਜਿੰਨਾ ਵੀ ਥੋੜ੍ਹਾ-ਬਹੁਤ ਸਾਹਿਤ ਰਚਿਆ, ਉਸ ਬਾਰੇ ਬਣਦੀ ਸਰਦੀ ਕੋਈ ਖ਼ਾਸ ਚਰਚਾ ਨਹੀਂ ਹੋਈ। ਇਹ ਵੀ ਇਕ ਤਰ੍ਹਾਂ ਦਾ ਵਿਤਕਰਾ ਹੀ ਹੈ। ਪੰਜਾਬ ਵਿੱਚ 1925 ਤੋਂ ਲੈ ਕੇ ਹੁਣ ਤੱਕ ਕਾਫ਼ੀ ਦਲਿਤ ਸਾਹਿਤ ਰਚਿਆ ਜਾ ਚੁੱਕਾ ਹੈ। ਲੇਕਿਨ ਇਹ ਸਾਰਾ ਦਲਿਤ ਸਾਹਿਤ ਵੱਖ-ਵੱਖ ਰੂਪਾਂ ਵਿੱਚ ਸੁਕੜਿਆ ਪਿਆ ਹੈ। ਇਹ ਸਾਹਿਤ ਕਵਿਤਾ, ਕਹਾਣੀ ਜਾਂ ਸਮਕਾਲੀ ਸਥਿਤੀਆਂ 'ਤੇ ਪ੍ਰਸੰਗਕ ਟਿੱਪਣੀਆਂ ਜਾਂ ਵਿਚਾਰ-ਚਰਚਾ ਦੇ ਰੂਪ ਵਿੱਚ ਮਿਲਦਾ ਹੈ। ਜਿਵੇਂ ਮੰਗੂ ਰਾਮ ਮੁਗੋਵਾਲੀਆ ਦੇ ਟਰੈਕਟ, ਚਾਨਣ ਲਾਲ ਮਾਣਕ ਦੇ 'ਹੀਰੇ ਮੋਤੀ' (ਕਾਵਿ ਸੰਗ੍ਰਹਿ), ਪ੍ਰੀਤਮ ਰਾਮਦਾਸਪੁਰੀ ਦੀਆਂ ਕਵਿਤਾਵਾਂ, ਚਰਨ ਦਾਸ ਨਿਧੜਕ ਦੀਆਂ ਕਵਿਤਾਵਾਂ, ਗੁਰਦਾਸ ਰਾਮ ਆਲਮ ਦੀ ਕਵਿਤਾਵਾਂ। ਆਲਮ ਦੀਆਂ ਕਵਿਤਾਵਾਂ ਨੂੰ ਗਿਆਨ ਸਿੰਘ ਬੱਲ ਨੇ ਹੰਭਲਾ ਮਾਰ ਕੇ ਸੰਪੂਰਨ ਕਾਵਿ ਦੇ ਰੂਪ ਵਿੱਚ ਪ੍ਰਕਾਸ਼ਤ ਕਰਵਾਇਆ ਹੈ। ਇਸੇ ਤਰ੍ਹਾਂ ਰੂਪ ਲਾਲ ਜੱਸੀ ਨੇ ਚਰਨ ਦਾਸ ਨਿਧੜਕ ਦੀਆਂ ਕਵਿਤਾਵਾਂ ਨੂੰ 'ਬਾਗੀ ਹੋਣਾ ਦੱਸ ਗਿਆ' ਸਿਰਲੇਖ ਅਧੀਨ ਪ੍ਰਕਾਸ਼ਤ ਕਰਵਾਇਆ ਹੈ। ਪਰ ਅਜਿਹੇ ਬਹੁਤ ਨਾ-ਮਾਤਰ ਯਤਨ ਹੋਏ ਹਨ। ਬੀ. ਆਰ. ਸਾਂਪਲਾ, ਸੋਹਣ ਸਹਿਜਲ, ਕੇ. ਸੀ. ਸੁਲੇਖ, ਪੰਡਤ ਬਖ਼ਸ਼ੀ ਰਾਮ, ਆਈ.ਡੀ.ਪਾਵਰ, ਲਾਹੌਰੀ ਰਾਮ ਬਾਲੀ, ਗੁਰਨਾਮ ਸਿੰਘ ਮੁਕਤਸਰ, ਐੱਸ.ਐੱਲ. ਵਿਰਦੀ ਆਦਿ ਨੇ ਦਲਿਤ ਜੀਵਨ ਸੰਬੰਧੀ ਬਹੁਤ ਕੁਝ ਲਿਖਿਆ ਹੈ ਪਰ ਇਨ੍ਹਾਂ ਦੀ ਚਰਚਾ ਖੋਜ ਕਾਰਜਾਂ ਅਤੇ ਕਾਨਫਰੰਸਾਂ ਆਦਿ ਵਿੱਚ ਕਿੰਨੀ-ਕੁ ਹੁੰਦੀ ਹੈ। ਅੱਜ-ਕੱਲ੍ਹ ਕੁਝ ਨਵੇਂ ਲੇਖਕ ਕਵਿਤਾ, ਕਹਾਣੀ ਤੇ ਨਾਵਲ ਵਿੱਚ ਦਲਿਤ ਜੀਵਨ ਸੰਬੰਧੀ ਲਿਖ ਰਹੇ ਹਨ, ਇਨ੍ਹਾਂ ਲੇਖਕਾਂ ਤੋਂ ਸਾਨੂੰ ਬਹੁਤ ਆਸ਼ਾਵਾਂ ਹਨ। ਇੱਥੇ ਕਿਸੇ ਇੱਕ ਦਾ ਨਾਂ ਲੈਣਾ ਅਪ੍ਰਸੰਗਕ ਹੋਵੇਗਾ। ਪਰ ਉਮੀਦ ਹੈ ਕਿ ਆਉਣ ਵਾਲੇ ਸਮੇਂ ਅਜਿਹੇ ਸਾਹਿਤ ਦੀ ਖ਼ੂਬ ਚਰਚਾ ਹੋਵੇਗੀ ਅਤੇ ਦਲਿਤ ਸਾਹਿਤ ਦਾ ਵਿਕਾਸ ਹੋਵੇਗਾ।

**? ਤੁਹਾਡੇ ਵਿਚਾਰ ਵਿੱਚ ਦਲਿਤ ਸਾਹਿਤ ਦੀ ਦਿਸ਼ਾ ਕੀ ਹੋਣੀ ਚਾਹੀਦੀ**

ਹੈ।

– ਦਲਿਤ ਸਾਹਿਤ ਦੀ ਦਿਸ਼ਾ ਬਾਰੇ ਜੋ ਗੱਲ ਅਸੀਂ ਕਰਨ ਜਾ ਰਹੇ ਹਾਂ ਉਹ ਬਹੁਤ ਹੀ ਅਹਿਮ ਵਿਸ਼ਾ ਹੈ । ਦਲਿਤ ਸਾਹਿਤ ਦੀ ਦਿਸ਼ਾ ਕੀ ਹੋਣੀ ਚਾਹੀਦੀ ਹੈ? ਦਲਿਤ ਸਾਹਿਤ ਦੀ ਦਿਸ਼ਾ ਦੇ ਬਾਰੇ ਅਗਰ ਅਸੀਂ ਉਨ੍ਹਾਂ ਸਾਰੇ ਤਮਾਮ ਕ੍ਰਾਂਤੀਕਾਰੀ ਵਿਚਾਰਾਂ ਨਾਲ ਮਿਲ ਕੇ ਗੱਲ ਕਰੀਏ ਤਾਂ ਦਿਸ਼ਾ ਦੀ ਗੱਲ ਸਾਨੂੰ ਸਾਫ਼ ਨਜ਼ਰ ਆ ਜਾਵੇਗੀ। ਇਹ ਚਾਹੇ ਅਮਰੀਕਾ ਦੇ ਮੂਲ ਨਿਵਾਸੀਆ ਜਾਂ ਫਿਰ ਆਦਿਵਾਸੀਆਂ ਦੀ ਗੱਲ ਹੈ ਜਾਂ ਉੱਥੇ ਰਹਿ ਰਹੇ ਕਾਲੇ ਲੋਕਾਂ ਦੀ ਗੱਲ ਹੈ ਜਾਂ ਕਿਸੇ ਵੀ ਸਮਾਜ ਵਿੱਚ ਮਜ਼ਦੂਰਾਂ ਦੀ ਗੱਲ ਹੈ ਜਾਂ ਭਾਰਤੀ ਸਮਾਜ ਵਿੱਚ ਦਲਿਤਾਂ ਦੀ ਗੱਲ ਹੈ, ਇਹ ਤਮਾਮ ਕਾਣੀਆਂ ਵੰਡਾਂ ਨੂੰ ਖ਼ਤਮ ਕਰਦੇ ਹੋਏ ਬਰਾਬਰੀ ਵਾਲੇ ਸਮਾਜ ਵੱਲ ਵੱਧਣ ਤੇ ਸਮਾਜ ਦੀ ਬਿਹਤਰੀਨ ਉਸਾਰੀ ਕਰਨ ਦੀ ਹੀ ਗੱਲ ਹੈ। ਅਸੀਂ ਆਸ ਰੱਖਦੇ ਹਾਂ ਕਿ ਦਲਿਤ ਸਾਹਿਤ ਸਾਨੂੰ ਇਨ੍ਹਾਂ ਕਾਣੀਆਂ ਵੰਡਾਂ ਤੋਂ ਨਿਜਾਤ ਦਿਵਾਏਗਾ। ਦਲਿਤ ਸਾਹਿਤ ਨੇ ਖ਼ੁਦ ਕ੍ਰਾਂਤੀ ਨਹੀਂ ਕਰਨੀ। ਉਸ ਨਾਲ ਤਾਂ ਚੇਤਨਾ ਪੈਦਾ ਹੋਵੇਗੀ। ਇਸ ਚੇਤਨਾ ਨਾਲ ਚਿੰਤਨ ਪੈਦਾ ਹੋਵੇਗਾ। ਦਲਿਤ ਸਮਾਜ ਵਿੱਚ ਜੋ ਕ੍ਰਾਂਤੀ ਆਵੇਗੀ, ਸਾਹਿਤ ਉਸ ਦਾ ਮਾਧਿਅਮ ਬਣੇਗਾ। ਸੋ ਇਹ ਦਿਸ਼ਾ ਸਮਾਜ ਦੀਆਂ ਕਾਣੀਆਂ ਵੰਡਾਂ, ਉਣਤਾਈਆਂ, ਚਾਹੇ ਉਹ ਧਰਮ ਨੂੰ ਲੈ ਕੇ ਹਨ ਜਾਂ ਜਾਤ ਨੂੰ ਲੈ ਕੇ ਹਨ ਜਾਂ ਸਮਾਜਿਕ ਰੁਤਬੇ ਨੂੰ ਲੈ ਕੇ ਆਦਿ ਬਾਰੇ ਇੱਕ ਤਰ੍ਹਾਂ ਨਾਲ ਆਲੋਚਨਾਤਮਕ ਰਵੱਈਆ ਵਾਲੀ ਹੋਣੀ ਚਾਹੀਦੀ ਹੈ। ਦਲਿਤ ਸਾਹਿਤ ਸਿਰਫ਼ ਤੇ ਸਿਰਫ਼ ਦਲਿਤ ਦੁੱਖੜੇ ਪੇਸ਼ ਕਰਨ ਬਾਰੇ ਹੀ ਨਹੀਂ ਹੈ। ਕੁਝ ਲੇਖਕ ਕਹਿੰਦੇ ਹਨ ਕਿ ਸਾਨੂੰ ਹੁਣ ਦਲਿਤਾਂ ਦੇ ਦੁੱਖਾਂ ਬਾਰੇ ਗੱਲ ਨਹੀਂ ਕਰਨੀ ਚਾਹੀਦੀ ਉਹ ਸਮਾਂ ਬੀਤ ਚੁੱਕਾ ਹੈ। ਉਸ ਦਾ ਹੁਣ ਕੋਈ ਮਤਲਬ ਨਹੀਂ। ਹੁਣ ਤਾਂ ਦਲਿਤ ਚੰਗੀ ਰੋਜ਼ੀ-ਰੋਟੀ ਕਮਾ ਕੇ ਚੰਗਾ ਜੀਵਨ ਬਸਰ ਕਰ ਰਹੇ ਹਨ। ਪਰ ਅਤੀਤ ਦੀ ਦਲਿਤ ਪੀੜਾ ਵੀ ਉਨ੍ਹਾਂ ਦੇ ਅਵਚੇਤਨ ਦਾ ਹਿੱਸਾ ਬਣੀ ਹੋਈ ਹੈ। ਅਸੀਂ ਇਸ ਤੋਂ ਵੀ ਇਨਕਾਰ ਨਹੀਂ ਕਰ ਸਕਦੇ। ਪਰ ਦੁੱਖੜਿਆਂ ਦੀ ਗੱਲ ਕਰਨਾ ਸਿਰਫ਼ ਤੇ ਸਿਰਫ਼ ਦਲਿਤ ਸਾਹਿਤ ਦੀ ਦਿਸ਼ਾ ਨਿਰਧਾਰਤ ਨਹੀਂ ਕਰਦਾ। ਉਨ੍ਹਾਂ ਦੁੱਖੜਿਆਂ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ। ਕੀ ਇਹ ਦੁੱਖੜੇ ਸਮਾਜਿਕ ਬਦਲ ਲਈ ਸਹਾਇਕ ਸਿੱਧ ਹੋ ਸਕਦੇ ਹਨ? ਇਸ ਵਿੱਚ ਸਿਰਫ਼ ਉਹ ਦਲਿਤ ਤੇ ਗ਼ੈਰ-ਦਲਿਤ ਲੇਖਕ ਹੀ ਪੂਰਾ ਉਤਰੇਗਾ ਜੋ ਇਸ ਤਰ੍ਹਾਂ ਦੀ ਦਿਸ਼ਾ ਦੇਵੇਗਾ ਜੋ ਸਮਾਜ ਦੀਆਂ ਉਣਤਾਈਆਂ/ਤੰਗੀਆਂ-ਤੁਰਸ਼ੀਆਂ ਵਿੱਚੋਂ ਉਸ ਨੂੰ ਕੱਢ ਕੇ ਚੰਗੇ ਜੀਵਨ ਲਈ ਪ੍ਰੇਰਿਤ ਕਰੇਗਾ। ਅਗਰ ਅਸੀਂ ਕਹੀਏ ਕਿ ਦਲਿਤ ਲੇਖਕ ਜੋ ਵੀ ਲਿਖ ਦੇਵੇ ਉਹ ਲੇਖਕ ਦੇ ਤੌਰ 'ਤੇ ਪ੍ਰਵਾਨ ਅਤੇ ਗ਼ੈਰ-ਦਲਿਤ ਲੇਖਕ ਭਾਵੇਂ ਕਿੰਨੀ ਵੀ ਚੰਗੀ ਕਿਰਤ ਦੀ ਰਚਨਾ ਕਰੇ ਉਹ ਪ੍ਰਵਾਨ ਹੋਵੇਗਾ ਨਹੀਂ ਹੋਵੇਗੀ ਤਾਂ ਇਹ ਵੀ ਦਿਸ਼ਾ ਰਹਿਤ ਹੋਵੇਗਾ।

**? ਦਲਿਤ ਸਾਹਿਤ ਦਾ ਭਵਿੱਖ ਕਿਹੋ-ਜਿਹਾ ਹੋਵੇਗਾ।**

– ਦਲਿਤ ਪੈਂਥਰ ਲਹਿਰ ਤੋਂ ਬਾਅਦ ਵਾਲਾ ਦਲਿਤ ਸਾਹਿਤ ਕਾਫ਼ੀ ਕ੍ਰਾਂਤੀਕਾਰੀ ਸਾਹਿਤ ਕਿਹਾ ਜਾ ਸਕਦਾ ਹੈ। ਇਸ ਲਹਿਰ ਤੋਂ ਬਾਅਦ ਹੋਂਦ ਵਿੱਚ ਆਏ ਦਲਿਤ ਸਾਹਿਤ ਨੂੰ ਦੇਸ਼-ਵਿਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਸਥਾਨ ਪ੍ਰਾਪਤ ਹੋਣਾ ਸ਼ੁਰੂ ਹੋਇਆ। ਪਿਛਲੇ ਕੁਝ ਸਾਲਾਂ ਤੋਂ ਤਾਂ ਯੂਰਪ ਅਤੇ ਉੱਤਰੀ ਅਮਰੀਕਾ ਵਿਚਲੀਆਂ ਯੂਨੀਵਰਸਿਟੀਆਂ ਵਿੱਚ ਦਲਿਤ ਸਾਹਿਤ ਤੇ ਦਲਿਤ ਸਮਾਜ ਬਾਰੇ ਕਾਫ਼ੀ ਚਰਚਾ ਹੋਣੀ ਸ਼ੁਰੂ ਹੋ ਚੁੱਕੀ ਹੈ। ਭਾਰਤ ਵਿੱਚ ਬਹੁਤ ਸਾਰੀਆਂ ਯੂਨੀਵਰਸਿਟੀਆਂ



ਵਿੱਚ ਦਲਿਤ ਸੈਂਟਰ ਖੋਲ੍ਹੇ ਗਏ ਹਨ ਜਿਨ੍ਹਾਂ ਵਿੱਚ ਸਮਾਜਿਕ ਵਿਤਕਰੇ ਉੱਤੇ ਵੱਖ-ਵੱਖ ਪਹਿਲੂਆਂ ਤੋਂ ਸ਼ੋਧ ਦਾ ਕੰਮ ਕਰਵਾਇਆ ਜਾਂਦਾ ਹੈ। ਇਸੇ ਤਰ੍ਹਾਂ ਬਹੁਤ ਸਾਰੀਆਂ ਗ਼ੈਰ-ਸਰਕਾਰੀ ਸੰਸਥਾਵਾਂ (ਟਭ+ਤ) ਵੀ ਦਲਿਤ ਮੁੱਦਿਆਂ ਉੱਤੇ ਧਿਆਨ ਕੇਂਦਰਤ ਕਰ ਰਹੀਆਂ ਹਨ। ਇਸੇ ਦਿਸ਼ਾ ਵਿੱਚ ਕੁਝ ਪੱਤਰਕਾਵਾਂ (ਹਾਸ਼ੀਆ, ਸ਼ਬਦ, ਸਮਦਰਸ਼ੀ, ਪ੍ਰਵਚਨ, ਸਰੋਕਾਰ ਆਦਿ) ਨੇ ਦਲਿਤ ਸਾਹਿਤ ਤੇ ਚਿੰਤਨ ਨੂੰ ਲੈ ਕੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਹਨ। ਹੁਣ ਤਾਂ ਦਲਿਤ ਕਵਿਤਾ, ਕਹਾਣੀ, ਨਾਵਲ ਤੇ ਨਾਟਕ ਆਦਿ ਦੀ ਗੱਲ ਵੀ ਹੋ ਰਹੀ ਹੈ। ਮੇਰੇ ਕਹਿਣ ਦਾ ਮਤਲਬ ਦਲਿਤ ਸਮੱਸਿਆਵਾਂ ਬਾਰੇ ਹੁਣ ਗੱਲ ਹੋਣ ਲੱਗ ਪਈ ਹੈ। ਹੁਣ ਅਸੀਂ ਇਹ ਨਹੀਂ ਕਹਿ ਸਕਦੇ ਕਿ ਜੋ ਨੱਕ ਦੇ ਥੱਲੇ ਹੈ ਸਾਨੂੰ ਉਸ ਦਾ ਪਤਾ ਨਹੀਂ ਚਲਦਾ। ਦਲਿਤ ਸਮੱਸਿਆ ਸਦੀਆਂ ਤੋਂ ਰਹੀ ਹੈ। ਦਲਿਤ ਸਮਾਜ ਨੇ ਕਾਫ਼ੀ ਦੁੱਖ ਭੋਗੇ ਪਰੰਤੂ ਉਸ ਦੀ ਸਮਾਜ ਵਿੱਚ ਕਦੇ ਢੁੱਕਵੀਂ ਗੱਲ ਹੀ ਨਹੀਂ ਹੋਈ। ਪੂਰੇ ਵਿਸ਼ਵ ਵਿੱਚ ਅੱਜ ਲੋਕੀ ਹੈਰਾਨ ਹੁੰਦੇ ਹਨ ਕਿ ਭਾਰਤ ਵਿੱਚ ਅਜਿਹਾ ਸਭ ਕੁਝ ਹੁੰਦਾ ਰਿਹਾ ਅਤੇ ਹੋ ਰਿਹਾ ਹੈ। ਹੁਣ ਇਹ ਮਹਿਸੂਸ ਹੋ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਦਲਿਤ ਜੀਵਨ ਦੀਆਂ ਲੁਕਵੀਆਂ ਪਰਤਾਂ ਉਜਾਗਰ ਹੋਣਗੀਆਂ ਅਤੇ ਸਾਰੇ ਸਮਾਜ ਨੂੰ ਮਿਲ ਕੇ ਇਨ੍ਹਾਂ ਉਣਤਾਈਆਂ ਨੂੰ ਦੂਰ ਕਰਨਾ ਹੋਵੇਗਾ। ਇੱਕ ਗੱਲ ਹੋਰ ਕਿ ਜੇ ਭਾਰਤ ਨੇ ਵਿਸ਼ਵ ਸ਼ਕਤੀ ਬਣਨਾ ਹੈ ਤਾਂ ਇਹ ਨਾ ਤਾਂ ਆਰਥਿਕ ਤਰੱਕੀ ਕਰਕੇ ਅਤੇ ਨਾ ਹੀ ਨਿਊਕਲੀਅਰ ਐਨਰਜੀ ਕਰਕੇ ਸਗੋਂ ਭਾਰਤ ਨੂੰ ਅਜਿਹਾ ਬਣਨ ਲਈ ਆਪਣੇ ਸਮਾਜ ਵਿੱਚੋਂ ਜਾਤਪਾਤੀ ਵਿਧਾਨ ਨੂੰ ਖ਼ਤਮ ਕਰਨਾ ਪਏਗਾ, ਤਾਂ ਹੀ ਭਾਰਤ ਵਿਸ਼ਵ ਸ਼ਕਤੀ ਬਣ ਸਕਦਾ ਹੈ।

**? ਅੱਜ-ਕੱਲ੍ਹ ਦਲਿਤ ਲੇਖਕ ਕਿਹੜੀਆਂ-ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ।**

– ਇਹ ਸਵਾਲ ਬਹੁਤ ਸਬਜੈਕਟਿਵ ਲੱਗ ਰਿਹਾ ਹੈ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਦਲਿਤ ਲੇਖਕ ਕਿਹੜੀਆਂ-ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਤਾਂ ਅਸੀਂ ਦਲਿਤ ਲੇਖਕਾਂ ਨੂੰ ਲੇਖਕ-ਸੰਸਾਰ ਵਿੱਚ ਇੱਕ ਵੱਖਰੀ ਇਕਾਈ ਦੇ ਤੌਰ 'ਤੇ ਰੱਖ ਕੇ ਵੇਖ ਰਹੇ ਹੁੰਦੇ ਹਾਂ। ਦਲਿਤ ਲੇਖਕਾਂ ਦੀ ਗੱਲ ਕਰਦਿਆਂ ਸਾਡੇ ਮਨ 'ਚ ਦੋ ਵਿਚਾਰ ਆਉਂਦੇ ਹਨ: ਇੱਕ ਤਾਂ ਦਲਿਤ ਦੇ ਤੌਰ 'ਤੇ ਉਸ ਦੀ ਜੋ ਪਹਿਚਾਣ ਸਮਾਜ ਵਿੱਚ ਹੈ। ਉਸਨੂੰ ਅਸੀਂ ਜਾਤ ਦੇ ਆਧਾਰ 'ਤੇ ਦੇਖਦੇ ਹਾਂ ਕਿ ਉਹ ਇੱਕ 'ਦਲਿਤ' ਹੈ। 'ਦਲਿਤ' ਦਾ ਮਤਲਬ ਹੈ ਕਿ ਉਸ ਦਾ ਸੰਬੰਧ ਕਿਸੇ ਖ਼ਾਸ ਜਾਤ ਨਾਲ ਹੈ। ਉਹ ਜਾਤ ਜਿਹੜੀ ਭਾਰਤੀ ਸੰਵਿਧਾਨ ਦੀ ਸ਼ਡਿਊਲਡ ਕਾਸਟ ਲਿਸਟ ਵਿੱਚ ਦਰਜ ਹੈ। ਦੂਸਰਾ, ਅਸੀਂ ਉਸ ਬਾਰੇ ਜੋ ਵਿਚਾਰ ਲੇਖਕ ਦੇ ਤੌਰ 'ਤੇ ਰੱਖਦੇ ਹਾਂ। ਹੁਣ ਜਦੋਂ ਅਸੀਂ ਦਲਿਤ ਲੇਖਕ ਦੀ ਗੱਲ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਸੀਮਤ ਹੋ ਕੇ ਗੱਲ ਕਰਦੇ ਹਾਂ। ਅਸੀਂ ਇਹ ਮੰਨ ਕੇ ਤੁਰਦੇ ਹਾਂ ਕਿ ਵਾਕਿਆ ਹੀ ਇਹ 'ਲੇਖਕ' ਦੂਜੇ ਲੇਖਕਾਂ ਨਾਲੋਂ ਵੱਖਰਾ ਹੈ। ਅਗਰ ਬਾਕੀ ਲੇਖਕ ਹਨ ਤਾਂ ਇਹ 'ਦਲਿਤ *ਲੇਖਕ*' ਹੈ। ਇਹ ਆਪਣੇ-ਆਪ ਵਿੱਚ ਬੜੀ ਹੀ ਸਮੱਸਿਆ ਦੀ ਗੱਲ ਹੈ। ਲੇਖਕ ਤਾਂ ਲੇਖਕ ਹੈ। ਪਰ ਅਸੀਂ ਇਹ ਵੀ ਕਹਿ ਦਿੰਦੇ ਹਾਂ ਕਿ ਉਹ ਇੱਕ ਦਲਿਤ ਲੇਖਕ ਹੈ। ਇਸ ਦਾ ਮਤਲਬ ਹੈ ਕਿ ਲੇਖਕਾਂ ਦੀਆਂ ਦੋ ਸ਼੍ਰੇਣੀਆਂ ਹੋ ਗਈਆਂ- ਪਹਿਲੀ 'ਲੇਖਕ' ਦੀ ਤੇ ਦੂਸਰੀ 'ਦਲਿਤ ਲੇਖਕ' ਦੀ। ਵੈਸੇ ਤਾਂ ਅਜਿਹੀਆਂ ਸ਼੍ਰੇਣੀਆਂ ਪਹਿਲਾਂ ਵੀ ਬਣੀਆਂ ਹੋਈਆਂ ਹਨ, ਜਿਵੇਂ ਅਸੀਂ ਕਹਿ ਦਿੰਦੇ ਹਾਂ ਕਿ ਪੰਜਾਬੀ ਸਾਹਿਤ ਅਤੇ ਪਰਵਾਸੀ ਪੰਜਾਬੀ ਸਾਹਿਤ।

ਦਲਿਤ ਲੇਖਕਾਂ ਦੀਆਂ ਚੁਣੌਤੀਆਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਇਕ ਗੱਲ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਦਲਿਤ ਲੇਖਕ ਦੀਆਂ ਚੁਣੌਤੀਆਂ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਉਸ ਸਮੇਂ ਬੜਾ ਸੁਚੇਤ ਰਹਿਣਾ ਚਾਹੀਦਾ ਹੈ ਕਿ ਅਸੀਂ ਉਸ ਦਲਿਤ ਲੇਖਕ ਤੋਂ ਉਸ ਤਰ੍ਹਾਂ ਦੀਆਂ ਚੁਣੌਤੀਆਂ ਦੀ ਆਸ ਨਾ ਕਰੀਏ ਜਿਹੜੀਆਂ ਕਿ ਉਸ ਨੂੰ ਸੰਪੂਰਨ ਸਮਾਜ ਤੋਂ ਅਲੱਗ ਕਰਕੇ ਪੇਸ਼ ਕਰਨ। ਸਾਨੂੰ ਦਲਿਤ ਲੇਖਕ (ਬੇਸ਼ੱਕ ਅਸੀਂ ਉਸ ਨੂੰ ਇਹ ਨਾਂ ਦੇ ਰਹੇ ਹਾਂ) ਨੂੰ ਪੂਰੇ ਸਮਾਜ ਦੇ ਸੰਦਰਭ 'ਚ ਰੱਖ ਕੇ ਸਮਝਣਾ ਹੋਵੇਗਾ। ਇਸ ਸੋਚ ਵਿੱਚ ਸਾਨੂੰ ਉਸ ਦੇ ਆਪਣੇ ਜੀਵਨ ਨਾਲ ਜੁੜੇ ਹੋਏ ਸੰਦਰਭ ਨੂੰ ਵੀ ਰੱਖਣਾ ਹੋਵੇਗਾ। ਜੇ ਅਸੀਂ ਇਹ ਕਹਿ ਦਈਏ ਕਿ ਜਿਸ ਸਮਾਜ ਦਾ ਉਹ ਅੰਗ ਹੈ ਉਸ ਬਾਰੇ ਗੱਲ ਹੀ ਨਾ ਕਰੇ ਅਤੇ ਸਿਰਫ਼ ਆਪਣੀ ਹੱਢੀਂ ਹੰਢਾਈ ਜ਼ਿੰਦਗੀ (ਦਲਿਤ ਜੀਵਨ) ਬਾਰੇ ਹੀ ਲਿਖੇ ਤਾਂ ਕੀ ਇਹ ਉਸ ਵਾਸਤੇ ਸਰਾਪ ਨਹੀਂ ਹੋਵੇਗਾ। ਜੇ ਉਹ ਦਲਿਤ ਹੈ ਤਾਂ ਸਵਾਏ ਆਪਣੀ ਦਲਿਤ ਜ਼ਿੰਦਗੀ ਤੋਂ ਉਸ ਨੇ ਹੋਰ ਬਾਕੀ ਕੋਈ ਗੱਲ ਹੀ ਨਹੀਂ ਕਰਨੀ।

ਸਾਡੇ ਸਮਾਜ ਵਿੱਚ ਜਿਹੜੀ ਦਲਿਤ ਸਮੱਸਿਆ ਹੈ ਉਹ ਇਕੱਲੀ ਦਲਿਤ ਲੋਕਾਂ ਦੀ ਨਹੀਂ ਹੈ ਸਗੋਂ ਇਹ ਸਮੱਸਿਆ ਪੂਰੇ ਭਾਰਤੀ ਸਮਾਜ ਦੀ ਸਮੱਸਿਆ ਹੈ। ਇਸ ਕਰਕੇ ਦਲਿਤ ਸਮੱਸਿਆ ਨੂੰ ਸਿਰਫ਼ ਦਲਿਤ ਲੋਕਾਂ ਤੱਕ ਸੀਮਤ ਨਾ ਕੀਤਾ ਜਾਵੇ। 'ਦਲਿਤ' ਸਮਾਜ ਦੀ ਹੀ ਦੇਣ ਹੈ। ਇਹ ਦਲਿਤਾਂ ਦੀ ਆਪਣੀ ਪੈਦਾ ਕੀਤੀ ਹੋਈ ਸਮੱਸਿਆ ਨਹੀਂ ਹੈ। ਜੇ ਇਹ ਸਮਾਜ ਦੀ ਸਮੱਸਿਆ ਹੈ ਤਾਂ ਦਲਿਤਾਂ ਤੋਂ ਇਹ ਆਸ ਨਾ ਰੱਖੋ ਕਿ ਦਲਿਤ ਲੇਖਕਾਂ ਦੀਆਂ ਕੀ ਚੁਣੌਤੀਆਂ ਹੋਣਗੀਆਂ ਸਗੋਂ ਇਹ ਤਾਂ ਪੂਰੇ ਭਾਰਤ ਦੇ ਸਮਾਜ ਦੀਆਂ ਚੁਣੌਤੀਆਂ ਹਨ। ਹਾਂ, ਉਸ ਵਿੱਚ ਜਿਹੜਾ ਜ਼ਿਆਦਾ ਪੀੜਤ ਹੈ, ਜਿਸ ਨੂੰ ਇਹ ਸਾਰਾ ਸੇਕ ਲੱਗ ਰਿਹਾ ਹੈ ਤਾਂ ਉਸ ਦੀ ਗੱਲ ਉਸ ਦੇ ਆਪਣੇ ਅਸਤਿਤਵ ਤੋਂ ਨਿਕਲਦੀ ਹੋਈ ਗੱਲ ਹੋਵੇਗੀ ਜਿਸ ਦੀ ਵਿਚਾਰ ਕਰਨੀ ਬਣਦੀ ਹੈ। ਹੁਣ ਸਵਾਲ ਹੈ ਕਿ ਉਸ ਦੀਆਂ ਚੁਣੌਤੀਆਂ ਕੀ ਹਨ? ਉਸ ਦੀਆਂ ਚੁਣੌਤੀਆਂ ਉਹ ਸਭ ਚੁਣੌਤੀਆਂ ਹਨ ਜਿਹੜੀਆਂ ਭਾਰਤੀ ਸਮਾਜ ਦੀਆਂ ਹਨ। ਇਸ ਵਿੱਚ ਕੋਈ ਦੂਸਰੀ ਰਾਏ ਨਹੀਂ। ਭਾਰਤੀ ਸਮਾਜ ਦੀਆਂ ਚੁਣੌਤੀਆਂ ਦੇ ਨਾਲ-ਨਾਲ ਉਸ ਦੀਆਂ ਉਹ ਵੀ ਸਾਰੀਆਂ ਚੁਣੌਤੀਆਂ ਹਨ ਜਿਹੜੀਆਂ ਭਾਰਤੀ ਸਮਾਜ ਨੇ ਉਸ ਉੱਤੇ ਥੋਪੀਆਂ ਹੋਈਆਂ ਹਨ। ਉਦਾਹਰਣ ਦੇ ਤੌਰ 'ਤੇ ਉਸ ਨੂੰ ਜਾਤ ਦੇ ਤੌਰ 'ਤੇ ਜਦੋਂ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਨੂੰ ਜਾਤ ਦੇ ਤੌਰ 'ਤੇ ਜਦੋਂ ਮਜਬੂਰ ਹੋ ਕੇ ਉਹ ਗੱਲਾਂ ਲਿਖਣੀਆਂ ਪੈਂਦੀਆਂ ਹਨ ਜਿਹੜੀਆਂ ਉਸ ਨੂੰ ਹਰ ਰੋਜ਼ ਹਰ ਮੋੜ 'ਤੇ ਕਿਸੇ ਨਾ ਕਿਸੇ ਰੂਪ ਵਿੱਚ ਤੰਗ ਕਰਦੀਆਂ ਹਨ। ਉਹ ਸਾਰੀਆਂ ਗੱਲਾਂ ਬੇਸ਼ੱਕ ਉਸ ਰਾਹੀਂ ਲਿਖੀਆਂ ਜਾਂਦੀਆਂ ਹਨ ਪਰ ਇਹ ਗੱਲਾਂ ਪੂਰੇ ਸਮਾਜ ਦੀਆਂ ਹੁੰਦੀਆਂ ਹਨ। ਉਹ ਗੱਲਾਂ ਉਸ ਸਮਾਜ ਦੇ ਹਾਲਤਾਂ ਦੇ ਅਨੁਸਾਰ ਹੀ ਹੁੰਦੀਆਂ ਹਨ ਅਤੇ ਇਨ੍ਹਾਂ ਹਾਲਤਾਂ ਵਿੱਚ ਜੋ ਉਹ ਮਹਿਸੂਸ ਕਰਦਾ ਹੈ ਉਸ ਦਾ ਪ੍ਰਤੀਕਰਮ ਹੁੰਦੀਆਂ ਹਨ। ਹੁਣ ਜਦੋਂ ਦਲਿਤ ਲੇਖਕ ਨੂੰ ਇੱਕ ਪਾਸੇ ਰੱਖ ਕੇ ਇਹ ਕਹਿ ਦਿੰਦੇ ਹਾਂ ਕਿ ਉਸ ਦੀਆਂ ਚੁਣੌਤੀਆਂ ਕੀ ਹਨ ਤਾਂ ਜੇਕਰ ਉਹ ਭਾਰਤੀ ਦੀ ਨਿਊਕਲੀਅਰ ਨੀਤੀ ਬਾਰੇ ਗੱਲ ਕਰਦਾ ਹੈ ਜਾਂ ਵਿਦੇਸ਼ ਨੀਤੀ ਬਾਰੇ ਗੱਲ ਕਰਦਾ ਹੈ ਜਾਂ ਭਾਰਤ ਦੇ ਹੋਰ ਤਮਾਮ ਮੁੱਦਿਆਂ ਬਾਰੇ ਜਿਵੇਂ ਨਵੀਂ ਮੰਡੀਕਰਨ ਦੀ ਨੀਤੀ ਬਾਰੇ ਗੱਲ ਕਰਦਾ ਹੈ, ਤਾਂ ਕੀ ਇਹ ਦਲਿਤ ਲੇਖਕ ਦੀਆਂ ਚੁਣੌਤੀਆਂ ਨਹੀਂ ਹਨ? ਉਸ ਤੋਂ ਇਹ ਆਸ ਰੱਖਣਾ ਕਿ ਉਹ ਸਿਰਫ਼ ਤੇ ਸਿਰਫ਼ ਆਪਣੀ



ਹੀ ਤਰਾਸਦਿਕ ਜ਼ਿੰਦਗੀ ਨਾਲ ਸੰਬੰਧਤ ਜਾਤੀ ਵਿਤਕਰੇ ਤੱਕ ਸੀਮਤ ਹੋ ਕੇ ਲਿਖੇ ਤਾਂ ਉਹ ਦਲਿਤ ਲੇਖਕ ਨਾਲ ਇਕ ਨਵਾਂ ਵਿਤਕਰਾ ਨਹੀਂ ਹੋਵੇਗਾ। ਜੇਕਰ ਉਹ ਦਲਿਤ ਲੇਖਕ ਆਪਣੀ ਜਾਤੀ ਨਾਲ ਵਿਤਕਰੇ ਦੀਆਂ ਗੱਲਾਂ ਨੂੰ ਆਪਣੇ ਤੱਕ ਸੀਮਤ ਕਰਕੇ ਨਹੀਂ ਲਿਖੇਗਾ ਤਾਂ ਕੀ ਉਹ 'ਦਲਿਤ ਲੇਖਕ' ਨਹੀਂ ਰਹੇਗਾ? ਕੀ ਫਿਰ ਉਹ 'ਲੇਖਕ' ਬਣ ਜਾਵੇਗਾ? ਉਸ ਨੂੰ ਸਮਾਜ ਵਿੱਚ 'ਲੇਖਕ' ਤਾਂ ਫਿਰ ਵੀ ਨਹੀਂ ਮੰਨਿਆ ਜਾਵੇਗਾ ਕਿਉਂਕਿ ਸਮਾਜ ਨੇ ਜਦ ਜਾਤ ਦੇ ਤੌਰ 'ਤੇ ਵੰਡ ਕਰ ਰੱਖ ਰੱਖੀ ਹੈ ਤਾਂ ਉਹ ਸਿਰਫ਼ ਉਨ੍ਹਾਂ ਲੇਖਕਾਂ ਦੀਆਂ ਤਮਾਮ ਸਮੱਸਿਆਵਾਂ ਬਾਰੇ ਗੱਲ ਸੁਣੇਗਾ ਜਿਹੜੇ ਦਲਿਤ ਨਹੀਂ ਹਨ। ਅਗਰ ਗ਼ੈਰ-ਦਲਿਤ ਉਨ੍ਹਾਂ ਸਮੱਸਿਆਵਾਂ ਬਾਰੇ ਗੱਲ ਕਰਦੇ ਹਨ ਤਦ ਹੀ ਉਹ ਸਾਰਥਕ ਹੋਵੇਗੀ ਜੇ ਇਨ੍ਹਾਂ ਸਮੱਸਿਆ ਬਾਰੇ ਇੱਕ ਦਲਿਤ ਲੇਖਕ ਗੱਲ ਕਰਦਾ ਹੈ ਤਾਂ ਕੀ ਉਹ ਦਲਿਤ ਲੇਖਣੀ ਹੀ ਅਖਵਾਏਗੀ? ਇਹ ਸਵਾਲ ਆਪਣੇ-ਆਪ ਵਿੱਚ ਬਹੁਤ ਅਹਿਮ ਹਨ। ਹੁਣ ਇੱਕ ਦਲਿਤ ਲੇਖਕ ਵਾਸਤੇ ਇਹ ਦੁਬਿਧਾ ਬਣ ਜਾਂਦੀ ਹੈ। ਦੁਬਿਧਾ ਇਹ ਹੈ ਕਿ ਉਸ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਸਿਰਫ਼ ਉਨ੍ਹਾਂ ਬਾਰੇ ਲਿਖੇ ਜਿਹੜੀਆਂ ਗੱਲਾਂ ਦਲਿਤ ਜੀਵਨ ਨਾਲ ਜੁੜੀਆਂ ਹੋਈਆਂ ਹਨ। ਅਗਰ ਉਹ ਦਲਿਤ ਜੀਵਨ ਨਾਲ ਜੁੜੀਆਂ ਹੋਈਆਂ ਗੱਲਾਂ ਬਾਰੇ ਨਹੀਂ ਲਿਖਦਾ ਤਾਂ ਉਸ 'ਤੇ ਫਿਰ ਕਿੰਤੂ-ਪਰੰਤੂ ਹੋਣ ਲੱਗ ਜਾਂਦੀ ਹੈ ਕਿ ਉਸਦੀ ਕਵਿਤਾ, ਕਹਾਣੀ, ਨਾਵਲ ਜਾਂ ਨਾਟਕ ਵਿੱਚ ਦਲਿਤ ਬਿਰਤਾਂਤ ਨਹੀਂ ਆ ਰਿਹਾ। ਦਲਿਤ ਬਿਰਤਾਂਤ ਉਸ ਦੀ ਰਚਨਾ ਵਿੱਚੋਂ ਗਾਇਬ ਹੈ ਜਾਂ ਫਿਰ ਇਹ ਕਿਹਾ ਜਾਂਦਾ ਹੈ ਕਿ ਇਸ ਨੇ ਤਾਂ ਜਾਣ ਬੁੱਝ ਕੇ ਹੀ ਦਲਿਤ ਬਿਰਤਾਂਤ ਦੀ ਗੱਲ ਕੀਤੀ ਹੈ। ਪਰ ਉਸ ਦੀ ਕਵਿਤਾ, ਕਹਾਣੀ ਜਾਂ ਨਾਵਲ ਆਦਿ ਵਿੱਚ ਉਸ ਤਰ੍ਹਾਂ ਦੀ ਦਲਿਤ ਜੀਵਨ ਦੀ ਤਸਵੀਰ ਨਹੀਂ ਪੇਸ਼ ਹੋ ਰਹੀ। ਇਹ ਦਲਿਤ ਲੇਖਕ ਵਾਸਤੇ ਇੱਕ ਬਹੁਤ ਵੱਡੀ ਚੁਣੌਤੀ ਹੈ। ਉਸ ਉੱਤੇ ਇਹ ਵਾਰ-ਵਾਰ ਥੋਪਿਆ ਜਾਂਦਾ ਹੈ ਕਿ ਤੂੰ ਜੋ ਕੁਝ ਵੀ ਲਿਖਣਾ ਹੈ ਦਲਿਤ ਜੀਵਨ ਨਾਲ ਸੰਬੰਧਤ ਲਿਖਣਾ ਹੈ। ਇਹ ਵੀ ਇੱਕ ਤਰ੍ਹਾਂ ਨਾਲ ਮੈਨੂੰ ਲੱਗਦਾ ਹੈ ਕਿ ਵਿਤਕਰੇ ਦੀ ਹੀ ਗੱਲ ਹੈ। ਅੱਜ-ਕੱਲ੍ਹ ਦਲਿਤ ਲੇਖਕ ਦੀਆਂ ਚੁਣੌਤੀਆਂ ਪੂਰੇ ਸਮਾਜ ਦੀਆਂ ਚੁਣੌਤੀਆਂ ਨਾਲੋਂ ਕੋਈ ਭਿੰਨ ਨਹੀਂ ਹਨ। ਉਸ ਨੂੰ ਇਸ ਪੂਰੇ ਸੰਦਰਭ ਵਿੱਚ ਹੀ ਗੱਲ ਕਰਨੀ ਹੋਵੇਗੀ। ਹਾਂ, ਇਹ ਗੱਲ ਵੱਖਰੀ ਹੈ ਕੀ ਅਸੀਂ ਹੁਣ ਇਹ ਕੈਟਾਗਰੀ ਬਣਾ ਦਿੱਤੀ ਹੈ ਕਿ ਇਹ 'ਲੇਖਕ' ਅਤੇ ਉਹ 'ਦਲਿਤ ਲੇਖਕ' ਹੈ। 'ਦਲਿਤ ਲੇਖਕ' ਤਾਂ ਹੋਰ ਵੀ ਜ਼ਿਆਦਾ ਸੰਵੇਦਨਸ਼ੀਲ ਹੈ। ਉਹ ਤਾਂ ਹੋਰ ਵੀ ਜ਼ਿਆਦਾ ਸੁਚੇਤ ਹੈ। ਉਸ ਦੀਆਂ ਮੁਸੀਬਤਾਂ ਬਾਕੀ ਲੇਖਕਾਂ ਨਾਲੋਂ ਕੁਝ ਜ਼ਿਆਦਾ ਹਨ ਕਿਉਂਕਿ ਬਾਕੀ ਲੇਖਕਾਂ ਦੀਆਂ ਸਮੱਸਿਆਵਾਂ ਦੇ ਨਾਲ-ਨਾਲ ਉਨ੍ਹਾਂ ਦੀ ਜਾਤੀ ਤੌਰ 'ਤੇ ਵਿਤਕਰਾ ਗ੍ਰਸਤ ਹੋਣ ਦੀ ਸਮੱਸਿਆ ਨਹੀਂ ਹੈ ਜੋ ਇੱਕ ਦਲਿਤ ਲੇਖਕ ਦੀ ਅਕਸਰ ਹੋਣੀ ਬਣਦੀ ਹੈ। ਜੇ ਦਲਿਤ ਲੇਖਕ ਸਮਾਜ ਦੇ ਉਨ੍ਹਾਂ ਤਮਾਮ ਵਿਸ਼ਿਆਂ ਬਾਰੇ ਲਿਖਦਾ ਹੈ ਜਿਨ੍ਹਾਂ ਬਾਰੇ ਗ਼ੈਰ ਦਲਿਤ ਲੇਖਕ ਚਰਚਾ ਕਰ ਰਹੇ ਹਨ ਤਾਂ ਉਸ ਦਾ ਸਵਾਗਤ ਹੋਣਾ ਚਾਹੀਦਾ ਹੈ।

**? ਦਲਿਤ ਅਤੇ ਗ਼ੈਰ-ਦਲਿਤ ਲੇਖਕ ਵਿੱਚ ਉਹ ਕਿਹੜੀਆਂ-ਕਿਹੜੀਆਂ ਗੱਲਾਂ ਹਨ ਜੋ ਦੋਹਾਂ ਨੂੰ ਇੱਕ-ਦੂਸਰੇ ਤੋਂ ਵੱਖ-ਵੱਖ ਕਰਦੀਆਂ ਹਨ।**

- ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬੀ ਦਲਿਤ ਸਾਹਿਤ ਨਾਲ ਜੁੜੀਆਂ ਹੋਈਆਂ ਗੋਸ਼ਟੀਆਂ ਵਿੱਚ ਹੁੰਦੀ ਆ ਰਹੀ ਵਿਚਾਰ-ਚਰਚਾ ਵਿੱਚ ਇਹ ਧਾਰਨਾ ਆਮ ਬਣੀ ਰਹੀ ਹੈ ਕਿ ਦਲਿਤ ਤੇ ਗ਼ੈਰ-ਦਲਿਤ ਲੇਖਕ ਜਦੋਂ ਦਲਿਤ ਜੀਵਨ ਬਾਰੇ ਲਿਖਦੇ ਹਨ ਤਾਂ ਉਨ੍ਹਾਂ

ਦੋਨਾਂ ਦੀ ਲੇਖਣੀ ਵਿਚ ਫ਼ਰਕ ਹੁੰਦਾ ਹੈ ਜਿਸ ਦਾ ਜ਼ਿਕਰ ਵੱਖ-ਵੱਖ ਲੇਖਕਾਂ ਨੇ ਆਪਣੀਆਂ ਲਿਖਤਾਂ ਵਿੱਚ ਵੀ ਕੀਤਾ ਹੈ (ਇੱਥੇ ਇਨ੍ਹਾਂ ਸਾਰੇ ਲੇਖਕਾਂ ਦਾ ਨਾਂ ਲੈਣਾ ਜ਼ਰੂਰੀ ਨਹੀਂ)। ਸਿਰਫ਼ ਪੰਜਾਬ ਪੱਧਰ 'ਤੇ ਹੀ ਨਹੀਂ ਸਗੋਂ ਪੂਰੇ ਭਾਰਤ ਪੱਧਰ 'ਤੇ ਦਲਿਤ ਤੇ ਗ਼ੈਰ-ਦਲਿਤ ਲੇਖਕ ਨੂੰ ਲੈ ਕੇ ਜਿਹੜੀ ਬਹਿਸ ਚੱਲ ਰਹੀ ਹੈ ਉਸ ਵਿੱਚ ਵੀ ਇਹ ਗੱਲ ਆਈ ਹੈ। ਕਾਂਚਾ ਇੱਲਈਆ ਤੇ ਗੋਪਾਲ ਗੁਰੂ ਦੀਆਂ ਲਿਖਤਾਂ ਵਿੱਚ ਵੀ ਇਸ ਨੂੰ ਦੇਖਿਆ ਜਾ ਸਕਦਾ ਹੈ। 'ਸ਼ਬਦ' ਦੇ ਮਾਧਿਅਮ ਰਾਹੀਂ ਜਿੰਦਰ ਅਤੇ 'ਹਾਸ਼ੀਆ' ਦੇ ਮਾਧਿਅਮ ਰਾਹੀਂ ਕੱਲਰਮਾਜਰੀ ਵੀ ਕੁਝ ਅਜਿਹੀ ਗੱਲ ਕਰ ਰਹੇ ਹਨ। ਸੁਤਿੰਦਰ ਸਿੰਘ ਨੂਰ ਦੀਆਂ ਲਿਖਤਾਂ ਵਿੱਚ ਵੀ ਇਹ ਗੱਲ ਮਿਲਦੀ ਹੈ। ਲੇਕਿਨ ਉਨ੍ਹਾਂ ਦੇ ਦਲਿਤ ਤੇ ਗ਼ੈਰ-ਦਲਿਤ ਲੇਖਕਾਂ ਬਾਰੇ ਵਿਚਾਰ ਕੁਝ ਵੱਖਰੇ ਹਨ। ਹੁਣ ਇਸ ਵਿੱਚ ਜੋ ਮੁੱਖ ਵਿਚਾਰ ਸਾਹਮਣੇ ਆਉਂਦਾ ਹੈ ਉਹ ਇਹ ਹੈ ਕਿ 'ਦਲਿਤ ਲੇਖਕ' 'ਗ਼ੈਰ-ਦਲਿਤ ਲੇਖਕ' ਨਾਲੋਂ ਭਿੰਨ ਕਿਸ ਕਦਰ ਹੈ। ਦਲਿਤ ਲੇਖਕ ਜਾਤੀ ਗ੍ਰਸਤ ਸਮਾਜ ਵਿੱਚ ਇੱਕ ਦਲਿਤ ਦੇ ਤੌਰ 'ਤੇ ਜਿਹੜਾ ਵਿਤਕਰਾ ਆਪਣੇ ਪਿੰਡੇ ਉੱਤੇ ਹੰਢਾਉਂਦਾ ਹੈ, ਉਹ ਉਸਨੂੰ ਗ਼ੈਰ-ਦਲਿਤ ਲੇਖਕ ਤੋਂ ਵੱਖਰਾ ਕਰਦਾ ਹੈ। ਇਹ ਹੱਡੀਂ ਹੰਢਾਇਆ ਦਰਦ ਹੀ ਦਲਿਤ ਨੂੰ ਗ਼ੈਰ-ਦਲਿਤ ਨਾਲੋਂ ਵੱਖਰਾ ਕਰਦਾ ਹੈ, ਅਜਿਹਾ ਅਕਸਰ ਮੰਨਿਆ ਜਾਂਦਾ ਹੈ। 'ਸ਼ਬਦ' ਤੇ 'ਹਾਸ਼ੀਆ' ਮੈਗਜ਼ੀਨਾਂ ਵਿੱਚ ਇਸ ਬਾਰੇ ਖੁੱਲ੍ਹ ਕੇ ਚਰਚਾ ਹੋਈ ਹੈ ਕਿ ਦਲਿਤ ਦੀ ਇੱਕ ਆਪਣੀ ਸਮੱਸਿਆ ਹੈ। ਹਰੀਸ਼ ਮਲਹੋਤਰਾ 'ਸ਼ਬਦ' ਵਿੱਚ ਲਿਖਦੇ ਹਨ ਕਿ ਮਾਂ ਬੱਚੇ ਨੂੰ ਜਨਮ ਦੇਣ ਵੇਲੇ ਜੋ ਜਨਮਪੀੜਾ ਮਹਿਸੂਸ ਕਰਦੀ ਹੈ ਮਰਦ ਭਾਵੇਂ ਕਿੰਨਾ ਵੀ ਹਮਦਰਦ ਕਿਉਂ ਨਾ ਹੋਵੇ ਨਹੀਂ ਕਰ ਸਕਦਾ ਇਸੇ ਤਰ੍ਹਾਂ ਦਲਿਤ ਦੀ ਪੀੜਾ ਦਲਿਤ ਹੀ ਜਾਣ ਸਕਦਾ ਹੈ ਗ਼ੈਰ-ਦਲਿਤ ਨਹੀਂ।

ਪਰ ਜਦੋਂ ਅਸੀਂ ਸਾਹਿਤ ਦੀ ਗੱਲ ਕਰਦੇ ਹਾਂ, ਤਾਂ ਸਾਨੂੰ ਅਜਿਹੀ ਧਾਰਨਾ ਬਾਰੇ ਬਹੁਤ ਆਲੋਚਨਾਤਮਕ ਢੰਗ ਨਾਲ ਸੋਚਣਾ ਪਏਗਾ। ਇੱਥੇ ਜੋ ਗੱਲ ਸਮਝਣ ਵਾਲੀ ਹੈ ਉਹ ਇਹ ਹੈ ਕਿ ਜੇਕਰ ਕਿਸੇ ਨੇ ਤਰਾਸਦਿਕ ਹਾਲਤਾਂ ਵਿੱਚੋਂ ਗੁਜ਼ਰਿਆ ਹੋਇਆਂ ਆਪਣੇ ਪਿੰਡੇ 'ਤੇ ਇਸ ਦਾ ਸੰਤਾਪ ਹੰਢਾਇਆ ਹੈ ਤਾਂ ਇਹ ਜ਼ਰੂਰੀ ਨਹੀਂ ਕਿ ਉਹ ਇਸ ਨੂੰ ਤਫ਼ਸੀਲ ਨਾਲ ਸਾਹਿਤ ਦੇ ਮਾਧਿਅਮ ਰਾਹੀਂ ਪੇਸ਼ ਵੀ ਕਰ ਸਕੇ, ਜੇਕਰ ਉਸ ਕੋਲ ਸ਼ਬਦਾਵਲੀ, ਕਲਾ ਜਾਂ ਸੁਹਜ-ਸ਼ਾਸਤਰ ਦੀ ਪੂਰੀ ਸਮਝ ਨਹੀਂ ਹੈ। ਪਰੰਤੂ ਜੇ ਉਸ ਕੋਲ ਸ਼ਬਦਾਵਲੀ, ਕਲਾ ਜਾਂ ਸੁਹਜ-ਸ਼ਾਸਤਰ ਵੀ ਹੈ ਲੇਕਿਨ ਹੱਡੀਂ ਹੰਢਾਇਆ ਦਰਦ ਨਹੀਂ ਹੈ ਤਾਂ ਉਹ ਉਸ ਨੂੰ ਉਸ ਦੇ ਸਹੀ ਰੂਪ ਵਿੱਚ ਵੀ ਪੇਸ਼ ਨਹੀਂ ਕਰ ਸਕਦਾ ਕਿਉਂਕਿ ਸ਼ਬਦਾਂ ਰਾਹੀਂ ਕਿਸੇ ਅਜਿਹੀ ਗੱਲ ਨੂੰ ਕਹਿਣਾ ਜਿਸ ਦਾ ਆਪਣਾ ਆਧਾਰ ਹੀ ਨਾ ਹੋਵੇ ਉਹ ਕਿੰਨਾ-ਕੁ ਵਧੀਆ ਹੋਵੇਗਾ। ਤੁਸੀਂ ਕਾਗਜ਼ ਦੇ ਫੁੱਲ ਤਾਂ ਬਣਾ ਸਕਦੇ ਹੋ ਪਰ ਉਨ੍ਹਾਂ ਵਿੱਚੋਂ ਖੁਸਬੋ ਨਹੀਂ ਕੱਢ ਸਕਦੇ। ਪਰ ਦੂਸਰੇ ਪਾਸੇ ਜੋ ਕੁਦਰਤੀ ਫੁੱਲ ਹੈ ਉਸ ਨੂੰ ਭਾਵੇਂ ਤੁਸੀਂ ਜਾਣੋ ਜਾਂ ਨਾ ਜਾਣੋ ਉਹ ਆਪਣੀ ਹੋਂਦ ਰੱਖਦਾ ਹੈ। ਇਹ ਗੱਲ ਸਾਹਿਤ ਵਿੱਚ ਵੱਖਰੀ ਤਰ੍ਹਾਂ ਸਮਝੀ ਜਾ ਸਕਦੀ ਹੈ। ਅਸੀਂ ਜਦੋਂ ਦਲਿਤ ਲੇਖਕ ਨੂੰ ਗ਼ੈਰ-ਦਲਿਤ ਲੇਖਕ ਦੇ ਨਾਲ ਉਸ ਦੀ ਤੁਲਨਾ ਕਰਕੇ ਇਹ ਦੱਸਣਾ ਚਾਹੁੰਦੇ ਹਾਂ ਕਿ ਉਸ ਦੀਆਂ ਕੀ-ਕੀ ਗੱਲਾਂ ਵੱਖਰੀਆਂ ਹਨ ਤਾਂ ਅਜਿਹਾ ਅਸੀਂ ਸਾਹਿਤਕ ਪੱਧਰ 'ਤੇ ਸੰਵੇਦਨਸ਼ੀਲਤਾ ਤੋਂ ਸੱਖਣੇ ਹੋ ਕੇ ਕਰ ਰਹੇ ਹੋਵਾਂਗੇ। ਅਗਰ ਤੁਹਾਡੇ ਕੋਲ ਵਿਚਾਰ ਹਨ, ਤੁਸੀਂ ਸੰਵੇਦਨਸ਼ੀਲਤਾ ਦੇ ਤੌਰ 'ਤੇ ਚੀਜ਼ਾਂ ਨੂੰ ਭਾਂਪਦੇ ਹੋ ਤਾਂ ਫਿਰ ਤੁਸੀਂ ਦਲਿਤ ਤੇ ਗ਼ੈਰ-ਦਲਿਤ ਲੇਖਕ ਵਿੱਚ ਬਹੁਤਾ ਫ਼ਰਕ ਨਹੀਂ ਮਹਿਸੂਸ ਕਰੋਗੇ। ਹੁਣ ਅਗਰ ਕਾਰਲ ਮਾਰਕਸ ਦੀ ਗੱਲ ਕੀਤੀ ਜਾਵੇ ਤਾਂ ਉਹ ਕੋਈ ਮਜ਼ਦੂਰ ਕਲਾਸ ਵਿੱਚੋਂ



ਨਹੀਂ ਸਨ। ਇਸ ਨੁਕਤਾ-ਨਿਗਾਹ ਤੋਂ ਉਨ੍ਹਾਂ ਦੀਆਂ ਲਿਖਤਾਂ ਵਿੱਚ ਕੋਈ ਕਮੀ ਨਹੀਂ। ਇਸ ਤਰ੍ਹਾਂ ਦੀਆਂ ਬਹੁਤ ਉਦਾਹਰਣਾਂ ਹਨ ਜਿਹੜੀਆਂ ਅਸੀਂ ਲੈ ਸਕਦੇ ਹਾਂ। ਲੇਕਿਨ ਜਿਹੜੀ ਗੱਲ ਅੱਜ-ਕੱਲ੍ਹ ਆਮ ਮੰਨੀ ਜਾਂਦੀ ਹੈ ਉਹ ਇਹ ਹੈ ਕਿ ਜੇਕਰ ਕੋਈ ਦਲਿਤਾਂ ਬਾਰੇ ਪੁਖ਼ਤਾ ਗੱਲ ਕਰ ਸਕਦਾ ਹੈ ਤਾਂ ਉਹ ਸਿਰਫ਼ ਦਲਿਤ ਹੀ ਕਰ ਸਕਦਾ ਹੈ। ਔਰਤ ਬਾਰੇ ਪੁਖ਼ਤਾ ਗੱਲ ਇੱਕ ਔਰਤ ਹੀ ਕਰ ਸਕਦੀ ਹੈ। ਕਿਰਸਾਨੀ ਬਾਰੇ ਪੁਖ਼ਤਾ ਗੱਲ ਕਿਰਸਾਨ ਹੀ ਕਰ ਸਕਦਾ ਹੈ ਅਤੇ ਇਸੇ ਤਰ੍ਹਾਂ ਹੋਰ ਕਿੱਤਿਆਂ ਬਾਰੇ ਵੀ। ਅਜਿਹਾ ਅਸੀਂ ਸਭ ਕੁਝ ਇੱਕ ਖ਼ਾਸ ਦਾਇਰੇ ਵਿੱਚ ਬੰਨ੍ਹ ਕੇ ਕਰਦੇ ਹਾਂ। ਦਲਿਤ ਜੀਵਨ ਸੰਬੰਧੀ ਵੀ ਇਹੀ ਗੱਲ ਹੋ ਰਹੀ ਹੈ। ਜੇਕਰ ਕੋਈ ਗ਼ੈਰ-ਦਲਿਤ ਲੇਖਕ ਦਲਿਤ ਜੀਵਨ ਸੰਬੰਧੀ ਲਿਖਦਾ ਹੈ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਇਹ ਤਾਂ ਪੁਖ਼ਤਾ ਗੱਲ ਹੋ ਹੀ ਨਹੀਂ ਸਕਦੀ, ਇਸ ਨੂੰ ਕੀ ਪਤਾ? ਇਹ ਕਿਵੇਂ ਗੱਲ ਕਰ ਸਕਦਾ ਹੈ, ਅਸੀਂ ਇਸ ਨੂੰ ਮੰਨਦੇ ਹੀ ਨਹੀਂ। ਇਸ ਵਿੱਚ ਕਿਹੜੀ ਕੋਈ ਅਹਿਮ ਗੱਲ ਹੈ। ਅਗਰ ਦਲਿਤ ਲੇਖਕ ਇਸ ਸੰਬੰਧੀ ਲਿਖੇਗਾ ਤਾਂ ਹੀ ਉਹ ਗੱਲ ਬਹੁਤ ਅਹਿਮ ਹੋਵੇਗੀ। ਇਹ ਚਰਚਾ ਕਾਫ਼ੀ ਸਮੇਂ ਤੋਂ ਬਣੀ ਹੋਈ ਹੈ। ਦਲਿਤ ਵੀ ਹਾਲਤਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਕਿਉਂਕਿ ਉਹ ਸਮਾਜ ਵਿੱਚ ਰਹਿੰਦੇ ਹਨ, ਇਸ ਵਿੱਚ ਵਿਚਰਦੇ ਹਨ। ਦਲਿਤ ਵੀ ਸਮਾਜ ਦਾ ਹੀ ਇੱਕ ਹਿੱਸਾ ਹੈ। ਸਮਾਜ ਤੋਂ ਬਾਹਰ ਨਹੀਂ। ਬਿਲਕੁਲ ਸਮਾਜ ਨਾਲ ਜੁੜਿਆ ਹੋਇਆ ਹਿੱਸਾ ਹੈ। ਦਲਿਤ ਉਹ ਹੈ ਜੋ ਹੱਥ ਨਾਲ ਕੰਮ ਕਰਦਾ ਹੈ। ਉਸ ਦੇ ਹੱਥ ਨਾਲ ਕੀਤੇ ਹੋਏ ਕੰਮ ਦੀ ਮਿਹਨਤ ਉਸ ਨੂੰ ਪੂਰੀ ਨਹੀਂ ਮਿਲ ਰਹੀ। ਇਸ ਵਿੱਚ ਚਾਹੇ ਉਹ ਜੁੱਤੀ ਬਣਾਉਣ ਵਾਲਾ ਹੈ, ਚਾਹੇ ਉਹ ਵਾਲ ਕੱਟਣ ਵਾਲਾ ਹੈ ਜਾਂ ਫਿਰ ਕੱਪੜੇ ਬੁਨਣ ਵਾਲਾ ਹੈ, ਕਹਿਣ ਦਾ ਭਾਵ ਜਿੰਨੀਆਂ ਵੀ ਕਾਰੀਗਰ ਜਾਤੀਆਂ ਹਨ, ਇਨ੍ਹਾਂ ਸਾਰੀਆਂ ਜਾਤਾਂ ਨੂੰ ਬ੍ਰਾਹਮਣੀ ਵਿਧਾਨ ਅਨੁਸਾਰ ਸ਼ੂਦਰਾਂ/ਅਤਿ ਸ਼ੂਦਰਾਂ ਵਿੱਚ ਰੱਖਿਆ ਜਾਂਦਾ ਸੀ ਪਰ ਇਨ੍ਹਾਂ ਵਿੱਚ 'ਅਛੂਤਾਂ'/ਅਤਿ ਸ਼ੂਦਰਾਂ ਦੀ ਹਾਲਤ ਹੋਰ ਵੀ ਭੈੜੀ ਸੀ ਜਿਨ੍ਹਾਂ ਨੂੰ ਅੱਜ-ਕੱਲ੍ਹ ਦਲਿਤ ਕਿਹਾ ਜਾਂਦਾ ਹੈ। ਮੇਰੇ ਕਹਿਣ ਦਾ ਭਾਵ ਦਲਿਤਾਂ ਦਾ ਸੰਤਾਪ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ, ਇਸ ਦਾ ਸਭ ਨੂੰ ਪਤਾ ਹੈ ਕਿ ਦਲਿਤ ਵਿਹੜਿਆਂ ਵਿੱਚ ਉਨ੍ਹਾਂ ਦਾ ਜੀਵਨ ਕਿਸ ਤਰ੍ਹਾਂ ਦਾ ਹੋਇਆ ਕਰਦਾ ਸੀ ਜਾਂ ਹੁਣ ਵੀ ਹੈ। ਤਾਂ ਅਜਿਹੀ ਸੰਤਾਪੀ ਜ਼ਿੰਦਗੀ ਬਾਰੇ ਦੂਜੇ ਵਿਹੜੇ ਵਿੱਚ ਰਹਿੰਦਾ ਬੰਦਾ ਕਿਉਂ ਨਹੀਂ ਲਿਖ ਸਕਦਾ? ਕਈ ਵਾਰੀ ਇਹ ਵੀ ਹੁੰਦਾ ਹੈ ਕਿ ਦਲਿਤ ਵਿਹੜਿਆਂ ਵਿੱਚ ਰਹਿੰਦੇ ਦਲਿਤ ਲੇਖਕ ਤੋਂ ਕਈ ਗੱਲਾਂ ਰਹਿ ਜਾਂਦੀਆਂ ਕਿਉਂਕਿ ਸਮਾਜ ਵਿਗਿਆਨ ਇੰਨਾ ਸੂਖ਼ਮ ਹੈ ਕਿ ਕਈ ਵਾਰੀ ਸਮਾਜ ਵਿੱਚ ਰਹਿੰਦੇ ਹੋਏ ਵੀ ਕਈ ਗੱਲਾਂ ਦਾ ਅੰਦਰ ਰਹਿਣ ਵਾਲਿਆਂ ਨੂੰ ਪਤਾ ਹੀ ਨਹੀਂ ਲੱਗਦਾ। ਕਈ ਵਾਰੀ ਜੋ ਗੱਲਾਂ ਬੰਦਾ ਬਾਹਰੋਂ ਆ ਕੇ ਮਹਿਸੂਸ ਕਰਦਾ ਹੈ ਉਹ ਸਾਨੂੰ ਅੰਦਰ ਵਾਲਿਆਂ ਨੂੰ ਨਹੀਂ ਪਤਾ ਲਗਦੀਆਂ। ਭਾਰਤ ਦੇ ਸਮਾਜ ਬਾਰੇ ਜੋ ਵਿਦੇਸ਼ਾਂ ਦੇ ਸਮਾਜ ਵਿਗਿਆਨੀਆਂ ਨੇ ਲਿਖਿਆ ਹੈ ਉਹ ਕਈ ਵਾਰ ਜ਼ਿਆਦਾ ਪੁਖ਼ਤਾ ਲੱਗਦਾ ਹੈ। ਇਸ ਕਾਰਨ ਗ਼ੈਰ-ਦਲਿਤ ਲੇਖਕ ਦਲਿਤ ਜੀਵਨ ਬਾਰੇ ਆਪਣੀ ਸੰਵੇਦਨਸ਼ੀਲਤਾ ਰਾਹੀਂ ਨਿਰਪੱਖ ਹੋ ਕੇ ਇਸ ਦਾ ਚਿਤਰਣ ਬਾਖ਼ੂਬੀ ਕਰ ਸਕਦਾ ਹੈ। ਪਰ ਨਿਰਸੰਦੇਹ ਦਲਿਤ ਲੇਖਕ ਦੀ ਲੇਖਣੀ ਨੂੰ ਸਿਰਫ਼ ਜਾਤੀ ਦੇ ਆਧਾਰ ਤੇ ਨਾ ਦੇਖ ਕੇ ਪੂਰੇ ਸਮਾਜ ਦੇ ਸੰਦਰਭ ਵਿੱਚ ਰੱਖ ਕੇ ਸਮਝਣ ਦੀ ਅਤਿ ਲੋੜ ਹੈ। ਜੋ ਉਸ ਨੂੰ ਦਲਿਤ ਲੇਖਕਾਂ ਤੋਂ ਲੇਖਕ ਤੱਕ ਲਿਜਾਣ ਵਿੱਚ ਖ਼ਾਸ ਭੂਮਿਕਾ ਨਿਭਾਏਗੀ

# ਜਰਾਇਮ ਪੇਸ਼ਾ ਸਿਆਸਤ ਸਭ ਕੁਝ ਨੂੰ ਦਾਗੀ ਕਰ ਰਹੀ ਹੈ : ਸਵਰਨ ਚੰਦਨ

**? ਬ੍ਰਤਾਨਵੀ ਪਰਵਾਸ ਨੇ ਸਾਡੇ ਸਾਹਿਤ ਉੱਪਰ ਕਿੰਨਾ ਕੁ ਪ੍ਰਭਾਵ ਪਾਇਆ ? ਕੀ ਇਹ ਸਾਹਿਤ ਪੰਜਾਬ ਵਿੱਚ ਬੈਠ ਕੇ ਲਿਖਿਆ ਜਾ ਸਕਦਾ ਸੀ ? ਪਰਵਾਸੀ ਸਾਹਿਤ ਨੂੰ ਦੂਜਿਆਉਣ ਲਈ ਕਿਹੜੇ ਤੱਤ ਕੰਮ ਕਰ ਰਹੇ ਹਨ ?**

– ਪਹਿਲੀ ਗੱਲ ਤਾਂ ਇਹ ਹੈ ਕਿ ਚੇਤਨਾ ਜੀਵਨ ਨੂੰ ਨਿਸਚਿਤ ਨਹੀਂ ਕਰਦੀ ਸਗੋਂ ਜੀਵਨ ਚੇਤਨਾ ਨੂੰ ਨਿਸਚਿਤ ਕਰਦਾ ਹੈ। ਜੀਏ ਗਏ ਜਾਂ ਜੀਏ ਜਾ ਰਹੇ ਜੀਵਨ ਦੇ ਅਨੁਸਾਰ ਹੀ ਮਨੁੱਖ ਦੀ ਚੇਤਨਾ ਬਣਦੀ ਤੇ ਵਿਕਸਿਤ ਹੁੰਦੀ ਹੈ। ਤੇ ਸਾਹਿਤਕਾਰੀ ਕੋਈ ਜੀਵਨ ਨਾਲੋਂ ਟੁੱਟਾ ਹੋਇਆ ਅਮਲ ਨਹੀਂ ਹੁੰਦਾ। ਜਿਸ ਜੀਵਨ ਯਥਾਰਥ ਨੇ ਤੁਹਾਡੀ ਚੇਤਨਾ ਘੜੀ ਹੈ ਉਸੇ ਦਾ ਪ੍ਰਗਟਾ ਹੀ ਤੁਸੀਂ ਆਪਣੇ ਸਾਹਿਤ ਵਿਚ ਕਰੋਗੇ। ਪੰਜਾਬ ਜਾਂ ਇੰਡੀਆ ਵਿਚ ਬੈਠੇ ਲੇਖਕ ਜਾਂ ਆਲੋਚਕ ਦੀ ਚੇਤਨਾ ਓਥੋਂ ਦੀ ਤਰਜ਼ੇ ਜ਼ਿੰਦਗੀ ਨੇ ਘੜੀ ਹੈ। ਇਸ ਲਈ ਆਪਣੇ ਸਾਹਿਤ ਕਾਰਜ ਜਾਂ ਆਲੋਚਨਾ ਵਿਚ ਵੀ ਉਹ ਉਸੇ ਦਾ ਪ੍ਰਗਟਾ ਕਰੇਗਾ। ਉਸ ਯਥਾਰਥ ਦਾ ਉਸ ਕੋਲ ਸਿੱਧਾ ਅਨੁਭਵ ਹੈ, ਤੇ ਉਹੋ ਹੀ ਉਸਦੀ ਚੇਤਨਾ ਵਿਚ ਪਿਆ ਹੈ। ਉਹ ਜੋ ਵੀ ਪੜ੍ਹੇਗਾ ਉਸਨੂੰ ਉਸੇ ਹੀ ਚੇਤਨਾ ਅਨੁਸਾਰ ਸਮਝਣ ਦਾ ਯਤਨ ਕਰੇਗਾ। ਇਸ ਲਈ ਦੇਸ਼ ਤੋਂ ਬਾਹਰ ਬੈਠੇ ਅਤੇ ਲਿਖ ਰਹੇ ਬੰਦੇ ਰਾਹੀਂ ਪੇਸ਼ ਸਮੱਸਿਆਕਾਰਾਂ ਨੂੰ ਉਹ ਆਪਣੇ ਗ਼ੈਰ–ਅਨੁਭਵੀ ਢੰਗ ਨਾਲ ਸਮਝੇਗਾ। ਮਤਲਬ, ਇਹ ਉਸਦੇ ਅਨੁਭਵ ਤੋਂ ਬਾਹਰ ਦੀਆਂ ਸਮੱਸਿਆਵਾਂ ਹਨ, ਸਮੱਸਿਆਕਾਰ ਹਨ। ਜਦੋਂ ਕੋਈ ਲੇਖਕ ਜੌਹਨ ਨੂੰ ਮਿਸਟਰ ਜੌਹਨ ਜਾਂ ਪੀਟਰ ਨੂੰ ਮਿਸਟਰ ਪੀਟਰ ਲਿਖਦਾ ਹੈ ਤਾਂ ਪਤਾ ਚੱਲ ਜਾਂਦਾ ਹੈ ਕਿ ਉਸਦੇ ਅਨੁਭਵ ਦਾ ਭੂਗੋਲਿਕ ਖੇਤਰ ਕਿਹੜਾ ਹੈ ਅਤੇ ਉਹ ਅਸਲੀਅਤ ਨੂੰ ਕਿਵੇਂ ਆਪਣੇ ਖੇਤਰ ਦੇ ਅਨੁਭਵ ਤੋਂ ਸਮਝਣ ਦਾ ਯਤਨ ਕਰ ਰਿਹਾ ਹੈ।

ਦੂਜੇ ਪਾਸੇ ਪਰਵਾਸੀ ਲੇਖਕ ਖੜਾ ਹੈ ਜਿਸ ਕੋਲ ਦੋ ਅਨੁਭਵ ਹਨ: ਇੱਕ ਆਪਣੇ ਦੇਸ਼ ਦਾ ਤੇ ਦੂਜਾ ਉਸ ਦੇਸ਼ ਦਾ ਜਿੱਥੇ ਉਹ ਸਾਲਾਂ ਤੋਂ ਰਹਿ ਰਿਹਾ ਹੈ, ਜੀਵਨ ਜੀਅ ਰਿਹਾ ਹੈ ਅਤੇ ਆਪਣੇ ਨਵੇਂ ਅਨੁਭਵ ਦਾ ਸਾਹਿਤ ਵਿਚ ਰੂਪਾਂਤਰਨ ਕਰ ਰਿਹਾ ਹੈ। ਇਹ ਸਾਹਿਤ ਪੰਜਾਬ ਤੋਂ ਵੱਖਰਾ ਹੈ ਭਾਵੇਂ ਕਿ ਪੰਜਾਬੀ ਭਾਸ਼ਾ ਦਾ ਸਾਹਿਤ ਹੀ ਹੈ। ਹੈ ਤਾਂ ਇਹ ਸਾਹਿਤ ਦੀ ਮੁੱਖ ਧਾਰਾ ਦਾ ਹਿੱਸਾ ਹੀ ਪਰ ਆਪਣੇ ਵਿਸ਼ਾ ਵਸਤੂ ਕਰ ਕੇ ਅਤੇ ਬੜੀ ਵਾਰ ਆਪਣੀ ਨਿਭਾਅ ਸ਼ੈਲੀ ਕਰ ਕੇ ਵੱਖਰਾ ਨਜ਼ਰ ਆਉਂਦਾ ਹੈ। ਇਹ ਸਾਰੀ ਧਰਤੀ ਹੈ ਤਾਂ ਇੱਕ ਹੀ ਪਰ ਫੇਰ ਵੀ ਇਸਦੀ ਵੱਸੋਂ ਵਿਚ ਅਨੇਕਾਂ ਫ਼ਰਕ ਹਨ। ਕਿਤੇ ਚਮੜੀ ਦਾ ਰੰਗ ਕਾਲਾ ਹੈ, ਕਿਤੇ ਚਿੱਟਾ, ਕਿਤੇ ਪੀਲਾ ਅਤੇ ਕਿਤੇ ਕਣਕਵੰਨਾ। ਇਉਂ ਹੀ ਵਾਲਾਂ ਦੇ ਰੰਗ ਨੂੰ, ਅੱਖਾਂ ਦੇ ਰੰਗ ਨੂੰ, ਚਿਹਰਿਆਂ ਦੀ ਬਣਤਰ ਨੂੰ ਲਿਆ ਜਾ ਸਕਦਾ ਹੈ। ਫੇਰ ਜਿਹੜੇ ਰੁੱਖ–ਬੂਟੇ ਧਰਤੀ ਦੇ ਇੱਕ ਕੋਣੇ ਵਿਚ ਪੈਦਾ ਹੁੰਦੇ ਹਨ ਉਹ ਦੂਜੇ ਵਿਚ ਪੈਦਾ ਨਹੀਂ ਹੁੰਦੇ। ਦੋ ਖੇਤਰਾਂ ਦੇ ਫ਼ੌਨਾ ਤੇ ਫ਼ਲੋਰਾ ਵਿਚ ਢੇਰ ਫ਼ਰਕ ਹੈ। ਜਦੋਂ ਕੋਈ ਅੰਗਰੇਜ਼ ਜਾਂ ਅਮਰੀਕਨ ਇੰਡੀਆ ਦੀ ਕਿਸੇ ਝੁੱਗੀ ਝੌਂਪੜੀ ਦੇ ਜੀਵਨ ਨੂੰ ਠੀਕ ਢੰਗ ਨਾਲ ਨਹੀਂ ਸਮਝਦਾ ਤਾਂ 'ਏ ਸਲੱਮਡੌਗ ਮਿਲੀਏਨਰ' ਵਰਗੀ ਫ਼ਿਲਮ ਪੈਦਾ ਹੁੰਦੀ ਹੈ ਜੋ ਕੇਵਲ ਡਾਇਰੈਕਟਰ ਦੇ ਮਨ ਦੀ ਬਣਾਈ ਹੋਈ ਫ਼ੈਂਟੇਸੀ ਤੋਂ ਵੱਧ ਕੁਝ ਨਹੀਂ।

ਪੰਜਾਬੀ ਦੇ, ਪੰਜਾਬ/ਭਾਰਤ ਤੋਂ ਬਾਹਰ ਰਚੇ ਜਾ ਰਹੇ ਸਾਹਿਤ ਨੂੰ ਜਿਸਦੇ ਸੰਦਰਭ ਓਥੋਂ ਨਾਲੋਂ ਵੱਖਰੇ ਹਨ, ਇੱਕ ਵੱਖਰੇ ਵਰਗ ਵਿੱਚ ਰੱਖਿਆ ਜਾ ਸਕਦਾ ਹੈ, ਵਰਗੀਕਰਣ ਲਈ ਰੱਖਿਆ ਜਾਣਾ ਚਾਹੀਦਾ ਵੀ ਹੈ, ਪਰ ਇਸ ਨਾਲ ਇਹ ਦੂਜੇ ਨੰਬਰ ਦਾ ਸਾਹਿਤ ਨਹੀਂ ਬਣ ਜਾਂਦਾ। ਜੇ ਇਹ ਗੱਲ ਹੈ ਤਾਂ ਅੰਗਰੇਜ਼ੀ, ਜਰਮਨ, ਫ਼ਰੈਂਚ, ਡੱਚ ਅਤੇ ਰੂਸੀ ਸਾਹਿਤ ਨਾਲ ਵੀ ਇਹੋ ਹੀ ਵਰਤਾਉ



ਹੋਣਾ ਵਾਹੀਦਾ ਹੈ ਕਿਉਂਕਿ ਉਹ ਸਭ ਵੱਖਰੇ ਯਥਾਰਥ ਦੀ ਗੱਲ ਕਰ ਰਹੇ ਹਨ। ਲੇਕਿਨ ਅਜਿਹਾ ਨਹੀਂ ਹੈ। ਸਗੋਂ ਇਹਨਾਂ ਵੱਖ ਵੱਖ ਭਾਸ਼ਾਵਾਂ ਦੇ ਸਾਹਿਤ ਵਿੱਚੋਂ ਤਾਂ ਵਾਰ ਵਾਰ ਟੂਕਾਂ ਦਿੱਤੀਆਂ ਜਾਂਦੀਆਂ ਹਨ ਜਿਵੇਂ ਲਾਕਾਂ ਕਹਿੰਦਾ ਹੈ, ਫ਼ੂਕੋ ਕਹਿੰਦਾ ਹੈ। ਇਸਦਾ ਮਤਲਬ ਹੈ ਕਿ ਕਸਰ ਕਿਤੇ ਸਾਡੇ ਪੰਜਾਬ ਵਿਚ ਬੈਠੇ ਸਾਥੀਆਂ ਵਿਚ ਹੈ। ਸ਼ਾਇਦ ਉਹ ਸਮਝਦੇ ਹਨ ਕਿ ਬਾਹਰ ਬੈਠੇ ਲੇਖਕ ਸਿਰਫ਼ ਜਿਸਮਾਨੀ ਤੌਰ 'ਤੇ ਹੀ ਬਾਹਰ ਬੈਠੇ ਹਨ, ਮਾਨਸਿਕ ਤੌਰ 'ਤੇ ਉਹ ਪੰਜਾਬ ਵਿੱਚ ਹੀ ਹਨ। ਅਜਿਹੀ ਗੱਲ ਵੀ ਨਹੀਂ ਕਿ ਉਹ ਬਿਲਕੁਲ ਹੀ ਗ਼ਲਤ ਹੋਣ। ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਅਜਿਹੇ ਪੰਜਾਬੀ ਲੇਖਕ ਹਨ ਜਿਹਨਾਂ ਨੇ ਪੰਜਾਬੀ ਕਿਰਦਾਰਾਂ ਦੇ ਅੰਗਰੇਜ਼ੀ ਨਾਂ ਰੱਖੇ ਹੋਏ ਹਨ। ਪਰ ਅਜਿਹੇ ਲੇਖਕ ਕਿਵੇਂ ਗ਼ਲਤ ਹਨ, ਦਾ ਫੈਸਲਾ ਸਿਰਫ਼ ਅਸੀਂ ਹੀ ਕਰ ਸਕਦੇ ਹਾਂ ਕਿਉਂਕਿ ਇਹ ਲਕੋਅ ਸਿਰਫ਼ ਸਾਨੂੰ ਹੀ ਨਜ਼ਰ ਆਉਂਦਾ ਹੈ। ਪਰ ਇਸਦੀ ਕੋਈ ਇੱਕ ਸ਼ਖ਼ਸੀ ਮਿਸਾਲ ਦੇ ਕੇ ਮੈਂ ਕਿਸੇ ਨੂੰ ਖ਼ਾਹਮਖ਼ਾਹ ਦੁਸ਼ਮਨ ਨਹੀਂ ਬਣਾਉਣਾ ਚਾਹੁੰਦਾ।

ਪਰਵਾਸੀ ਲੇਖਕਾਂ ਦੇ ਪੰਜਾਬੀ ਸਾਹਿਤ ਨੂੰ ਦੂਜਿਆਉਣ ਦਾ ਕੰਮ ਸਿਰਫ਼ ਉਹ ਲੋਕ ਕਰਦੇ ਹਨ ਜਿਹਨਾਂ ਨੂੰ ਆਪ ਬਾਹਰ ਆ ਕੇ ਵੱਸਣ ਦਾ ਮੌਕਾ ਨਹੀਂ ਮਿਲਿਆ। ਪਰ ਅਜਿਹੇ ਲੋਕ ਬਹੁਤ ਘੱਟ ਹਨ। ਇਹ ਨੈਗੇਟਿਵ ਰੁਚੀਆਂ ਵਾਲੇ ਲੋਕ ਹੀ ਹਨ ਜੋ ਪੰਜਾਬ ਦੇ ਲੇਖਕਾਂ ਅਤੇ ਲਿਖਤਾਂ ਬਾਰੇ ਵੀ ਨੈਗੇਟਿਵ ਲਿਖਦੇ ਰਹਿੰਦੇ ਹਨ ਜਿਵੇਂ ਇੱਕ ਬੰਦਾ ਤਾਂ ਸੁਰਜੀਤ ਪਾਤਰ ਦੇ ਤਰੱਨਮ ਵਿਚ ਗ਼ਜ਼ਲ ਪੇਸ਼ ਕਰਨ ਨੂੰ ਹੀ ਬੁਰਾ ਭਲਾ ਕਹਿੰਦਾ ਰਹਿੰਦਾ ਹੈ। ਜੇ ਸ਼ਾਇਰੀ ਨੂੰ ਮੌਸੀਕੀ ਨਾਲੋਂ ਤੋੜਨਾ ਹੀ ਠੀਕ ਮਾਰਗ ਹੈ ਤਾਂ ਫਿਰ ਮਰਦਾਨੇ ਦੀ ਰਬਾਬ ਨਾਲ ਗਾਉਣ ਵਾਲੇ ਬਾਬੇ ਨਾਨਕ ਦਾ ਕੀ ਕਰੋਗੇ ? ਬਾਬੇ ਦੀ ਸਾਰੀ ਕਵਿਤਾ ਤਾਂ ਹੈ ਹੀ ਰਾਗਾਂ ਵਿਚ।

ਉਂਜ ਜਿਨ੍ਹਾਂ ਲੋਕਾਂ ਨੇ ਇਹ ਦੂਜਿਆਉਣ ਜਾਂ ਛੁਟਿਆਉਣ ਵਾਲਾ ਕੰਮ ਕਰਨਾ ਹੈ ਉਹਨਾਂ 'ਤੇ ਤਰਸ ਹੀ ਕਰਨਾ ਚਾਹੀਦਾ ਹੈ ਕਿਉਂਕਿ ਕੁਦਰਤ ਹਰ ਤਰ੍ਹਾਂ ਦੇ ਬੰਦੇ ਪੈਦਾ ਕਰਦੀ ਹੈ: ਨੈਗੇਟਿਵ ਰੁਚੀਆਂ ਵਾਲੇ ਵੀ ਅਤੇ ਪਾਜ਼ੇਟਿਵ ਰੁਚੀਆਂ ਵਾਲੇ ਵੀ। ਮੇਰੀ ਤ੍ਰੈਲਜ਼ੀ 'ਪੰਜਾਬ ਸੰਤਾਲੀ' ਪੰਜਾਬ ਬਾਰੇ ਹੈ। ਮੇਰੇ ਉਸ ਅਨੁਭਵ ਬਾਰੇ ਜਿਹੜਾ ਮੈਂ ਪੰਜਾਬ ਵਿਚ ਰਹਿੰਦਿਆਂ ਹੰਢਾਇਆ ਸੀ। ਪਰ ਕਈਆਂ ਦਾ ਕਹਿਣਾ ਹੈ ਕਿ ਮੇਰਾ ਕੀ ਹੱਕ ਹੈ ਪੰਜਾਬ ਬਾਰੇ ਨਾਵਲ ਲਿਖਣ ਦਾ। ਹੁਣ ਇਸਦਾ ਮੈਂ ਕੀ ਜੁਆਬ ਦਿਆਂ ?

ਇੰਗਲੈਂਡ ਬਾਰੇ ਵੀ ਉਹਨਾਂ ਨੂੰ ਉਹੋ ਹੀ ਰਚਨਾਵਾਂ ਪਸੰਦ ਆਉਂਦੀਆਂ ਹਨ ਜਿਨ੍ਹਾਂ ਵਿਚ ਅੰਗਰੇਜ਼ ਸਮਾਜ ਨੂੰ ਖ਼ੂਬ ਨਿੰਦਿਆ ਗਿਆ ਹੋਵੇ ਅਤੇ ਭਾਰਤ ਜਾਂ ਪੰਜਾਬ ਦੇ ਸਮਾਜ ਦੇ ਸੋਹਲੇ ਗਾਏ ਹੋਏ ਹੋਣ। ਅਜਿਹੀਆਂ ਲਿਖਤਾਂ ਪੜ੍ਹ ਕੇ ਉਹਨਾਂ ਨੂੰ ਸਕੂਨ ਮਿਲਦਾ ਹੈ। ਬਿਲਕੁਲ ਉਵੇਂ ਜਿਵੇਂ 'ਸਲੱਮਡੌਗ ਮਿਲੀਏਨਰ' ਵੇਖ ਕੇ ਗੋਰਿਆਂ ਨੂੰ ਸਕੂਨ ਮਿਲਦਾ ਹੈ। ਇਹ ਸਭ 'ਝੂਠੀ ਚੇਤਨਾ" ਦਾ ਪ੍ਰਗਟਾਅ ਰੂਪ ਹੈ ਜੋ ਹਰ ਥਾਂ ਮੌਜੂਦ ਹੈ। ਪਰ ਲੇਖਕਾਂ ਨੂੰ ਇਸਤੋਂ ਉੱਪਰ ਉੱਠਣ ਦੀ ਲੋੜ ਹੈ।

**? ਪਰਵਾਸੀ ਪੰਜਾਬੀ ਸਾਹਿਤ ਉੱਤੇ ਕਿੰਨ੍ਹੀਆਂ ਹੀ ਐਮ.ਫ਼ਿਲਜ਼ ਅਤੇ ਪੀ.ਐਚ.ਡੀਜ਼ ਹੋ ਚੁੱਕੀਆਂ ਹਨ, ਯੂਨੀਵਰਸਿਟੀਆਂ ਵਿਚ ਸਪੈਸ਼ਲ ਚੇਅਰਾਂ ਵੀ ਸਥਾਪਿਤ ਹੋਈਆਂ ਹਨ। ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਪਰਵਾਸੀ ਸਾਹਿਤ ਵਿਚ ਕੁਝ ਵੀ ਨਹੀਂ। ਜੇ ਅਜਿਹੀ ਗੱਲ ਹੈ ਤਾਂ ਕੀ ਆਲੋਚਕਾਂ ਨੇ ਇਸ ਸਾਹਿਤ ਨੂੰ ਆਪਣੇ ਮੁਫ਼ਾਦਾਂ ਲਈ ਵਰਤਿਆ ਹੈ ?**

– ਸ਼ੁਰੂ ਸ਼ੁਰੂ ਵਿਚ ਏਥੇ ਜੋ ਸਾਹਿਤ ਪੈਦਾ ਹੋਇਆ ਜਾਂ ਕੀਤਾ ਗਿਆ ਉਹ ਵਾਕਈ ਕੁਝ ਨਹੀਂ ਸੀ ਜਿਵੇਂ ਮੋਹਨ ਸਿੰਘ ਕੁੱਕੜਪਿੰਡੀਆਂ ਦੀਆਂ ਕਈ ਕਿਤਾਬਾਂ ਅਤੇ ਮਨਜੀਤ ਰਾਣਾ ਦੀਆਂ ਕੁਝ ਪੁਸਤਕਾਂ ਜਿਵੇਂ 'ਅੰਗਰੇਜ਼ ਕੁੜੀਆਂ' ਆਦਿ। ਸੰਜੀਦਾ ਜਾਂ ਫਿਰ ਮੌਲਿਕ ਅਨੁਭਵ 'ਚੋਂ ਨਿਕਲਿਆ ਹੋਇਆ ਸਾਹਿਤ ਸੱਠਵਿਆਂ ਦੇ ਆਖਰੀ ਵਰ੍ਹਿਆਂ ਅਤੇ ਸੱਤ੍ਹਰਵਿਆਂ ਵਿਚ ਪੈਦਾ ਹੋਣਾ ਸ਼ੁਰੂ ਹੋਇਆ

ਅਤੇ 1980 ਵਿਚ ਇਸ ਸਾਹਿਤ ਨੂੰ ਲੈ ਕੇ ਵਿਸ਼ਵ ਪੰਜਾਬੀ ਕਾਨਫਰੰਸ ਹੋਈ। ਇਸ ਕਾਨਫਰੰਸ ਦਾ ਹੋਣਾ ਹੀ ਇਸ ਸਾਹਿਤ ਦੇ ਸਾਰਥਕ ਅਤੇ ਗੌਲੇ ਜਾਣ ਦੇ ਯੋਗ ਹੋਣ ਦਾ ਸਬੂਤ ਵੀ ਹੈ ਜਿਸ ਵਿਚ ਭਾਰਤ ਤੋਂ 45 ਦੇ ਕਰੀਬ ਲੇਖਕ ਤੇ ਆਲੋਚਕ ਸ਼ਿਰਕਤ ਕਰਨ ਲਈ ਪੁੱਜੇ ਸਨ। ਇਹਨਾਂ ਵਿਚ ਉਸ ਵੇਲੇ ਦੇ ਵੱਡੇ ਵੱਡੇ ਨਾਮ ਸਨ ਜਿਵੇਂ ਸੰਤ ਸਿੰਘ ਸੇਖੋਂ, ਸੋਹਨ ਸਿੰਘ ਜੋਸ਼, ਡਾ: ਹਰਿਭਜਨ ਸਿੰਘ, ਸੁਜਾਨ ਸਿੰਘ, ਕੰਵਲ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ, ਜਸਬੀਰ ਸਿੰਘ ਆਹਲੂਵਾਲੀਆ, ਮੀਸ਼ਾ, ਸ਼ਾਨ, ਪ੍ਰੀਤਮ ਸਿੰਘ ਪੀ.ਸੀ.ਐਸ. ਆਦਿ ਆਦਿ। ਡਾ: ਹਰਿਭਜਨ ਸਿੰਘ ਨੇ ਆਪਣੀ ਹਰੇਕ ਸਪੀਚ ਹੀ ਮੇਰੇ ਨਵੇਂ ਆਏ ਪਹਿਲੇ ਹੀ ਨਾਵਲ 'ਨਵੇਂ ਰਿਸ਼ਤੇ' ਦੇ ਹਵਾਲੇ ਨਾਲ ਸ਼ੁਰੂ ਕੀਤੀ। ਇਹ ਕਾਨਫਰੰਸ ਪੂਰਾ ਇੱਕ ਮਹੀਨਾ ਯੂ.ਕੇ ਦੇ ਵੱਖ ਵੱਖ ਸ਼ਹਿਰਾਂ ਵਿੱਚ ਚੱਲੀ।

ਉਦੋਂ ਤੱਕ ਪੰਜਾਬ 'ਤੇ ਦਿੱਲੀ ਦੇ ਪੰਜਾਬੀ ਸਾਹਿਤ ਵਿਚ ਬਹੁਤਾ ਕੁਝ ਨਹੀਂ ਸੀ ਵਾਪਰਿਆ ਕਿਉਂਕਿ ਉਦੋਂ ਤੱਕ ਸਾਡਾ ਓਥੋਂ ਦਾ ਸਮਾਜ ਅਜੇ ਤਕਰੀਬਨ ਓਥੇ ਹੀ ਖੜ੍ਹਾ ਸੀ ਜਿੱਥੇ ਅਸੀਂ ਲੋਕ ਇਸਨੂੰ ਛੱਡ ਕੇ ਆਏ ਸਾਂ। ਸਾਹਿਤ ਵਿਚ ਉਸੇ ਸਮਾਜ ਨੇ ਹੀ ਪੇਸ਼ ਹੋਣਾ ਹੁੰਦਾ ਹੈ ਜੋ ਤੁਹਾਡੀ ਚੇਤਨਾ ਵਿਚ ਹੈ। ਚੇਤਨਾ ਅਤੇ ਸਮਾਜ ਵਿਚ ਪਾੜਾ ਨਹੀਂ ਪੈ ਸਕਦਾ। ਕੰਵਲ ਦੇ ਨਾਵਲ, ਗੁਰਦਿਆਲ ਸਿੰਘ ਦੇ ਨਾਵਲ, ਟਿਵਾਣਾ ਦੇ ਨਾਵਲ - ਇਹ ਸਭ ਫਿਊਡਲ ਸਮਾਜ ਵਿੱਚ ਹੀ ਖੜੇ ਸਨ। ਪਰ ਪੂੰਜੀਵਾਦ ਦੇ ਜ਼ੇਰੇ ਅਸਰ ਪਹਿਲੇ ਨਾਵਲ ਅਸਾਂ ਹੀ ਦਿੱਤੇ ਕਿਉਂਕਿ ਅਸੀਂ ਇਸ ਸਮਾਜ ਵਿਚ ਰਹਿ ਅਤੇ ਕਾਰਜ ਕਰ ਰਹੇ ਸਾਂ, ਇਸਤੋਂ ਪੀੜਿਤ ਵੀ ਹੋ ਰਹੇ ਸਾਂ ਅਤੇ ਇਸ ਲਈ ਕੰਮ ਵੀ ਕਰ ਰਹੇ ਸਾਂ। ਭਾਰਤੀ ਸਮਾਜ ਦੇ ਸਿਰਜੇ ਹੋਏ ਸਾਡੇ ਜਗੀਰੂ ਰਿਸ਼ਤਿਆਂ ਵਿਚ ਪੂੰਜੀਵਾਦ ਨੇ ਇੱਕ ਜ਼ਬਰਦਸਤ ਵਿਸਫੋਟ ਪੈਦਾ ਕਰ ਦਿੱਤਾ। ਚਾਹੇ ਅਣਚਾਹੇ ਏਥੇ ਪੁਰਾਣੇ ਰਿਸ਼ਤੇ ਟੁੱਟਣ ਲੱਗੇ ਅਤੇ ਨਵੇਂ ਰਿਸ਼ਤੇ ਬਣਨ ਲੱਗੇ। ਭਾਰਤੀ ਪੰਜਾਬੀ ਲੇਖਕ ਤੇ ਆਲੋਚਕ ਸਾਹਮਣੇ ਇਹ ਸ਼ੌਕ ਜਾਂ ਸਦਮੇ ਵਰਗੀ ਸਥਿਤੀ ਸੀ। ਉਹਨਾਂ ਨੇ ਇੱਕ ਦਮ ਇਸ ਨਵੇਂ ਰੁਝਾਨ ਦਾ ਨੋਟਿਸ ਲਿਆ ਅਤੇ ਆਪਣੀ ਓਥੋਂ ਦੀ ਮਾਨਸਿਕਤਾ ਅਨੁਸਾਰ ਇਸਦਾ ਵਿਸ਼ਲੇਸ਼ਣ ਅਤੇ ਮੁਲੰਕਣ ਕਰਨ ਲੱਗੇ। ਸਮਾਜਾਂ ਵਿਚ ਜ਼ਿੰਦਗੀਆਂ ਪਹਿਲਾਂ ਜੀਆਂ ਜਾਂਦੀਆਂ ਹਨ ਅਤੇ ਬਾਅਦ ਵਿਚ ਉਹਨਾਂ ਬਾਰੇ ਨਾਵਲ, ਕਹਾਣੀਆਂ, ਕਵਿਤਾਵਾਂ ਤੇ ਨਾਟਕ ਲਿਖੇ ਜਾਂਦੇ ਹਨ ਨਾ ਕਿ ਇਸਦੇ ਉਲਟ। ਇਹ ਕੰਮ ਪੰਜਾਬ/ਭਾਰਤ ਵਿਚ ਨਹੀਂ ਸੀ ਹੋ ਸਕਦਾ ਕਿਉਂਕਿ ਓਥੋਂ ਦਾ ਸਮਾਜ ਅਜੇ ਫਿਊਡਲ ਦੌਰ ਵਿਚ ਹੀ ਖੜ੍ਹਾ ਸੀ।

ਪਰ ਇਸਦੇ ਨਾਲ ਹੀ ਇੱਕ ਗੱਲ ਹੋਰ ਵੀ ਹੈ। ਸਮਾਜਾਂ ਦੇ ਸਭ ਦੌਰਾਂ ਦਾ ਅਰੂਜ ਵੀ ਹੁੰਦਾ ਹੈ ਅਤੇ ਜ਼ਵਾਲ ਵੀ ਯਾਨਿ ਚੜ੍ਹਤ ਵੀ ਅਤੇ ਉਤਾਰ ਵੀ। ਬ੍ਰਤਾਨੀਆਂ ਦੇ ਪੰਜਾਬੀ ਸਾਹਿਤ ਨੇ ਆਪਣੀ ਚੜ੍ਹਤ ਵੇਖ ਲਈ ਹੈ ਜਦੋਂ ਕਿ ਹੁਣ ਉਤਾਰ ਦੀ ਸਥਿਤੀ ਹੈ। ਅੱਜ ਦਾ ਪੰਜਾਬੀ/ਭਾਰਤੀ ਸਮਾਜ ਹਰ ਖੇਤਰ ਵਿਚ ਇੰਗਲੈਂਡ/ਯੂਰਪ ਤੋਂ ਅੱਗੇ ਨਿਕਲ ਚੁੱਕਾ ਹੈ। ਇਹ ਸਮਾਜ ਆਰਥਕ ਵਿਸ਼ਵ-ਸ਼ਕਤੀ ਬਣਨ ਦੇ ਨਾਲ ਨਾਲ ਸਮਾਜਿਕ ਤੌਰ 'ਤੇ ਜਗੀਰੂ ਰਿਸ਼ਤਿਆਂ ਨੂੰ ਵੀ ਬੁਰੀ ਤਰ੍ਹਾਂ ਤੋੜ ਰਿਹਾ ਹੈ। ਕੁਝ ਕੁ ਅਪਵਾਦ ਅਜੇ ਵੀ ਹੋ ਸਕਦੇ ਹਨ ਪਰ ਉਹ ਅਕਸਰੀਅਤ ਨਹੀਂ ਹਨ। ਭਾਰਤੀ ਸਮਾਜ ਤੇਜ਼ੀ ਨਾਲ ਬਦਲਿਆ ਅਤੇ ਹੋਰ ਬਦਲ ਰਿਹਾ ਹੈ। ਓਥੋਂ ਦੇ ਨਵੇਂ ਲੇਖਕਾਂ ਦੀਆਂ ਕਹਾਣੀਆਂ ਇਸ ਬਦਲਾਉ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰ ਰਹੀਆਂ ਹਨ ਜਿਵੇਂ ਕੇਸਰਾ ਰਾਮ ਦੀ ਹੁਣੇ ਜਿਹੇ ਛਪੀ ਕਹਾਣੀ 'ਬੁਲਬੁਲਿਆਂ ਦੀ ਕਾਸ਼ਤ' ਆਦਿ।

ਇਸ ਲਈ ਪਰਵਾਸੀ ਪੰਜਾਬੀ ਸਾਹਿਤ ਨੂੰ ਕਿਸੇ ਨੇ ਆਪਣੇ ਮੁਫ਼ਾਦ ਲਈ ਨਹੀਂ ਵਰਤਿਆ। ਉਹ ਵੀ ਇੱਕ ਜ਼ਮਾਨਾ ਸੀ ਅਤੇ ਇਹ ਵੀ ਇੱਕ ਜ਼ਮਾਨਾ ਹੈ। ਜਦੋਂ ਸਮਾਜ ਬਦਲਦਾ ਹੈ ਤਾਂ ਸਾਹਿਤ ਦੀ ਵਸਤੂ ਤੇ ਸ਼ੈਲੀ ਵੀ ਬਦਲਦੀ ਹੈ। ਲੇਖਕ ਕਿਸੇ ਗੁਫ਼ਾ ਵਿਚ ਬੈਠਕੇ ਨਹੀਂ ਲਿਖ ਰਿਹਾ ਹੁੰਦਾ। ਉਹ ਸਮਾਜ ਵਿਚ ਵਿਚਰ ਰਿਹਾ ਮਨੁੱਖ ਹੈ, ਦੋ ਤੋਂ ਵਧੇਰੇ ਅੱਖਾਂ ਅਤੇ ਪੰਜ ਤੋਂ ਵਧੇਰੇ ਸੈਂਸਜ਼ ਵਾਲਾ।



**? ਕੀ ਪਰਵਾਸੀ ਸਾਹਿਤ ਦੀ ਆਲੋਚਨਾ ਇੱਕ ਪਾਸੜ ਜਿਹੀ ਨਹੀਂ ਰਹਿ ਗਈ ? ਕੀ ਤੁਸੀਂ ਇਸ ਆਲੋਚਨਾ ਤੋਂ ਖ਼ੁਸ਼ ਹੋ ? ਪਰਵਾਸੀ ਕਹਾਣੀ ਦੀ ਗੱਲ ਸ਼ਿੱਦਤ ਨਾਲ ਹੋਈ, ਕੀ ਇਹ ਇਸਦੀ ਹੱਕਦਾਰ ਸੀ ?**

– ਪਿਆਰੇ ਹਰਜੀਤ, ਇੱਕ ਪਾਸੜ ਆਲੋਚਨਾ ਦੀ ਗੱਲ ਤਾਂ ਬਾਅਦ ਵਿਚ ਆਉਂਦੀ ਹੈ, ਪਹਿਲੀ ਗੱਲ ਤਾਂ ਇਹੋ ਹੀ ਹੈ ਕਿ ਕੀ ਪੰਜਾਬ ਦਾ ਆਲੋਚਕ ਆਜ਼ਾਦਾਨਾ ਤੌਰ 'ਤੇ ਹੁਣਵੇਂ ਪਰਵਾਸੀ ਸਾਹਿਤ ਨੂੰ ਗੌਲ ਵੀ ਰਿਹਾ ਹੈ ਕਿ ਨਹੀਂ। ਸਵਾਲ ਤਾਂ ਇਹ ਹੈ ਕਿ ਕੀ ਅਜੋਕੇ ਪਰਵਾਸੀ ਪੰਜਾਬੀ ਸਾਹਿਤ ਵਿਚ ਗੁਣਾਤਮਿਕ ਪੱਖੋਂ ਕੋਈ ਫ਼ਰਕ ਪਿਆ ਹੈ। ਇਸਦਾ ਸੰਬੰਧ ਫੇਰ ਏਥੋਂ ਦੇ ਪੰਜਾਬੀ ਸਮਾਜ ਨਾਲ ਹੈ। ਕੀ ਅਜੋਕਾ ਬ੍ਰਤਾਨਵੀਂ ਪੰਜਾਬੀ ਸਮਾਜ ਕਿਸੇ ਨਵੇਂ ਵਿਸਫੋਟ ਦੇ ਰੂਬਰੂ ਹੈ ? ਇੱਕਾ ਦੁੱਕਾ ਘਟਨਾਵਾਂ ਦਾ ਕੋਈ ਮੁੱਲ ਨਹੀਂ ਹੁੰਦਾ। ਜੇ ਸਮੁੱਚਾ ਸਮਾਜ ਕਿਸੇ ਵਿਸਫੋਟਿਕ ਤਬਦੀਲੀ ਦਾ ਵਾਹਣ ਨਹੀਂ ਤਾਂ ਸਾਹਿਤ ਕੋਲੋਂ ਵੀ ਇਹ ਉਮੀਦ ਨਹੀਂ ਰੱਖੀ ਜਾ ਸਕਦੀ। ਲਿਖਣ ਖਾਤਰ ਲਿਖੀ ਜਾਣਾ ਗਿਣਤੀ 'ਚ ਵਾਧਾ ਤਾਂ ਕਰ ਸਕਦਾ ਹੈ ਪਰ ਗੁਣਤੀ ਵਿੱਚ ਨਹੀਂ।

ਸਾਡੇ ਲੋਕ ਹੁਣ ਪੂਰੀ ਤਰ੍ਹਾਂ ਏਥੋਂ ਦੇ ਵਸਨੀਕ ਹੋ ਚੁੱਕੇ ਹਨ। ਕੁਝ ਤਾਂ ਮਰ ਵੀ ਚੁੱਕੇ ਹਨ ਤੇ ਕੁਝ ਮਰਨ ਦੀ ਉਡੀਕ ਕਰ ਰਹੇ ਹਨ। ਦੂਜੀ ਪੀੜ੍ਹੀ ਦਾ ਇਹ ਜਾਇਜ਼ ਵਤਨ ਹੈ। ਤੀਜੀ ਪੀੜ੍ਹੀ ਦਾ ਉਸ ਤੋਂ ਵੀ ਵਧੇਰੇ। ਵਿਰਾਟ ਵਿਰੋਧ ਕਿਤੇ ਨਹੀਂ। ਦੂਜੈਲੇ ਜਾਂ ਤੀਜੇ ਦਰਜੇ ਦੇ ਵਿਰੋਧ ਹੋ ਸਕਦੇ ਹਨ ਪਰ ਉਹ ਤਾਂ ਹਰ ਥਾਂ ਹੁੰਦੇ ਹਨ, ਹਰ ਸਮਾਜ ਵਿੱਚ ਹੁੰਦੇ ਹਨ। ਇਹੋ ਜਿਹੀਆਂ ਝੜੀਆਂ ਨਾਲ ਸਮਾਜ ਨੂੰ ਕੋਈ ਫ਼ਰਕ ਨਹੀਂ ਪੈਂਦਾ। ਹਰ ਕਿਸਮ ਦਾ ਸਾਹਿਤ ਵਿਰਾਟ ਵਿਰੋਧਾਂ ਵਿੱਚ ਪਿਆ ਹੁੰਦਾ ਹੈ, ਛੋਟੇ ਛੋਟੇ ਲੜਾਈ ਝਗੜਿਆਂ ਵਿੱਚ ਨਹੀਂ। ਵਿਰਾਟ ਵਿਰੋਧਾਂ ਵਿੱਚੋਂ ਨਿਕਲੇ ਸਾਹਿਤ 'ਤੇ ਹੋਈ ਆਲੋਚਨਾ ਇੱਕ ਪਾਸੜ ਨਹੀਂ ਸੀ। ਉਸਨੂੰ ਅਦਾਰਿਆਂ ਵੱਲੋਂ ਵੀ ਭਰਪੂਰ ਹੁੰਗਾਰਾ ਮਿਲਿਆ ਅਤੇ ਆਜ਼ਾਦਾਨਾ ਆਲੋਚਨਾ ਵੱਲੋਂ ਵੀ।

1981 ਵਿਚ ਪਟਿਆਲਾ ਵਿਚ ਹੋਏ ਇੱਕ ਵਿਸ਼ੇਸ਼ ਸੈਮੀਨਾਰ ਵਿਚ ਮੈਂ ਪਰਵਾਸੀ ਪੰਜਾਬੀ ਸਾਹਿਤ ਦੀ ਠੀਕ ਸਮਝ ਵਾਸਤੇ ਇੱਕ ਸੰਕਲਪ ਪੇਸ਼ ਕੀਤਾ ਸੀ: ਪਰਵਾਸੀ ਚੇਤਨਾ। ਯਾਨਿ ਪਰਵਾਸ ਭੁਗਤ ਰਹੇ ਬੰਦੇ ਦੀ ਚੇਤਨਾ ਨੂੰ ਸਮਝੇ ਬਿਨਾਂ ਪਰਵਾਸੀ ਸਾਹਿਤ ਦੇ ਸਮੱਸਿਆਕਾਰਾਂ ਨੂੰ ਸਮਝਣਾ ਮੁਮਕਿਨ ਨਹੀਂ ਸੀ। ਪਰਵਾਸੀ ਚੇਤਨਾ ਵਿਚ ਉਹ ਸਭ ਕੁਝ ਸ਼ਾਮਿਲ ਸੀ ਜੋ ਕਿਸੇ ਪਰਵਾਸੀ ਨੂੰ ਵੱਖਰੇ ਅਤੇ ਰਹਿ ਚੁੱਕੇ ਹਾਕਮ ਦੇ ਸਮਾਜ ਵਿੱਚ ਮਸਲਿਆਂ ਵੱਜੋਂ ਦਰਪੇਸ਼ ਸੀ। ਮੇਰਾ ਇਹ ਪੇਪਰ ਕਾਫੀ ਵੱਡਾ ਤੇ ਵਿਸਤ੍ਰਿਤ ਸੀ। ਇਹ ਸੈਮੀਨਾਰ ਹੀ ਐਸ.ਪੀ. ਸਿੰਘ ਨੇ ਮੇਰੇ ਲਈ ਰੱਖਿਆ ਸੀ। ਦਲੀਪ ਕੌਰ ਟਿਵਾਣਾ ਅਤੇ ਪ੍ਰੇਮ ਪ੍ਰਕਾਸ਼ ਸਿੰਘ ਸਟੇਜ 'ਤੇ ਬਿਰਾਜਮਾਨ ਸਨ। ਸਾਰੇ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਸਨ। ਕਹਿਣ ਦਾ ਮਤਲਬ ਇਹ ਕਿ ਪਰਵਾਸੀ ਸਾਹਿਤ ਦੇ ਹੁਣਵੇਂ ਜਾਂ ਆਉਣ ਵਾਲੇ ਪਾਠਕਾਂ ਨੂੰ ਇਸ ਸਾਹਿਤ ਦੇ ਪੈਦਾ ਹੋਣ ਦੇ ਕਾਰਕਾਂ ਤੋਂ ਜਾਣੂੰ ਕਰਾਉਣਾ ਜ਼ਰੂਰੀ ਸੀ। ਹੋ ਸਕਦਾ ਸੀ ਓਥੋਂ ਦੇ ਸਮਾਜਿਕ ਵਿਕਾਸ ਜਾਂ ਖੜੋਤ ਦੇ ਅਨੁਸਾਰ ਬਣੀ ਹੋਈ ਉਹਨਾਂ ਦੀ ਚੇਤਨਾ ਉਸ ਸਮੇਂ ਦੇ ਪਰਵਾਸੀ ਸਾਹਿਤ ਦੇ ਬਿਲਕੁਲ ਵੱਖਰੇ ਸਰੋਕਾਰਾਂ ਨੂੰ ਨਾ ਸਮਝ ਸਕਦੀ ਹੁੰਦੀ। ਬਿਲਕੁਲ ਉਵੇਂ ਜਿਵੇਂ ਏਥੇ ਆ ਕੇ ਵੀ ਪਹਿਲੇ ਕੁਝ ਸਾਲ ਤਾਂ ਸਾਨੂੰ ਖੁਦ ਵੀ ਇਹਨਾਂ ਦੀ ਸਮਝ ਨਹੀਂ ਸੀ ਆ ਰਹੀ।

ਅਜੋਕੀ ਆਲੋਚਨਾ ਤੋਂ ਸੰਤੁਸ਼ਟ ਜਾਂ ਨਾ ਸੰਤੁਸ਼ਟ ਹੋਣ ਦੀ ਗੱਲ ਨੂੰ ਤਾਂ ਹੀ ਵਿਚਾਰਿਆ ਜਾ ਸਕਦਾ ਹੈ ਜੇ ਅਜੋਕੀਆਂ ਲਿਖਤਾਂ ਤੋਂ ਸੰਤੁਸ਼ਟੀ ਹੋਵੇ। ਕੀ ਇਹ ਜ਼ਰੂਰੀ ਹੈ ਕਿ ਜਿਸ ਸਮਾਜ ਵਿਚ ਤੁਸੀਂ ਰਹਿੰਦੇ ਹੋ, ਜੇ ਓਥੇ ਕੁਝ ਵੀ ਵਿਸਫੋਟਿਕ ਨਹੀਂ ਵਾਪਰ ਰਿਹਾ ਤਾਂ ਵੀ ਤੁਸੀਂ ਉਸ ਬਾਰੇ ਲਿਖਣਾ ਹੀ ਲਿਖਣਾ ਹੈ ? ਕੀ ਵਜ੍ਹਾ ਹੈ ਕਿ ਬਹੁਤੇ ਬੁੱਕਰ ਇਨਾਮ ਉਹਨਾਂ ਪੁਸਤਕਾਂ ਦੇ ਹਿੱਸੇ ਆਏ ਜਿਹੜੀਆਂ ਯੂ.ਕੇ ਬਾਰੇ ਨਹੀਂ ਸਗੋਂ ਬਾਹਰਲੇ ਸਮਾਜਾਂ ਬਾਰੇ ਸਨ ? ਲੇਖਕ ਦੀ ਨਜ਼ਰ ਹਮੇਸ਼ਾਂ ਨਵੇਂ ਵਿਰੋਧਾਂ ਦੀ ਭਾਲ

ਵਿਚ ਰਹਿੰਦੀ ਹੈ। ਨਵੇਂ ਹੀ ਨਹੀਂ ਵਿਸਫੋਟਿਕ ਵੀ। ਲੇਖਕ ਨੂੰ ਪਤਾ ਹੁੰਦਾ ਹੈ ਕਿ ਜੇ ਅਜਿਹਾ ਨਹੀਂ ਹੈ ਤਾਂ ਉਸਦੀ ਗਲਪ ਬਿਲਕੁਲ ਫਲੈਟ ਹੋ ਜਾਏਗੀ।

**? ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਹਸਤਾਖਰ ਤੁਸੀਂ ਕਿਹਨਾਂ ਨੂੰ ਮੰਨਦੇ ਹੋ ? ਰਘਬੀਰ ਢੰਡ ਨੂੰ ਕਈ ਆਲੋਚਕ ਮੁੱਖ ਧਾਰਾ ਦਾ ਕਹਾਣੀਕਾਰ ਕਹਿੰਦੇ ਹਨ। ਕੀ ਉਹ ਰੁਮਾਂਟਿਕਤਾ ਦਾ ਫੈਲਾਅ ਤਾਂ ਨਹੀਂ ਸੀ ਕਰਦਾ ? ਕੀ ਤਰਸੇਮ ਨੀਲਗਿਰੀ ਸੀਮਤ ਜਿਹੇ ਵਿਸ਼ਿਆਂ ਦਾ ਕਹਾਣੀਕਾਰ ਨਹੀਂ ਸੀ ?**

– ਜਿਹੜੇ ਆਲੋਚਕ ਰਘਬੀਰ ਢੰਡ ਨੂੰ ਮੁੱਖ ਧਾਰਾ ਦਾ ਕਹਾਣੀਕਾਰ ਕਹਿੰਦੇ ਹਨ ਮੈਨੂੰ ਨਹੀਂ ਪਤਾ ਉਹਨਾਂ ਦੀ ਇਸ ਧਾਰਨਾ ਪਿੱਛੇ ਕਿਹੜੀ ਫ਼ਿਲਾਸਫ਼ੀ ਕੰਮ ਕਰ ਰਹੀ ਹੈ। ਪਰ ਇਕ ਗੱਲ ਤਾਂ ਪਰਪੱਕ ਹੈ ਕਿ ਇੰਗਲੈਂਡ ਆਉਣ ਤੋਂ ਪਹਿਲਾਂ ਹੀ ਢੰਡ ਕਹਾਣੀਕਾਰ ਵੱਜੋਂ ਜਾਣਿਆ ਜਾਂਦਾ ਸੀ। ਉਸ ਦੀਆਂ 'ਉਸ ਪਾਰ' ਦੀਆਂ ਕਹਾਣੀਆਂ ਇਸ ਦਲੀਲ ਦੀਆਂ ਗਵਾਹ ਹਨ। ਪਰ ਇਉਂ ਤਾਂ ਫਿਰ ਹੋਰ ਲੇਖਕਾਂ ਦੇ ਨਾਂ ਵੀ ਲਏ ਜਾ ਸਕਦੇ ਹਨ ਜਿਹੜੇ ਕਿ ਜ਼ਰੂਰੀ ਨਹੀਂ ਮੈਂ ਏਥੇ ਜ਼ਰੂਰ ਲਵਾਂ ਹੀ। ਕਿਸੇ ਲੇਖਕ ਜਾਂ ਸਾਹਿਤ ਨੂੰ ਪਰਵਾਸੀ ਵੱਜੋਂ ਪਰਿਭਾਸ਼ਿਤ ਕਰਨ ਦੇ ਕਿਹੜੇ ਮਾਪ-ਦੰਡ ਹਨ ਇਸ ਬਾਰੇ ਕੌਣ ਦੱਸੇਗਾ ? ਕੀ ਪੰਜਾਬ ਸੰਤਾਲੀ ਬਾਰੇ ਮੇਰਾ ਤ੍ਰੈਲੜੀ ਨਾਵਲ (ਉਜਾੜਾ, ਤਸਦੀਕ, ਰੋਹ-ਵਿਦਰੋਹ) ਪਰਵਾਸੀ ਨਾਵਲ ਹਨ ? ਜਾਂ ਕੀ 'ਕੰਜਕਾਂ' ਪੰਜਾਬ ਦਾ ਨਾਵਲ ਹੈ ? ਜਦੋਂ ਮੈਂ ਚਾਰ ਸਾਲ ਦਿੱਲੀ ਵਿੱਚ ਰਿਹਾ (1990-94) ਉਦੋਂ ਮੈਂ ਕੀ ਸਾਂ, ਵਾਸੀ ਕਿ ਪਰਵਾਸੀ ? 'ਬਜ਼ੁਰਗ ਬਾਬਾ ਤੇ ਭੀੜ' ਦੀਆਂ ਦਿੱਲੀ ਬਾਰੇ ਕਹਾਣੀਆਂ ਵਾਸੀ ਸਾਹਿਤ ਸੀ ਜਾਂ ਕਿ ਪਰਵਾਸੀ ? ਜੇ ਕੱਲ੍ਹ ਨੂੰ ਬਿਹਾਰ 'ਚੋਂ ਆਏ ਕਿਸੇ ਪਰਿਵਾਰ ਦਾ ਧੀ/ਪੁੱਤ ਜੋ ਪੰਜਾਬ ਵਿੱਚ ਜੰਮਿਆ ਤੇ ਵੱਡਾ ਹੋਇਆ, ਪੰਜਾਬੀ ਵਿੱਚ ਕੋਈ ਨਾਵਲ ਜਾਂ ਕਹਾਣੀ ਜਾਂ ਨਾਟਕ ਲਿਖਦਾ ਹੈ ਤਾਂ ਉਸ ਲੇਖਕ ਅਤੇ ਉਸਦੀ ਰਚਨਾ ਨੂੰ ਕੀ ਕਿਹਾ ਜਾਏਗਾ ? ਵਾਸੀ, ਅਵਾਸੀ ਜਾਂ ਪਰਵਾਸੀ ? ਜਿਹੜੇ ਆਲੋਚਕ ਕਿਸੇ ਨੂੰ ਮੁੱਖ ਧਾਰਾ ਦਾ, ਪਰਵਾਸੀ ਧਾਰਾ ਦਾ, ਪ੍ਰਥਮ ਧਾਰਾ ਦਾ ਜਾਂ ਦੂਜੈਲੀ ਧਾਰਾ ਦਾ ਲੇਖਕ ਕਹਿੰਦੇ ਹਨ ਇਹ ਮਸਲਾ ਅਸਲ ਵਿਚ ਉਹਨਾਂ ਦਾ ਆਪਣਾ ਹੁੰਦਾ ਹੈ, ਲੇਖਕ ਦਾ ਨਹੀਂ। ਇਹਨਾਂ ਗ਼ੈਰ-ਕੁਦਰਤੀ ਵੰਡੀਆਂ ਪਿੱਛੇ ਉਹਨਾਂ ਦੀ ਆਪਣੀ ਬਿਮਾਰ ਮਾਨਸਿਕਤਾ ਕੰਮ ਕਰ ਰਹੀ ਹੁੰਦੀ ਹੈ। ਇਹ ਵੰਡੀਆਂ ਉਹਨਾਂ ਦੇ ਆਪਣੇ ਨਿੱਜੀ ਹਿੱਤਾਂ ਅਨੁਸਾਰ ਬਣਦੀਆਂ ਹਨ। ਇਸਦਾ ਮਕਸਦ ਗ਼ੈਰ-ਧਿਰਾਂ ਨੂੰ ਸਾੜ ਕੇ ਖ਼ੁਸ਼ੀ ਪ੍ਰਾਪਤ ਕਰਨਾ ਵੀ ਹੋ ਸਕਦਾ ਹੈ। ਕੁਝ ਲੋਕ ਆਪਣੇ ਆਪ ਨੂੰ ਸਾਹਿਤ ਦੇ ਕਿੰਗ-ਮੇਕਰ ਵੀ ਸਮਝਦੇ ਹਨ।

ਰਘੁਬੀਰ ਢੰਡ ਦਾ ਭੇੜ ਰੁਮਾਂਟਿਕਤਾ ਦਾ ਫੈਲਾਅ ਨਹੀਂ ਸੀ। ਉਸਦਾ ਭੇੜ ਸੀ ਕਹਾਣੀ ਦੀ ਸਟ੍ਰਕਚਰ ਤੋਂ ਬਾਹਰ ਖਲੋ ਕੇ ਖ਼ੁਦ ਬੋਲਣਾ। ਇਉਂ ਜਿਉਂ ਕਹਾਣੀ ਦੇ ਢਾਂਚੇ ਨੇ ਜੋ ਕਿਹਾ ਸੀ, ਉਹ ਕਾਫ਼ੀ ਨਹੀਂ ਸੀ। ਜੇ ਬਾਹਰ ਖਲੋ ਕੇ ਬੋਲਣਾ ਹੈ ਤਾਂ ਕਹਾਣੀ ਲਿਖਣ ਦੀ ਲੋੜ ਹੀ ਕੀ ਹੈ ? ਦਰਅਸਲ, ਢੰਡ, ਕਹਾਣੀ ਜਾਂ ਕਿਸੇ ਵੀ ਕਲਾ ਨੂੰ ਸਿਆਸੀ ਏਜੰਡੇ ਦੇ ਪਰਚਾਰ ਦਾ ਮਾਧਿਅਮ ਸਮਝਦਾ ਸੀ। ਯਾਨਿ ਅੰਤਿਮ ਮਕਸਦ ਕਹਾਣੀ ਦਾ ਸੁਹਜ ਨਹੀਂ ਖੁੱਲ੍ਹੇ ਤੌਰ 'ਤੇ ਸਿਆਸੀ ਪਰਚਾਰ ਸੀ, ਕਹਾਣੀ ਕੇਵਲ ਮਾਧਿਅਮ ਸੀ। ਨੀਲਗਿਰੀ ਦੇ ਨਾਟਕਾਂ ਦਾ ਜੁੱਸਾ ਸਾਰੇ ਦਾ ਸਾਰਾ ਭਾਰਤੀ ਹੈ ਅਤੇ ਇਉਂ ਹੀ ਉਸਦੀਆਂ ਕਹਾਣੀਆਂ ਦਾ ਵੀ। ਉਸਦੀਆਂ ਸਿਰਫ਼ ਦੋ ਕਹਾਣੀਆਂ ਪਰਵਾਸੀ ਜ਼ਿੰਦਗੀ ਬਾਰੇ ਹਨ, 'ਦੋ ਕਿਨਾਰੇ' ਤੇ 'ਉਸਤਰੇ'। ਬਾਕੀ ਸਭ ਕੁਝ ਇੰਡੀਆ ਬਾਰੇ ਹੈ। ਇਸਦਾ ਅਰਥ ਇਹੋ ਹੀ ਲਿਆ ਜਾ ਸਕਦਾ ਹੈ ਕਿ ਨਵੇਂ ਸਮਾਜ, ਸੱਭਿਆਚਾਰ, ਸਮੱਸਿਆਕਾਰਾਂ ਨੇ ਉਹਦੀ ਚੇਤਨਾ 'ਤੇ ਕੋਈ ਵਿਸ਼ੇਸ਼ ਅਸਰ ਨਹੀਂ ਸੀ ਪਾਇਆ।

ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਹਸਤਾਖਰਾਂ ਬਾਰੇ ਕੁਝ ਵੀ ਕਹਿਣ ਤੋਂ ਮੈਂ ਗ਼ੁਰੇਜ਼ ਕਰਨਾ ਚਾਹਾਂਗਾ।

**? ਕੀ ਕਿਸੇ ਵਾਦ ਨਾਲ ਬੱਝਣ ਕਰ ਕੇ ਪੰਜਾਬੀ ਸਾਹਿਤ ਦਾ ਨੁਕਸਾਨ ਹੋਇਆ ਹੈ ? ਕੀ**



**ਸਾਹਿਤ ਵਿਚ ਵਾਦਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ? ਕੀ ਮਨੁੱਖਵਾਦ ਤੋਂ ਵੱਡਾ ਵਾਦ ਵੀ ਕੋਈ ਹੈ?**

– ਸੱਚੀ ਕਲਾ ਜਾਂ ਸਾਹਿਤ ਵਾਦਵਾਦੀ ਕਦੇ ਵੀ ਨਹੀਂ ਹੁੰਦਾ। ਪਰ ਇਸਤੋਂ ਪਹਿਲਾਂ ਇੱਕ ਹੋਰ ਸਵਾਲ ਦੇ ਰੂਬਰੂ ਹੋਣਾ ਬਣਦਾ ਹੈ, ਕਿ ਕਲਾ ਹੈ ਕੀ ? ਕਲਾ ਕਿੱਥੇ ਹੁੰਦੀ ਹੈ, ਕਲਾ ਦੀ ਰਿਹਾਇਸ਼ਗਾਹ ਕਿੱਥੇ ਹੈ ? ਮੇਰਾ ਇੱਕ ਸ਼ੇਅਰ ਹੈ:

ਖ਼ਾਹਸ਼ ਪੂਰੀ 'ਤੇ ਕਲਾਵਾਂ ਇਕ ਥਾਂ 'ਤੇ ਬਹਿੰਦੀਆਂ ਨਾ,
ਸ਼ੇਅਰ ਰਹਿੰਦਾ ਹੈ ਸਦਾ ਹੀ ਹਸਰਤਾਂ ਦੇ ਨਾਲ ਨਾਲ।

ਸਾਡਾ ਇੱਕ ਆਲੋਚਕ ਹਮੇਸ਼ਾਂ ਪਿਆਰ-ਕਵਿਤਾ ਦਾ ਰੌਲਾ ਪਾਉਂਦਾ ਹੁੰਦਾ ਹੈ। ਉਹ ਆਪ ਵੀ ਕੁਝ ਕੁਝ ਕਵੀ ਹੈ ਅਤੇ ਉਸਦੇ ਕਹਿਣ ਅਨੁਸਾਰ ਉਸਨੇ ਬੜੀਆਂ ਪਿਆਰ ਕਵਿਤਾਵਾਂ ਲਿਖੀਆਂ ਹਨ। ਜੇ ਮਜਨੂੰ ਨੂੰ ਲੈਲਾ ਮਿਲ ਜਾਂਦੀ ਤਾਂ ਕੀ ਉਹ ਖੂਹ ਗੇੜਨਾ ਜਾਰੀ ਰੱਖਦਾ ? ਜੇ ਪਰਵਾਸੀਆਂ ਨੂੰ ਸਭ ਕੁਝ ਲੋੜ ਅਨੁਸਾਰ ਇੰਡੀਆ ਵਿਚ ਹੀ ਮਿਲ ਜਾਂਦਾ ਤਾਂ ਕੀ ਉਹ ਬਾਹਰਲੇ ਦੇਸ਼ਾਂ ਨੂੰ ਮੂੰਹ ਕਰਦੇ ? ਆਪਣੇ ਮਨਪਸੰਦ ਮਹਿਬੂਬ ਨਾਲ ਵਿਆਹ ਕਰਵਾ ਲੈਣ ਤੋਂ ਬਾਅਦ ਤੁਸੀਂ ਉਸਦੇ ਵਿਛੋੜੇ 'ਚ ਕਿੰਨੀਆਂ ਕੁ ਲੇਰਾਂ ਮਾਰਦੇ ਹੋ ? ਸਾਡੇ ਉਪ੍ਰੋਕਤ ਆਲੋਚਕ ਦਾ ਦਾਅਵਾ ਹੈ ਕਿ ਪਿਆਰ ਕਵਿਤਾ ਉਹ ਲਿਖਦਾ ਹੈ ਜੋ ਪਿਆਰ ਕਰਦਾ ਹੈ। ਇਸ ਲਈ ਉਹਨੇ ਦੋ ਕੁੜੀਆਂ ਨਾਲ 'ਪਿਆਰ ਕੀਤਾ' ਅਤੇ ਅਜੇ ਤੱਕ ਪਿਆਰ ਕਵਿਤਾ ਲਿਖ ਰਿਹਾ ਹੈ। ਜ਼ਾਹਰ ਹੈ ਕਿ ਉਹਨਾਂ ਦੋਹਾਂ ਵਿੱਚੋਂ ਕੋਈ ਵੀ ਉਹਦੀ ਨਹੀਂ ਬਣੀ। ਬਣਦੀਆਂ ਵੀ ਕਿਵੇਂ ? ਉਹਨਾਂ ਦੋਹਾਂ ਦੇ ਆਪਣੇ ਪਿਆਰੇ ਪਤੀ ਤੇ ਪਰਿਵਾਰ ਹਨ। ਉਹ ਸਾਡੇ ਆਲੋਚਕ ਨਾਲ ਫਿਰਦੀਆਂ ਜ਼ਰੂਰ ਵੇਖੀਆਂ ਗਈਆਂ ਹਨ। ਇੱਕ ਤਾਂ ਵਾਪਸ ਆਪਣੇ ਵਤਨ ਚਲੀ ਗਈ ਸੀ ਅਤੇ ਦੂਜੀ ਦਾ ਵਤਨ ਹੀ ਇੰਡੀਆ ਹੈ। ਲੋਕਾਂ ਨੂੰ ਭੁਲੇਖਾ ਬਣਿਆ ਹੋਇਆ ਹੈ ਕਿ ਉਹਦੇ ਕੋਲ ਕੋਈ ਗਿੱਦੜ ਸਿੰਗੀ ਹੈ। ਤੇ ਉਹ ਮਚਲਾ ਬਣ ਕੇ ਢਿੱਡ ਵਿਚ ਹੱਸਦਾ ਰਹਿੰਦਾ ਹੈ। ਜ਼ਿਕਰੇ-ਆਮ ਚੱਲਦਾ ਰੱਖਣ ਦਾ ਇਹ ਵੀ ਇੱਕ ਤਰੀਕਾ ਹੈ। ਮੈਂ ਸ਼ਰਤੀਆ ਕਹਿ ਸਕਦਾ ਹਾਂ ਕਿ ਅਪੂਰਤ ਹਸਰਤਾਂ ਹੀ ਕਲਾ ਬਣਦੀਆਂ ਹਨ। ਹਰ ਕਵਿਤਾ, ਗ਼ਜ਼ਲ, ਗੀਤ ਮਰ ਗਈਆਂ ਖਾਹਸ਼ਾਂ ਦਾ ਰੁਦਨ ਹੈ, ਹੋਰ ਕੁਝ ਨਹੀਂ।

ਜੇ ਇਹ ਗੱਲ ਸਹੀ ਹੈ ਤਾਂ ਕਲਾ ਨਾਲ ਵਾਦ ਦਾ ਕੀ ਤਾਅਲੁਕ ? ਵਾਦ ਦਾ ਪਰਚਾਰ ਕਰਦਾ ਜਾਂ ਵਾਦ ਨਾਲ ਬੱਝਾ ਸਾਹਿਤ, ਸਾਹਿਤ ਨਹੀਂ ਹੁੰਦਾ। ਚੰਗਾ ਸਾਹਿਤ, ਗੁਣੀ ਸਾਹਿਤ, ਆਯਾਮੀ ਸਾਹਿਤ ਬੜੀਆਂ ਬੜੀਆਂ ਦੁਸ਼ਵਾਰੀਆਂ ਵਿੱਚ ਆਦਮੀ ਦਾ ਇੱਕੋ ਇੱਕ ਸੱਚਾ ਦੋਸਤ ਹੈ। ਲੇਖਕ ਹੀ ਸਾਹਿਤ ਦੀ ਰਚਨਾ ਨਹੀਂ ਕਰਦਾ, ਸਾਹਿਤ ਉਸਦੀ ਆਪਣੀ ਰਚਨਾ ਵੀ ਕਰਦਾ ਹੈ, ਉਸਨੂੰ ਦੁੱਖਾਂ ਵਿਚ, ਸੰਕਟਾਂ ਵਿੱਚ, ਗ਼ਮ ਵਿੱਚ, ਘੋਰ ਮੁਸੀਬਤਾਂ ਵਿੱਚ ਵੀ ਜਿਉਂਦਿਆਂ ਰੱਖਦਾ ਹੈ। ਸਾਹਿਤ, ਸਿਰਜਕ ਦੀ ਘਾੜਤ ਕਰਦਾ ਹੈ। ਉਸਦੇ ਜਿਊਣ ਦਾ ਸਬੱਬ ਹੈ। ਪਰ ਵਾਦ ਤਾਂ ਸਿਆਸੀ ਸ਼ੈਅ ਹੈ। ਸਿਆਸਤ ਤਾਂ ਬੰਦੇ ਦਾ ਖ਼ਾਤਮਾ ਕਰਦੀ ਹੈ। ਉਸਨੂੰ ਕੋਂਹਦੀ, ਜ਼ਲੀਲ ਕਰਦੀ, ਬੇਈਮਾਨ ਬਣਾਉਂਦੀ ਹੈ। ਫਿਰ ਭਲਾ ਸਾਹਿਤ ਨਾਲ ਵਾਦ ਦਾ ਕੀ ਸੰਬੰਧ ? ਵਾਦ ਤੋਂ ਪ੍ਰੇਰਿਤ ਜਾਂ ਵਾਦ ਨਾਲ ਸੰਬੰਧਿਤ ਸਾਹਿਤ, ਸਾਹਿਤ ਹੀ ਨਹੀਂ ਹੁੰਦਾ। ਇਹ ਸਿਆਸਤ ਵਰਗਾ ਹੀ ਘਿਨਾਉਣਾ ਕੁਕਰਮ ਹੁੰਦਾ ਹੈ। ਉਂਜ ਸਾਡਾ ਉਪ੍ਰੋਕਤ ਆਲੋਚਕ ਸਾਹਿਤ ਦਾ ਸਿਆਸਤਦਾਨ ਵੀ ਹੈ।

**? ਪਰਵਾਸੀ ਪੰਜਾਬੀ ਕਹਾਣੀ ਦਾ ਸੁਨਹਿਰੀ ਦੌਰ ਖਤਮ ਕਿਉਂ ਹੋ ਗਿਆ ?**

– ਹਰੇਕ ਦੌਰ, ਝੁਕਾਅ ਜਾਂ ਟਰੈਂਡ, ਅਸਲ ਵਿਚ, ਦਰਪੇਸ਼ ਯਥਾਰਥ ਦੀ ਗਤੀਸ਼ੀਲ ਪੇਸ਼ਕਾਰੀ ਕਰਨ ਲਈ ਹੀ ਵਜੂਦ ਵਿਚ ਆਉਂਦਾ ਹੈ। ਸਦੀਵੀ ਕੁਝ ਨਹੀਂ ਹੁੰਦਾ। ਜਦੋਂ ਹੀ ਯਥਾਰਥ ਬਦਲਦਾ ਹੈ ਸਾਹਿਤ ਦਾ ਰੂਪਾਕਾਰ ਵੀ ਬਦਲਦਾ ਹੈ ਕਿਉਂਕਿ ਪੁਰਾਣਾ ਰੂਪਾਕਾਰ ਨਵੇਂ ਯਥਾਰਥ ਨੂੰ

ਪੇਸ਼ ਕਰ ਸੱਕਣ ਤੋਂ ਅਸਮਰੱਥ ਹੁੰਦਾ ਹੈ। ਕੀ ਅਜੋਕੇ ਜਟਿਲ ਯਥਾਰਥ ਨੂੰ ਕਿੱਸਾਕਾਰੀ ਪੇਸ਼ ਕਰ ਸਕਦੀ ਹੈ ? ਬਿਲਕੁਲ ਨਹੀਂ। ਦੂਜੇ ਪਾਸੇ ਸਾਹਿਤ-ਸਿਰਜਕ ਖ਼ੁਦ ਵੀ ਬਦਲਦਾ ਹੈ। ਉਹਦਾ ਅਨੁਭਵ ਵਿਸ਼ਾਲ ਹੋ ਕੇ ਕਿਸੇ ਰੂਪਾਕਾਰ ਦੇ ਆਕਾਰ ਤੋਂ ਅੱਗੇ ਲੰਘ ਜਾਂਦਾ ਹੈ। ਇਸ ਵਿਸ਼ਾਲ ਅਨੁਭਵ ਨੂੰ ਪੇਸ਼ ਕਰਨ ਲਈ ਉਸਨੂੰ ਕਿਸੇ ਵਿਸ਼ਾਲ ਵਿਧਾ ਦੀ ਲੋੜ ਪੈਂਦੀ ਹੈ। ਜੇ ਅਜਿਹੀ ਕੋਈ ਵਿਧਾ ਉਸਦੀ ਸਾਹਿਤਕ ਪਰੰਪਰਾ ਵਿਚ ਨਾ ਪਈ ਹੋਵੇ ਤਾਂ ਉਹ ਆਪ ਉਸਨੂੰ ਈਜਾਦ ਕਰਦਾ ਹੈ। ਇਸ ਨਵੀਂ ਲੱਭਤ ਨੂੰ ਸਾਹਮਣੇ ਲਿਆਉਣਾ 'ਗਾਡੀ ਰਾਹ' ਤਿਆਰ ਕਰਨਾ ਕਿਹਾ ਜਾਂਦਾ ਹੈ। ਸੰਖੇਪ ਇਹ ਕਿ ਨਾ ਹੀ ਮਨੁੱਖ ਅਤੇ ਨਾ ਹੀ ਕੋਈ ਸਾਹਿਤਕ ਵਿਧਾ ਹਮੇਸ਼ਾਂ ਲਈ ਕਾਇਮ ਰਹਿੰਦੀ ਹੈ। ਹਰ ਚੀਜ਼ ਦਾ ਵਿਕਾਸ ਜਾਂ ਪਰਿਵਰਤਨ ਹੀ ਪੂਰੇ ਬ੍ਰਹਿਮੰਡ ਦੀ ਪ੍ਰਕਿਰਤੀ ਹੈ।

ਇਤਿਹਾਸ ਵਿਚ ਬੜੇ ਬੜੇ ਸੁਨਹਿਰੀ ਦੌਰ ਖਤਮ ਹੋਏ ਹਨ ਕਿਉਂਕਿ 'ਥਿਰ ਜਾਂ ਸਥਿਰ' ਕੁਝ ਵੀ ਨਹੀਂ। ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਹੈ। ਪਰ ਇਤਿਹਾਸਕ ਕਾਰਨ ਇਹ ਹੈ ਕਿ ਬਾਹਰਲੇ ਦੇਸ਼, ਖਾਸ ਕਰ ਕੇ ਯੂ.ਕੇ ਦੇ ਇਮੀਗ੍ਰੇਸ਼ਨ ਕਾਨੂੰਨ ਵਿਚ ਸਖ਼ਤੀ ਆਉਣ ਨਾਲ ਨਵੀਂ ਪਨੀਰੀ ਏਥੇ ਆਉਣੀ ਬੰਦ ਹੋ ਗਈ। ਪੁਰਾਣੀ ਪੀੜ੍ਹੀ ਕੁਝ ਤਾਂ ਲੋਪ ਹੋ ਗਈ ਅਤੇ ਬਾਕੀ ਬਚਦੀ 'ਚੋਂ ਪਰੌਢ ਹੋ ਚੁੱਕੇ ਲੇਖਕ ਵਿਸ਼ਾਲ ਅਨੁਭਵ ਦੀ ਪੇਸ਼ਕਾਰੀ ਲਈ ਮਹਾਂਦ੍ਰਿਸ਼ ਨੂੰ ਪੇਸ਼ ਕਰਨ ਵਾਲੀਆਂ ਵਿਧਾਵਾਂ 'ਤੇ ਹੱਥ ਅਜ਼ਮਾਉਣ ਲੱਗ ਪਏ ਜਿਵੇਂ ਨਾਵਲ ਦੀ ਵਿਧਾ ਆਦਿ। ਇਸ ਲਈ ਕਹਾਣੀ ਦਾ ਦੌਰ ਖ਼ਤਮ ਹੋ ਗਿਆ। ਇੰਜ ਹੋਣਾ ਹੀ ਹੁੰਦਾ ਹੈ।

**? ਕੈਨੇਡਾ ਅਤੇ ਉੱਤਰੀ ਅਮਰੀਕਾ ਵਿਚ ਮਾਈਗਰੈਸ਼ਨ ਹਾਲੇ ਵੀ ਜਾਰੀ ਹੈ ਪਰ ਲਿਖਤਾਂ ਵਿਚ ਪਰਪੱਕਤਾ ਕਿਉਂ ਨਹੀਂ ? ਓਥੇ ਬ੍ਰਤਾਨਵੀ ਪੰਜਾਬੀ ਕਹਾਣੀ ਵਾਲੀ ਚੜ੍ਹਤ ਕਿਉਂ ਨਹੀਂ ਆਈ ਅਤੇ ਕੋਈ ਵਧੀਆ ਨਾਵਲ ਕਿਉਂ ਨਹੀਂ ਲਿਖਿਆ ਗਿਆ ?**

– ਕੈਨੇਡਾ ਵਿਚ ਪਰਵਾਸੀ ਅਨੁਭਵ ਵਾਲੇ ਸਾਹਿਤ ਦੀ ਸ਼ੁਰੂਆਤ ਸਾਧੂ ਸਿੰਘ ਧਾਮੀ ਦੇ ਨਾਵਲ 'ਮਲੂਕਾ' ਤੋਂ ਮੰਨੀ ਜਾ ਸਕਦੀ ਹੈ। ਇਹ ਦੌਰ 20ਵੀ ਸਦੀ ਦੇ ਸ਼ੁਰੂ ਦਾ ਦੌਰ ਹੈ। ਇਸੇ ਦੌਰ ਵਿਚ ਕਾਮਾਗਾਟਾ ਮਾਰੂ ਜਹਾਜ਼ ਵਾਲਾ ਮਹਾਂਬ੍ਰਿਤਾਂਤ ਵੀ ਵਾਪਰਿਆ। ਨਸਲਵਾਦ ਉਦੋਂ ਆਪਣੀ ਚਰਮ-ਸੀਮਾ 'ਤੇ ਸੀ। ਕੈਨੇਡਾ ਕਿਸੇ ਇੱਕ ਸਮਾਜ-ਸੱਭਿਆਚਾਰ ਦਾ ਦੇਸ਼ ਨਹੀਂ। ਉਥੇ ਵੱਸੇ ਹੋਏ ਲੋਕ ਵੱਖ ਵੱਖ ਦੇਸ਼ਾਂ ਤੋਂ ਹਿਜਰਤ ਕਰ ਕੇ ਉਥੇ ਗਏ ਸਨ। ਇਹ ਇੱਕ ਤਰਾਂ ਨਾਲ ਇਹਨਾਂ ਸਭ ਦਾ ਦੇਸ਼ ਸੀ। ਇਸ ਲਈ ਨਸਲਵਾਦ ਬਹੁਤੀ ਦੇਰ ਤੱਕ ਖੜਾ ਨਹੀਂ ਸੀ ਰਹਿ ਸਕਦਾ।

ਚੰਗੀ ਤੇ ਮੱਯਾਰੀ ਰਚਨਾ ਲਈ ਸਮਾਜ ਵਿਚ ਵਿਰੋਧਾਂ ਦਾ ਹੋਣਾ ਲਾਜ਼ਮੀ ਹੈ। ਇੰਡੀਆ ਵਿਚ ਅਮੀਰ-ਗਰੀਬ ਦਾ ਪਾੜਾ ਤਾਂ ਸੀ ਹੀ। ਜਾਂ ਫਿਰ ਤਥਾ-ਕੱਥਿਤ ਸਵਰਨ ਜਾਤੀਆਂ ਤੇ ਦਲਿਤ ਜਾਤੀਆਂ ਦਾ। ਪਰ ਕੈਨੇਡਾ ਜਾਂ ਅਮਰੀਕਾ ਵਿਚ ਅਜਿਹੀ ਵੀ ਸਥਿਤੀ ਨਹੀਂ ਸੀ। ਜੇ ਕੋਈ ਵਿਰੋਧ ਸੀ ਤਾਂ ਉਹ ਸੀ ਸਮਾਜਵਾਦ ਅਤੇ ਪੂੰਜੀਵਾਦ ਵਿਚਕਾਰ। ਪਰ ਫੇਰ ਵੀ ਕਮਿਊਨਿਸਟਾਂ ਵਿਚ ਏਨੀ ਅੱਗ ਨਹੀਂ ਸੀ ਕਿ ਉਹ ਬਲ ਸਕਦੇ। ਵਧੀਆ ਸਾਹਿਤ ਕਿਸੇ ਟੱਕਰ 'ਚੋਂ ਹੀ ਨਿਕਲਣਾ ਸੀ। ਸਾਹਿਤ ਨੇ ਸਮਾਜ ਦੀ ਰਿੱਝ ਰਹੀ ਭੱਠੀ 'ਚੋਂ ਹੀ ਆਪਣੀ ਹੋਂਦ ਦੇ ਬੀਜ ਤਲਾਸ਼ਣੇ ਹੁੰਦੇ ਹਨ। ਇਹ ਦ੍ਰਿਸ਼ਟੀਕੋਣ ਪੰਜਾਬੀ ਸਾਹਿਤ ਦੀ ਉਤਪਤੀ ਨਾਲ ਜੁੜਦਾ ਹੈ ਨਾ ਕਿ ਓਥੋਂ ਦੇ ਅੰਗਰੇਜ਼ੀ ਸਾਹਿਤ ਨਾਲ। ਓਥੇ ਅੰਗਰੇਜ਼ੀ ਵਿਚ ਤਾਂ ਬਹੁਤ ਕੁਝ ਲਿਖਿਆ ਗਿਆ ਹੀ ਅਤੇ ਵਧੀਆਂ ਵੀ ਲਿਖਿਆ ਗਿਆ ਹੈ। ਪਰ ਅਸੀਂ ਪੰਜਾਬੀ ਸਾਹਿਤ ਦੀ ਗੱਲ ਕਰ ਰਹੇ ਹਾਂ। ਕਹਾਣੀ ਦੇ ਖੇਤਰ ਵਿਚ ਓਥੇ ਜ਼ਰੂਰ ਕੁਝ ਕੰਮ ਹੋਇਆ ਪਰ ਨਾਵਲ ਨਦਾਰਦ ਹੀ ਰਿਹਾ। ਕਵਿਤਾ ਵੀ ਲਿਖੀ ਗਈ ਪਰ ਕਵਿਤਾ ਕਿਸੇ ਪ੍ਰਤਿਕਿਰਿਆ ਦਾ ਫ਼ੌਰੀ ਪ੍ਰਗਟਾਅ ਹੁੰਦਾ ਹੈ। ਕਹਾਣੀ ਨੂੰ ਸਾਰਥਕ ਬਣਨ ਲਈ ਇੱਕ ਵਸਤੂਪਰਕ ਵਿੱਥ ਚਾਹੀਦੀ ਹੈ। ਪਰ ਜੇ ਸਮਾਜ ਵਿਚਲਾ ਯਥਾਰਥ ਕਿਸੇ ਵਿਸ਼ੇਸ਼ ਨਜ਼ਰੀਏ ਤੋਂ ਗਤੀਸ਼ੀਲ ਨਹੀਂ



ਤਾਂ ਵਿੱਥ ਦੀ ਲੋੜ ਹੀ ਨਹੀਂ ਰਹਿ ਜਾਂਦੀ। ਗਲਪ ਰਚਨਾ (ਕਹਾਣੀ ਜਾਂ ਨਾਵਲ) ਨੂੰ ਵਿਰਾਟ ਵਿਰੋਧਾਂ ਤੋਂ ਬਿਨਾਂ ਨਹੀਂ ਸਿਰਜਿਆ ਜਾ ਸਕਦਾ। ਜੇ ਕੋਈ ਕੋਸ਼ਿਸ਼ ਕਰਦਾ ਵੀ ਹੈ ਤਾਂ ਲਿਖਤ ਦਾ ਚਿਹਨ ਤਣਾਉ ਵਿਚ ਨਹੀਂ ਰਹਿ ਸਕਦਾ ਬਲਕਿ ਫਲੈਟ ਹੋ ਜਾਂਦਾ ਹੈ। ਗਾਲਪਿਕ ਚਿਹਨ ਉਸ ਰੱਸੇ ਵਾਂਗ ਹੋਣਾ ਚਾਹੀਦਾ ਹੈ ਜਿਸਨੂੰ ਵਿਰੋਧੀ ਧਿਰਾਂ ਜਾਂ ਟੀਮਾਂ ਆਪਣੇ ਵੱਲ ਖਿੱਚ ਰਹੀਆਂ ਹੋਣ ਅਤੇ ਰੱਸਾ ਬੁਰੀ ਤਰ੍ਹਾਂ ਕੰਬ ਰਿਹਾ ਹੋਵੇ। ਚਿਹਨ ਦਾ ਇਹ ਕਾਂਬਾ ਹੀ ਤਣਾਉ ਹੈ।

ਪਿਛਲੇ ਪੰਦਰਾਂ ਕੁ ਸਾਲਾਂ ਵਿਚ ਇੰਡੀਆ ਤੋਂ ਜਿਹੜੇ ਨੌਜਵਾਨ ਲੇਖਕ ਅਮਰੀਕਾ ਕੈਨੇਡਾ ਵਿਚ ਜਾ ਕੇ ਵੱਸੇ ਉਹ ਜ਼ਿਆਦਾਤਰ ਕਵੀ ਜਾਂ ਗ਼ਜ਼ਲਗੋ ਸਨ। ਸ਼ਾਇਦ ਗਲਪਕਾਰਾਂ ਦੀ ਓਥੇ ਘਾਟ ਹੀ ਰਹੀ ਹੈ। ਪਰ ਫੇਰ ਵੀ ਵੱਡਾ ਫੈਕਟਰ ਇਹ ਨਹੀਂ ਹੈ, ਵੱਡਾ ਫੈਕਟਰ ਹੈ ਵਿਰਾਟ ਵਿਰੋਧਾਂ ਦੀ ਘਾਟ ਜੋ ਕਿ ਹੁਣ ਇੰਗਲੈਂਡ ਵਿਚ ਵੀ ਹੈ। 'ਕੰਜਕਾਂ' ਨਾਵਲ ਦਾ ਦੌਰ ਬੀਤ ਚੁੱਕਾ ਹੈ। ਮੈਂ ਖ਼ੁਦ ਕਿਸੇ ਅਜਿਹੇ ਬਲਵਾਨ ਵਿਰੋਧ ਦੀ ਤਲਾਸ਼ ਵਿਚ ਹਾਂ ਜੋ ਮੈਥੋਂ ਕੋਈ ਵਧੀਆ ਨਾਵਲ ਲਿਖਵਾ ਸੱਕੇ।

**? 'ਕੰਜਕਾਂ' ਨਾਵਲ ਨੇ ਹੱਲਚੱਲ ਜਿਹੀ ਮਚਾ ਦਿੱਤੀ ਸੀ। ਉਸਤੋਂ ਬਾਅਦ ਤੁਸੀਂ ਕਿਸ ਨਾਵਲ ਨੂੰ ਮੁੱਖ ਧਾਰਾ ਦੇ ਨਾਵਲ ਵੱਜੋਂ ਪਰਵਾਨ ਕਰੋਗੇ ?**

– ਜਿਵੇਂ ਮੈਂ ਪਹਿਲਾਂ ਕਿਹਾ ਹੈ, 'ਕੰਜਕਾਂ' ਦਾ ਦੌਰ ਬੀਤ ਚੁੱਕਾ ਹੈ। ਹੁਣ ਉਹ ਵਿਰੋਧ ਨਹੀਂ ਰਹੇ। ਮੈਂ ਖੁਦ ਕਿਸੇ ਵਿਰਾਟ ਵਿਰੋਧ ਦੀ ਤਲਾਸ਼ ਵਿਚ ਹਾਂ। ਪਰ ਫੇਰ ਵੀ ਤੇਰੇ ਦੋ ਨਾਵਲ ਮੈਨੂੰ ਕਾਫੀ ਸਮਰੱਥ ਲਗਦੇ ਹਨ; ਇੱਕ ਹੈ 'ਵੱਨ ਵੇਅ', ਤੇ ਦੂਜਾ ਹੈ 'ਰੇਤ'। 'ਰੇਤ' ਵਿਚਲਾ ਵਿਰੋਧ (ਪਤੀ-ਪਤਨੀ ਵਿਚਕਾਰ) ਕਾਫ਼ੀ ਬਲਵਾਨ ਹੈ। ਇਹ ਚਿਹਨ ਨੂੰ ਢਿੱਲਾ ਨਹੀਂ ਪੈਣ ਦੇਂਦਾ, ਦੌਣ ਵਾਂਗ ਕੱਸਿਆ ਹੋਇਆ ਰੱਖਦਾ ਹੈ। ਇਸੇ ਤਣਾਉ ਵਿਚ ਹੀ ਇਸਦੀ ਪੜ੍ਹਨਯੋਗਤਾ ਲੁਕੀ ਹੋਈ ਹੈ। ਜਿਸ ਨਾਵਲ ਦੇ ਕੁਝ ਸਫ਼ੇ ਪੜ੍ਹ ਕੇ ਤੁਸੀਂ ਅੱਕ ਜਾਉ ਅਤੇ ਉਸਨੂੰ ਚਲਾ ਕੇ ਮਾਰੋ, ਸਮਝ ਲਉ ਉਸਦੀ ਦੌਣ ਬਹੁਤ ਢਿੱਲੀ ਹੈ। ਉਸਦਾ ਚਿਹਨ ਫਲੈਟ ਹੈ। ਸੰਤੋਖ ਧਾਲੀਵਾਲ ਦਾ ਨਾਵਲ 'ਸਰਘੀ' ਵਿਚ ਵੀ ਪੜ੍ਹਨਯੋਗਤਾ ਬਹੁਤ ਹੈ ਪਰ ਸਿਆਣਾ ਪਾਠਕ ਉਦੋਂ ਗੁੱਸੇ ਨਾਲ ਭਰ ਜਾਂਦਾ ਹੈ ਜਦੋਂ ਲੇਖਕ ਬਿਰਤਾਂਤ ਪੇਸ਼ ਕਰ ਰਹੇ ਬਿਰਤਾਂਤਕਾਰ ਨੂੰ ਬਦਲ ਦੇਂਦਾ ਹੈ। ਤੇਰੇ ਨਾਵਲ ਇਸ ਦੋਸ਼ ਤੋਂ ਬਿਲਕੁਲ ਬਰੀ ਹਨ ਪਰ ਤੇਰੇ 'ਸਾਊਥਾਲ' ਨੇ ਮੇਰਾ ਬੜਾ ਸਬਰ ਅਜ਼ਮਾਇਆ ਹੈ। ਕਿਉਂ ਦਾ ਜੁਆਬ ਮੈਂ ਤੇਰੇ ਨਾਲ ਬੈਠ ਕੇ ਹੀ ਦੇ ਸਕਦਾ ਹਾਂ, ਇਸ ਇੰਟਰਵਿਊ ਵਿਚ ਨਹੀਂ। ਜਿਵੇਂ ਮੈਂ ਗ਼ਜ਼ਲ ਲਈ ਅਰੂਜ਼ ਨੂੰ ਜ਼ਰੂਰੀ ਸਮਝਦਾ ਹਾਂ ਉਵੇਂ ਹੀ ਮੈਂ ਨਾਵਲ ਲਈ ਨਾਵਲ ਦੇ ਕਾਵਿ-ਸ਼ਾਸਤਰ ਨੂੰ ਵੀ ਜ਼ਰੂਰੀ ਸਮਝਦਾ ਹਾਂ। ਕੁਝ ਖੁੱਲ੍ਹਾਂ ਲਈਆਂ ਜਾ ਸਕਦੀਆਂ ਹਨ ਪਰ ਖੁੱਲ੍ਹੀ ਗ਼ਜ਼ਲ ਨਹੀਂ ਲਿਖੀ ਜਾ ਸਕਦੀ ਜਿਵੇਂ ਅੱਜ ਕੱਲ੍ਹ ਖੁੱਲ੍ਹੀ ਕਵਿਤਾ ਲਿਖੀ ਜਾ ਰਹੀ ਹੈ। ਕੁਝ ਬੰਦਸ਼ਾਂ ਤੇ ਬੰਧਨ ਹੀ ਸਮਾਜ ਨੂੰ, ਸਮਾਜ ਦੀਆਂ ਸੰਸਥਾਵਾਂ ਨੂੰ, ਸਾਹਿਤ ਦੀ ਸੰਸਥਾ ਨੂੰ ਜਿਊਂਦਿਆਂ ਰੱਖ ਸਕਦੇ ਹਨ।

**? ਹੁਣ ਤੁਹਾਡਾ ਨਵਾਂ ਨਾਵਲ 'ਸਮਾਂ ਆ ਰਿਹਾ ਹੈ। 'ਨਵੇਂ ਰਿਸ਼ਤੇ' ਤੋਂ ਲੈ ਕੇ 'ਸਮਾਂ' ਤੱਕ ਦਾ ਇਹ ਤੀਹਾਂ ਸਾਲਾਂ ਦਾ ਸਫ਼ਰ ਕਿਵੇਂ ਰਿਹਾ ?**

– ਸਫ਼ਰ ਅੱਛਾ ਰਿਹਾ। ਰਸਤੇ ਵਿਚ ਜਮੂਦ ਦੀਆਂ ਕਈ ਘੜੀਆਂ ਆਈਆਂ ਪਰ ਕੁਝ ਪ੍ਰੇਸ਼ਾਨੀ ਤੋਂ ਬਾਅਦ ਸਫ਼ਰ ਫਿਰ ਸ਼ੁਰੂ ਹੋ ਜਾਂਦਾ ਰਿਹਾ। ਅਸਲ ਵਿਚ, ਨਾਵਲ ਲਿਖਣਾ ਬੜਾ ਜ਼ਿੰਮੇਵਾਰੀ ਵਾਲਾ ਕੰਮ ਹੈ। ਨਾਵਲ ਦੀ ਸ਼ਕਲ ਵਿਚ ਤੁਸੀਂ ਇੱਕ ਮੈਨੀਫੈਸਟੋ ਲੈ ਕੇ ਪਾਠਕਾਂ ਕੋਲ ਜਾ ਰਹੇ ਹੁੰਦੇ ਹੋ। ਨਾਵਲ ਛਪ ਜਾਣ ਤੋਂ ਬਾਅਦ ਉਸ ਉੱਤੇ ਤੁਹਾਡਾ ਕੋਈ ਕੰਟਰੋਲ ਨਹੀਂ ਰਹਿ ਜਾਂਦਾ। ਇਸ ਲਈ ਇਸ ਮੈਨੀਫੈਸਟੋ ਨੂੰ ਲੋਕਾਂ/ਪਾਠਕਾਂ ਅੱਗੇ ਪੇਸ਼ ਕਰਨ ਤੋਂ ਪਹਿਲਾਂ ਤੁਹਾਨੂੰ ਖ਼ੁਦ ਇਸਦੀ ਹੋਣੀ ਦਾ ਪਤਾ ਹੋਣਾ ਚਾਹੀਦਾ ਹੈ। ਜ਼ਰਾ ਜਿਹੀ ਢਿੱਲ ਮੱਠ, ਕੁਤਾਹੀ, ਵੇਖੀ ਜਾਊ ਜਿਹੜੀ ਹੋਊ, ਬਾਕੀ ਲੇਖਕ ਵੀ ਤਾਂ ਏਦਾਂ ਦੇ ਈ ਨੇ, ਫਲਾਣੇ ਤੋਂ ਮਾੜਾ ਤਾਂ ਨਹੀਂ, ਜੇ ਚੱਲ ਗਿਆ ਤਾਂ ਠੀਕ ਹੈ

ਨਹੀਂ ਤਾਂ ਅਗਲੀ ਵਾਰੀ ਹੋਰ ਸਹੀ - ਇਹੋ ਜਿਹਾ ਰਵੱਈਆ ਚੰਗੇ ਲੇਖਕ ਦਾ ਨਹੀਂ ਹੋ ਸਕਦਾ। ਇਸੇ ਲਈ ਮੈਂ ਸਿਰਫ਼ ਹੱਥ ਨਾਲ ਲਿਖਦਾ ਹਾਂ, ਕੱਟਦਾ ਵੱਢਦਾ ਹਾਂ, ਚੈਪਟਰ ਲਿਖ ਕੇ ਪਾੜਦਾ ਰਹਿੰਦਾ ਹਾਂ, ਓਨਾ ਚਿਰ ਜਿੰਨਾ ਚਿਰ ਮੇਰੀ ਆਪਣੀ ਤਸੱਲੀ ਨਹੀਂ ਹੋ ਜਾਂਦੀ। ਸਾਰਾ ਨਾਵਲ ਫਾਈਨਲ ਕਰ ਕੇ ਫਿਰ ਕੰਪਿਊਟਰ 'ਤੇ ਬੈਠਦਾ ਹਾਂ। ਕਈ ਵੇਰੀ ਇੰਡੀਆ ਜਾ ਕੇ ਕਿਸੇ ਵਧੀਆਂ ਬੰਦੇ ਕੋਲੋਂ ਟਾਈਪ ਕਰਵਾ ਲੈਂਦਾ ਹਾਂ। ਸਾਰੇ ਪਰੂਫ਼ ਆਪ ਪੜ੍ਹਦਾ ਹਾਂ। ਪਰੂਫ਼ਾਂ ਦੇ ਸੰਬੰਧ ਵਿਚ ਮੈਨੂੰ ਕਿਸੇ 'ਤੇ ਵੀ ਭਰੋਸਾ ਨਹੀਂ।

ਲੇਖਕ ਲਈ ਸ਼ਬਦਾਂ ਦੇ ਮੋਹ ਨੂੰ ਤਿਆਗਨਾ ਬਹੁਤ ਜ਼ਰੂਰੀ ਹੈ। ਆਪਣੇ ਲਿਖੇ ਸ਼ਬਦਾਂ ਨੂੰ ਕੱਟਣਾ, ਮਾਰਨਾ, ਕਤਲ ਕਰਨਾ ਆਸਾਨ ਨਹੀਂ ਹੁੰਦਾ। ਪਰ ਜੇ ਤੁਸੀਂ ਆਪਣੇ ਆਲੋਚਕ ਆਪ ਬਣਨ ਦੀ ਜ਼ਹਿਮਤ ਉਠਾ ਸਕਦੇ ਹੋ ਤਾਂ ਅਜਿਹਾ ਹੋ ਸਕਦਾ ਹੈ। ਮੈਂ ਇਹ ਸਾਰੇ ਰਸਤੇ ਲੰਘ ਕੇ, ਮਿੱਧ ਕੇ, ਏਥੋਂ ਤੱਕ ਆਇਆ ਹਾਂ ਕਿਉਂਕਿ ਸਿਰਜਣਾ ਉਹ ਖੇਤਰ ਹੈ (ਕਿਸੇ ਵੀ ਕਲਾ ਦੀ ਸਿਰਜਣਾ) ਜਿਸਦਾ ਕੋਈ ਸ਼ਾਰਟ-ਕੱਟ ਨਹੀਂ ਹੁੰਦਾ। ਹਰੇਕ ਕਲਾਕਾਰ/ਲੇਖਕ ਨੂੰ ਸਾਰੇ ਹੀ ਲੰਮੇਂ ਰਸਤਿਆਂ ਥਾਣੀਂ ਗੁਜ਼ਰਨਾ ਹੀ ਪੈਂਦਾ ਹੈ। ਸਿਰਜਣਾ ਕਰਨੀ ਇਸ਼ਕ ਹੈ। ਇਸ਼ਕੋਂ ਉਰੇ ਮੁਕਾਮ ਨਾ ਕੋਈ।

**? ਤੁਸੀਂ ਗੁਰਦਿਆਲ ਸਿੰਘ ਤੇ ਅਣਖੀ ਦੇ ਬਰਾਬਰ ਦੇ ਨਾਵਲਕਾਰ ਹੋ, ਇਹਨਾਂ ਦੇ ਸਮਕਾਲੀ ਹੋ ਕੇ ਕਿਵੇਂ ਲਗਦਾ ਹੈ ?**

– ਸਮਕਾਲੀ ਤਾਂ ਅਸੀਂ ਸਾਰੇ ਹੀ ਹਾਂ ਇੱਕ ਦੂਜੇ ਦੇ ਕਿਉਂਕਿ ਅਸੀਂ ਸਮੇਂ ਦੇ ਇੱਕ ਹੀ ਕਾਲ ਵਿਚ ਜੀਅ ਰਹੇ ਹਾਂ, ਵਰਤਮਾਨ ਕਾਲ ਵਿਚ। ਹਾਂ, ਪ੍ਰੀੜੀਆਂ ਦਾ ਫ਼ਰਕ ਜ਼ਰੂਰ ਹੈ। ਸਾਹਿਤਕ ਪ੍ਰੀੜੀ ਪੰਦਰਾਂ ਜਾਂ ਵੀਹਾਂ ਸਾਲਾਂ ਬਾਅਦ ਬਦਲ ਜਾਂਦੀ ਹੈ ਕਿਉਂਕਿ ਸਮਾਂ ਬਦਲ ਜਾਂਦਾ ਹੈ, ਹਾਲਾਤ ਬਦਲ ਜਾਂਦੇ ਹਨ, ਲਿਖਣ ਸ਼ੈਲੀਆਂ ਬਦਲ ਜਾਂਦੀਆਂ ਹਨ ਅਤੇ ਯਥਾਰਥ ਵੀ ਬਦਲ ਜਾਂਦਾ ਹੈ। ਅਸਲ ਵਿਚ, ਸਾਰਾ ਕੁਝ ਬਦਲੇ ਹੋਏ ਯਥਾਰਥ ਕਰ ਕੇ ਬਦਲਦਾ ਹੈ।

ਸੁਤਿੰਦਰ ਨੂਰ ਨੇ 1991 ਵਿਚ ਲਿਖਿਆ ਸੀ ਕਿ ਸਵਰਨ ਚੰਦਨ, ਗੁਰਦਿਆਲ ਸਿੰਘ ਤੋਂ ਅਗਲੀ ਕੜੀ ਦਾ ਪ੍ਰਮੁੱਖ ਪੰਜਾਬੀ ਨਾਵਲਕਾਰ ਹੈ। ਇਉਂ ਹੀ ਮੈਂ ਸਮਝਦਾ ਹਾਂ ਕਿ ਗੁਰਦਿਆਲ ਸਿੰਘ, ਨਾਨਕ ਸਿੰਘ-ਜਸਵੰਤ ਸਿੰਘ ਕੰਵਲ ਤੋਂ ਅਗਲੀ ਕੜੀ ਦਾ ਨਾਵਲਕਾਰ ਸੀ। ਕੜੀ ਦਾ ਇਹ ਫ਼ਰਕ ਬਦਲੇ ਹੋਏ ਯਥਾਰਥ ਨੂੰ ਪਕੜ ਸਕਣ ਅਤੇ ਗਾਲਪਿਕ ਰੂਪ ਵਿਚ ਰੂਪਾਂਤਰਿਤ ਕਰ ਸਕਣ ਵਿਚ ਪਿਆ ਹੁੰਦਾ ਹੈ। ਜਿੱਥੇ ਨਾਨਕ ਸਿੰਘ ਸ਼ਹਿਰੀ ਮੱਧਵਰਗ ਦੀਆਂ ਵਿਡੰਬਨਾਵਾਂ ਨੂੰ ਲੈ ਕੇ ਸੁਧਾਰ ਦੀ ਦ੍ਰਿਸ਼ਟੀ ਤੋਂ ਆਪਣੀ ਗਲਪ ਦੀ ਪੇਸ਼ਕਾਰੀ ਕਰ ਰਿਹਾ ਸੀ ਓਥੇ ਕੰਵਲ ਹੁਰੀਂ ਪੇਂਡੂ ਸਮਾਜ ਨੂੰ ਸਾਹਮਣੇ ਰੱਖ ਕੇ ਰੁਮਾਂਸਵਾਦੀ ਦ੍ਰਿਸ਼ਟੀ ਤੋਂ ਪ੍ਰਗਤੀਵਾਦ ਨੂੰ ਪੇਸ਼ ਕਰ ਰਹੇ ਸਨ। ਨਾਨਕ ਸਿੰਘ ਦਾ ਅਨੁਭਵ ਸ਼ਹਿਰਾਂ ਦਾ ਸੀ ਅਤੇ ਕੰਵਲ ਹੁਰਾਂ ਦਾ ਪਿੰਡਾਂ ਦਾ। ਪਰ ਇਹਨਾਂ ਦੋਹਾਂ ਨਾਵਲਕਾਰਾਂ ਕੋਲ ਦੱਬੀਆਂ ਕੁਚਲੀਆਂ ਜਾਤੀਆਂ ਦਾ ਅਨੁਭਵ ਨਹੀਂ ਸੀ, ਇਸ ਲਈ ਗੁਰਦਿਆਲ ਸਿੰਘ ਆਪਣੇ ਪਹਿਲੇ ਨਾਵਲ ਨਾਲ ਹੀ ਇਹਨਾਂ ਜਾਤੀਆਂ ਦਾ ਬੁਲਾਰਾ ਬਣ ਕੇ ਅਗਲੀ ਕੜੀ ਦਾ ਨਾਵਲਕਾਰ ਬਣ ਜਾਂਦਾ ਹੈ। ਇਸਤੋਂ ਬਾਅਦ ਹੋਰ ਮਲਵਈ ਲੇਖਕਾਂ ਦੀ ਵਾਰੀ ਆਉਂਦੀ ਹੈ ਜਿਵੇਂ ਅਣਖੀ ਅਤੇ ਕੁੱਸਾ ਆਦਿ ਦੀ। ਪਰ ਇਹ ਦੋਵੇਂ ਲੇਖਕ ਦੱਬੇ ਕੁਚਲੇ ਜੱਟ ਦੀ ਗੱਲ ਕਰਨ ਲਗਦੇ ਹਨ। ਮੇਰਾ ਅਨੁਭਵ ਪੰਜਾਬ ਦੇ ਪਿੰਡਾਂ ਦਾ ਅਤੇ ਇੰਗਲੈਂਡ ਦਾ ਸੀ। ਮੇਰੇ ਪਹਿਲੇ ਚਾਰ ਨਾਵਲ ਬਹੁਤ ਗੌਲੇ ਤੇ ਪੜ੍ਹੇ ਗਏ ਪਰ ਅਗਲੀ ਕੜੀ ਦਾ ਵਿਸ਼ੇਸ਼ਣ 'ਕੰਜਕਾਂ' ਦੇ ਆਉਣ ਨਾਲ ਲੱਗਾ। ਡਾ: ਅਤਰ ਸਿੰਘ ਨੇ ਚੰਡੀਗੜ੍ਹ ਇੱਕ ਸਾਹਿਤਕ ਇਕੱਠ ਨੂੰ ਸੰਬੋਧਨ ਕਰਦਿਆਂ ਇਹ ਸ਼ਬਦ ਕਹੇ: 'ਸਵਰਨ ਚੰਦਨ ਦੇ ਨਾਵਲ "ਕੰਜਕਾਂ" ਦੇ ਆਉਣ ਨਾਲ ਪੰਜਾਬੀ ਨਾਵਲ ਨੇ ਇੱਕ ਜ਼ਬਰਦਸਤ ਮੋੜ ਕੱਟਿਆ ਹੈ।' ਬਾਅਦ ਵਿਚ ਉਹਨਾਂ ਨੇ ਮੈਨੂੰ ਇੱਕ ਚਿੱਠੀ ਵੀ ਲਿਖੀ ਜਿਸ ਵਿਚ ਜੋ ਕੁਝ ਉਹਨਾਂ ਕਿਹਾ ਸੀ ਉਸਨੂੰ ਦੋਹਰਾਇਆ ਹੋਇਆ ਸੀ।



ਹੁਣ ਸਮਾਂ ਹੋਰ ਬਦਲ ਗਿਆ ਹੈ। ਨਵਾਂ ਯਥਾਰਥ ਪ੍ਰੌਢ ਹੋ ਚੁੱਕੇ ਨਾਵਲਕਾਰਾਂ ਦੀ ਪਕੜ ਵਿਚ ਨਹੀਂ ਆ ਰਿਹਾ। ਇਹ ਹੁੰਦਾ ਹੀ ਹੈ। ਜਿਵੇਂ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਸਮਾਜ ਦੇ ਜੀਅ ਪਹਿਲਾਂ ਜ਼ਿੰਦਗੀਆਂ ਜਿਊਂਦੇ ਹਨ ਅਤੇ ਨਾਵਲ-ਕਹਾਣੀਆਂ ਬਾਅਦ ਵਿਚ ਲਿਖੀਆਂ ਜਾਂਦੀਆਂ ਹਨ। ਜਦੋਂ ਤੁਸੀਂ ਬਦਲੇ ਹੋਏ ਯਥਾਰਥ ਦਾ ਸੁਭਾਵਿਕ ਹਿੱਸਾ ਬਣ ਜਾਂਦੇ ਹੋ ਤਾਂ ਉਹ ਤੁਹਾਡੀ ਪਕੜ ਵਿਚ ਨਹੀਂ ਆਉਂਦਾ ਪਰ ਜਦੋਂ ਤੁਸੀਂ ਆਪਣੇ ਆਪ ਨੂੰ ਉਸ ਨਾਲੋਂ ਤੋੜ ਕੇ ਵੇਖਦੇ ਹੋ ਤਾਂ ਉਹ ਨਜ਼ਰ ਆਉਣ ਲੱਗ ਪੈਂਦਾ ਹੈ। ਰੂਸੀ ਰੂਪਵਾਦੀਆਂ ਨੇ ਇਸਨੂੰ ਅਜਨਬੀਕਰਣ ਵੱਜੋਂ ਸਮਝਿਆ ਸੀ। ਬ੍ਰੈਖ਼ਤ ਨੇ ਇਸ ਜੁਗਤ ਨੂੰ ਆਪਣੇ ਨਾਟਕਾਂ ਵਿਚ ਬੜੀ ਕਾਮਯਾਬੀ ਨਾਲ ਵਰਤਿਆ। ਮੈਂ ਭਾਰਤੀ/ਪੰਜਾਬੀ ਸਮਾਜ ਦਾ ਸਰਗਰਮ ਹਿੱਸੇਦਾਰ ਨਹੀਂ, ਇਸ ਲਈ ਮੈਨੂੰ 'ਫ਼ਰਕ' ਨਜ਼ਰ ਆ ਰਿਹਾ ਹੈ ਪਰ ਓਥੇ ਦੇ ਸਰਗਰਮ ਹਿੱਸੇਦਾਰਾਂ ਨੂੰ ਤਾਂ ਨਜ਼ਰ ਉਦੋਂ ਨਜ਼ਰ ਆਏਗਾ ਜਦੋਂ ਆਪਣੇ ਆਪ ਨੂੰ ਉਸ ਨਾਲੋਂ ਤੋੜ ਕੇ ਵੇਖਣਗੇ। ਇਹ ਗੱਲ ਉਵੇਂ ਹੀ ਹੈ ਜਿਵੇਂ ਤੁਹਾਡਾ ਬੱਚਾ ਤਾਂ ਹਰ ਦਿਨ ਦੇ ਬੀਤਣ ਨਾਲ ਵੱਡਾ ਹੋ ਅਤੇ ਬਦਲ ਰਿਹਾ ਹੈ ਪਰ ਤੁਹਾਨੂੰ ਨਜ਼ਰ ਨਹੀਂ ਆਉਂਦਾ। ਪਰ ਜਦੋਂ ਹੀ ਕੋਈ ਦੋਸਤ ਜਾਂ ਰਿਸ਼ਤੇਦਾਰ ਚਿਰਾਂ ਪਿੱਛੋਂ ਤੁਹਾਨੂੰ ਮਿਲਣ ਆਇਆ ਕਹਿੰਦਾ ਹੈ, 'ਬਈ ਤੁਹਾਡਾ ਮੁੰਡਾ ਤਾਂ ਵੱਡਾ ਹੋ ਗਿਐ, ਬਹੁਤ ਬਦਲ ਗਿਐ।' ਤਾਂ ਤੁਸੀਂ ਮਾਨਸਿਕ ਤੌਰ 'ਤੇ ਬੜੇ ਗਹੁ ਨਾਲ ਉਸਨੂੰ ਇੱਕ ਵਿੱਥ 'ਤੇ ਖਲੋ ਕੇ ਵੇਖਣ ਲਗਦੇ ਹੋ।

ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ ਪਰ ਮੈਨੂੰ ਬਹੁਤਾ ਕੁਝ ਪੜ੍ਹਨ ਤੋਂ ਲਗਦਾ ਹੈ ਕਿ ਸਾਡਾ ਪੰਜਾਬ ਵਿਚ ਲਿਖਿਆ ਜਾ ਰਿਹਾ ਪੰਜਾਬੀ ਨਾਵਲ ਵਾਰ ਵਾਰ ਰਿਪੀਟ ਹੋ ਰਿਹਾ ਹੈ, ਇੱਕੋ ਹੀ ਨਾਵਲ ਵਾਰ ਵਾਰ ਲਿਖਿਆ ਜਾ ਰਿਹਾ ਹੈ। ਵਜ੍ਹਾ ? ਨਵਾਂ ਤੇ ਬਦਲਿਆ ਹੋਇਆ ਯਥਾਰਥ ਲੇਖਕਾਂ ਦੀ ਪਛਾਣ ਵਿਚ ਨਹੀਂ ਆ ਰਿਹਾ। ਨਵੇਂ ਯਥਾਰਥ ਵਿਚ ਕੰਪਿਊਟਰ ਹੈ, ਇੰਟਰਨੈੱਟ ਹੈ, ਈ-ਪੌਡ ਹੈ, ਈ-ਫੋਨ ਹੈ, ਈ-ਮੋਬਾਈਲ ਹੈ, ਪੂੰਜੀ ਦਾ ਬੋਲਬਾਲਾ ਹੈ, ਰਿਸ਼ਤੇ ਮੂਲੋਂ ਹੀ ਬਦਲ ਰਹੇ ਹਨ। ਅਜਿਹੇ ਹਾਲਾਤ ਵਿਚ 60ਵਿਆਂ ਦੀ, 70ਵਿਆਂ ਦੀ ਅਤੇ 80ਵਿਆਂ ਦੀ ਸੋਚ ਨਹੀਂ ਚੱਲ ਸਕਦੀ। ਨਾਵਲਾਂ ਦਾ ਛਪਣਾ ਤੇ ਵਿਕ ਜਾਣਾ ਬਹੁਤੇ ਅਰਥ ਨਹੀਂ ਰੱਖਦਾ ਕਿਉਂਕਿ ਉਹਨਾਂ ਨਾਵਲਾਂ ਦੇ ਪਾਠਕਾਂ ਦਾ ਸਮਾਜ ਵੀ ਅਜੇ ਜਿਊਂਦਾ ਹੈ, ਸਮਾਜਕ ਵਿਕਾਸ ਕਦੇ ਵੀ ਇੱਕਸਾਰ ਨਹੀਂ ਹੁੰਦਾ। ਪਰ ਲੇਖਕ ਸਾਧਾਰਨ ਪਾਠਕ ਨਹੀਂ ਹੁੰਦਾ।

**? 2008-09 ਵਿਚ ਤਕਰੀਬਨ 20 ਨਾਵਲ ਆਏ ਪਰ ਪੜ੍ਹਨਯੋਗ ਇੱਕ ਦੋ ਹੀ ਹਨ, ਕਿਉਂ ?**

– ਇਸ ਸਵਾਲ ਦਾ ਜੁਆਬ ਤਾਂ ਮੈਂ ਉੱਪਰ ਦੇ ਆਇਆ ਹਾਂ। ਇਸ ਵਿੱਚ ਵਾਧਾ ਸਿਰਫ਼ ਇਹ ਕਰਨਾ ਚਾਹਾਂਗਾ ਕਿ ਨਾਵਲ ਕਿਸੇ ਖਲਾਅ 'ਚੋਂ ਤਾਂ ਆਉਣਾ ਨਹੀਂ, ਇਹ ਤਾਂ ਸਮਾਜ ਵਿੱਚੋਂ ਹੀ ਨਿਕਲਣਾ ਹੈ। ਪਰ ਸਮਾਜ ਦਾ ਮੂੰਹ ਤਾਂ ਅੱਗੇ ਵੱਲ ਹੈ ਪਰ ਨਾਵਲਕਾਰ ਦਾ ਪਿੱਛੇ ਵੱਲ। ਅੱਜ ਦੇ ਨੌਜਵਾਨ ਨੂੰ ਤੁਸੀਂ ਕਿੰਨੀਆਂ ਕੁ ਬਾਜਰੇ ਦੀਆਂ ਰੋਟੀਆਂ ਸਾਗ ਨਾਲ ਖੁਆਈ ਜਾਉਗੇ ? ਗਿੱਧੇ-ਭੰਗੜੇ ਦੇ ਮੌਕਿਆਂ ਨੂੰ ਛੱਡ ਕੇ ਤੁਸੀਂ ਉਹਨਾਂ ਨੂੰ ਘੱਗਰੀਆਂ ਤੇ ਚਾਦਰਾਂ ਪਹਿਣਨ/ਬੰਨ੍ਹਣ ਲਈ ਕਹੋਗੇ ਤਾਂ ਉਹ ਹੱਸਣਗੇ ਹੀ।

**? ਇਹ ਜੋ ਇਨਾਮਾਂ ਦੀ ਧਾਂਦਲੀ ਮੱਚੀ ਹੋਈ ਹੈ, ਇਸਦੀ ਕੋਈ ਰੋਕਥਾਮ ਹੈ ?**

– ਇਨਾਮ ਜਾਂ ਸਨਮਾਨ ਦਾ ਅਰਥ ਤਾਂ ਇਹ ਸੀ ਬਈ ਤੁਸੀਂ ਕਿਸੇ ਲੇਖਕ ਦੀ ਵਧੀਆ ਰਚਨਾ ਨੂੰ ਦਿਲ ਨਾਲ ਪ੍ਰਵਾਨਗੀ ਦੇ ਰਹੇ ਹੋ। ਇਨਾਮ ਦੀ ਰਕਮ ਦਾ ਇਸ ਨਾਲ ਕੋਈ ਬਹੁਤਾ ਸੰਬੰਧ ਨਹੀਂ ਸੀ। ਪਰ ਹੁਣ ਸਮੇਂ ਬਦਲ ਗਏ ਹਨ। ਇਨਾਮ ਦੀ ਰਕਮ ਵਧੇਰੇ ਤਾਕਤਵਰ ਹੈ। ਲੱਖ, ਦੋ ਲੱਖ, ਪੰਜ ਲੱਖ ਰੁਪਿਆ - ਇਹ ਪ੍ਰਵਾਨਗੀ ਨਹੀਂ ਹੈ, ਇਹ ਤਾਂ ਲਾਲਚ ਅਤੇ ਕੁਰੱਪਸ਼ਨ ਫੈਲਾਉਣ ਦਾ

ਕਾਰੋਬਾਰ ਹੈ। ਪੂੰਜੀ ਦੀ ਪ੍ਰਧਾਨਤਾ ਦੇ ਇਸ ਯੁੱਗ ਵਿਚ ਅਜਿਹਾ ਤਾਂ ਹੋਣਾ ਹੀ ਸੀ ਪਰ ਜੱਜਾਂ ਦੀਆਂ ਕਮੇਟੀਆਂ ਦੇ ਮੈਂਬਰਾਨ ਆਪ ਹੀ ਇੱਕ ਦੂਜੇ ਦੀ ਪਿੱਠ ਖੁਰਕਣ ਲੱਗ ਪੈਣਗੇ, ਇਸਦੀ ਉਮੀਦ ਨਹੀਂ ਸੀ। ਜਰਾਇਮ ਪੇਸ਼ਾ ਸਿਆਸਤ ਸਭ ਕੁਝ ਨੂੰ ਦਾਗੀ ਕਰ ਰਹੀ ਹੈ। ਸਾਰੇ ਵੱਡੀਆਂ ਰਕਮਾਂ ਵਾਲੇ ਇਨਾਮ ਹੁਣ ਵਧੀਆ ਸਾਹਿਤ ਦੀ ਪਰੋਮੋਸ਼ਨ ਲਈ ਨਹੀਂ ਦਿੱਤੇ ਜਾਂਦੇ ਸਗੋਂ ਬੰਦੇ ਕਾਣੇ ਕਰ ਕੇ ਆਪਣੇ ਨਿੱਜੀ ਹਿੱਤ ਸਾਧਣ ਲਈ ਦਿੱਤੇ ਜਾਂਦੇ ਹਨ। ਇਹ ਨਿੱਤ ਤਰੱਕੀ ਕਰ ਰਿਹਾ ਬਿਜ਼ਨੈਸ ਹੈ, ਕਾਰੋਬਾਰ ਹੈ। ਲੇਖਕ ਲਾਈਨ ਵਿਚ ਖੜ੍ਹੇ ਹਨ ਅਤੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ। ਤੇ ਇਨਾਮਾਂ ਦਾ ਫੈਸਲਾ ਕਰਨ ਵਾਲੇ ਗੈਰ-ਸਾਹਿਤਕ ਲੋਕ ਉਹਨਾਂ ਵਿੱਚੋਂ 'ਕੰਮ ਦਾ ਬੰਦਾ' ਚੁਣ ਕੇ ਇਨਾਮ ਦੀ ਘੋਸ਼ਣਾ ਕਰਦੇ ਹਨ। ਕਦੇ ਨਾਨਕ ਨੇ ਬਾਬਰ ਨੂੰ ਵੰਗਾਰਿਆ ਸੀ ਪਰ ਨਾਨਕ ਦਾ ਅਜੋਕਾ ਪੈਰੋਕਾਰ ਅਜੋਕੇ ਬਾਬਰਾਂ ਦੇ ਦਰਬਾਰ ਵਿਚ ਮੁਜਰਾ ਕਰ ਰਿਹਾ ਹੈ। ਸਾਰੇ ਹੀ ਸ਼ਰਮ-ਹੱਯਾ ਤੋਂ ਸੱਖਣੇ ਹੋ ਚੁੱਕੇ ਹਨ। ਹੁਣ ਇਸਦੀ ਕੀ ਰੋਕਥਾਮ ਹੋਣੀ ਹੈ ? ਇਸ 'ਵਿਕਾਸ' ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ? ਮੇਰੇ ਕੋਲ ਇਸਦਾ ਕੋਈ ਤੋੜ ਨਹੀਂ।

**? ਅਜੋਕੇ ਬਹੁਤੇ ਪ੍ਰਕਾਸ਼ਕ ਜਿਹਨਾਂ ਨੂੰ ਤੁਸੀਂ ਪ੍ਰਿੰਟਰ ਕਿਹਾ ਕਰਦੇ ਹੋ, ਦਾ ਕੋਈ ਬਦਲ ਹੈ ? ਕੀ ਲੇਖਕ ਨੂੰ ਆਪਣੀ ਪੁਸਤਕ ਆਪ ਪ੍ਰੋਮੋਟ ਕਰਨੀ ਚਾਹੀਦੀ ਹੈ ?**

– ਸਮੱਸਿਆਵਾਂ ਦੇ ਹੱਲ, ਜਦੋਂ ਉਹ ਅਜੇ ਆਪਣੀ ਬਾਲ-ਅਵਸਥਾ ਵਿਚ ਹੁੰਦੀਆਂ ਹਨ, ਲੱਭੇ ਤੇ ਕੀਤੇ ਜਾਂਦੇ ਹਨ। ਪਰ ਜਦੋਂ ਕੋਈ ਸਮੱਸਿਆ ਬੂਟੇ ਤੋਂ ਰੁੱਖ ਬਣ ਜਾਏ ਫੇਰ ਉਸਦਾ ਕੀ ਹੱਲ ਹੋ ਸਕਦਾ ਹੈ ? ਵੈਸੇ ਲੇਖਕ ਹੀ ਇਸ ਸਮੱਸਿਆ ਨੂੰ ਹੱਲ ਕਰ ਸਕਦੇ ਹਨ, ਹੋਰ ਕੋਈ ਨਹੀਂ। ਪ੍ਰਕਾਸ਼ਕ ਆਪਣੀ ਛਾਪੀ ਹੋਈ ਪੁਸਤਕ ਤਾਂ ਹੀ ਪ੍ਰੋਮੋਟ ਕਰੇਗਾ ਅਤੇ ਵੇਚਣ ਲਈ ਮਜਬੂਰ ਹੋਵੇਗਾ ਜੇ ਉਸ 'ਤੇ ਉਸਦਾ ਤਕੜਾ ਪੈਸਾ ਲੱਗਾ ਹੋਇਆ ਹੈ। ਜੇ ਲੇਖਕ ਪੈਸੇ ਦੇ ਕੇ ਕਿਤਾਬ ਛਪਾਉਣੀ ਬੰਦ ਕਰ ਦੇਣ ਤਾਂ ਪ੍ਰਕਾਸ਼ਕਾਂ ਨੂੰ ਜਾਂ ਤਾਂ ਇਹ ਵਪਾਰ ਛੱਡਣਾ ਪਵੇਗਾ ਜਾਂ ਫਿਰ ਬਦਲਣਾ ਪਵੇਗਾ। ਅੱਗੇ ਤਾਂ ਬਾਹਰਲੇ ਲੇਖਕਾਂ 'ਤੇ ਇਲਜ਼ਾਮ ਆਉਂਦਾ ਸੀ ਕਿ ਪੈਸੇ ਦੇ ਕੇ ਕਿਤਾਬਾਂ ਛਪਵਾਉਂਦੇ ਹਨ, ਜੋ ਅਸਲ ਵਿਚ ਕਿਸੇ ਹੱਦ ਤੱਕ ਠੀਕ ਵੀ ਸੀ, ਪਰ ਹੁਣ ਤਾਂ ਇੰਡੀਆ ਦੇ ਬਹੁਤ ਸਾਰੇ ਲੇਖਕ ਵੀ ਇਹੋ ਕੁਝ ਕਰ ਰਹੇ ਹਨ, ਖਾਸ ਕਰ ਕੇ ਅਲੇਖਕ ਕਿਸਮ ਦੇ ਨਵੇਂ ਲੇਖਕ। ਅਸਲ ਵਿਚ, ਅਜੋਕੇ ਲੇਖਕਾਂ ਨੂੰ ਛਪਣ ਦੀ ਕਾਹਲੀ ਵੀ ਬਹੁਤ ਹੈ। ਪੰਦਰਾਂ-ਵੀਹ ਕਵਿਤਾਵਾਂ ਜਮ੍ਹਾਂ ਹੁੰਦਿਆਂ ਹੀ ਉਹ ਕੁਝ ਨਿਕਸੁਕ ਹੋਰ ਪਾ ਕੇ ਕਿਤਾਬ ਛਪਾਉਣ ਲਈ ਤੁਰ ਪੈਂਦੇ ਹਨ। ਫੇਰ ਪ੍ਰਕਾਸ਼ਕ ਦਾ ਕੀ ਕਸੂਰ ? ਆਪ ਚੱਲ ਕੇ ਘਰ ਆਇਆ ਗਾਹਕ ਕੀਹਨੂੰ ਪਸੰਦ ਨਹੀਂ ? ਬਿਜ਼ਨੈਸ ਇਜ਼ ਬਿਜ਼ਨੈਸ।

ਰਹੀ ਗੱਲ ਕਿਤਾਬ ਦੀ ਪ੍ਰੋਮੋਸ਼ਨ ਦੀ। ਇਹ ਜ਼ਿਮੇਵਾਰੀ ਮੁੱਖ ਰੂਪ ਵਿਚ ਪ੍ਰਕਾਸ਼ਕ ਦੀ ਹੈ ਪਰ ਜੇ ਉਹ ਪ੍ਰਕਾਸ਼ਕ ਹੈ ਤਾਂ। ਜੇ ਉਹ ਸਿਰਫ਼ ਪ੍ਰਿੰਟਰ ਹੈ ਯਾਨਿ ਲੇਖਕ ਕੋਲੋਂ ਪੈਸੇ ਲੈ ਚੁੱਕਿਆ ਹੈ ਤਾਂ ਉਸਦੀ ਵੀ ਕੀ ਜ਼ਿਮੇਵਾਰੀ ਹੋ ਸਕਦੀ ਹੈ ? ਪ੍ਰੋਮੋਸ਼ਨ ਦੇ ਮੌਕੇ ਪੈਦਾ ਕਰਨਾ ਪ੍ਰਕਾਸ਼ਕ ਦਾ ਕੰਮ ਹੈ। ਪਰ ਇਸ ਪ੍ਰੋਮੋਸ਼ਨ ਵਿਚ ਉਸਦੀ ਮਦਦ ਕਰਨਾ ਲੇਖਕ ਦਾ ਕੰਮ ਹੈ। ਮਿਸਾਲ ਦੇ ਤੌਰ 'ਤੇ ਪ੍ਰਕਾਸ਼ਕ ਰੇਡੀਓ-ਟੀ.ਵੀ. ਉੱਤੇ ਸਮਾਂ ਖਰੀਦੇ (ਜੇ ਸਰਕਾਰ ਵੱਲੋਂ ਮੁਫ਼ਤ ਨਹੀਂ ਮਿਲਦਾ ਤਾਂ), ਲੇਖਕ ਨੂੰ ਲੋਕਾਂ ਅੱਗੇ ਪੇਸ਼ ਕਰਾਵੇ, ਆਲੋਚਕਾਂ ਨਾਲ ਸੁਆਲ-ਜੁਆਬ ਕਰਾਵੇ, ਪੁਸਤਕ ਦੀਆਂ ਖ਼ੂਬੀਆਂ ਨੂੰ ਹਾਈਲਾਈਟ ਕਰਾਵੇ ਅਤੇ ਫੇਰ ਸਾਈਨਿੰਗ ਸੈਸ਼ਨਜ਼ ਆਰਗੇਨਾਈਜ਼ ਕਰੇ। ਲੇਖਕ ਓਥੇ ਪਹੁੰਚੇ ਅਤੇ ਹਰੇਕ ਖਰੀਦੀ ਗਈ ਕਾਪੀ 'ਤੇ ਦਸਤਖ਼ਤ ਕਰੇ। ਪਾਠਕ ਗਦ ਗਦ ਹੋ ਜਾਏਗਾ ਕਿ ਉਹ ਪੜ੍ਹੀ ਜਾਣ ਵਾਲੀ ਪੁਸਤਕ ਦੇ ਲੇਖਕ ਨੂੰ ਰੂਬਰੂ ਮਿਲਿਆ ਹੈ। ਇਹ ਉਹ ਸਭ ਗੱਲਾਂ ਹਨ ਜਿਹੜੀਆਂ ਪੂਰੇ ਯੂਰਪ ਵਿਚ ਹੁੰਦੀਆਂ ਹਨ ਅਤੇ ਜਿਹਨਾਂ ਬਾਰੇ ਮੈਂ ਏਨੇ ਸਾਲ ਲਾਇਬ੍ਰੇਰੀਅਨ ਰਹਿ ਕੇ ਜਾਣ 'ਤੇ ਸਮਝ ਸੱਕਿਆ ਹਾਂ।

ਪਰ ਇਸਦੇ ਉਲਟ ਜੇ ਲੇਖਕ ਕਿਤਾਬਾਂ ਦਾ ਝੋਲਾ ਭਰ ਕੇ ਆਪ ਹੀ ਵੰਡਦਾ ਫਿਰਦਾ ਹੈ



ਤਾਂ ਚੰਗੇ ਲੇਖਕ ਵੀ ਕਿਤਾਬ ਫੜ ਤਾਂ ਲੈਂਦੇ ਹਨ ਪਰ ਪਰ੍ਹਾਂ ਜਾ ਕੇ ਕਿਸੇ ਕੋਨੇ ਵਿਚ ਸੁੱਟ ਦੇਂਦੇ ਹਨ। ਕਦੇ ਤਰਨਤਾਰਨ ਦੀ ਮੱਸਿਆ 'ਤੇ ਕਿੱਸਾਕਾਰ ਕਿੱਸਾ ਗਾਉਂਦੇ ਤੇ ਆਨੇ ਦੋ ਆਨਿਆਂ ਦਾ ਵੇਚਦੇ ਹੁੰਦੇ ਸਨ ਪਰ ਉਹ ਮੁਫ਼ਤ ਕਿਸੇ ਨੂੰ ਨਹੀਂ ਸਨ ਦੇਂਦੇ। ਪਰ ਹੁਣ ਲੇਖਕ ਮੁਫ਼ਤ ਹੀ ਵੰਡੀ ਜਾਂਦੇ ਹਨ। ਇਉਂ ਜਿਉਂ ਗੁਰਦੁਆਰੇ ਦਾ ਲੰਗਰ। ਜਿਸਨੂੰ ਭੁੱਖ ਹੈ ਉਹ ਲੈ ਲੈਂਦਾ ਹੈ ਤੇ ਜਿਸਨੂੰ ਭੁੱਖ ਨਹੀਂ ਉਹ ਹੱਥ ਜੋੜ ਦੇਂਦਾ ਹੈ। ਪਰ ਲੇਖਕ ਨੂੰ ਕੌਣ ਹੱਥ ਜੋੜੇ ? ਇਹ ਸਭ ਪਿਰਤਾਂ ਪਾਈਆਂ ਗਈਆਂ ਹਨ। ਕਈਆਂ ਨੇ ਝੋਲੇ ਭਰ ਭਰ ਕੇ ਤੇ ਲੋਕਾਂ ਦੇ ਘਰੀਂ ਜਾ ਜਾ ਕੇ ਆਪ ਕਿਤਾਬਾਂ ਵੇਚੀਆਂ ਹਨ ਅਤੇ ਕਈਆਂ ਨੇ ਇੰਜ ਵੇਚਣ ਨੂੰ ਕੁੱਤਾ ਕੰਮ ਕਹਿ ਕੇ ਵੰਡ ਹੀ ਛੱਡੀਆਂ ਹਨ।

ਪਰ ਸਭ ਤੋਂ ਮਾੜਾ ਕੰਮ ਤਾਂ ਇਹ ਹੈ ਕਿ ਕੁਝ ਲੇਖਕ ਪਹਿਲਾਂ ਪੈਸੇ ਦੇ ਕੇ ਕਿਤਾਬ ਛਪਵਾਉਂਦੇ ਹਨ, ਫੇਰ ਪੈਸੇ ਦੇ ਕੇ ਚਾਰ ਪੰਜ ਪਰਚੇ ਲਿਖਵਾਉਂਦੇ ਹਨ, ਤੇ ਫੇਰ ਕੋਈ ਹਾਲ ਕਿਰਾਏ 'ਤੇ ਲੈ ਕੇ ਸਿਫ਼ਤੀ ਦਾ ਦਰਬਾਰ ਸਜਾਉਂਦੇ ਹਨ, ਕਾਨਫ਼ਰੰਸ ਕਰਵਾਉਂਦੇ ਹਨ, ਦਾਰੂ ਮੁਰਗੇ ਦਾ ਖੁੱਲ੍ਹਾ ਭੰਡਾਰਾ ਲਾਉਂਦੇ ਹਨ ਅਤੇ ਅੰਤ ਵਿਚ ਅਖਬਾਰਾਂ ਵਿਚ ਲੰਮੀਆਂ ਲੰਮੀਆਂ ਰਿਪੋਰਟਾਂ ਛਪਵਾਉਂਦੇ ਅਤੇ ਲੇਖਕ-ਸਟਾਰ ਬਣ ਜਾਣ ਦਾ ਢੌਂਗ ਕਰਦੇ ਹਨ। ਪਰ ਜੇ ਗੁਰਦੁਆਰਿਆਂ ਦੀਆਂ ਚੋਣਾਂ ਦਾ ਵੀ ਇਹੋ ਹਾਲ ਹੈ ਤਾਂ ਫਿਰ ਸਾਡਾ ਸਟਾਰ-ਲੇਖਕ ਇਸ ਸਮਾਜ 'ਚੋਂ ਬਾਹਰ ਤਾਂ ਨਹੀਂ। ਮੈਂ ਦਿੱਲੀ ਦੀ ਗੁਰਦੁਆਰਾ ਕਮੇਟੀ ਦੀਆਂ ਦਾਰੂ ਨਾਲ ਰੱਜੀਆਂ ਹੋਈਆਂ ਚੋਣਾਂ ਵੇਖ ਚੁੱਕਾ ਹਾਂ ਇਸ ਲਈ ਇਹ ਸਭ ਕਹਿ ਰਿਹਾ ਹਾਂ। ਇੱਕ ਸ਼ੇਅਰ ਨਾਲ ਇਸ ਸੁਆਲ ਦੇ ਜੁਆਬ ਦਾ ਅੰਤ ਕਰਦਾ ਹਾਂ :

ਕੁਝ ਲੋਕ ਬਦਲਣ ਦਾ ਇਨ੍ਹੂੰ ਕਰਦੇ ਰਹੇ ਅਥਾਹ ਯਤਨ,
ਨਵਦੌਰ ਦਾ ਸੈਲਾਬ ਪਰ ਸਭ ਕੁਝ ਵਹਾ ਕੇ ਲੈ ਗਿਆ।

**? ਪਰਵਾਸੀ ਕਵਿਤਾ ਨੇ ਇੱਕ ਪਲ ਲਈ ਅੱਖਾਂ ਚੁੰਧਿਆਈਆਂ ਅਤੇ ਗ਼ਾਇਬ ਹੋ ਗਈ। ਕੀ ਤੁਸੀਂ ਸਹਿਮਤ ਹੋ ? ਜੇ ਹਾਂ ਤਾਂ ਕਿਉਂ ?**

– ਵਾਰਿਸ ਸ਼ਾਹ ਦੇ ਜ਼ਮਾਨੇ ਵਿਚ ਅਨੇਕਾਂ ਕਵੀ ਕਵਿਤਾ ਲਿਖਦੇ ਹੋਣਗੇ ਪਰ ਸਾਡੇ ਤੱਕ ਸਿਰਫ਼ ਵਾਰਿਸ ਹੀ ਪਹੁੰਚਿਆ। ਇਉਂ ਹੀ ਹੋਰ ਦੌਰ ਵੀ ਲਏ ਜਾ ਸਕਦੇ ਹਨ। ਪੰਜਾਬ ਵਿਚ ਇੱਕ ਜ਼ਮਾਨਾ ਪ੍ਰੋ: ਮੋਹਨ ਸਿੰਘ ਦਾ, ਅੰਮ੍ਰਿਤਾ ਪ੍ਰੀਤਮ ਦਾ, ਬਾਵਾ ਬਲਵੰਤ ਦਾ ਸੀ। ਫੇਰ ਸ਼ਿਵ ਕੁਮਾਰ ਆਇਆ, ਫੇਰ ਪਾਸ਼ ਤੇ ਫੇਰ ਸੁਰਜੀਤ ਪਾਤਰ। ਪਰ ਇਹਨਾਂ ਸਾਰਿਆਂ ਦੇ ਨਾਲ ਹੋਰ ਸ਼ਾਇਰ ਵੀ ਲਿਖ ਰਹੇ ਸਨ/ਹਨ। ਕੁਝ ਹੀ ਸ਼ਾਇਰ ਆਪਣੇ ਸਮੇਂ ਨੂੰ ਉਲੰਘਦੇ ਹਨ ਜਦੋਂ ਕਿ ਬਾਕੀ ਸਮੇਂ ਦੀ ਧੂੜ ਬਣ ਜਾਂਦੇ ਹਨ। ਇਹ ਹਰੇਕ ਭਾਸ਼ਾ ਦੇ ਸਾਹਿਤ ਵਿਚ ਹੁੰਦਾ ਹੈ। ਅੰਗਰੇਜ਼ੀ ਵਿਚ ਵੀ ਹੋਇਆ। ਮੇਰਾ ਮਤਲਬ ਹੈ ਸਾਹਿਤ ਦੀ ਮੁੱਖ ਧਾਰਾ ਵਿਚ। ਜੇ ਮੁੱਖ ਧਾਰਾ ਯਾਨਿ ਭਾਸ਼ਾ ਦੀ ਆਪਣੀ ਸਰਜ਼ਮੀਨ ਉੱਤੇ ਇਹ ਹੋ ਤੇ ਵਾਪਰ ਸਕਦਾ ਹੈ ਤਾਂ ਅਸੀਂ ਤਾਂ ਪਰਵਾਸੀ ਸਾਹਿਤ ਦੀ ਗੱਲ ਕਰ ਰਹੇ ਹਾਂ। ਉਂਜ ਮੈਨੂੰ ਪਰਵਾਸੀ ਸ਼ਬਦ ਨਾਲ ਓਨੀ ਹੀ ਚਿੜ੍ਹ ਹੈ ਜਿੰਨੀ ਦਲਿਤ ਸ਼ਬਦ ਨਾਲ। ਬੰਦਾ ਪਰਵਾਸੀ ਹੋ ਸਕਦਾ, ਦਲਿਤ ਵੀ ਹੋ ਸਕਦਾ ਹੈ ਪਰ ਸਾਹਿਤ ਕਿਵੇਂ ਪਰਵਾਸੀ ਜਾਂ ਦਲਿਤ ਹੋ ਗਿਆ ? ਸਾਹਿਤ ਤਾਂ ਹਮੇਸ਼ਾਂ ਹੀ ਉੱਤਮ ਹੁੰਦਾ ਹੈ, ਉਹ ਦਲਿਆ-ਮਲਿਆ ਹੋਇਆ ਨਹੀਂ ਹੁੰਦਾ। ਜਸਵੰਤ ਸਿੰਘ ਕੰਵਲ ਨੇ ਇੱਕ ਨਾਵਲ 'ਬਰਫ਼ ਦੀ ਅੱਗ' ਲਿਖਿਆ ਸੀ, ਬਾਹਰਲੇ ਦੇਸ਼ ਬਾਰੇ। ਤਾਂ ਕੀ ਉਹ ਪਰਵਾਸੀ ਨਾਵਲ ਹੋ ਗਿਆ ? ਜਾਂ ਕੀ ਕੰਵਲ ਪਰਵਾਸੀ ਨਾਵਲਕਾਰ ਹੋ ਗਿਆ ? ਗੁਰੂ ਰਵਿਦਾਸ ਦੀ ਸ਼ਾਇਰੀ ਜੋ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ, ਕੀ ਉਹ ਦਲਿਤ ਕਵਿਤਾ ਹੈ ? ਗੁਰੂ ਰਵਿਦਾਸ ਚਮਾਰ ਹੋ ਸਕਦਾ ਹੈ ਪਰ ਉਸਦੀ ਕਵਿਤਾ ਨੂੰ ਕਿਹੜੇ ਲਕ ਹੇਠਾਂ ਰੱਖੋਗੇ ? ਕਿਸੇ ਚਮਾਰ ਦੀ ਵਹੁਟੀ ਨੂੰ ਤੁਸੀਂ ਚਮਾਰੀ ਸਮਝ ਸਕਦੇ ਹੋ ਪਰ ਕਵਿਤਾ ਨੂੰ ਕੀ ਸਮਝੋਗੇ ? ਇਹ ਗੱਲਾਂ ਮੈਂ ਪਹਿਲੀ ਵਾਰੀ ਨਹੀਂ ਕਰ ਰਿਹਾ। 1980 ਦੀ ਵਿਸ਼ਵ ਪੰਜਾਬੀ ਕਾਨਫਰੰਸ 'ਤੇ ਇੱਕ ਸੱਜਣ ਆਇਆ ਸੀ, ਨਵਲ ਵਿਯੋਗੀ। ਜਦੋਂ ਮੈਂ 1981

ਵਿਚ ਅਚਾਨਕ ਉਹਨੂੰ ਦਿੱਲੀ ਮਿਲ ਪਿਆ ਤਾਂ ਉਹ ਮੈਨੂੰ ਇੰਜ ਹੀ ਇੱਕ ਦਲਿਤ ਪ੍ਰੋਗਰਾਮ ’ਤੇ ਲੈ ਗਿਆ। ਦਲਿਤ ਨਾਮ ਮੈਂ ਪਹਿਲੀ ਵਾਰੀ ਸੁਣ ਰਿਹਾ ਸਾਂ। ਮੈਨੂੰ ਇਹ ਠੀਕ ਨਾ ਲੱਗਾ ਅਤੇ ਜਦੋਂ ਮੈਨੂੰ ਸਟੇਜ ਤੋਂ ਬੋਲਣ ਲਈ ਕਿਹਾ ਗਿਆ ਤਾਂ ਮੈਂ ਉਦੋਂ ਵੀ ਇਹੋ ਗੱਲਾਂ ਕਹੀਆਂ ਸਨ।

ਇੰਗਲੈਂਡ ਜਾਂ ਫਿਰ ਯੂ.ਕੇ. ਦੀ ਪੰਜਾਬੀ ਕਵਿਤਾ ਦਾ ਹਾਸਲ ਦੋ ਹੀ ਨਜ਼ਮਾਂ ਹਨ: ਪਹਿਲੀ ਜਗਤਾਰ ਢਾਅ ਦੀ ‘ਗੁਆਚੇ ਘਰ ਦੀ ਤਲਾਸ਼’ ਅਤੇ ਦੂਜੀ ਅਵਤਾਰ ਜੰਡਿਆਲਵੀ ਦੀ ‘ਮੇਰੇ ਪਰਤ ਆਉਣ ਤਕ’। ਇਹ ਕਵਿਤਾ ਅੱਗੇ ਤੁਰਦੀ ਜੇ ਆਉਣ-ਜਾਣ ਦੇ ਰਾਹ ਖੁੱਲ੍ਹੇ ਰਹਿੰਦੇ। ਉਂਜ ਸਾਡੇ ਕੋਲ ਇੱਕ ਸ਼ਾਇਰ ਹੋਰ ਵੀ ਸੀ, ਨਿਰੰਜਨ ਸਿੰਘ ਨੂਰ। ਪਰ ਉਹਨੂੰ ਸਿਆਸਤ ਨੇ ਮਾਰ ਲਿਆ। ਪਾਰਟੀਆਂ ਦੇ ਪੰਗੇ ’ਚ ਫਸ ਕੇ ਉਹ ਜ਼ਾਇਆ ਹੋ ਗਿਆ ਜਿਵੇਂ ਅਵਤਾਰ ਸਾਦਿਕ ਵੀ ਹੋਇਆ। ਸ਼ਾਇਰ ਨੇ ਆਪਣੇ ਆਪ ਨਾਲ ਇਹ ਫੈਸਲਾ ਕਰਨਾ ਹੁੰਦਾ ਹੈ ਕਿ ਉਹ ਕਾਹਦੇ ਲਈ ਪੈਦਾ ਹੋਇਆ ਹੈ। ਕਿਸੇ ਇੱਕ ਜਨਮ ਵਿਚ ਬੰਦਾ ਸਭ ਕੁਝ ਨਹੀਂ ਹੋ ਸਕਦਾ। ਤੇ ਦੂਜਾ ਜਨਮ ਹੁੰਦਾ ਕੋਈ ਨਹੀਂ। ਮਨੁੱਖ ਦਾ ਜਨਮ ਸਿਰਫ ਇੱਕ ਖ਼ੂਬਸੂਰਤ ਹਾਦਸਾ ਹੈ, ਅਚਾਨਕ ਵਾਪਰਿਆ ਹਾਦਸਾ, ਇੱਕ ਇੱਤਫ਼ਾਕ, ਬਿਲਕੁਲ ਅਨਿਸਚਿਤ। ਜੋ ਸ਼ੈਅ ਨਿਸਚਿਤ ਹੈ ਉਹ ਸਿਰਫ਼ ਮੌਤ ਹੈ। ਜਨਮ ਨਿਸਚਿਤ ਨਹੀਂ। ਪੁਨਰ-ਜਨਮ ਦੇ ਵਹਿਮ ਖੜੇ ਕਰਨੇ ਬ੍ਰਾਹਮਣਾਂ ਦਾ ਤੋਰੀ-ਫੁਲਕਾ ਹੈ।

**? ਤੁਸੀਂ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਹਨ, ਕੀ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਕੰਮ ਦਾ ਸਹੀ ਮੁੱਲ ਪਿਆ ਹੈ ? ਜੇ ਨਹੀਂ ਤਾਂ ਕਿਉਂ ?**

– ਸ਼ਿਕਵੇ ਸ਼ਿਕਾਇਤਾਂ ਕਰਨਾ ਦਾਨਿਸ਼ਮੰਦ ਬੰਦੇ ਦਾ ਕੰਮ ਨਹੀਂ ਹੁੰਦਾ। ਮੈਂ ਇੱਕ ਵਧੀਆ ਪਾਠਕ ਅਤੇ ਕੁਝ ਕੁ ਲੇਖਕ ਹਾਂ। ਸਾਹਿਤ ਪੜ੍ਹਨਾ ਅਤੇ ਲਿਖਣਾ, ਇਹੀ ਮੇਰੀ ਹੋਣੀ ਸੀ ਅਤੇ ਹੈ। ਜੇ ਮੁੱਲ ਪਾਉਣ ਜਾਂ ਫਤਵੇ ਦੇਣ ਵਾਲਿਆਂ ਨੂੰ ਭੁੱਲ ਵੀ ਜਾਇਆ ਜਾਵੇ ਤਾਂ ਵੀ ਸਾਹਿਤ ਸਿਰਜਣਾ ਆਪਣੇ ਆਪ ਵਿਚ ਹੀ ਮੁਕੰਮਲ ਹੋਂਦ-ਵਿਧੀ ਹੈ। ਦਾਰਸ਼ਨਿਕ, ਵਿਗਿਆਨੀ, ਯੋਗੀ, ਤਾਰਾ-ਵਿਗਿਆਨੀ ਜਾਂ ਸਟਾਰ-ਵਾਚਰ ਆਪਣਾ ਕੰਮ ਕਰ ਰਹੇ ਹਨ ਅਤੇ ਉਸੇ ਵਿੱਚੋਂ ਆਨੰਦ ਪ੍ਰਾਪਤ ਕਰ ਕੇ ਖੁਸ਼ ਹੁੰਦੇ ਹਨ। ਜਿਹੜਾ ਕੰਮ ਬੰਦੇ ਨੂੰ ਖੁਸ਼ੀ ਦੇਵੇ ਉਹ ਕਰਨਾ ਆਪਣੇ ਆਪ ਵਿਚ ਹੀ ਕੀ ਘੱਟ ਹੈ ? ਮੈਨੂੰ ਮੇਰੀ ਖੁਸ਼ੀ ਲਿਖਣ-ਪੜ੍ਹਨ ਵਿੱਚੋਂ ਮਿਲਦੀ ਹੈ, ਇਸ ਲਈ ਇਹ ਮੇਰੇ ਲਈ ਸਰਵੋਤਮ ਹੈ।

ਮੈਂ ਕਿਸੇ ਨਾਲ ਵਾਅਦਾ ਕਰ ਕੇ ਜਾਂ ਪੂਰਬ-ਯੋਜਨਾ ਬਣਾ ਕੇ ਇਸ ਰਸਤੇ ’ਤੇ ਨਹੀਂ ਸਾਂ ਤੁਰਿਆ। ਇਹ ਮੇਰੀ ਆਪਣੀ ਹੋਣੀ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਮੈਂ ਬਣਿਆ ਹੀ ਏਸ ਕੰਮ ਵਾਸਤੇ ਸਾਂ। ਮੈਂ ਬਾਰਾਂ ਸਾਲਾਂ ਦਾ ਸਾਂ ਜਦੋਂ ਮੇਰੀ ਪਹਿਲੀ ਕਵਿਤਾ ਛਪੀ ਇੱਕ ਹਫ਼ਤਾਵਾਰੀ ਅਖਬਾਰ ਵਿਚ। ਮੈਨੂੰ ਯਾਦ ਹੈ ਮੈਂ ਸਿਰਫ ਕਮੀਜ਼ ਤੇ ਕੱਛ ਪਹਿਨੀਂ ਨੰਗੇ ਸਿਰ ਅਤੇ ਨੰਗੇ ਪੈਰੀਂ ਇਹ ਕਵਿਤਾ ‘ਵਰਤਮਾਨ’ ਅਖਬਾਰ ਦੇ ਸੰਪਾਦਕ ਜਮੀਅਤ ਸਿੰਘ ਨੂੰ ਦੇ ਕੇ ਆਇਆ ਸਾਂ। ਉਂਜ ਇਹ ਪਰਚਾ ਈਸ਼ਰ ਸਿੰਘ ਮਝੈਲ ਦਾ ਸੀ। ਜਮੀਅਤ ਸਿੰਘ ਬਹੁਤ ਸਿਆਣਾ ਵੀ ਸੀ ਤੇ ਬਜ਼ੁਰਗ ਵੀ। ਪਰ ਉਹ ਮੇਰੀ ਕਵਿਤਾ ਕਿਤੇ ਰੱਖ ਕੇ ਭੁੱਲ ਗਿਆ। ਮੈਂ ਆਉਂਦੇ ਹਫ਼ਤੇ ਦਾ ਪੇਪਰ ਵੇਖਿਆ ਤੇ ਬੜਾ ਉਦਾਸ ਹੋਇਆ। ਮੈਂ ਦੁਬਾਰਾ ਉਹਦੇ ਕੋਲ ਗਿਆ। ਪਰ ਕਵਿਤਾ ਕਿਤੋਂ ਨਾ ਲੱਭੀ। ਉਹਨੇ ਪੁੱਛਿਆ ਕਿ ਕੀ ਕਵਿਤਾ ਮੈਨੂੰ ਯਾਦ ਸੀ ? ਮੈਨੂੰ ਬਿਲਕੁਲ ਯਾਦ ਸੀ। ਮੈਂ ਉਹ ਦੁਬਾਰਾ ਲਿਖ ਦਿੱਤੀ ਅਤੇ ਫੇਰ ਅਗਲੇ ਹਫ਼ਤੇ ਛਪ ਵੀ ਗਈ। ਉਸਤੋਂ ਬਾਅਦ ਸਾਲਾਂ ਤੱਕ ਮੈਂ ‘ਵਰਤਮਾਨ’ ਪਰਚੇ ਲਈ ਕੁਝ ਨਾ ਕੁਝ ਲਿਖਦਾ ਰਿਹਾ।

ਸੋ ਏਥੇ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਜਦੋਂ 1957 ਵਿਚ ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਦਾਖਲ ਹੋਇਆ ਮੇਰੇ ਨਾਲ ਦੇ ਮੁੰਡੇ ਪਹਿਲਾਂ ਹੀ ਮੇਰੇ ਨਾਂ ਤੋਂ ਜਾਣੂੰ ਸਨ।... ਮੇਰੇ ਇਸ ਲਿਖਣ-ਪੜ੍ਹਨ ਦੇ ਸ਼ੌਕ ਨੇ ਮੈਨੂੰ ਮੇਰੇ ਰਿਸ਼ਤੇਦਾਰਾਂ ਵਿਚ, ਮੇਰੇ ਦੋਸਤਾਂ-ਮਿੱਤਰਾਂ ਵਿਚ, ਸਕੂਲ ਤੇ



ਕਾਲਜ ਵਿਚ ਮੈਨੂੰ ਇੱਕ ਉੱਚੇ ਆਸਣ ’ਤੇ ਬਿਠਾ ਦਿੱਤਾ ਸੀ। ਮੇਰੇ ਨਾਲ ਹੋਰ ਮੁੰਡੇ ਵੀ ਪੜ੍ਹਦੇ ਸਨ, ਪਰ ਉਹਨਾਂ ਨੂੰ ਕੋਈ ਨਹੀਂ ਸੀ ਜਾਣਦਾ। ... ਇੱਕ ਹੋਰ ਦਿਲਚਸਪ ਕਿੱਸਾ ਹੈ। ਇਹ ਸ਼ਾਇਦ 1993 ਦੀ ਗੱਲ ਹੈ। ਲੇਖਕ ਜਸਬੀਰ ਭੁੱਲਰ ਨੇ ਚੰਡੀਗੜ੍ਹ ਦੀ ਪੰਜਾਬ ਸਾਹਿਤ ਅਕੈਡਮੀ ਵੱਲੋਂ ਆਨੰਦਪੁਰ ਸਾਹਿਬ ਵਿਚ ਮੇਰਾ ਰੂਬਰੂ ਰੱਖ ਲਿਆ। ਜਸਬੀਰ ਭੁੱਲਰ, ਭੂਸ਼ਨ ਧਿਆਨਪੁਰੀ ਤੇ ਮੈਂ - ਅਸੀਂ ਤਿੰਨੇ ਇਕੱਠੇ ਬਸ ਵਿਚ ਚੰਡੀਗੜ੍ਹੋਂ ਆਨੰਦਪੁਰ ਸਾਹਿਬ ਗਏ। ਇਹ ਪ੍ਰੋਗਰਾਮ ਸ਼ਾਇਦ ਕਿਸੇ ਕਾਲਜ ਵਿਚ ਸੀ। ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਚਾਹ-ਪਾਣੀ ਵੇਲੇ ਮੈਨੂੰ ਦੋ ਟੀਚਰ ਵਿਸ਼ੇਸ਼ ਤੌਰ ’ਤੇ ਅੱਗੇ ਹੋ ਕੇ ਮਿਲੇ। ਕਹਿੰਦੇ, ‘ਡਾਕਟਰ ਸਾਹਿਬ, ਸਾਨੂੰ ਪਛਾਣਿਆ ਜੇ ?’ ਮੈਂ ਬੜੀ ਕੋਸ਼ਿਸ਼ ਕੀਤੀ ਪਰ ਮੈਥੋਂ ਉਹ ਪਛਾਣੇ ਨਾ ਗਏ। ਫੇਰ ਉਹਨਾਂ ’ਚੋਂ ਇੱਕ ਨੇ ਮੇਰੀ ਸਭ ਤੋਂ ਪਹਿਲੀ ਕਵਿਤਾ ਦੀ ਕਿਤਾਬ ‘ਚਾਨਣ ਦੀ ਲਕੀਰ’ ਮੇਰੇ ਅੱਗੇ ਕਰ ਦਿੱਤੀ ਤੇ ਕਿਹਾ ਕਿ ਹੁਣ ਪਛਾਣੋ। ਪਰ ਮੇਰੀ ਪਛਾਣ ਵਿਚ ਕੁਝ ਨਾ ਆਇਆ। ਫੇਰ ਉਹਨਾਂ ਆਪ ਹੀ ਦੱਸਿਆ ਕਿ ਉਹ ਮੇਰੇ ਨਾਲ ਅਠਵੀਂ ਜਮਾਤ ਵਿਚ (1955 ਵਿਚ) ਗੁਰੂ ਰਾਮਦਾਸ ਖਾਲਸਾ ਹਾਈ ਸਕੂਲ ਵਿਚ ਪੜ੍ਹਦੇ ਸਨ। ਜਦੋਂ ਮੈਂ ਆਪਣੀ ਯਾਦਸ਼ਕਤੀ ’ਤੇ ਹੋਰ ਕੁਝ ਜ਼ੋਰ ਪਾਇਆ ਤਾ ਮੈਨੂੰ ਉਹਨਾਂ ਦੇ ਉਸ ਵੇਲੇ ਦੇ ਚਿਹਰੇ ਯਾਦ ਆਉਣ ਲੱਗ ਪਏ। ਪਰ ਨਾਂ ਫਿਰ ਵੀ ਯਾਦ ਨਾ ਆਏ। ਅਖੀਰ ਉਹਨਾਂ ਆਪ ਹੀ ਆਪਣੇ ਨਾਂ ਦੱਸੇ। ਇਸ ਵੇਲੇ ਉਹ ਇਸ ਕਾਲਜ ਵਿਚ ਅਧਿਆਪਕ ਲੱਗੇ ਹੋਏ ਸਨ, ਪੰਜਾਬੀ ਦੇ। ਉਹਨਾਂ ਅਨੁਸਾਰ ਉਹਨਾਂ ਇਹ ਕਿਤਾਬ 1969 ਵਿਚ ਖਰੀਦੀ ਸੀ। ਤੇ ਇਹ ਛਪੀ ਵੀ ਉਸੇ ਸਾਲ ਹੀ ਸੀ।

ਸੋ ਦੋਸਤ ਇਹ ਮੁੱਲ ਨਹੀਂ ਤਾਂ ਹੋਰ ਫਿਰ ਕੀ ਹੈ ? ਰਹੀ ਗੱਲ ਮੇਰੇ ਕੀਤੇ ਕੰਮ ਬਾਰੇ ਹੋਈ ਆਲੋਚਨਾ ਦੀ ਜਾਂ ਫਿਰ ਜ਼ਿਕਰ-ਏ-ਆਮ ਦੀ। ਜੇ ਕਾਲਜਾਂ, ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਏ ਜਾਣਾ ਹੀ ਇਸਦਾ ਮਾਪ ਹੈ ਤਾਂ ਮੇਰੇ ਕੰਮ ’ਤੇ ਘੱਟੋ ਘੱਟ ਚਾਲੀ ਐਮ.ਫਿਲਜ਼ ਤਾਂ ਹੋ ਹੀ ਚੁੱਕੀਆਂ ਹੋਣਗੀਆਂ, ਸ਼ਾਇਦ ਵਧੇਰੇ ਹੋਣ। ਪੰਜ ਕੁ ਪੀ.ਐਚ.ਡੀਜ਼ ਬਾਰੇ ਤਾਂ ਮੈਨੂੰ ਖਬਰ ਹੈ ਬਾਕੀਆਂ ਬਾਰੇ ਨਹੀਂ।... ਅਗਲੀ ਗੱਲ ਇਹ ਵੀ ਹੈ ਕਿ ਸਾਨੂੰ ਸਭ ਨੂੰ ਬੁੱਢੇ ਹੋਣ ਦੀ ਬਿਮਾਰੀ ਹੈ। ਸਾਡੇ ਪਿੱਛੇ ਪਿੱਛੇ ਇੱਕ ਹੋਰ ਸਾਹਿਤਕ ਪੀੜ੍ਹੀ ਤੁਰੀ ਆ ਰਹੀ ਹੁੰਦੀ ਹੈ ਅਤੇ ਉਹਨਾਂ ਨੂੰ ਵੀ ਸਥਾਪਿਤ ਹੋਣ ਦੀ ਕਾਹਲ ਹੁੰਦੀ ਹੈ। ਜੇ ਉਹਨਾਂ ਤੋਂ ਪਹਿਲੀ ਪੀੜ੍ਹੀ ਸੀਨ ਤੋਂ ਪਾਸੇ ਨਾ ਹੋਵੇ ਤਾਂ ਉਹਨਾਂ ਨੂੰ ਗੁੱਸਾ ਆਉਂਦਾ ਹੈ। ਜਦੋਂ ਉਹਨਾਂ ਵਿੱਚੋਂ ਨਵੇਂ ਆਲੋਚਕ ਨਿਕਲਦੇ ਹਨ ਤਾਂ ਉਹਨਾਂ ਦੀਆਂ ਨਜ਼ਰਾਂ ਆਪਣੀ ਪੀੜ੍ਹੀ ਦੇ ਲੇਖਕਾਂ ਵੱਲ ਵਧੇਰੇ ਹੁੰਦੀਆਂ ਹਨ। ਹੋਣੀਆਂ ਵੀ ਚਾਹੀਦੀਆਂ ਹਨ। ਇੰਜ ਪਹਿਲੀ ਪੀੜ੍ਹੀ ਦਾ ਸਤਿਕਾਰ ਤਾਂ ਰਹਿੰਦਾ ਹੈ ਪਰ ਉਸਦੀ ਗੱਲ ਘੱਟ ਹੁੰਦੀ ਹੈ। ਜਿਹੜਾ ਬੁੜ੍ਹਾ ਗਲੋਂ ਹੀ ਨਹੀਂ ਲਹਿੰਦਾ ਉਹ ਉਹਨਾਂ ਨੂੰ ਵਿਹੁ ਵਖਾਲੀ ਦੇਂਦਾ ਹੈ। ਜਿਵੇਂ ਪਰਿਵਾਰ ਦਾ ਬਜ਼ੁਰਗ ਆਖਰੀ ਉਮਰ ਵਿਚ ਸਭ ਜ਼ਿੰਮੇਵਾਰੀਆਂ ਮੁੰਡਿਆਂ ਨੂੰ ਸੌਂਪ ਕੇ ਆਪ ਰਿਟਾਇਰ ਹੋ ਜਾਂਦਾ ਹੈ, ਸਾਹਿਤ ਵਿਚ ਵੀ ਕੁਝ ਕੁਝ ਇੰਜ ਹੀ ਵਾਪਰਦਾ ਹੈ। ਹਾਂ, ਆਲੋਚਕਾਂ ਦੀ ਗੱਲ ਵੱਖਰੀ ਹੈ। ਨਵੇਂ ਲੇਖਕ ਪ੍ਰੋਮੋਟ ਹੋਣ ਲਈ ਉਹਨਾਂ ਦੇ ਇਰਦ-ਗਿਰਦ ਘੁੰਮਦੇ ਰਹਿੰਦੇ ਹਨ। ਪਰ ਮੈਂ ਇਹ ਕੰਮ ਬੜੇ ਚਿਰ ਤੋਂ ਛੱਡਿਆ ਹੋਇਆ ਹੈ। ਪਹਿਲਾਂ ਪਹਿਲਾਂ ਇੰਡੀਆ ਤੋਂ ਹਰ ਮਹੀਨੇ ਦੋ-ਚਾਰ ਕਿਤਾਬਾਂ ‘ਕੁਝ ਲਿਖਣ ਲਈ’ ਆਈਆਂ ਹੀ ਰਹਿੰਦੀਆਂ ਸਨ ਜੋ ਹੁਣ ਆ ਕੇ ਬੰਦ ਹੋਈਆਂ ਹਨ।

ਤੀਜਾ ਮੁੱਲ ਇਨਾਮਾਂ-ਸਨਮਾਨਾਂ ਦੀ ਸ਼ਕਲ ਵਿਚ ਪੈਂਦਾ ਹੈ। ਲੁਧਿਆਣੇ ਵਾਲੇ ਧਾਲੀਵਾਲ ਪੁਰਸਕਾਰ ਨੂੰ ਛੱਡ ਕੇ 1987 ਤੱਕ ਮੈਨੂੰ ਸਾਰੇ ਹੀ ਮਿਲਣਯੋਗ ਇਨਾਮ ਮਿਲ ਚੁੱਕੇ ਸਨ, ਭਾਸ਼ਾ ਵਿਭਾਗ ਦੇ ਸ਼੍ਰੋਮਣੀ ਸਾਹਿਤਕਾਰ ਇਨਾਮ ਸਮੇਤ। ਇਹ ਇਨਾਮ ਮੁੱਖ-ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਹੱਥੋਂ ਮੈਨੂੰ ਤੇ ਜਸਵੰਤ ਸਿੰਘ ਨੇਕੀ ਨੂੰ ਇਕੱਠਿਆਂ ਨੂੰ ਮਿਲਿਆ ਸੀ। ਨੇਕੀ ਸਾਹਿਬ ਨੂੰ ਸ਼੍ਰੋਮਣੀ ਸਾਹਿਤਕਾਰ, ਪੰਜਾਬ ਦਾ ਅਤੇ ਮੈਨੂੰ ਬਦੇਸ਼ਾਂ ਦਾ। ਸਾਹਿਤ ਅਕੈਡਮੀ ਦਾ ਪੁਰਸਕਾਰ ਬਦੇਸ਼ੀ ਨੈਸ਼ਨੈਲਿਟੀ

ਵਾਲੇ ਨੂੰ ਮਿਲ ਹੀ ਨਹੀਂ ਸੀ ਸਕਦਾ। ਅੱਜ ਵੀ ਨਹੀਂ ਮਿਲ ਸਕਦਾ।

ਚੌਥਾ ਕਾਰਨ, ਕਿਸੇ ਕੰਮ ਦਾ ਮੁੱਲ ਨਾ ਪੈਣ ਦਾ, ਚੁੱਪ ਦੀ ਸਾਜ਼ਿਸ਼ ਵੀ ਹੋ ਸਕਦਾ ਹੈ। ਚੁੱਪ ਉਹਨਾਂ ਬਾਰੇ ਧਾਰੀ ਜਾਂਦੀ ਹੈ ਜਿਹਨਾਂ ਨੂੰ ਤੁਸੀਂ ਢਾਹ ਨਹੀਂ ਸਕਦੇ, ਉਹਨਾਂ ਦੇ ਖ਼ਿਲਾਫ਼ ਨਹੀਂ ਬੋਲ ਸਕਦੇ ਕਿਉਂਕਿ ਅਜਿਹਾ ਕਰ ਕੇ ਤੁਸੀਂ ਆਪ ਹੀ ਆਪਣਾ ਵਿਰੋਧ ਕਰ ਰਹੇ ਹੁੰਦੇ ਹੋ। ਜਿਸ ਆਲੋਚਕ ਨੇ ਸਾਰੀ ਜ਼ਿੰਦਗੀ ਕਿਸੇ ਲੇਖਕ ਨੂੰ ਲਿਖ ਲਿਖ ਕੇ ਸਲਾਹਿਆ ਹੈ ਅਚਾਨਕ ਹੀ ਉਹ ਉਸਦੇ ਵਿਰੋਧ ਵਿਚ ਆ ਜਾਣ ਕਰ ਕੇ ਉਸਨੂੰ ਕਿਵੇਂ ਮਾੜਾ ਲਿਖਣਾ ਸ਼ੁਰੂ ਕਰ ਦੇਵੇ ? ਇਹ ਤਾਂ ਆਪਣੀ ਮੌਤ ਆਪ ਸਹੇੜਨ ਵਰਗਾ ਕੰਮ ਹੈ। ਇਸ ਲਈ ਚੁੱਪ ਦੀ ਸਾਜ਼ਿਸ਼ ਹੀ ਉਹ ਹੱਥਿਆਰ ਹੈ ਜਿਸ ਨਾਲ ਤੁਸੀਂ ਆਪਣਾ ਬਚਾਉ ਕਰ ਸਕਦੇ ਹੋ। ਨਹੀਂ ਬੋਲੋਗੇ ਤਾਂ ਇੱਜ਼ਤ ਬਚੀ ਰਹੇਗੀ। ਹੱਕ ਵਿਚ ਤੁਸੀਂ ਬੋਲਣਾ ਨਹੀਂ ਚਾਹੁੰਦੇ, ਖਿਲਾਫ਼ ਬੋਲਣ ਨਾਲ ਤੁਸੀਂ ਆਪ ਮਰਦੇ ਹੋ। ਸੋ ਚੁੱਪ ਹੀ ਭਲੀ ਹੈ। ਇੱਕ ਚੁੱਪ ਸੌ ਸੁੱਖ ਤਾਂ ਖਾਸ-ਉਲ-ਖਾਸ ਪੰਜਾਬੀ ਮੁਹਾਵਰਾ ਹੈ।

**? ਪੰਜਾਬੀ ਦੀਆਂ ਕੁਝ ਨਵੀਆਂ ਕਹਾਣੀਆਂ ਨਵੀਂ ਪੰਜਾਬੀ ਸਾਇਕੀ ਨੂੰ ਪੇਸ਼ ਕਰ ਰਹੀਆਂ ਹਨ ਪਰ ਨਾਵਲ ਦਾ ਹਾਲ ਕਿਉਂ ਏਡਾ ਮੰਦਾ ਹੈ ?**

– ਪੁਰਾਣੇ ਨਾਵਲਕਾਰ ਬੁੱਢੇ ਹੋ ਚੁੱਕੇ ਹਨ। ਨਵਾਂ ਨਾਵਲ ਨਵੇਂ ਲੇਖਕ ਹੀ ਲਿਖਣਗੇ ਪਰ ਜੇ ਉਹ ਸਮੇਂ ਦੇ ਹਾਣ ਦੇ ਹੋ ਸੱਕੇ ਤਾਂ। ਜਿਵੇਂ ਨਵੀਂ ਪੰਜਾਬੀ ਕਹਾਣੀ ਨੂੰ ਕੇਸਰਾ ਰਾਮ ਸਮੇਤ ਕੁਝ ਹੋਰ ਨਵੇਂ ਲੇਖਕ ਪੇਸ਼ ਕਰ ਰਹੇ ਹਨ ਉਵੇਂ ਹੀ ਨਾਵਲਕਾਰ ਵੀ ਇਹਨਾਂ ਵਿੱਚੋਂ ਹੀ ਨਿਕਲਣਗੇ। ਪਰ ਫੇਰ ਵੀ ਇਹ ਗੱਲ ਵਿਸਥਾਰ ਵਿਚ ਕਰਨੀ ਬਣਦੀ ਹੈ। ਇਤਿਹਾਸਕ ਕਿਸਮ ਦੇ ਨਾਵਲ ਵੱਲ ਤੁਸੀਂ ਉਦੋਂ ਪਰਤਦੇ ਹੋ ਜਦੋਂ: ਇੱਕ; ਤੁਸੀਂ ਇਤਿਹਾਸ ਵਿੱਚੋਂ ਵਰਤਮਾਨ ਦੀ ਕਿਸੇ ਗੁੰਝਲ ਦੇ ਹੱਲ ਲਈ ਇਸ਼ਰੇ ਲੱਭਣੇ ਹੋਣ, ਦੂਜਾ; ਤੁਸੀਂ ਹੋਵੋ ਹੀ ਇਤਿਹਾਸਕ ਨਾਵਲਕਾਰ (ਜਿਵੇਂ ਹਰਨਾਮ ਦਾਸ ਸਹਿਰਾਈ ਸੀ), ਤੀਜਾ; ਤੁਹਾਡੇ ਕੋਲ ਵਰਤਮਾਨ ਦੇ ਬੁਰੀ ਤਰ੍ਹਾਂ ਬਣ-ਵਿਗੜ ਤੇ ਉਲਝ ਰਹੇ ਰਿਸ਼ਤਿਆਂ ਨੂੰ ਪਕੜ ਸਕਣ ਦੀ ਬੌਧਿਕ ਦ੍ਰਿਸ਼ਟੀ ਨਾ ਹੋਵੇ ਜਾਂ ਤੁਹਾਡਾ ਅਧਿਐਨ ਮਹਾਂਨਗਰੀ ਅਤੇ ਗਲੋਬਲ ਪੱਧਰ ਦਾ ਨਹੀਂ ਕੇਵਲ ਸਥਾਨਕ ਪੱਧਰ ਦਾ ਹੋਵੇ। ਪਿੰਡ ਵਿਚ ਰਹਿ ਕੇ ਸਿਰਫ਼ ਪਿੰਡ ਜਿੰਨੀ ਚੇਤਨਾ ਹੀ ਵਿਕਸਿਤ ਹੋ ਸਕਦੀ ਹੈ, ਸ਼ਹਿਰ ਵਿਚ ਸ਼ਹਿਰ ਜਿੰਨੀ, ਮਹਾਂਨਗਰ ਵਿਚ ਮਹਾਂਨਗਰ ਜਿੰਨੀ ਅਤੇ ਗਲੋਬ ਦੀਆਂ ਵੱਖ ਵੱਖ ਨੁੱਕਰਾਂ ਵੇਖ ਕੇ, ਉਹਨਾਂ ਵਿਚ ਰਹਿ-ਵੱਸ ਕੇ ਗਲੋਬ ਜਿੰਨੀ। ਅੱਜ ਗਲੋਬਲ ਸਰੋਕਾਰ ਪਹਿਲਾਂ ਨਾਲੋਂ ਵਧੇਰੇ ਸੂਖ਼ਮ ਪਰ ਵਿਰਾਟ ਹਨ। ਇਹਨਾਂ ਦੇ ਪ੍ਰਭਾਵ ਹਰ ਸੰਸਕ੍ਰਿਤੀ 'ਤੇ ਪੈ ਰਹੇ ਹਨ; ਹਰ ਦੇਸ਼ ਵਿਚ, ਉਹਨਾਂ ਦੇ ਸ਼ਹਿਰਾਂ ਤੇ ਮਹਾਂਨਗਰਾਂ ਵਿਚ, ਛੋਟੇ ਸ਼ਹਿਰਾਂ ਵਿਚ, ਏਥੋਂ ਤੱਕ ਕਿ ਪਿੰਡਾਂ ਵਿਚ ਵੀ। ਪਰ ਇਸ ਵਰਤਾਰੇ ਦੀ ਸਮਝ ਤਾਂ ਹੀ ਆ ਸਕਦੀ ਹੈ ਜੇ ਤੁਹਾਡੀ ਚੇਤਨਾ ਵੀ ਗਲੋਬ ਜਿੱਡੀ ਹੀ ਵਿਕਸਤ ਹੋਈ ਹੋਵੇ। ਪਰ ਪੰਜਾਹ ਮੀਲ ਦੇ ਰਕ ਵਿਚ ਜੀਵਨ ਜੀ ਕੇ ਗਲੋਬਲ ਵਰਤਾਰਿਆਂ ਦੀ ਸਮਝ ਕਿਵੇਂ ਆ ਜਾਏਗੀ ?

ਇਸੇ ਲਈ ਸਾਡਾ ਨਾਵਲ ਅਜੇ ਵੀ ਪਿੰਡ ਵਿਚ ਹੀ ਖੜ੍ਹਾ ਹੈ ਕਿਉਂਕਿ ਸਾਡਾ ਨਾਵਲਕਾਰ ਪਿੰਡ ਦੀ ਚਾਰ-ਦਿਵਾਰੀ ਵਿਚ ਬੰਦ ਹੈ। ਉਹ ਉਮਰ-ਰਸੀਦਾ ਵੀ ਹੋ ਚੁੱਕਾ ਹੈ। ਉਸਦੇ ਵਿਕਾਸ ਦੀਆਂ ਸੰਭਾਵਨਾਵਾਂ ਖ਼ਤਮ ਹੋ ਚੁੱਕੀਆਂ ਹਨ। ਹੁਣ ਤਾਂ ਉਹ ਸਿਰਫ਼ ਜੀਣ ਦੀ ਖਾਤਰ ਹੀ ਜੀ ਰਿਹਾ ਹੈ। ਪੰਜਾਬੀ ਦੀਆਂ ਫਿਲਮਾਂ ਨੇ ਨਵਾਂ ਰੁਝਾਨ ਫੜਿਆ ਹੈ ਕਿਉਂਕਿ ਇਹਨਾਂ ਨੂੰ ਨਵਾਂ ਲਹੂ ਸਪਲਾਈ ਹੋ ਰਿਹਾ ਹੈ। ਪਰ ਸਾਡੇ ਪਰੰਪਰਕ ਨਾਵਲ ਕੋਲ ਪੁਰਾਣਾ ਲਹੂ ਹੈ। ਸਮੇਂ ਬਹੁਤ ਬਦਲ ਗਏ ਹਨ, ਭਾਰਤ ਦੇ ਮਹਾਂਨਗਰਾਂ ਵਿਚ ਵੀ। ਟੀ.ਵੀ. ਚੈਨਲਾਂ 'ਤੇ ਸਭ ਕੁਝ ਪੇਸ਼ ਹੋ ਰਿਹਾ ਹੈ। ਪਰ ਪੁਰਾਣੇ ਅਤੇ ਘਸ ਚੁੱਕੇ ਲਹੂ ਨੂੰ ਇਹ ਸਭ ਵੇਖਣਾ ਗਵਾਰਾ ਨਹੀਂ। ਉਹ ਇੱਕ ਅਜਨਬੀ ਬੰਦੇ ਵਾਂਗ ਏਧਰ ਓਧਰ ਜਾਂਦਾ-ਆਉਂਦਾ ਟੀ.ਵੀ. ਦੇ ਪਰਦੇ ਨੂੰ ਘੂਰ ਕੇ ਅੱਗੇ ਲੰਘ ਜਾਂਦਾ ਹੈ। ਪਰਦੇ 'ਤੇ ਨਜ਼ਰਾਂ ਗੱਡੀ ਬੈਠੇ ਬੱਚੇ 'ਤੇ



ਨੌਜਵਾਨ ਉਹਨੂੰ ਬੁਰੇ ਲਗਦੇ ਹਨ। ਉਸ ਕੋਲੋਂ ਤੁਹਾਨੂੰ ਕਿਸ ਕਿਸਮ ਦੇ ਨਾਵਲ ਦੀ ਉਡੀਕ ਹੈ ? ਘੱਟੋ ਘੱਟ ਇਹ ਅਜੋਕੇ ਬੱਚੇ ਤੇ ਨੌਜਵਾਨ ਤਾਂ ਉਹਦਾ ਨਾਵਲ ਨਹੀਂ ਪੜ੍ਹਨਗੇ। ਫੇਰ ਕੌਣ ਪੜ੍ਹੇਗਾ ? ਉਹਦੀ ਹੀ ਉਮਰ ਦੇ ਲੋਕ ਜਿਹੜੇ ਮੌਤ ਦੇ ਕੰਢੇ 'ਤੇ ਬੈਠੇ ਹਨ। ਫਿਊਡਲ ਦੌਰ ਦੀਆਂ ਕਥਾ-ਕਹਾਣੀਆਂ ਦੀ ਅੱਜ ਕੀ ਅਤੇ ਕਿੰਨੀ ਕੁ ਸਾਰਥਕਤਾ ਹੋ ਸਕਦੀ ਹੈ ? ... ਨਵਾਂ ਨਾਵਲ ਲਿਖਣ ਲਈ ਨਵੀਂ ਸੋਚ, ਨਵੀਂ ਸੁਹਬਤ, ਨਵੀਂ ਨੀਝ, ਨਵੀਂ ਚੇਤਨਾ, ਨਵੀਂ ਸੰਵੇਦਨਾ, ਅਤਿ-ਵਿਕਸਿਤ ਅਜੋਕੇ ਨਵੇਂ ਔਜ਼ਾਰ ਚਾਹੀਦੇ ਹਨ, ਉਹਨਾਂ ਦੀ ਵਰਤੋਂ ਕਰਨੀ ਆਉਣੀ ਚਾਹੀਦੀ ਹੈ। ਇਸ ਸਭ ਕੁਝ ਨੂੰ ਸਮਝਦਾ, ਸਿੱਖਦਾ, ਚੇਤਨ ਹੁੰਦਾ, ਆਦਮੀ ਖ਼ੁਦ ਵੀ ਨਵਿਆਇਆ ਜਾਂਦਾ ਹੈ। ਲੇਖਕ/ਕਲਾਕਾਰ ਦਾ ਸਰੀਰ ਬੁੱਢਾ ਹੋ ਜਾਏ ਤਾਂ ਉਹ ਬੁੱਢਾ ਨਹੀਂ ਹੁੰਦਾ ਪਰ ਜਦੋਂ ਉਹਦੀ ਸੋਚ, ਚਿੰਤਨ, ਚੇਤਨਾ ਬੁੱਢੀ ਹੋ ਜਾਏ ਤਾਂ ਉਹ ਬੁੱਢਾ ਹੋ ਜਾਂਦਾ ਹੈ। ਪਰ ਅਫ਼ਸੋਸ ਹੈ ਕਿ ਇਸ ਕਿਸਮ ਦੇ ਬੁੱਢੇ ਹੋ ਚੁੱਕੇ ਲੋਕ ਹੀ ਦਹਾਕੇ ਪਹਿਲਾਂ ਵਾਲੀ ਥਾਂ ਉੱਤੇ ਜੰਮ ਜਾਂ ਫ਼ਰੀਜ਼ ਹੋ ਚੁੱਕੇ ਪਾਠਕਾਂ ਦੇ ਵਲੀ ਬਣੇ ਬੈਠੇ ਹਨ। ਦੋਵੇਂ ਇੱਕੋ ਹੀ ਸਥਿਤੀ ਵਿਚ ਹਨ।

**? ਆਪਣੇ ਨਾਵਲ 'ਸਮਾਂ' ਵਿਚ ਤੁਸੀਂ ਕੀ ਕਹਿਣਾ ਚਾਹਿਆ ਹੈ ?**

– ਛਪ ਕੇ ਆ ਲੈਣ ਦਿਓ, ਫੇਰ ਜੇ ਤੁਹਾਡੇ ਕੋਲ ਸਮਾਂ ਹੋਇਆ ਤਾਂ ਇਸ ਬਾਰੇ ਵੀ ਗੱਲ ਕਰਾਂ ਗੇ।

**? ਪਿੱਛੇ ਆਇਆ ਇੱਕ ਸਵਾਲ ਦੁਬਾਰਾ ਪੁੱਛਣ ਦੀ ਗੁਸਤਾਖ਼ੀ ਕਰਦਾ ਹਾਂ। ਤੁਸੀਂ ਹੁਣਵੇਂ ਪੰਜਾਬੀ ਸਾਹਿਤ ਬਾਰੇ ਗੱਲ ਕਰਦਿਆਂ ਸਮਾਜਕ ਵਿਰੋਧਾਂ ਦੀ ਗੱਲ ਕੀਤੀ ਹੈ। ਕੀ ਸਾਡਾ ਅਜੋਕਾ ਨਾਵਲਕਾਰ ਨਵੇਂ ਵਿਰੋਧਾਂ ਨੂੰ ਸਮਝਦਾ ਨਹੀਂ ਜਾਂ ਉਸ ਕੋਲ ਸਮਝਣ ਦੀ ਸਮਰੱਥਾ ਹੀ ਨਹੀਂ ?**

– "ਅਜੋਕੇ " ਪੰਜਾਬ ਦੇ ਨਾਵਲਕਾਰ ਕੋਲ ਤਾਂ ਇਹ ਸਮਰੱਥਾ ਨਹੀਂ ਹੈ ਜਿਵੇਂ ਮੈਂ ਉੱਪਰ ਕਿਹਾ ਹੈ। ਇੱਕ ਤੋਂ ਵਧੇਰੇ ਦੁਨੀਆਵਾਂ ਵੇਖ ਚੁੱਕੇ ਚੇਤਨ, ਦ੍ਰਿਸ਼ਟੀਸ਼ੀਲ, ਅਧਿਐਨ-ਕੇਂਦ੍ਰਿਤ ਅਤੇ ਵਸਤਾਂ ਵਰਤਾਰਿਆਂ ਨੂੰ ਖੋਜੀ ਨਜ਼ਰ ਨਾਲ ਵੇਖਣ ਵਾਲੇ ਨਾਵਲਕਾਰ ਕੋਲ ਇਹ ਸਮਰੱਥਾ ਹੋ ਸਕਦੀ ਹੈ। ਨਾਵਲ ਸਿਰਜਣਾ ਨਾਵਲ ਲਿਖਣਾ ਹੀ ਨਹੀਂ ਹੁੰਦਾ, ਇਹ ਨਿਊਟਨ ਤੇ ਆਈਨਸਟਾਈਨ ਦੀ ਨਜ਼ਰ ਵਿਚਲਾ ਕਮਾਲ ਵੀ ਹੁੰਦਾ ਹੈ। ਖੋਜੀ ਬਿਰਤੀ ਹੀ ਨਾਵਲ ਸਿਰਜਣ ਦੇ ਕਾਬਿਲ ਹੁੰਦੀ ਹੈ। ਜੇ ਨਿਊਟਨ ਸਾਇੰਸਦਾਨ ਨਾ ਹੁੰਦਾ ਤਾਂ ਉਹ ਬਹੁਤ ਵੱਡਾ ਨਾਵਲਕਾਰ ਹੁੰਦਾ ਕਿਉਂਕਿ ਉਹ ਸ਼ਾਇਰ ਵੀ ਸੀ। ਸਾਇੰਸਦਾਨ, ਫ਼ਿਲਾਸਫਰ ਅਤੇ ਸਾਹਿਤਕਾਰ ਵਿਚਕਾਰ ਬੜੀ ਸੂਖ਼ਮ ਜਿਹੀ ਰੇਖਾ ਹੁੰਦੀ ਹੈ ਜੋ ਇਹਨਾਂ ਨੂੰ ਤਿੰਨ ਵੱਖ ਵੱਖ ਖੇਤਰਾਂ ਵਿਚ ਭੇਜ ਦੇਂਦੀ ਹੈ ਪਰ ਇਹਨਾਂ ਨੂੰ ਇੱਕ ਦੂਜੇ ਤੋਂ ਤੋੜਦੀ ਨਹੀਂ। ਇਹ ਹਮੇਸ਼ਾਂ ਇੱਕ ਦੂਜੇ ਦੇ ਪੂਰਕ ਬਣੇ ਰਹਿੰਦੇ ਹਨ। ਇਹ ਗੱਲ ਮੈਂ ਆਪਣੇ ਜ਼ਾਤੀ ਅਨੁਭਵ 'ਚੋਂ ਆਖ ਰਿਹਾ ਹਾਂ ਕਿਉਂਕਿ ਇਹ ਤਿੰਨੇ ਮੁੱਢ ਤੋਂ ਲੈ ਕੇ ਅੱਜ ਤੱਕ ਮੇਰੇ ਵਿਚ ਮੌਜੂਦ ਹਨ, ਇੱਕ ਦੂਜੇ ਦਾ ਆਸਰਾ ਬਣਦੇ ਹਨ, ਇੱਕ ਦੂਜੇ ਨੂੰ ਹਿੰਮਤ ਅਤੇ ਹੋਸ਼ ਦੇਂਦੇ ਹਨ।

ਪੰਜਾਬ/ਭਾਰਤ ਵਿਚਲੇ ਸਮਾਜਾਂ ਅਤੇ ਸੰਸਥਾਵਾਂ ਦੇ ਵਿਰੋਧਾਂ, ਨਵੇਂ-ਪੁਰਾਣੇ ਦੇ ਵਿਰੋਧਾਂ, ਗਲੋਬਲ ਵਰਤਾਰਿਆਂ ਦੇ ਪੈਦਾ ਕੀਤੇ ਵਿਰੋਧਾਂ ਤੋਂ ਸਾਡਾ ਅਜੋਕਾ ਪੰਜਾਬੀ ਨਾਵਲਕਾਰ ਵਾਕਿਫ਼ ਨਹੀਂ। ਨੋਟ ਕਰੋ: ਮੈਂ 'ਅਜੋਕਾ' ਸ਼ਬਦ ਵਰਤਿਆ ਹੈ। ਕੱਲ੍ਹ ਨੂੰ ਨਵਾਂ ਉੱਭਰ ਰਿਹਾ ਨਾਵਲਕਾਰ ਇਹ ਕਮਾਲ ਜ਼ਰੂਰ ਕਰੇਗਾ ਜਿਵੇਂ ਕਹਾਣੀ ਦੇ ਖੇਤਰ ਵਿਚ ਮੈਂ ਕੇਸਰਾ ਰਾਮ ਵਰਗੇ ਲੇਖਕਾਂ ਦਾ ਨਾਂ ਲਿਆ ਹੈ।

ਤੁਹਾਨੂੰ ਮੈਂ ਇੱਕ ਪਤੇ ਦੀ ਗੱਲ ਹੋਰ ਦਸਦਾ ਹਾਂ। ਬਹੁਤੇ ਲੇਖਕ ਲੋਕ ਸਮਝਦੇ ਹਨ ਕਿ ਕੋਈ ਵੀ ਕਥਾ ਜਾਂ ਕਹਾਣੀ ਲਿਖ ਦੇਣੀ ਹੀ ਗਲਪ-ਸਿਰਜਣਾ ਹੁੰਦੀ ਹੈ। ਇਸਦਾ ਮਤਲਬ ਹੈ ਅਜਿਹਾ ਸਮਝਣ ਵਾਲੇ ਨੂੰ ਨਾ ਕਹਾਣੀ ਦਾ ਪਤਾ ਹੈ ਨਾ ਨਾਵਲ ਦਾ। ਮਨੁੱਖ ਸਵੇਰ ਤੋਂ ਲੈ ਕੇ ਸ਼ਾਮ ਤੱਕ ਛੱਤੀ ਕੰਮ ਕਰਦਾ ਹੈ। ਇੱਕ ਕਿਸਮ ਦੀ ਰੁਟੀਨ 'ਚ ਬੱਝਿਆ ਰਹਿੰਦਾ ਹੈ। ਜ਼ਿੰਦਗੀ ਜਿਊਣ ਲਈ ਇਹ

ਰੁਟੀਨ ਜ਼ਰੂਰੀ ਵੀ ਹੈ। ਪਰ ਨਾਵਲ ਜਾਂ ਕਹਾਣੀ ਨੂੰ, ਬਲਕਿ ਕਿਸੇ ਵੀ ਵਿਧਾ ਨੂੰ, ਰੁਟੀਨ ਨਹੀਂ ਸਗੋਂ ਕੁਝ ਵਿਸ਼ੇਸ਼ ਚਾਹੀਦਾ ਹੈ। ਅਜਿਹਾ ਵਿਸ਼ੇਸ਼ ਜੋ ਪਹਿਲਾਂ ਕਦੇ ਸੰਬੰਧਿਤ ਬੰਦੇ ਦੇ ਅਨੁਭਵ ਵਿਚ ਨਹੀਂ ਆਇਆ। ਪਰ ਜੇਕਰ ਉਹ ਵਿਸ਼ੇਸ਼ ਉਹਨੂੰ ਬਿਲਕੁਲ ਹੀ ਝੰਜੋੜ ਕੇ ਰੱਖ ਦੇਵੇ ਤਾਂ ਉਹ ਕਲਾ ਦੀ ਵਸਤੂ ਹੋ ਨਿਬੜਦਾ ਹੈ। ਇੱਥੇ ਹੀ ਫਲੈਟ ਨਾਵਲ ਜਾਂ ਫਲੈਟ ਕਹਾਣੀ ਦਾ ਨਿਰਣਾ ਹੁੰਦਾ ਹੈ। ਜਿਵੇਂ ਬਾਖ਼ਤਿਨ ਕਹਿੰਦਾ ਹੈ ਬਿਲਕੁਲ ਉਵੇਂ ਸ਼ਬਦੀ ਕਲਾ ਦਾ ਚਿਹਨ ਪੂਰੀ ਤਰ੍ਹਾਂ ਕੱਸਿਆ ਹੋਣਾ ਚਾਹੀਦਾ ਹੈ, ਥਰ ਥਰ ਕੰਬ ਰਿਹਾ, ਉਸ ਰੱਸੇ ਵਾਂਗ ਜਿਸਨੂੰ ਦੋਵਾਂ ਪਾਸਿਆਂ ਤੋਂ ਦੋ ਵਿਰੋਧੀ ਧਿਰਾਂ ਪੂਰੇ ਜ਼ੋਰ ਨਾਲ ਖਿੱਚ ਰਹੀਆਂ ਹਨ। ਅਰਥ-ਸਿਰਜਣਾ ਓਨਾ ਚਿਰ ਨਹੀਂ ਹੋ ਸਕਦੀ ਜਿੰਨਾ ਚਿਰ ਭਾਸ਼ਾ ਰੂਪੀ ਰੱਸਾ ਕਸਾਉ, ਤਨਾਉ ਅਤੇ ਵਿਸਫੋਟ ਨਹੀਂ ਭੋਗਦਾ।

**? ਕੀ 1980 ਵਰਗੀ ਵੱਡੀ ਪੰਜਾਬੀ ਕਾਨਫਰੰਸ ਕਦੇ ਏਧਰ ਦੁਬਾਰਾ ਹੋ ਸੱਕੇਗੀ ?**

- ਨਹੀਂ, ਬਿਲਕੁਲ ਨਹੀਂ। ਉਹ ਇੱਕ ਦੌਰ ਹੀ ਸੀ। ਹੁਣ ਤਾਂ ਇਹ ਵੀ ਨਹੀਂ ਪਤਾ ਕਿ ਪੰਜਾਬੀ ਸਾਹਿਤ ਸਿਰਜਣਾ ਦੀ ਲਗਾਤਾਰਤਾ ਬਣੀ ਰਹੇਗੀ ਜਾਂ ਬਿਲਕੁਲ ਖ਼ਤਮ ਹੋ ਜਾਏਗੀ। ਵੈਸੇ ਦੂਜੀ ਗੱਲ ਦੇ ਆਸਾਰ ਵਧੇਰੇ ਸਪੱਸ਼ਟ ਹਨ।

**? ਸਾਡੀ ਪੰਜਾਬੀਆਂ ਦੀ ਅਗਲੀ ਪੀੜ੍ਹੀ ਦੇ ਕੁਝ ਲੇਖਕ ਅੰਗਰੇਜ਼ੀ ਵਿਚ ਲਿਖ ਰਹੇ ਅਤੇ ਖ਼ੂਬ ਨਾਮ ਕਮਾ ਰਹੇ ਹਨ। ਕੀ ਤੁਸੀਂ ਸਮਝਦੇ ਹੋ ਕਿ ਉਹ ਸਾਡੀ ਸੰਵੇਦਨ ਦੀ ਤਰਜਮਾਨੀ ਕਰ ਸੱਕਣਗੇ ?**

- ਸਾਡੀ ਸੰਵੇਦਨਾ ਦੀ ਤਰਜਮਾਨੀ ਤਾਂ ਉਹ ਤਾਂ ਕਰਨ ਜੇ ਉਹਨਾਂ ਦੀ ਆਪਣੀ ਕੋਈ ਸੰਵੇਦਨਾ ਨਾ ਹੋਵੇ। ਸਾਡੇ ਦੌਰ ਵਿਚ ਅਸਾਂ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਜਾਂ ਸੁਜਾਨ ਸਿੰਘ ਹੁਰਾਂ ਦੀ ਸੰਵੇਦਨਾ ਦੀ ਤਰਜਮਾਨੀ ਨਹੀਂ ਕੀਤੀ ਕਿਉਂਕਿ ਸਾਡੇ ਕੋਲ ਆਪਣੀ ਨਵੀਂ ਸੰਵੇਦਨਾ ਸੀ ਪੇਸ਼ ਕਰਨ ਲਈ। ਇੰਜ ਉਹ ਵੀ ਆਪਣੀ ਸੰਵੇਦਨਾ ਨੂੰ ਪੇਸ਼ ਕਰਨਗੇ। ਪਰ ਜੇ ਤੁਸੀਂ ਇਹ ਕਹੋ ਕਿ ਕੀ ਉਹ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਅੰਗਰੇਜ਼ੀ ਵਿਚ ਕਰਨਗੇ ਤਾਂ ਜ਼ਹਿਰ ਹੈ ਉਹ ਕਰਨਗੇ। ਪੰਜਾਬੀ ਮਾਪਿਆਂ ਦੀ ਔਲਾਦ ਹੋਣ ਕਰ ਕੇ ਪੰਜਾਬੀ ਸੱਭਿਆਚਾਰ ਤੇ ਸਾਇਕੀ ਉਹਨਾਂ ਕੋਲ ਹੈ ਪਰ ਸੰਵੇਦਨਾ ਜਾਂ ਸੈਂਸੀਬਿਲਿਟੀ ਉਹਨਾਂ ਦੀ ਆਪਣੀ ਪੂਰੀ ਪੁਸ਼ਤ ਦੀ ਪੇਸ਼ ਹੋਵੇਗੀ। ਉਹਨਾਂ ਦੇ ਪਾਤਰ ਪਿਆਰ ਕਰਨ ਵਾਲੀਆਂ ਕੁੜੀਆਂ ਦੇ ਕਤਲ ਨਹੀਂ ਕਰਨਗੇ ਅਤੇ ਨਾ ਹੀ ਅਣਹੋਏ ਨੱਕ ਨਮੂਜ ਨੂੰ ਬਚਾਉਣ ਲਈ ਖ਼ਾਹਮਖ਼ਾਹ ਆਪਣੀਆਂ ਬਲੀਆਂ ਦਈ ਜਾਣਗੇ। ਸਾਡੀ ਪੁਸ਼ਤ ਦੀ ਸੰਵੇਦਨਾ ਕੱਲ੍ਹ ਦੀ ਗੱਲ ਹੈ, ਉਹਨਾਂ ਦੀ ਪੁਸ਼ਤ ਦੀ ਸੰਵੇਦਨਾ ਅੱਜ ਦੀ ਗੱਲ। ... ਜ਼ਰਾ ਪਿੱਛੇ ਜਾਉ, ਨਾਵਲ 'ਨਵੇਂ ਰਿਸ਼ਤੇ' ਵਿਚ ਮੈਂ ਨਵੇਂ ਰਿਸ਼ਤੇ ਸਿਰਜਣ ਵਾਲੇ ਨੌਜਵਾਨਾਂ ਦੇ ਨਾਲ ਖੜਾ ਹਾਂ। ਸਾਨੂੰ ਹੀ ਹਰ ਰੋਜ਼ ਆਪਣੇ ਆਪ ਦਾ ਨਵੀਨੀਕਰਣ ਕਰਨਾ ਪਏਗਾ, ਨਵੇਂ ਲੋਕ ਪਿੱਛੇ ਵੱਲ ਨਹੀਂ ਝਾਕਣਗੇ। ਸਮਾਂ ਸਦਾ ਅੱਗੇ ਨੂੰ ਤੁਰਦਾ ਹੈ, ਜ਼ੀਰੋ ਟਾਈਮ ਤੋਂ ਮੌਤ ਤੀਕਰ। ਇਹੋ ਹੀ ਜੀਵਨ ਦਾ ਸੱਚ ਹੈ।

**? ਬਾਹਰ ਵੱਸੇ ਲੇਖਕਾਂ ਦੀ ਸ਼ਿਕਾਇਤ ਹੈ ਕਿ ਦੇਸੋਂ ਆਏ ਲੇਖਕ/ਆਲੋਚਕ ਜਦੋਂ ਤੱਕ ਏਥੇ ਸਾਡੇ ਕੋਲ ਰਹਿੰਦੇ ਹਨ ਉਦੋਂ ਤੱਕ ਬੜਾ ਹੇਜ ਵਖਾਉਂਦੇ ਹਨ ਪਰ ਜਦੋਂ ਅਸੀਂ ਓਥੇ ਜਾਂਦੇ ਹਾਂ ਤਾਂ ਉਹ ਸਾਨੂੰ ਪੁੱਛਦੇ ਵੀ ਨਹੀਂ ਸਗੋਂ ਆਪਣੀ ਹੀ ਈਗੋ ਦਾ ਮੁਜ਼ਾਹਰਾ ਕਰਦੇ ਹਨ।**

- ਬਈ ਅਜਿਹਾ ਹੁੰਦਾ ਤਾਂ ਨਹੀਂ ਸੀ ਪਹਿਲਾਂ ਕਦੇ। 1980 ਵਿਚ ਏਥੇ ਸੇਖੋਂ ਸਾਹਿਬ ਆਏ, ਸੋਹਨ ਸਿੰਘ ਜੋਸ਼ ਆਏ, ਸੁਜਾਨ ਸਿੰਘ ਹੁਰੀਂ ਆਏ, ਕਿਹੜੇ ਕਿਹੜੇ ਨਾਂ ਗਿਣਾਵਾਂ, 40 ਤੋਂ ਉੱਪਰ ਲੇਖਕ/ਆਲੋਚਕ ਆਏ। ਅਸਾਂ ਪੂਰੀ ਸੇਵਾ ਕੀਤੀ, ਮੁਹੱਬਤ ਕੀਤੀ। ਤੇ ਜਦੋਂ ਅਸੀਂ ਕਦੇ ਵਾਪਸ ਗਏ ਤਾਂ ਉਹਨਾਂ ਸਭ ਨੇ ਸਾਨੂੰ ਅੱਖਾਂ 'ਤੇ ਬਿਠਾਇਆ। ਪਰ ਹੁਣ ਲੱਗਦਾ ਹੈ ਸਾਡੀ ਨਸਲ ਬਦਲ ਗਈ ਹੈ ਕਿਉਂਕਿ ਇਹ ਗਲੋਬਲੀਕਰਨ ਦਾ ਵਾਰਾ-ਪਹਿਰਾ ਹੈ। ਇਹ ਪੈਸੇ ਦਾ, ਪੂੰਜੀ ਦਾ,



ਮਤਲਬ ਦਾ ਦੌਰ ਹੈ। ਅਜਿਹਾ ਵੀ ਨਹੀਂ ਕਿ 1980 ਵਾਲੇ ਉਹ ਸਾਰੇ ਲੇਖਕ/ਆਲੋਚਕ ਕਿਤੇ ਕੂਚ ਕਰ ਗਏ ਹੋਣ, ਨਹੀਂ ਬਿਲਕੁਲ ਨਹੀਂ, ਉਹਨਾਂ 'ਚੋਂ ਬਹੁਤੇ ਅਜੇ ਜਿਉਂਦੇ ਜਾਗਦੇ ਹਨ। ਬਈ ਹੋ ਸਕਦਾ ਹੈ ਉਹਨਾਂ ਦੀ ਸੰਵੇਦਨਾ ਬਦਲ ਗਈ ਹੋਵੇ ਜਾਂ ਉਹ ਰਾਤੋ ਰਾਤ ਸਾਡੀ ਪੀੜ੍ਹੀ ਦੇ ਪੰਜਾਬੀ ਨਾ ਰਹਿ ਕੇ ਗਲੋਬਲੀ ਦੌਰ ਦੇ ਪੰਜਾਬੀ ਬਣ ਗਏ ਹੋਣ। ਆਪਣੀ ਪੁਸ਼ਤ ਤੋਂ ਅੱਗੇ ਲੰਘ ਜਾਣਾ ਤਾਂ ਚੰਗੀ ਗੱਲ ਹੈ। ਹਾਂ, ਅਲਬੱਤਾ ਸਾਡੇ ਏਥੋਂ ਦੇ ਲੇਖਕ ਜ਼ਰੂਰ ਕਿਤੇ ਨਾ ਕਿਤੇ ਪਿੱਛੇ ਰਹਿ ਗਏ ਹੋਣਗੇ ਕਿਉਂਕਿ ਉਹ ਬਦਲ ਰਹੇ ਸਮੇਂ ਦੇ ਨਾਲ ਬਦਲ ਨਹੀਂ ਸੱਕੇ ਹੋਣਗੇ। ਉਹਨਾਂ ਨੇ ਸ਼ਾਇਦ ਆਪਣਾ 'ਨਵੀਨੀਕਰਨ' ਕਰ ਲਿਆ ਹੈ ਪਰ ਏਥੋਂ ਵਾਲੇ ਨਹੀਂ ਕਰ ਸੱਕੇ ਹੋਣਗੇ।

**? ਤੁਸੀਂ ਕਿਉਂ ਲਿਖਦੇ ਹੋ ?**

- ਇਸ ਲਈ ਕਿ ਮੈਂ ਜਿਉਂਦਾ ਰਹਿ ਸੱਕਾਂ।

**? ਜਿਉਂਦੇ ਰਹਿਣ ਦੇ ਤਾਂ ਹੋਰ ਵੀ ਕਈ ਤਰੀਕੇ ਹਨ, ਫੇਰ ਇਹੋ ਹੀ ਕਿਉਂ ?**

- ਸਾਰੇ ਤਰੀਕੇ ਸਾਰਿਆਂ ਨੂੰ ਫਿਟ ਨਹੀਂ ਬੈਠਦੇ।

**? ਮੈਂ ਗੁਰਦਿਆਲ ਸਿੰਘ ਦਾ ਨਾਵਲ 'ਆਹਣ' ਪੜ੍ਹਿਆ ਹੈ, ਤੁਸੀਂ ਵੀ ਪੜ੍ਹਿਆ ਹੈ। ਇੰਜ ਹੀ ਅਣਖੀ ਦੇ ਹੁਣਵੇਂ ਨਾਵਲ ਵੀ। ਮੈਨੂੰ ਲਗਦਾ ਹੈ ਇਹ ਦੋਵੇਂ ਅਜੇ ਤੱਕ ਸੱਠਵਿਆਂ ਵਿਚ ਹੀ ਫਿਰ ਰਹੇ ਹਨ। ਉਹੋ ਹੀ ਬੋਲੀ, ਭਾਸ਼ਾ ਅਤੇ ਡਿਕਸ਼ਨ ਅਤੇ ਉਹੋ ਹੀ ਪਾਤਰ ਤੇ ਘਟਨਾਵਾਂ। ਇਹਨਾਂ ਦੇ ਸਮੇਂ ਤੋਂ ਪੱਛੜੇ ਰਹਿਣ ਦੇ ਕੀ ਕਾਰਨ ਹੋ ਸਕਦੇ ਹਨ ?**

- ਗੁਰਦਿਆਲ ਸਿੰਘ ਦੇ ਸੰਬੰਧ ਵਿਚ ਤਾਂ ਮੈਨੂੰ ਇਹ ਲੱਗਦਾ ਹੈ ਕਿ ਉਹਦੇ ਕੋਲ ਜੈਤੋਂ ਦੇ 20-25 ਮੀਲ ਦੇ ਰੇਡੀਅਸ ਦਾ ਹੀ ਅਨੁਭਵ ਹੈ। ਉਸੇ ਅਨੁਭਵ ਨੂੰ ਉਹ ਬਾਰ ਬਾਰ ਪਾਤਰ ਤੇ ਘਟਨਾਵਾਂ ਬਦਲ ਕੇ ਲਿਖ ਦੇਂਦਾ ਹੈ। ਪਰ ਉਸਦੀ ਜੈ ਜੈ ਕਾਰ ਦੇ ਕਾਰਨ ਹੋਰ ਹਨ। ਉਹਨੇ ਪਹਿਲੇ ਦਿਨ ਤੋਂ ਹੀ ਆਪਣੇ ਆਲੇ ਦੁਆਲੇ ਇੱਕ ਮਿੱਥ ਉਸਾਰ ਲਈ ਸੀ। ਤੇ ਲੋਕਾਂ ਨੇ ਇਹ ਮੰਨ ਵੀ ਲਈ ਸੀ। ਲੋਕ ਉਦੋਂ ਮੰਨਦੇ ਹਨ ਜਦੋਂ ਅਜਿਹੀ ਮਿੱਥ ਵਿਚ ਤੁਹਾਡਾ ਆਪਣਾ ਵਿਸ਼ਵਾਸ ਪੱਕਾ ਹੋਵੇ। ਮਿੱਥ ਬਣਾਉਣ ਤੋਂ ਬਾਅਦ ਤੁਹਾਨੂੰ ਉਸਦੇ ਹਾਣ ਦੇ ਵੀ ਬਣਨਾ ਪੈਂਦਾ ਹੈ ਨਹੀਂ ਤਾਂ ਉਹ ਟੁੱਟ ਜਾਵੇਗੀ। ਤੁਹਾਨੂੰ ਬਾਰ ਬਾਰ ਆਪਣੇ ਆਪ ਨੂੰ ਦੱਸਣਾ ਪੈਂਦਾ ਹੈ ਕਿ ਤੁਸਾਂ ਇਹ ਮਿੱਥ ਉਸਾਰੀ ਹੋਈ ਹੈ, ਇਸ ਲਈ ਆਪਣੇ ਆਪ ਨੂੰ ਉਂਜ ਦੇ ਹੀ ਪੇਸ਼ ਕਰੋ। ਹੌਲੀ ਹੌਲੀ ਇਹੋ ਹੀ ਤੁਹਾਡੀ ਆਦਤ ਬਣ ਜਾਂਦੀ ਹੈ। ਫੇਰ ਤੁਸੀਂ ਉਸ ਵਿਚੋਂ ਚਾਹ ਕੇ ਵੀ ਨਹੀਂ ਨਿਕਲ ਸਕਦੇ।

ਇਹ ਮਿੱਥ ਸੀ ਸੰਜੀਦਾ ਹੋਣ ਦੀ, ਬਹੁਤ ਘੱਟ ਬੋਲਣ ਦੀ, ਹਰੇਕ ਮਜ੍ਹਮੇਂ ਵਿਚ ਚੁੱਪ ਧਾਰੀ ਰੱਖਣ ਦੀ, ਬਹੁਤ ਗੰਭੀਰ ਤੇ ਸੋਚਵਾਨ ਦਿਸਣ ਦੀ, ਬਹੁਤੀਆਂ ਮਹਿਫ਼ਲਾਂ ਵਿਚ ਨਾ ਜਾਣ ਦੀ, ਸੀਮਤ ਵਾਕ ਰੱਖਣ ਦੀ ਜਿਸਤੋਂ ਇਹ ਪ੍ਰਭਾਵ ਨਿਕਲੇ ਕਿ ਬੰਦਾ ਬਹੁਤ ਵਧੇਰੇ ਪੜ੍ਹਿਆ ਲਿਖਿਆ ਹੋਇਆ ਹੈ, ਗਿਆਨ ਨਾਲ ਏਨਾ ਭਰਿਆ ਪਿਆ ਹੈ ਕਿ ਕੁਝ ਵੀ ਫ਼ਜ਼ੂਲ ਬੋਲਣ ਨੂੰ ਘ੍ਰਿਣਾ ਕਰਦਾ ਹੈ, ਦਿਨ ਰਾਤ ਵੱਖ ਵੱਖ ਭਾਸ਼ਾਵਾਂ ਅਤੇ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਦਾ ਹੈ, ਸਮੁੰਦਰ ਵਾਂਗ ਡੂੰਘਾ ਹੈ, ਇਸਦਾ ਕੋਈ ਕਿਨਾਰਾ ਨਹੀਂ।

ਉਸਦੀ ਇਹ ਮਿੱਥ ਚੱਲ ਵੀ ਨਿਕਲੀ, ਖਾਸ ਕਰ ਕੇ ਮਾਲਵੇ ਵਿਚ। ਪੰਜਾਬ ਵਿਚ ਰਹਿ ਹੀ ਮਾਲਵਾ ਗਿਆ ਸੀ। 1947 ਵੇਲੇ ਸਾਰਾ ਮਾਝਾ ਤਾਂ ਚਲੇ ਗਿਆ ਪਾਕਿਸਤਾਨ ਵਿਚ, 50ਵਿਆਂ ਵਿਚ ਸਾਰਾ ਦੁਆਬਾ ਬਾਹਰ ਆ ਗਿਆ ਜਿਹਨਾਂ ਦੀ ਦੂਜੀ ਤੇ ਤੀਜੀ ਪੁਸ਼ਤ ਹੁਣ ਅੰਗਰੇਜ਼ੀ ਵਿਚ ਲਿਖ ਰਹੀ ਹੈ। ਆ ਜਾ ਕੇ ਮਾਲਵਾ ਖੇਤਰ ਹੀ ਸਬੂਤਾ ਰਿਹਾ ਜਿਸਦੀ ਧਾਂਕ ਸਿਆਸਤ ਵਿੱਚ ਵੀ ਪੈਣੀ ਸੀ ਅਤੇ ਸਾਹਿਤ ਵਿਚ ਵੀ। ਨਹੀਂ ਤਾਂ ਕੀ ਵਜ੍ਹਾ ਹੋ ਸਕਦੀ ਹੈ ਕਿ ਅੱਜ ਪੰਜਾਬੀ ਦੇ ਬਹੁਤੇ ਸਾਹਿਤਕਾਰ ਤੇ ਸਿਆਸਤਦਾਨ ਹਨ ਹੀ ਮਾਲਵੇ ਦੇ। ਹਰੇਕ ਕੰਮ ਦਾ ਕੇਂਦਰ ਸਿਰਫ਼ ਮਾਲਵਾ ਹੈ। ਜਿਹੜਾ ਖੇਤਰ ਸਬੂਤਾ ਅਤੇ ਸਰਗਰਮ ਹੋਵੇ ਮਿੱਥ ਦੀ ਮਸ਼ਹੂਰੀ ਵੀ ਓਥੇ ਹੀ ਹੋ ਸਕਦੀ ਹੈ। ਇੰਜ

ਗੁਰਦਿਆਲ ਸਿੰਘ ਦੀ ਬਣਾਈ ਹੋਈ ਮਿੱਥ ਚੱਲ ਗਈ ਤੇ ਉਹਦੇ ਹਰ ਨਾਵਲ ਦੀ ਬੱਲੇ ਬੱਲੇ ਹੋ ਗਈ। ਉਹਦੇ ਚਹੇਤੇ ਆਲੋਚਕ ਵਲਾ ਪਾ ਕੇ ਉਹਦੇ ਨਾਵਲਾਂ ਵਿੱਚੋਂ ਪੰਜਾਬੀ ਬੰਦੇ ਦਾ ਸੁਭਾਅ, ਅਚੇਤ ਮਨ ਦੀਆਂ ਗੰਢਾਂ, ਫ਼ੂਕੋ, ਦੈਰੀਦਾ, ਲਾਕਾਂ ਅਤੇ ਦੂਜੇ ਪੱਛਮੀ ਬੁੱਧੀਜੀਵੀਆਂ ਦੇ ਸੰਕਲਪ ਤਲਾਸ਼ਣ ਲੱਗੇ। ਸਭ ’ਤੇ ਇਹੀ ਪ੍ਰਭਾਵ ਸੀ ਕਿ ਇਹ ਲੇਖਕ ਬਹੁਤ ਹੀ ਗੰਭੀਰ ਚਿੰਤਕ ਅਤੇ ਫ਼ਿਲਾਸਫ਼ਰ ਹੈ, ਬਹੁਤ ਹੀ ਡੂੰਘੇ ਅਤੇ ਵਿਸ਼ਾਲ ਅਧਿਐਨ ਦਾ ਮਾਲਕ ਹੈ। ਅੰਗਰੇਜ਼ੀ ਸਾਹਿਤ ਦਾ ਤਾਂ ਉਹ ਮਾਸਟਰ ਹੈ।

ਪਿੱਛੇ ਜਿਹੇ ਗੁਰਦਿਆਲ ਸਿੰਘ ਦੀ ਸਵੈਜੀਵਨੀ ਦੇ ਅੰਗਰੇਜ਼ੀ ਅਨੁਵਾਦਕ ਪਰਮਜੀਤ ਸਿੰਘ ਰਮਾਣਾ ਨੇ ਇਸ ਸਵੈਜੀਵਨੀ ਦੇ ਦੂਜੇ ਭਾਗ ਦਾ ਰਿਵੀਊ ਕਰਦਿਆਂ ਕੁਝ ਵਿਸ਼ੇਸ਼ ਗੱਲਾਂ ਕੀਤੀਆਂ ਹਨ। ਪਹਿਲੀ ਗੱਲ ਉਸਨੇ ਇਹ ਕੀਤੀ ਹੈ ਕਿ ਜਦੋਂ ਕਿ ਗੁਰਦਿਆਲ ਸਿੰਘ ਆਪਣੀ ਭੂਮਿਕਾ ਵਿਚ ਇਹ ਕਲੇਮ ਕਰਦਾ ਹੈ ਕਿ ਇਹ ਸਵੈਜੀਵਨੀ ਉਸਨੇ ਇਸ ਕਰ ਕੇ ਲਿਖੀ ਹੈ ਕਿ ਉਸ ਦੇ ਪਾਠਕ ਉਸਦੇ ਨਾਵਲਾਂ ਨੂੰ ਸਮਝ ਸੱਕਣ, ਸੱਚ ਇਹ ਹੈ ਦੋਹਾਂ ਜਿਲਦਾਂ ਵਿਚ ਉਸਦੇ ਕਿਸੇ ਵੀ ਨਾਵਲ ਨਾਲ ਸੰਬੰਧਤ ਕੁਝ ਵੀ ਨਹੀਂ ਹੈ। ਦੂਜੀ ਗੱਲ ਉਹ ਇਹ ਦਸਦਾ ਹੈ ਕਿ ਗੁਰਦਿਆਲ ਸਿੰਘ ਵਾਰ ਵਾਰ ਕਹਿੰਦਾ ਹੈ ਕਿ ਉਸਨੂੰ ਭਾਰਾ ਕੰਮ (ਤਰਖਾਣਾ ਲੁਹਾਰਾ) ਬਿਲਕੁਲ ਹੀ ਪਸੰਦ ਨਹੀਂ ਸੀ। ਉਹ ਆਪਣੇ ਕਰਨ ਲਈ ਕੋਈ ਹੌਲਾ ਕੰਮ ਹੀ ਲੱਭਦਾ ਸੀ ਜਿਵੇਂ ਟੀਚਰੀ ਅਤੇ ਪੜ੍ਹਨਾ ਲਿਖਣਾ ਆਦਿ। ਇਹ ਤਾਂ ਇਉਂ ਹੈ ਜਿਵੇਂ ਸਾਹਿਤਕਾਰੀ ਕਰਨਾ ਭਾਰੇ ਕੰਮ ਦਾ ਬਦਲ ਹੀ ਹੈ, ਹੋਰ ਕੁਝ ਨਹੀਂ। ਤੀਜੀ ਗੱਲ ਉਹ ਇਹ ਦੱਸਦਾ ਹੈ ਕਿ ਸਵੈਜੀਵਨੀ ਦੀ ਦੂਜੀ ਜਿਲਦ ਦੇ ਕਾਂਡ 9 ਵਿਚ ਗੁਰਦਿਆਲ ਸਿੰਘ ਸਿਰਫ਼ ਇੱਕ ਹੀ ਅੰਗਰੇਜ਼ੀ ਦਾ ਫ਼ਿਕਰਾ ਲਿਖਦਾ ਹੈ ਜਦੋਂ ਉਹਦਾ ਇੱਕ ਦਿੱਲੀ ਤੋਂ ਆਇਆ ਡਾਕਟਰ ਦੋਸਤ ਉਹਨੂੰ ਕੁਝ ਸੁਝਾਅ ਦੇਂਦਾ ਹੈ ਅਤੇ ਅਖ਼ੀਰ ਵਿਚ ਪੁੱਛਦਾ ਹੈ: '8▲✂✥ ⮏✿🚹 🚹✪➢✥☛–↔🚺▲✪➢✡⮏ ✥✿⬅✪🚺 ? ਇਸ ਇੱਕ ਫ਼ਿਕਰੇ ਤੋਂ ਬੜਾ ਕੁਝ ਸਪੱਸ਼ਟ ਹੋ ਜਾਂਦਾ ਹੈ।

1980 ਦੀ ਵੱਡੀ ਕਾਨਫ੍ਰੰਸ ਵਿਚ ਗੁਰਦਿਆਲ ਮੇਰੇ ਘਰ ਠਹਿਰਿਆ ਸੀ ਕਿਉਂਕਿ ਸਾਡੀ ਸਭਾ ਨੇ ਸਾਡੀਆਂ ਦੋ ਦੋ ਬੰਦੇ ਰੱਖਣ ਦੀਆਂ ਡਿਊਟੀਆਂ ਲਾਈਆਂ ਹੋਈਆਂ ਸਨ। ਡੇਢ–ਦੋ ਮਹੀਨੇ ਅਸੀਂ 40–50 ਲੋਕ ਪੂਰਾ ਇੰਗਲੈਂਡ ਹੀ ਘੁੰਮੇ ਤੇ ਫਿਰੇ। ਅੰਤ ਵਿਚ ਮੈਂ ਗੁਰਦਿਆਲ ਹੁਰਾਂ ਨੂੰ ਪੁੱਛਿਆ: ‘ਕੈਸਾ ਲੱਗਾ ਇੰਗਲੈਂਡ ?’ ਪਰ ਉਸਦਾ ਜੁਆਬ ਬੜਾ ਹੀ ਨਿਰਾਸ਼ ਕਰਨ ਵਾਲਾ ਸੀ ਅਤੇ ਮੇਰੀ ਹੈਰਾਨੀ ਦਾ ਕਾਰਨ ਵੀ। ‘ਕਾਹਦਾ ਇੰਗਲੈਂਡ ? ਮੈਂ ਨਹੀਂ ਵੇਖਿਆ ਕੁਸ਼ ਵੀ। ਮੈਂ ਕੀ ਵੇਖਣਾ ਸੀ ਏਥੇ ?’ ਮੈਂ ਕਿਹਾ, ‘ਫੇਰ ਵੀ ਕੋਈ ਤਾਂ ਪ੍ਰਭਾਵ ਬਣਿਆ ਹੀ ਹੋਵੇਗਾ, ਮਾੜਾ ਜਾਂ ਚੰਗਾ ? ਜਾਂ ਕੋਈ ਸਵਾਲ ਹੀ ਦਿਮਾਗ਼ ਵਿਚ ਉੱਭਰਿਆ ਹੋਵੇਗਾ ?’ ‘ਨਹੀਂ ਨਹੀਂ ਮੇਰੇ ਕੋਈ ਸਵਾਲ ਨਹੀਂ ਉੱਭਰਿਆ ਦਿਮਾਗ਼ ਵਿਚ।’ ਉਹਦਾ ਜੁਆਬ ਸੀ।

ਅਣਖੀ ਵੀ, ਮੈਨੂੰ ਲਗਦਾ ਹੈ, ਪਿਛਲੇ 20–25 ਸਾਲਾਂ ਤੋਂ ਇੱਕੋ ਹੀ ਨਾਵਲ ਵਾਰ ਵਾਰ ਲਿਖਦਾ ਜਾ ਰਿਹਾ ਹੈ। ਮਾਲਵੇ ਵਿਚ ਉਹਦਾ ਕਾਫੀ ਵੱਡਾ ਪਾਠਕ ਵਰਗ ਹੈ ਜੋ ਉਸਨੂੰ ਪੜ੍ਹ ਵੀ ਰਿਹਾ ਹੈ। ਇਹ ਸਭ ਪੁਰਾਣੇ ਲੋਕ ਹਨ। ਨਵੇਂ ਤੇ ਨੌਜਵਾਨ ਪਾਠਕਾਂ ਦੇ ਹਾਣ ਦਾ ਉਸ ਕੋਲ ਵੀ ਕੁਝ ਨਹੀਂ ਹੈ। ਮੈਨੂੰ ਇੱਕ ਕਿੱਸਾ ਯਾਦ ਆ ਰਿਹਾ ਹੈ। ਮੇਰਾ ਮੁੰਡਾ ਚਾਰਟਰਡ ਐਕਾਊਂਟੈਂਟ ਸੀ। ਅਣਖੀ ਨੇ ਬ੍ਰਮਿੰਘਮ ਵਿਚ ਹੀ ਇੱਕ ਐਕਾਊਂਟੈਂਟ ਕੁੜੀ ਦੀ ਦੱਸ ਪਾਈ। ਉਹ ਇੰਗਲੈਂਡ ਆਇਆ ਹੋਇਆ ਸੀ। ਮੈਂ ਤੇ ਮੇਰਾ ਮੁੰਡਾ ਕੁੜੀ ਵੇਖਣ ਗਏ। ਅਣਖੀ ਵਿਚੋਲੇ ਵੱਜੋਂ ਮੌਕੇ ’ਤੇ ਹਾਜ਼ਰ ਸੀ। ਕੁਝ ਚਿਰ ਇਕੱਠਿਆਂ ਬੈਠਣ ਤੋਂ ਬਾਅਦ ਅਣਖੀ ਕਹਿੰਦਾ: ‘ਲੈ ਬਈ ਮੁੰਡਿਆ, ਤੂੰ ਵੀ ਚਾਰਟ–ਕੌਂਟ ਆਂ ਤੇ ਇਹ ਕੁੜੀ ਵੀ ਚਾਰਟ–ਕੌਂਟ ਆ, ਤੁਹਾਡੀ ਦੋਹਾਂ ਦੀ ਜੋੜੀ ਠੀਕ ਰਹੂ।’ ਸੁਣ ਕੇ ਮੇਰਾ ਮੁੰਡਾ ਮੇਰੇ ਮੂੰਹ ਵੱਲ ਵੇਖਣ ਲੱਗ ਪਿਆ ਪਈ ਇਹ ‘ਚਾਰਟ–ਕੌਂਟ’ ਕੀ ਸ਼ੈਅ ਹੋਈ। ਸੁਣਿਆ ਹੈ ਅਣਖੀ ਨੇ ਐਮ.ਏ. ਅੰਗਰੇਜ਼ੀ ਦੀ ਕੀਤੀ ਸੀ ਅਤੇ ਫੇਰ ਕਈ ਸਾਲ ਅੰਗਰੇਜ਼ੀ ਦਾ ਟੀਚਰ ਵੀ ਲੱਗਾ ਰਿਹਾ ਹੈ।



## ਮੈਂ ਅਨੁਵਾਦ ਨੂੰ ਸਿਰਜਣਾ ਦਾ ਹੀ ਹਿੱਸਾ ਮੰਨਦਾ ਹਾਂ : -ਸੁਭਾਸ਼ ਨੀਰਵ

**? ਤੁਹਾਡਾ ਜਨਮ ਯੂ. ਪੀ. ਦੇ ਸ਼ਹਿਰ ਮੁਰਾਦਨਗਰ ’ਚ ਹੋਇਆ। ਤੁਹਾਡਾ ਆਪਣੇ ਬਾਰੇ ਕਹਿਣਾ ਹੈ, ‘‘ਜਿਸ ਗਰੀਬ ਮਜ਼ਬੂਰ ਪਰਿਵਾਰ ਵਿਚ ਮੈਂ ਪਲਿਆ-ਵੱਡਾ ਹੋਇਆ, ਉਸ ਵਿੱਚ ਦੂਰ-ਦੂਰ ਤੱਕ ਨਾ ਕੋਈ ਸਾਹਿਤਕ ਰੁਚੀ ਵਾਲਾ ਵਿਅਕਤੀ ਸੀ ਤੇ ਨਾ ਹੀ ਆਲੇ-ਦੁਆਲੇ ਅਜਿਹਾ ਕੋਈ ਵਾਤਾਵਰਣ ਸੀ। ਪਿਤਾ ਫੈਕਟਰੀ ਵਿਚ ਬਾਰ੍ਹਾਂ ਘੰਟੇ ਲੋਹੇ ਨਾਲ ਲੋਹਾ ਹੁੰਦੇ ਰਹਿੰਦੇ ਸਨ, ਫੈਕਟਰੀ ਵੱਲੋਂ ਜੋ ਉਨ੍ਹਾਂ ਨੂੰ ਮਕਾਨ ਮਿਲਿਆ ਹੋਇਆ ਸੀ, ਉਥੇ ਆਲੇ-ਦੁਆਲੇ ਪੂਰੇ ਬਲਾਕ ਵਿਚ ਵੱਖ-ਵੱਖ ਜਾਤਾਂ ਦੇ ਬੇਹੱਦ ਗਰੀਬ ਮਜ਼ਦੂਰ ਆਪਣੇ ਪਰਿਵਾਰ ਨਾਲ ਰਹਿੰਦੇ ਸਨ ਜਿਨ੍ਹਾਂ ਵਿੱਚ ਪੰਜਾਬੀ, ਸਫ਼ਾਈ ਕਰਮਚਾਰੀ, ਮੁਸਲਮਾਨ, ਪੂਰਬੀਏ, ਜੁਲਾਹੇ ਆਦਿ ਪ੍ਰਮੁੱਖ ਸਨ।’’ ਇਸ ਸੰਦਰਭ ’ਚ ਮੈਂ ਤੁਹਾਡੇ ਕੋਲੋਂ ਦੋ ਸਵਾਲ ਪੁੱਛ ਰਿਹਾ ਹਾਂ। (1) ਤੁਹਾਨੂੰ ਕਿਹੜੀਆਂ ਗੱਲਾਂ/ਘਟਨਾਵਾਂ ਨੇ ਸਾਹਿਤ ਨਾਲ ਜੋੜਿਆ। (2) ਤੁਸੀਂ ਪੰਜਾਬੀ ਅਨੁਵਾਦ ਨਾਲ ਕਿਵੇਂ ਜੁੜੇ।**

– ਸਾਹਿਤ ਨਾਲ ਜੁੜਨ ਵਾਲਾ ਸਵਾਲ ਸਪੱਸ਼ਟੀਕਰਨ ਲੋੜਦਾ ਹੈ, ਕੀ ਤੁਹਾਡੇ ਕਹਿਣ ਦਾ ਭਾਵ ਸਾਹਿਤ ਪੜ੍ਹਨ ਵਿੱਚ ਲੱਗੀ ਲਗਨ ਹੈ ਜਾਂ ਮੇਰੇ ਸਾਹਿਤਕ ਲੇਖਣ ਦੀ ਸ਼ੁਰੂਆਤ ਤੋਂ ਹੈ ? ਚਲੋ, ਮੈਂ ਦੋਨਾਂ ਦੇ ਜਵਾਬ ਦੇ ਰਿਹਾਂ, ਸਾਹਿਤਕ ਰਸਾਲੇ–ਅਖ਼ਬਾਰਾਂ ਪੜ੍ਹਣ ਦਾ ਸ਼ੌਕ ਮੈਨੂੰ ਦਸਵੀਂ ਪਾਸ ਕਰਨ ਤੋਂ ਬਾਅਦ ਹੀ ਪਿਆ। ਖਾਸ ਤੌਰ ’ਤੇ ਜਦੋਂ ਮੈਂ ਇੰਟਰ ਕਰਨ ਲਈ ਮੁਰਾਦਨਗਰ ਤੋਂ ਮੋਦੀਨਗਰ ਟ੍ਰੇਨ ਰਾਹੀਂ ਅਪ ਡਾਉਨ ਕਰਦਾ ਸੀ। ਇਹ 1970–1972 ਦੀ ਗੱਲ ਹੈ। ਕਾਲਜ ਰੇਲਵੇ ਸਟੇਸ਼ਨ ਤੋਂ ਪੈਦਲ ਦਸ ਕੁ ਮਿਟਾਂ ਦੀ ਵਿਥ ’ਤੇ ਸੀ। ਦੁਪਹਿਰ ਨੂੰ ਕਾਲਜ ਦੀ ਛੁੱਟੀ ਤੋਂ ਬਾਅਦ ਸਾਢੇ ਗਿਆਰ੍ਹਾਂ ਵਜੇ ਵਾਲੀ ਟ੍ਰੇਨ ਜੋ ਅਕਸਰ ਲੇਟ ਹੁੰਦੀ, ਬਹੁਤੀ ਵਾਰ ਮੇਰੇ ਤੋਂ ਛੁੱਟ ਜਾਂਦੀ ਤੇ ਮੈਨੂੰ ਅਗਲੀ ਗੱਡੀ ਜੋ ਤਿੰਨ ਵਜੇ ਦੇ ਕਰੀਬ ਆਉਂਦੀ ਸੀ, ਦੀ ਉਡੀਕ ਕਰਨੀ ਪੈਂਦੀ। ਮੇਰੇ ਦੋ ਖਾਸ ਦੋਸਤ ਸਨ। ਉਹ ਦੋਵੇਂ ਸਿੱਖ ਸਨ ਤੇ ਸਰਦੇ–ਪੁਜਦੇ ਘਰਾਂ ਦੇ ਸਨ। ਇਕ ਦੇ ਪਿਤਾ ਸਰਕਾਰੀ ਫੈਕਟਰੀ ਵਿਚ ਅਫਸਰ ਸਨ ਤੇ ਦੂਜੇ ਦੇ ਪਿਤਾ ਵੀ ਉਸੇ ਫੈਕਟਰੀ ਵਿੱਚ ਚੰਗੇ ਅਹੁਦੇ ’ਤੇ ਸਨ। ਗੱਡੀ ਖੁੰਝ ਜਾਣ ’ਤੇ ਉਹ ਦੋਵੇਂ ਜਣੇ ਅਗਲੀ ਗੱਡੀ ਦੀ ਉਡੀਕ ਨਾ ਕਰਦੇ ਤੇ ਬਸ ਰਾਹੀਂ ਮੁਰਾਦਨਗਰ ਪਰਤ ਜਾਂਦੇ, ਮੇਰੇ ਕੋਲ ਬਸ ਦਾ ਕਿਰਾਇਆ ਨਾ ਹੁੰਦਾ। ਗੱਡੀ ਦਾ ਤਿਮਾਹੀ ਸਟੂਡੈਂਟ ਪਾਸ ਹੀ ਹੁੰਦਾ। ਅਜਿਹੀ ਸਥਿਤੀ ਵਿਚ ਮੈਂ ਜਾਂ ਤਾਂ ਸਟੇਸ਼ਨ ’ਤੇ ਮਾਲਗੋਦਾਮ ਦਫ਼ਤਰ ਦੇ ਬਾਹਰ ਪਈਆਂ ਗਠਰੀਆਂ ’ਤੇ ਬਹਿ ਕੇ ਆਪਣੀ ਪੜ੍ਹਾਈ ਕਰਦਾ ਜਾਂ ਫਿਰ ਸਟੇਸ਼ਨ ’ਤੇ ਇਕੋ ਇਕ ਬੁਕ ਸਟਾਲ ’ਤੇ ਜਾ ਕੇ ‘ਸਰਿਤਾ’, ‘ਮੁਕਤਾ’, ‘ਕਾਦਿਮਬਿਨੀ’, ‘ਨਵਨੀਤ’, ‘ਨੀਹਾਰਿਕਾ’ ਆਦਿ ਰਸਾਲਿਆਂ ਦੇ ਪੰਨੇ ਪਲਟਦਾ ਰਹਿੰਦਾ, ਬੁਕ ਸਟਾਲ ਦਾ ਮਾਲਕ ਵਾਕਿਫ ਜਿਹਾ ਬਣ ਗਿਆ। ਸ਼ੁਰੂ ਵਿਚ ਉਹ ਬਹੁਤੀ ਦੇਰ ਰਸਾਲਿਆਂ ਨੂੰ ਫੋਲਣ ਨਹੀਂ ਦਿੰਦਾ ਸੀ। ਬਾਅਦ ਵਿਚ ਉਸ ਨੂੰ ਮੇਰੀ ਜ਼ਰੂਰਤ ਪੈਣ ਲੱਗੀ। ਦਰਅਸਲ, ਉਹ ਦੁਪਹਿਰ ਨੂੰ ਸਟਾਲ ਬੰਦ ਕਰਕੇ ਘੰਟਾ, ਡੇਢ ਘੰਟਾ ਘਰ ਨੂੰ ਚਲੇ ਜਾਂਦਾ। ਫਿਰ ਉਹ ਮੇਰੇ ਨਾਲ ਇੰਨਾ ਘੁਲਮਿਲ ਗਿਆ ਕਿ ਸਟਾਲ ਨੂੰ ਮੇਰੇ ਹਵਾਲੇ ਖੁੱਲ੍ਹਾ ਛੱਡ ਕੇ ਘਰੋਂ ਹੋ ਆਉਂਦਾ। ਇਸੇ ਦੌਰਾਨ ਜੋ ਵੀ ਵਿੱਕਰੀ ਹੁੰਦੀ, ਮੈਂ ਉਸ ਨੂੰ ਆਉਂਦਿਆਂ ਹੀ ਉਹ ਪੈਸੇ ਉਸ ਦੇ ਹੱਥ ਫੜਾ ਦਿੰਦਾ। ਕਈ ਵਾਰ ਵਕਤ ਕਟੀ ਲਈ ਮੈਂ ਕਾਲਜ ਦੀ ਲਾਇਬ੍ਰੇਰੀ ਵਿਚ ਵੀ ਬੈਠ ਜਾਂਦਾ, ਉਥੇ ਵੀ ਬਹੁਤ ਸਾਰੇ ਮੈਗਜ਼ੀਨ ਆਉਂਦੇ ਹੁੰਦੇ ਸਨ, ਇਨ੍ਹਾਂ ਮੈਗਜ਼ੀਨਾਂ ਵਿਚੋਂ ਮੈਂ ਕਹਾਣੀਆਂ, ਕਵਿਤਾਵਾਂ ਹੀ ਬਹੁਤੀਆਂ ਪੜ੍ਹਦਾ। ਤੁਸੀਂ ਕਹਿ ਸਕਦੇ ਹੋ ਕੇ ਸਾਹਿਤ ਪੜ੍ਹਣ ਦੀ ਚੇਟਕ ਮੈਨੂੰ ਇਸੇ ਸਮੇਂ ਲੱਗੀ ਸੀ। ਉਸ ਸਕੂਲ

ਦੀਆਂ ਕਿਤਾਬਾਂ ਤੋਂ ਇਲਾਵਾ ਉਨ੍ਹਾਂ ਦਿਨਾਂ ਵਿੱਚ ਮੇਰੇ ਕੋਲ ਕੁਝ ਵੀ ਨਹੀਂ ਹੁੰਦਾ ਸੀ। ਕੋਈ ਅਖ਼ਬਾਰ/ਮੈਗਜ਼ੀਨ ਸਾਡੇ ਘਰ ਤਾਂ ਕੀ ਪੂਰੇ ਮੁਹੱਲੇ ਵਿੱਚ ਵੀ ਨਹੀਂ ਆਉਂਦੇ ਸਨ। ਸਾਡੇ ਘਰ ਤੋਂ ਫੈਕਟਰੀ ਦੇ ਗੇਟ ਤੱਕ ਆ ਕਿ ਰੇਲਵੇ ਸਟੇਸ਼ਨ ਜਾਣ ਵਾਲੇ ਰਸਤੇ ਵਿਚ ਦੋ ਪਨਵਾੜੀ-ਖੋਖੇ ਆਉਂਦੇ ਸਨ। ਉਨ੍ਹਾਂ ਖੋਖਿਆਂ ’ਤੇ ਹਿੰਦੀ ਦੇ ਅਖ਼ਬਾਰ ਹੁੰਦੇ ਸਨ। ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਜਦ ਮੈਂ ਡੇਢ ਦੋ ਸਾਲ ਬੇਕਾਰੀ ਦੀ ਮਾਰ ਝੱਲ ਰਿਹਾ ਸੀ, ਉਦੋਂ ਮੈਂ ਇਨ੍ਹਾਂ ਖੋਖਿਆਂ ’ਤੇ ਆ ਕੇ ਅਖ਼ਬਾਰ ਪੜ੍ਹਦਾ ਰਹਿੰਦਾ ਸੀ। ਜੋ ਕੋਈ ਪਹਿਲਾਂ ਹੀ ਅਖ਼ਬਾਰ ਪੜ੍ਹ ਰਿਹਾ ਹੁੰਦਾ ਤਾਂ ਮੈਨੂੰ ਕਾਫ਼ੀ ਦੇਰ ਤੱਕ ਉਡੀਕ ਕਰਨੀ ਪੈਂਦੀ। ਇਥੇ ਹੀ ਐਤਵਾਰ ਨੂੰ ਅਖ਼ਬਾਰਾਂ ਵਿੱਚ ਛਪਣ ਵਾਲੇ ਸਾਹਿਤ ਨੂੰ ਡਾਢੇ ਚਾਅ ਨਾਲ ਪੜ੍ਹਦਾ। ਇਨ੍ਹਾਂ ਦਿਨਾਂ ਵਿੱਚ ਮੈਨੂੰ ਕਵਿਤਾ ਲਿਖਣ ਦਾ ਸ਼ੌਕ ਪੈ ਗਿਆ। ਮੈਂ ਫ਼ਿਲਮੀ ਗੀਤਾਂ ਵਾਂਗ ਕੱਚੀਆਂ-ਪੱਕੀਆਂ ਜਿਹੀਆਂ ਕਵਿਤਾਵਾਂ ਲਿਖਣ ਲੱਗ ਪਿਆ। ਘਰ ਵਿਚ ਖ਼ਾਕੀ ਰੰਗ ਦੇ ਕਾਗਜ਼ ਪਏ ਸਨ। ਮੈਂ ਉਨ੍ਹਾਂ ਦੀ ਤਹਿ ਲਾ ਕੇ ਤੇ ਉਨ੍ਹਾਂ ਨੂੰ ਸੂਈ ਨਾਲ ਸੀਂ ਕੇ ਇਕ ਡਾਇਰੀ ਜਿਹੀ ਬਣਾ ਲਈ। ਮੈਂ ਇਸ ਡਾਇਰੀ ’ਤੇ ਕਵਿਤਾਵਾਂ ਲਿਖਦਾ ਰਹਿੰਦਾ ਸੀ। ਕਵਿਤਾ ਲਿਖਣ ਤੋਂ ਬਾਅਦ ਮੈਨੂੰ ਜਾਪਦਾ, ਪਤਾ ਨਹੀਂ ਮੈਂ ਕੀ ਲਿਖ ਦਿੱਤਾ ਹੈ। ਮੈਂ ਘੰਟਿਆਂਵਧੀ ਆਪਣੇ ਲਿਖੇ ਨੂੰ ਪੜ੍ਹ ਕੇ ਮੁਗਧ ਹੁੰਦਾ ਰਹਿੰਦਾ। ਪਰ ਸੁਣਾਵਾਂ ਤਾਂ ਕਿਸ ਨੂੰ ? ਘਰ ਵਿਚ ਤਾਂ ਕੀ, ਗੁਆਂਢ ਵਿੱਚ ਵੀ ਕੋਈ ਸਾਹਿਤਕ ਰੁਚੀ ਵਾਲਾ ਵਿਅਕਤੀ ਨਹੀਂ ਸੀ। ਉਨ੍ਹਾਂ ਬੇਕਾਰੀ ਦੇ ਦਿਨਾਂ ਵਿਚ ਮੈਂ ਵੱਧ ਤੋਂ ਵੱਧ ਘਰ ਤੋਂ ਬਾਹਰ ਰਹਿੰਦਾ। ਘਰ ਵਿਚ ਭੈਣਾਂ-ਭਰਾਵਾਂ ਦੇ ਝਗੜੇ, ਗਰੀਬੀ ਤੇ ਤੰਗੀ-ਤੁਰਸ਼ੀ, ਮਾਂ ਦੀ ਮਜ਼ਬੂਰੀ ਸੀ। ਪਿਤਾ ਕਿਸੇ ਤਰ੍ਹਾਂ ਪਰਿਵਾਰ ਦਾ ਗੁਜ਼ਾਰਾ ਚਲਾ ਰਹੇ ਸਨ, ਉਹ ਫੈਕਟਰੀ ਵਿਚ ਲੋਹੇ ਨਾਲ ਕੁਸ਼ਤੀ ਕਰ ਕੇ ਘਰ ਮੁੜਦੇ ਤੇ ਪਰਿਵਾਰ ਦਾ ਪੇਟ ਭਰਨ ਦੀ ਚਿੰਤਾ ਵਿਚ ਡੁੱਬੇ ਰਹਿੰਦੇ। ਉਨ੍ਹਾਂ ਦੇ ਚਿਹਰੇ ’ਤੇ ਇਕ ਹਾਰੇ ਹੋਏ ਯੋਧੇ ਦੀ ਮਾਯੂਸੀ ਮੈਂ ਨਿਤ ਦਿਨ ਦੇਖਦਾ। ਉਨ੍ਹੀਂ ਦਿਨੀਂ ਮੇਰੇ ਇਕ ਮਿੱਤਰ ਨੇ ਆਪਣੇ ਪਿਤਾ ਨੂੰ ਕਹਿ ਕੇ ਮੈਨੂੰ ਆਡੀਨੈਂਸ-ਫੈਕਟਰੀ ਦੇ ਕਲੱਬ ਵਿੱਚ ਖੁੱਲ੍ਹੀ ਨਵੀਂ ਲਾਇਬ੍ਰੇਰੀ ਦਾ ਮੈਂਬਰ ਬਣਾ ਦਿੱਤਾ। ਮੈਂ ਉਥੇ ਕਿਤਾਬਾਂ ਇਸ਼ੂ ਕਰਵਾ ਕੇ ਲਿਆਉਣ ਲੱਗ ਪਿਆ। ਹੁਣ ਮੇਰਾ ਵਕਤ ਵਧੀਆ ਲੰਘਣ ਲੱਗਾ। ਸਾਹਿਤਕ ਪੁਸਤਕਾਂ ਨਾਲ ਮੈਨੂੰ ਪਿਆਰ ਹੋ ਗਿਆ ਸੀ। ਭੁੱਖ-ਪਿਆਸ ਮੈਂ ਸਭ ਭੁੱਲ ਗਿਆ ਸੀ। ਹਰ ਵੇਲੇ ਪੜ੍ਹਦਾ ਰਹਿੰਦਾ। ਇਸ਼ੂ ਕਾਰਵਾਈ ਕਿਤਾਬਾਂ ਦੀ ਮਹਿਕ ਮੇਰਾ ਪਿਛਾਹ ਨਾ ਛੱਡਦੀ। ਪ੍ਰੇਮਚੰਦ ਨੂੰ ਪੂਰਾ ਮੈਂ ਇਸੇ ਵਕਤ ਦੌਰਾਨ ਪੜ੍ਹਿਆ, ਅਗੇਯ, ਧਰਮਵੀਰ ਭਾਰਤੀ, ਭਗਵਤੀ ਚਰਣ ਵਰਮਾ, ਸ਼ਰਤ ਚੰਦਰ ਦੀਆਂ ਕਿਤਾਬਾਂ ਮੈਂ ਇਸੇ ਦੌਰਾਨ ਪੜ੍ਹੀਆਂ। ਵਧੀਆ ਤੇ ਗੰਭੀਰ ਸਾਹਿਤ ਨਾਲ ਮੇਰਾ ਵਾਸਤਾ ਇਸੇ ਦੌਰਾਨ ਪਿਆ। ਮੈਂ ਕਹਾਣੀਆਂ, ਨਾਵਲਾਂ ਦੇ ਪਾਤਰਾਂ ਵਿੱਚ ਡੁੱਬ ਜਾਂਦਾ। ਕਈ ਵਾਰ ਮੈਨੂੰ ਲੱਗਦਾ ਕਿ ਇਹ ਤਾਂ ਮੈਂ ਹੀ ਹਾਂ। ਫਲਾਣੇ ਪਾਤਰ ਦਾ ਦੁੱਖ ਤਾਂ ਮੇਰਾ ਆਪਣਾ ਦੁੱਖ ਹੈ। ਇਸੇ ਲਾਇਬ੍ਰੇਰੀ ਵਿਚ ‘ਸਾਰਿਕਾ’, ‘ਸਪਤਾਹਿਕ ਹਿੰਦੁਸਤਾਨ’ ਅਤੇ ‘ਧਰਮਯੁਗ’ ਵੀ ਆਉਂਦੇ ਸਨ। ਮੈਂ ਇਨ੍ਹਾਂ ਮੈਗਜ਼ੀਨਾਂ ਦਾ ਦੀਵਾਨਾ ਸੀ। ਇਨ੍ਹਾਂ ਮੈਗਜ਼ੀਨਾਂ ਦੇ ਨਵੇਂ ਅੰਕਾਂ ਨੂੰ ਸਭ ਤੋਂ ਪਹਿਲਾਂ ਮੈਂ ਕਾਹਲੀ ਨਾਲ ਪੜ੍ਹਦਾ। ਮੈਨੂੰ ਇਨ੍ਹਾਂ ਵਿੱਚ ਪ੍ਰਕਾਸ਼ਿਤ ਕਹਾਣੀਆਂ ਧੁਰ ਅੰਦਰ ਤੱਕ ਹਲੂਣ ਦਿੰਦੀਆਂ। ਬਿਨਾਂ ਸ਼ੱਕ ਸਾਹਿਤ ਪੜ੍ਹਨ ਦੀ ਮੇਰੀ ਇਹ ਰੁਚੀ ਇਥੇ ਆ ਕੇ ਹੋਰ ਪੱਕੀ ਹੋਈ। ਮੈਂ ਸਾਹਿਤ ਪੜ੍ਹਦਿਆਂ ਆਪਣੀ ਇਕੱਲਤਾ ਨੂੰ ਭੁੱਲ ਜਾਂਦਾ ਸੀ। ਆਪਣੀ ਬੇਕਾਰੀ ਦੀ ਮਾਰ ਨੂੰ ਭੁੱਲ ਜਾਂਦਾ ਸੀ। ਆਪਣੇ ਘਰ-ਪਰਿਵਾਰ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਭੁੱਲ ਜਾਂਦਾ ਸੀ। ਉਨ੍ਹਾਂ ਦਿਨਾਂ ਵਿੱਚ ਪੜ੍ਹੇ ਵਧੀਆ ਸਾਹਿਤ ਨੇ ਮੇਰੇ ਅੰਦਰ ਵੀ ਇਕ ਲੇਖਕ ਨੂੰ ਪੈਦਾ ਕੀਤਾ। ਮੈਂ ਕਵਿਤਾਵਾਂ ਦੇ ਨਾਲ-ਨਾਲ ਕਹਾਣੀਆਂ ਵੀ ਲਿਖਣ ਲੱਗ ਪਿਆ। ਇਹ ਕਹਾਣੀਆਂ ਮੇਰੇ ਪਰਿਵਾਰ ਦੇ ਆਲੇ-ਦੁਆਲੇ ਦੀ ਹੀ ਹੁੰਦੀਆਂ। ਹੁਣ ਮੇਰੇ ਅੰਦਰ ਆਪਣੀਆਂ ਕਵਿਤਾਵਾਂ ਅਤੇ ਕਹਾਣੀਆਂ ਨੂੰ ਮੈਗਜ਼ੀਨਾਂ ਵਿੱਚ ਭੇਜਣ ਦੀ ਲਾਲਸਾ ਵੀ ਪੈਦਾ ਹੋਣ ਲੱਗ ਪਈ



ਸੀ। ਪਰ ਜੋ ਥੋੜ੍ਹੇ ਜਿਹੇ ਪੈਸੇ ਪਿਤਾ ਤੋਂ ਮਿਲਦੇ ਸਨ, ਉਸ ਵਿੱਚ ਮੇਰੀ ਪਹਿਲੀ ਤਰਜੀਹ ਨੌਕਰੀ ਲਈ ਅਰਜੀਆਂ ਭੇਜਣ ਲਈ ਹੁੰਦੀ ਸੀ, ਫਿਰ ਵੀ ਮੈਂ ਜਿਵੇਂ-ਤਿਵੇਂ ‘ਸਰਿਤਾ’, ‘ਮੁਕਤਾ’ ਵਿੱਚ ਆਪਣੀਆਂ ਕੱਚੀਆਂ-ਪੱਕੀਆਂ ਰਚਨਾਵਾਂ ਭੇਜਣ ਲੱਗ ਪਿਆ। ਪਰ ਉਹ ਤੁਰੰਤ ਵਾਪਸ ਆ ਜਾਂਦੀਆਂ। ਮੇਰੀਆਂ ਖੁਸ਼ੀਆਂ ’ਤੇ ਪਾਣੀ ਫਿਰ ਜਾਂਦਾ। ਮੈਂ ਮਾਯੂਸੀ ਦੇ ਹਨੇਰੇ ’ਚ ਗੁਮ ਹੋ ਜਾਂਦਾ। ਫੇਰ ਹੌਸਲਾ ਕਰਦਾ। ਉਹ ਫੇਰ ਵਾਪਸ ਆ ਜਾਂਦੀਆਂ। ਮੇਰੀ ਸਮਝ ਵਿਚ ਨਾ ਆਉਂਦਾ ਕਿ ਆਖਿਰ ਮੇਰੀਆਂ ਰਚਨਾਵਾਂ ਵਿਚ ਕੀ ਕਮੀ ਹੈ ਤੇ ਫਿਰ ਇਕ ਸਮਾਂ ਆਇਆ ਜਦੋਂ ‘ਸਰਿਤਾ’ ਤੇ ‘ਮੁਕਤਾ’ ਵਿੱਚ ਮੇਰੀਆਂ ਰਚਨਾਵਾਂ ਸਵੀਕਾਰ ਹੋਣ ਲੱਗੀਆਂ। ਜਦੋਂ ਪਹਿਲੀ ਰਚਨਾ ਜੋ ਇਕ ਗ਼ਜ਼ਲਨੁਮਾ ਕਵਿਤਾ ਸੀ, ਸਵੀਕਾਰ ਹੋਈ ਤੇ ਨਾਲ ਹੀ ਪੰਜਾਹ ਰੁਪਏ ਦਾ ਮਨੀਆਰਡਰ ਮਿਲਿਆ ਤਾਂ ਮੇਰੇ ਪੈਰ ਜ਼ਮੀਨ ’ਤੇ ਨਹੀਂ ਲੱਗ ਰਹੇ ਸਨ, ਮੈਂ ਆਪਣੇ ਆਪ ਨੂੰ ਦੇਸ਼ ਦਾ ਇਕ ਮਹਾਨ ਕਵੀ ਸਮਝਣ ਲੱਗ ਪਿਆ ਸੀ। ਉਦੋਂ ਮੈਂ ਹਵਾ ’ਚ ਉਡ ਰਿਹਾ ਸੀ। ਫਿਰ ਹੌਲੀ ਹੌਲੀ ਮੇਰੇ ਸੰਘਰਸ਼ਾਂ ਨੇ, ਮੇਰੇ ਮਾਹੌਲ ਨੇ, ਮੇਰੇ ਪਰਿਵਾਰ ਦੇ ਦੁੱਖ ਤਕਲੀਫ਼ਾਂ ਨੇ ਤੇ ਵਧੀਆ ਸਾਹਿਤ ਦੇ ਅਧਿਐਨ ਨੇ ਮੈਨੂੰ ਇਨ੍ਹਾਂ ਰੋਮਨੀ ਭਾਵਾਂ ਤੇ ਆਦਰਸ਼ਾਂ ਨਾਲ ਭਰੀਆਂ ਰਚਨਾਵਾਂ ਦੇ ਘੇਰੇ ਤੋਂ ਬਾਹਰ ਕੱਢਿਆ। ਇਸ ਵਿਚ ਹਿੰਦੀ ਪੱਤਰਕਾਵਾਂ ਜਿਵੇਂ ‘ਸਾਰਿਕਾ’, ‘ਧਰਮਯੁੱਗ’ ਅਤੇ ‘ਸਪਤਾਹਿਕ ਹਿੰਦੁਸਤਾਨ’ ਦੀਆਂ ਕਹਾਣੀਆਂ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਮੈਂ ਪਹਿਲੀ ਕਹਾਣੀ ਇਕ ਰਿਟਾਇਰਡ ਆਦਮੀ ਦੀ ਘਰ-ਪਰਿਵਾਰ ਵਿੱਚ ਹੁੰਦੀ ਦੁਰਗਤੀ ’ਤੇ ਲਿਖੀ-‘ਅਬ ਔਰ ਨਹੀਂ’ ਸਿਰਲੇਖ ਹੇਠ। ਉਸ ਆਦਮੀ ਨੂੰ ਮੈਂ ਬਹੁਤ ਨੇੜਿਉਂ ਆਪਣੇ ਗੁਆਂਢ ਵਿੱਚ ਦੇਖਿਆ ਸੀ। ਇਹ ਕਹਾਣੀ ‘ਹਿੰਦੁਸਤਾਨ’ ਅਖ਼ਬਾਰ ਵਿੱਚ ਭੇਜਣ ਤੋਂ ਇਕ ਹਫਤਾ ਬਾਅਦ ਹੀ ਛੱਪ ਗਈ ਸੀ। ਕਿਤੇ ਵੀ ਛਪਣ ਵਾਲੀ ਮੇਰੀ ਇਹ ਪਹਿਲੀ ਕਹਾਣੀ ਸੀ। ਬੱਸ, ਇਸ ਤੋਂ ਬਾਅਦ ਸਿਲਸਿਲਾ ਚਲ ਨਿਕਲਿਆ ਛੱਪਣ ਦਾ।

ਜਿੱਥੋਂ ਤੱਕ ਪੰਜਾਬੀ ਤੋਂ ਹਿੰਦੀ ਅਨੁਵਾਦ ਨਾਲ ਜੁੜ੍ਹਣ ਦੀ ਗੱਲ ਹੈ, ਇਸ ਦਾ ਜ਼ਿਕਰ ਮੈਂ ਆਪਣੀ ਸਵੈਜੀਵਨੀ ਦੇ ਅੰਸ਼ ਵਿਚ ਕਰ ਚੁੱਕਿਆ ਹਾਂ ਜਿਸਦਾ ਪੰਜਾਬੀ ਰੂਪ ਤੁਸੀਂ ਆਪਣੇ ਮੈਗਜ਼ੀਨ ‘ਸ਼ਬਦ’ ਵਿਚ ਵੀ ਛਾਪ ਚੁੱਕੇ ਹੋ। ਸਭ ਤੋਂ ਪਹਿਲਾਂ ਮੈਂ ਇਸ ਦੱਸ ਦਿਆਂ ਕਿ ਮੇਰੇ ਮਾਤਾ ਪਿਤਾ 1947 ਵਿਚ ਭਾਰਤ-ਪਾਕ ਵੰਡ ਦਾ ਸ਼ਿਕਾਰ ਹੋ ਕੇ, ਆਪਣਾ ਸਭ ਕੁਝ ਗੁਆ ਕੇ ਤੇ ਆਪਣੇ ਤਨਾਂ-ਮਨਾਂ ’ਤੇ ਡੂੰਘੇ ਜ਼ਖ਼ਮ ਲੈ ਕੇ ਰੋਟੀ-ਰੋਜ਼ੀ ਦੀ ਤਲਾਸ਼ ਵਿਚ ਪੱਛਮੀ ਉੱਤਰ-ਪ੍ਰਦੇਸ਼ ਦੇ ਇਸ ਬੇਹੱਦ ਛੋਟੇ ਜਿਹੇ ਨਗਰ ਮੁਰਾਦਨਗਰ ਆ ਗਏ ਸਨ। ਉਨ੍ਹਾਂ ਨੇ ਕੋਈ ਕਲੇਮ ਨਹੀਂ ਕੀਤਾ ਸੀ। ਇਥੇ ਸਰਕਾਰੀ ਫੈਕਟਰੀ ’ਚ ਲੇਬਰ ਦੀ ਭਰਤੀ ਹੋ ਰਹੀ ਸੀ ਤੇ ਪਿਤਾ ਨੂੰ ਇਕ ਮਜ਼ਦੂਰ ਦੇ ਤੌਰ ’ਤੇ ਨੌਕਰੀ ਮਿਲ ਗਈ ਸੀ। ਨਾਲ ਹੀ ਕਹਿਣ ਨੂੰ ਛੋਟਾ ਜਿਹਾ ਮਕਾਨ। ਲੁੱਟੇ-ਪੁੱਟੇ ਪਰਿਵਾਰ ਨੂੰ ਹੋਰ ਕੀ ਚਾਹੀਦਾ ਸੀ। ਜਿਸ ਮੁਹੱਲੇ ਵਿਚ ਅਸੀਂ ਰਹਿੰਦੇ ਸੀ, ਉਥੇ ਵੱਖ-ਵੱਖ ਜਾਤਾਂ ਦੇ ਲੋਕ ਰਹਿੰਦੇ ਸਨ। ਪੂਰੇ ਬਲਾਕ ਦਾ ਸਾਂਝਾ ਨਲਕਾ ਸੀ। ਸਾਂਝੀ ਲੈਟਰੀਨ। ਇਨ੍ਹਾਂ ਲੋਕਾਂ ਨਾਲ ਰਹਿੰਦਿਆਂ ਮੇਰੇ ਪਰਿਵਾਰ ਦੇ ਲੋਕ ਪੰਜਾਬੀ ਬੋਲਣਾ ਛੱਡਦੇ ਗਏ। ਤੇ ਇਕ ਵਕਤ ਉਹ ਵੀ ਆਇਆ ਜਦੋਂ ਸਾਰੇ ਘਰ ਵਿਚ ਹਿੰਦੀ ਹੀ ਬੋਲੀ ਜਾਣ ਲੱਗ ਪਈ। ਜਦੋਂ ਕੋਈ ਰਿਸ਼ਤੇਦਾਰ ਪੰਜਾਬ ਤੋਂ ਆਉਂਦਾ ਜਾਂ ਅਸੀਂ ਪੰਜਾਬ ਜਾਂਦੇ ਤਾਂ ਅਸੀਂ ਉਨ੍ਹਾਂ ਦੇ ਮੂੰਹਾਂ ਵੱਲ ਦੇਖਦੇ ਰਹਿੰਦੇ ਤੇ ਉਹ ਸਾਡੇ ਮੂੰਹਾਂ ਵੱਲ। ਜਦੋਂ ਮੈਂ ਛੇਵੀਂ ਜਮਾਤ ਵਿੱਚ ਹੋਇਆ ਤਾਂ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਸਾਰੇ ਸਰਕਾਰੀ ਸਕੂਲਾਂ ਵਿਚ ਤ੍ਰੈ-ਭਾਸ਼ੀ ਫਾਰਮੂਲਾ ਲਾਗੂ ਹੋਇਆ ਜਿਸ ਤਹਿਤ ਵਿਦਿਆਰਥੀ ਸੰਸਕ੍ਰਿਤ ਦੇ ਬਦਲੇ ਉਰਦੂ, ਬੰਗਲਾ ਤੇ ਪੰਜਾਬੀ ਵਿਚੋਂ ਕੋਈ ਵੀ ਇਕ ਭਾਸ਼ਾ ਸਿੱਖ ਸਕਦੇ ਸਨ। ਉਸ ਵੇਲੇ ਮੈਂ ਆਪਣੀ ਮਾਂ-ਬੋਲੀ ਪੰਜਾਬੀ ਨੂੰ ਚੁਣਿਆ। ਛੇਵੀਂ ਤੋਂ ਅੱਠਵੀਂ ਜਮਾਤ ਤੱਕ ਯਾਨੀ-ਤਿੰਨ ਸਾਲ ਮੈਂ ਪੰਜਾਬੀ ਸਿੱਖੀ, ਪਰ ਜਿਸ ਨਗਰ ਵਿੱਚ ਮੈਂ ਰਹਿੰਦਾ ਸੀ ਉਥੇ ਨਾ ਪੰਜਾਬੀ ਦੀ ਕੋਈ ਅਖ਼ਬਾਰ ਆਉਂਦੀ ਸੀ ਤੇ ਨਾ ਹੀ ਪੰਜਾਬੀ ਦੀਆਂ ਕਿਤਾਬਾਂ

ਮਿਲਦੀਆਂ ਸਨ ਤੇ ਤੁਹਾਡਾ ਸਵਾਲ ਸੀ ਕਿ ਪੰਜਾਬੀ ਤੋਂ ਹਿੰਦੀ ਅਨੁਵਾਦ ਨਾਲ ਕਿਵੇਂ ਜੁੜਿਆ– ਜੂਨ 1976 ਵਿਚ ਮੈਨੂੰ ਭਾਰਤ ਸਰਕਾਰ ਦੇ ਇਕ ਮੰਤਰਾਲੇ ਵਿੱਚ ਨੌਕਰੀ ਮਿਲੀ ਸੀ, ਮੈਂ ਮੁਰਾਦਨਗਰ ਤੋਂ ਰੇਲ ਰਾਹੀਂ ਦਿੱਲੀ ਆਉਣਾ-ਜਾਣਾ ਸ਼ੁਰੂ ਕੀਤਾ ਸੀ। ਸਵੇਰੇ-ਸ਼ਾਮ ਦੇ ਰੇਲ ਦੇ ਸਫਰ ਵਿਚ ਮੇਰੇ ਕੋਲ ਚਾਰ ਕੁ ਘੰਟੇ ਦਾ ਵਕਤ ਹੁੰਦਾ ਸੀ। ਮੈਂ ਇਸ ਵਕਤ ਨੂੰ ਕਿਤਾਬਾਂ ਪੜ੍ਹ ਕੇ ਬਿਤਾਉਂਦਾ ਹੁੰਦਾ ਸੀ। ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਦੇ ਸਾਹਮਣੇ ਵਾਲੀ 'ਦਿੱਲੀ ਪਬਲਿਕ ਲਾਇਬ੍ਰੇਰੀ' ਦਾ ਮੈਂਬਰ ਬਣ ਗਿਆ ਸੀ ਤੇ ਉਥੋਂ ਹੀ ਹਿੰਦੀ ਤੇ ਪੰਜਾਬੀ ਦੀਆਂ ਕਿਤਾਬਾਂ ਇਸ਼ੂ ਕਰਵਾਉਣ ਲੱਗ ਪਿਆ ਸੀ। ਪੰਜਾਬੀ ਸਾਹਿਤ ਨਾਲ ਮੇਰਾ ਵਾਸਤਾ ਇਨ੍ਹਾਂ ਦਿਨਾਂ ਵਿੱਚ ਪਿਆ ਸੀ। ਕਹਾਣੀ, ਕਵਿਤਾ, ਨਾਵਲ ਮੈਂ ਲਭ-ਲਭ ਕੇ ਪੜ੍ਹਦਾ। ਜੋ ਰਚਨਾ ਮੈਨੂੰ ਚੰਗੀ ਲੱਗਦੀ, ਉਸ ਨੂੰ ਮੈਂ ਹਿੰਦੀ ਵਿੱਚ ਅਨੁਵਾਦ ਵੀ ਕਰਦਾ। ਇਨ੍ਹੀਂ ਦਿਨੀਂ ਮੈਂ ਮਹਿੰਦਰ ਸਿੰਘ ਸਰਨਾ ਦੀ ਇਕ ਕਹਾਣੀ (ਮਟਰ ਪੁਲਾਵ) ਦਾ ਹਿੰਦੀ ਵਿੱਚ ਅਨੁਵਾਦ ਕੀਤਾ ਜੋ ਇਕ ਰਿਟਾਇਰਡ ਜੱਜ ਨੂੰ ਲੈ ਕੇ ਲਿਖੀ ਗਈ ਇਕ ਖ਼ੂਬਸੂਰਤ ਕਹਾਣੀ ਸੀ। ਮੈਂ ਉਸ ਨੂੰ ਹਿੰਦੀ ਦੇ ਚਰਚਿਤ ਮੈਗਜ਼ੀਨ 'ਸਾਰਿਕਾ' 'ਚ ਛਪਣ ਲਈ ਭੇਜ ਦਿੱਤਾ। ਕੁਝ ਹੀ ਦਿਨਾਂ ਬਾਅਦ ਰਮੇਸ਼ ਬਤਰਾ ਦਾ ਪੱਤਰ ਮਿਲਿਆ। ਇਸ ਪੱਤਰ ਵਿਚ ਮੈਨੂੰ ਤੁਰੰਤ ਮਿਲਣ ਲਈ ਕਿਹਾ ਗਿਆ ਸੀ। ਮੈਂ ਬੇਹੱਦ ਉਤਸ਼ਾਹਿਤ ਜਿਹਾ ਉਨ੍ਹਾਂ ਨੂੰ ਮਿਲਣ ਦਰਿਆਗੰਜ ਸਥਿਤ 'ਸਾਰਿਕਾ' ਦੇ ਦਫਤਰ ਅਗਲੇ ਹੀ ਸ਼ਨੀਵਾਰ ਨੂੰ ਪਹੁੰਚ ਗਿਆ। ਕਿਸੇ ਵੀ ਅਖ਼ਬਾਰ/ਮੈਗਜ਼ੀਨ ਦੇ ਦਫ਼ਤਰ ਜਾਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਰਮੇਸ਼ ਬਤਰਾ ਖੁਦ ਹਿੰਦੀ ਦੇ ਹੋਣਹਾਰ ਕਹਾਣੀਕਾਰ ਸਨ। ਪੰਜਾਬੀ ਤੇ ਹਿੰਦੀ ਵਿਚ ਅਨੁਵਾਦ ਵੀ ਕਰਦੇ ਸਨ। ਉਹ ਬੜੀ ਸਹਿਜਤਾ ਤੇ ਪਿਆਰ ਨਾਲ ਮੈਨੂੰ ਮਿਲੇ। ਉਨ੍ਹਾਂ ਮੇਰੇ ਅਨੁਵਾਦ ਦੀ ਤਾਰੀਫ਼ ਕੀਤੀ, ਪਰ ਨਾਲ ਹੀ ਸਰਨਾ ਦੀ ਉਸ ਕਹਾਣੀ ਨੂੰ ਛਾਪਣ ਵਿਚ ਮਜ਼ਬੂਰੀ ਦੱਸੀ। ਕਾਰਣ ਕੀ ਸੀ। ਉਹ ਮੈਨੂੰ ਨਹੀਂ ਸੀ ਦੱਸਿਆ। ਉਨ੍ਹਾਂ ਨੇ ਮੈਨੂੰ ਹਤਾਸ਼ ਨਾ ਹੋਣ ਲਈ ਕਿਹਾ ਅਤੇ ਪੰਜਾਬੀ ਕਹਾਣੀਕਾਰ ਗੁਰਚਰਨ ਚਾਹਿਲ ਭੀਖੀ ਦੀ ਇਕ ਕਹਾਣੀ ਮੈਨੂੰ 'ਸਾਰਿਕਾ' ਲਈ ਅਨੁਵਾਦ ਕਰਨ ਨੂੰ ਦਿੱਤੀ। ਉਸ ਕਹਾਣੀ ਨੂੰ ਹਿੰਦੀ 'ਚ ਅਨੁਵਾਦ ਕਰਨ ਵਿਚ ਮੈਨੂੰ ਕਾਫ਼ੀ ਮੁਸ਼ਕਿਲ ਪੇਸ਼ ਆਈ ਕਿਉਂਕਿ ਉਸ ਵਿਚ ਪੰਜਾਬੀ ਦੀ ਆਂਚਲਿਕ ਭਾਸ਼ਾ ਦਾ ਪੁਟ ਸੀ ਜਿਸ ਤੋਂ ਮੈਂ ਨਾਵਾਕਿਫ਼ ਸੀ। ਪਰ ਮੈਂ ਹਿੰਮਤ ਨਾ ਹਾਰੀ ਤੇ ਕਹਾਣੀ ਹਫ਼ਤੇ ਵਿੱਚ ਅਨੁਵਾਦ ਕਰਕੇ ਬਤਰਾ ਜੀ ਨੂੰ ਫੜਾ ਆਇਆ। ਬਤਰਾ ਜੀ ਨੇ ਉਸ ਵਿਚ ਥੋੜ੍ਹੀ ਸੋਧ ਕਰਕੇ ਉਸ ਨੂੰ 'ਸਾਰਿਕਾ' ਵਿਚ ਛਾਪ ਦਿੱਤਾ। ਕਿਤੇ ਵੀ ਛਪਣ ਵਾਲਾ ਇਹ ਮੇਰਾ ਪਹਿਲਾ ਅਨੁਵਾਦ ਸੀ। ਉਸ ਤੋਂ ਬਾਅਦ ਤਾਂ ਅਨੁਵਾਦ ਦਾ ਇਹ ਸਿਲਸਿਲਾ ਅੱਜ ਤੱਕ ਜਾਰੀ ਹੈ।

**? ਅਨੁਵਾਦਕ ਕੀ ਹੁੰਦਾ ਹੈ ? ਉਸ ਦਾ ਦੂਜੀ ਭਾਸ਼ਾ ਦੇ ਸਾਹਿਤ ਨੂੰ ਅਨੁਵਾਦ ਕਰਨ ਦਾ ਕੀ ਮਕਸਦ ਹੁੰਦਾ ਹੈ/ਹੋਣਾ ਚਾਹੀਦਾ ਹੈ।**

— ਕੋਈ ਵੀ ਵਿਅਕਤੀ ਵੱਧ ਤੋਂ ਵੱਧ ਦੋ ਜਾਂ ਤਿੰਨ ਭਾਸ਼ਾਵਾਂ ਦੀ ਜਾਣਕਾਰੀ ਰੱਖ ਸਕਦਾ ਹੈ। ਅਜਿਹੀ ਹਾਲਤ ਵਿੱਚ ਦੂਜੀਆਂ ਭਾਰਤੀ ਭਾਸ਼ਾਵਾਂ ਜਾਂ ਕਿ ਵਿਸ਼ਵ ਦੀਆਂ ਭਾਸ਼ਾਵਾਂ ਵਿਚ ਲਿਖੇ ਜਾ ਰਹੇ ਸਾਹਿਤ ਤੋਂ ਉਹ ਪੂਰੀ ਤਰ੍ਹਾਂ ਕੋਰਾ ਰਹਿ ਜਾਏਗਾ ਜੇ ਅਨੁਵਾਦ ਦੀਆਂ ਸਹੂਲਤਾਂ ਮੁਹਈਆ ਨਾ ਹੋਵੇ, ਅਨੁਵਾਦ ਦੋ ਭਾਸ਼ਾਵਾਂ ਵਿਚਲੇ ਇਕ ਮਹੱਤਵਪੂਰਨ ਪੁਲ ਦਾ ਕੰਮ ਕਰਦਾ ਹੈ। ਇਸ ਪੁਲ ਥਾਣੀ ਦੋ ਭਾਸ਼ਾਵਾਂ ਦਾ ਆਪਸੀ ਆਦਾਨ ਪ੍ਰਦਾਨ ਹੁੰਦਾ ਹੈ ਤੇ ਉਹ ਹੋਰ ਵਧੇਰੇ ਅਮੀਰ ਤੇ ਸ਼ਕਤੀਸ਼ਾਲੀ ਬਣਦੀਆਂ ਹਨ ਤੇ ਉਨ੍ਹਾਂ ਦੇ ਸਾਹਿਤ ਦੇ ਪ੍ਰਚਾਰ-ਪ੍ਰਸਾਰ ਵਿਚ ਵਾਧਾ ਹੁੰਦਾ ਹੈ। ਇਸ ਲਿਹਾਜ਼ ਨਾਲ ਅਨੁਵਾਦ ਕਾਰਜ ਇਕ ਬਹੁਤ ਹੀ ਮਹੱਤਵਪੂਰਨ ਕਾਰਜ ਹੈ, ਕੁਝ ਲੋਕ ਇਸ ਨੂੰ ਦੂਜੇ ਦਰਜੇ ਦੀ ਸਿਰਜਣਾ ਮੰਨਦੇ ਹਨ, ਪਰ ਮੈਂ ਇਸ ਨੂੰ ਆਪਣੀ ਮੌਲਿਕ ਸਿਰਜਣਾ ਦਾ ਹੀ ਇਕ ਪ੍ਰਮੁੱਖ ਹਿੱਸਾ ਮੰਨਦਾ ਹਾਂ। ਸ਼ਬਦ ਦੀ ਸ਼ਕਤੀ ਤੇ ਉਸ ਦੀ ਵਰਤੋਂ ਦੀ ਸਹੀ ਜਾਣਕਾਰੀ ਤੁਹਾਨੂੰ



ਅਨੁਵਾਦ ਕਰਦੇ ਸਮੇਂ ਹੀ ਪਤਾ ਚਲਦੀ ਹੈ। ਇਸ ਨਾਲ ਤੁਹਾਡਾ ਮੌਲਿਕ ਲੇਖਣ ਹੋਰ ਵੀ ਵਧੇਰੇ ਪ੍ਰਭਾਵਕਾਰੀ ਬਣਦਾ ਹੈ। ਅਜਿਹਾ ਮੈਂ ਮੰਨਦਾ ਹਾਂ, ਅਨੁਵਾਦ ਦਾ ਮਕਸਦ ਇਕ ਭਾਸ਼ਾ ਦੇ ਸਰਵੋਤਮ ਸਾਹਿਤ ਨੂੰ ਦੂਜੀ ਭਾਸ਼ਾ ਦੇ ਉਨ੍ਹਾਂ ਪਾਠਕਾਂ ਤੱਕ ਪਹੁੰਚਾਉਣਾ ਹੁੰਦਾ ਹੈ ਜੋ ਉਸ ਮੂਲ ਭਾਸ਼ਾ ਤੋਂ ਨਾਵਾਕਫ਼ ਹੁੰਦਾ ਹੈ। ਇਕ ਭਾਸ਼ਾ ਦੀ ਰਚਨਾ ਕਿਉਂਕਿ ਅਨੁਵਾਦ ਦੇ ਜ਼ਰੀਏ ਦੂਜੀ ਭਾਸ਼ਾ ਦੇ ਪਾਠਕਾਂ ਕੋਲ ਪਹੁੰਚ ਰਹੀ ਹੁੰਦੀ ਹੈ, ਇਸ ਲਈ ਧਿਆਨ ਇਹ ਰਹਿਣਾ ਚਾਹੀਦਾ ਹੈ ਕਿ ਸਰਵੋਤਮ ਤੇ ਉੱਚ ਪੱਧਰੀ ਰਚਨਾ ਦਾ ਹੀ ਅਨੁਵਾਦ ਹੋਵੇ, ਨਹੀਂ ਤਾਂ ਇਸ ਦਾ ਦੂਜੀ ਭਾਸ਼ਾ ਦੇ ਪਾਠਕਾਂ 'ਤੇ ਗਲਤ ਅਸਰ ਪੈਂਦਾ ਹੈ ਕਿ ਉਸ ਭਾਸ਼ਾ ਵਿਚ ਤਾਂ ਇਸ ਤਰ੍ਹਾਂ ਦਾ ਹੀ ਸਾਹਿਤ ਲਿਖਿਆ ਜਾ ਰਿਹਾ ਹੈ। ਉਂਜ ਤਾਂ ਅਨੁਵਾਦਕ ਆਪਣੇ ਟੇਸਟ ਦੀਆਂ ਹੀ ਰਚਨਾਵਾਂ ਦਾ ਬਹੁਤਾ ਅਨੁਵਾਦ ਕਰਦੇ ਹਨ, ਪਰ ਸਹੀ ਅਨੁਵਾਦਕ ਓਹੀ ਹੈ ਜੋ ਮੂਲ ਭਾਸ਼ਾ ਦੀ ਸਹੀ ਪ੍ਰਤੀਨਿਧਤਾ ਕਰਨ ਵਾਲੀਆਂ ਰਚਨਾਵਾਂ ਦਾ ਅਨੁਵਾਦ ਕਰਦਾ ਹੈ। ਵਧੀਆ ਅਨੁਵਾਦਕ ਮੈਂ ਉਸਨੂੰ ਮੰਨਦਾ ਹਾਂ ਜੋ ਅਨੁਵਾਦ ਵਿਚ ਉਸ ਭਾਸ਼ਾ ਦੀ ਮਹਿਕ ਨੂੰ ਵੀ ਨਾਲ ਲਿਜਾਵੇ। ਉਂਜ ਇਹ ਬਹੁਤ ਔਖਾ ਕੰਮ ਹੈ ਪਰ ਮਿਹਨਤ ਕੀਤੀ ਜਾਵੇ ਤਾਂ ਅਸੰਭਵ ਨਹੀਂ ਹੈ। ਕਈ ਰਚਨਾਵਾਂ ਅਨੁਵਾਦਕ ਤੋਂ ਵਧੇਰੇ ਮਿਹਨਤ ਦੀ ਮੰਗ ਨਹੀਂ ਕਰਦੀਆਂ ਹਨ, ਪਰ ਜ਼ਿਆਦਾਤਰ ਰਚਨਾਵਾਂ ਦਾ ਅਨੁਵਾਦ ਕਰਦੇ ਸਮੇਂ ਅਨੁਵਾਦਕ ਨੂੰ ਓਨੀ ਹੀ ਮਿਹਨਤ-ਮਸ਼ਕਤ ਕਰਨੀ ਪੈਂਦੀ ਹੈ ਜਿੰਨੀ ਉਸ ਨੂੰ ਆਪਣੀ ਮੌਲਿਕ ਰਚਨਾ ਨੂੰ ਬਿਹਤਰ ਬਣਾਉਣ ਲਈ ਚਾਹੀਦੀ ਹੁੰਦੀ ਹੈ। ਇਸ ਲਈ ਮੈਂ ਅਨੁਵਾਦ ਨੂੰ ਸਿਰਜਣਾ ਦਾ ਹੀ ਹਿੱਸਾ ਮੰਨਦਾ ਹਾਂ। ਕਈ ਵਾਰ ਅਨੁਵਾਦਤ ਰਚਨਾ ਮੂਲ ਰਚਨਾ ਨਾਲੋਂ ਵੀ ਬਿਹਤਰ ਬਣ ਜਾਂਦੀ ਹੈ। ਇਹ ਇਕ ਵਧੀਆ ਤੇ ਸਫ਼ਲ ਅਨੁਵਾਦਕ ਦੀ ਯੋਗਤਾ ਤੇ ਉਸ ਦੇ ਅਨੁਭਵ 'ਤੇ ਨਿਰਭਰ ਕਰਦਾ ਹੈ।

**? ਅਨੁਵਾਦ ਕਰਨ ਸਮੇਂ ਤੁਸੀਂ ਕਿਸ ਗੱਲ ਦਾ ਖਿਆਲ ਰੱਖਦੇ ਹੋ ? ਤੁਸੀਂ ਕਿਸੇ ਰਚਨਾ ਨੂੰ ਅਨੁਵਾਦ ਕਰਨ ਲੱਗਿਆਂ ਕਿਥੋਂ ਕੁ ਤੀਕ ਖੁੱਲ੍ਹ ਲੈਂਦੇ ਹੋ ? ਮੇਰੇ ਕਹਿਣ ਦਾ ਭਾਵ ਹੈ ਕਿ ਤੁਸੀਂ ਕੋਈ ਅਦਲ ਬਦਲ ਵੀ ਕਰਦੇ ਹੋ ?**

– ਮੈਂ ਹੁਣ ਤੱਕ ਤਿੰਨ ਸੌ ਤੋਂ ਵੱਧ ਕਹਾਣੀਆਂ ਦਾ ਅਨੁਵਾਦ ਕਰ ਚੁੱਕਾ ਹਾਂ। ਆਪਣੇ ਅਧਿਐਨ ਤੇ ਅਨੁਭਵ ਦੇ ਆਧਾਰ 'ਤੇ ਮੈਂ ਆਪਣੇ ਅਨੁਵਾਦ ਵਿਚ ਜੋ ਵੀ ਪ੍ਰੱਪਕਤਾ ਲਿਆ ਸਕਿਆ ਹਾਂ, ਉਸ ਤੋਂ ਮੈਂ ਇਸ ਲਈ ਸੰਤੁਸ਼ਟ ਹਾਂ ਕਿ ਮੇਰੇ ਕੀਤੇ ਅਨੁਵਾਦ ਨੇ ਮੂਲ ਕਹਾਣੀ ਦੇ ਕੰਟੈਂਟ ਨੂੰ ਕਿਤੇ ਵੀ ਨੁਕਸਾਨ ਨਹੀਂ ਹੋਣ ਦਿੱਤਾ। ਹਿੰਦੀ ਦਾ ਪਾਠਕ ਜਦ ਮੇਰੇ ਵੱਲੋਂ ਅਨੁਵਾਦ ਕੀਤੀ ਕਹਾਣੀ ਪੜ੍ਹਦਾ ਹੈ ਤਾਂ ਪੂਰਾ ਆਨੰਦ ਲੈਂਦਾ ਹੈ। ਕਈ ਵਾਰ ਉਸਨੂੰ ਲੱਗਦਾ ਹੀ ਨਹੀਂ ਕਿ ਉਹ ਅਨੁਵਾਦ ਪੜ੍ਹ ਰਿਹਾ ਹੈ। ਅਜਿਹਾ ਮੈਨੂੰ ਮੇਰੇ ਕਈ ਮਿੱਤਰਾਂ ਨੇ ਹੀ ਨਹੀਂ, ਦੂਰ-ਦੁਰਾਡੇ ਬੈਠੇ ਕਈ ਵਿਦਵਾਨਾਂ, ਲੇਖਕਾਂ ਨੇ ਵੀ ਕਿਹਾ ਹੈ। ਪੰਜਾਬੀ ਦੀਆਂ ਕਲਾਸਿਕ ਕਹਾਣੀਆਂ ਦਾ ਅਨੁਵਾਦ ਕਰਦਿਆਂ ਮੈਂ ਕਿਸੇ ਤਰ੍ਹਾਂ ਦੀ ਖੁੱਲ੍ਹ ਲੈਣ ਤੋਂ ਬਚਦਾ ਹਾਂ। ਉਹ ਕਹਾਣੀਆਂ ਕਿਉਂਕਿ ਆਪਣੀ ਮੂਲ ਸਰੰਚਨਾ ਵਿਚ ਇੰਨੀਆਂ ਕਲਾਸਿਕ ਹੁੰਦੀਆਂ ਹਨ ਕਿ ਜ਼ਰਾ ਜਿੰਨੀ ਛੇੜਛਾੜ ਪੂਰੀ ਕਹਾਣੀ ਦੀ ਆਤਮਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਪਰ ਮੈਂ ਇਹ ਵੀ ਨਹੀਂ ਕਹਾਂਗਾ ਕਿ ਮੈਂ ਖੁੱਲ੍ਹ ਨਹੀਂ ਲਈ। ਬਹੁਤ ਸਾਰੀਆਂ ਕਹਾਣੀਆਂ ਵਿਚ ਜਦੋਂ ਮੈਨੂੰ ਨਿਰਾਰਥਕ ਵਿਸਥਾਰ ਦਿਖਾਈ ਦਿੰਦਾ ਹੈ ਜਾਂ ਅਜਿਹਾ ਲੱਗਦਾ ਹੈ ਕਿ ਲੇਖਕ ਇਕ ਗੱਲ ਨੂੰ ਦੁਹਰਾ ਰਿਹਾ ਹੈ ਜਾਂ ਕੋਈ ਸੰਵਾਦ-ਵਾਰਤਾਲਾਪ ਅਨਘੜ ਹੈ ਤਾਂ ਮੈਂ ਅਜਿਹੀਆਂ ਕਹਾਣੀਆਂ ਦਾ ਅਨੁਵਾਦ ਕਰਦੇ ਵਕਤ ਇਕ ਹਦ ਤੱਕ ਹੀ ਖੁੱਲ੍ਹ ਲੈਂਦਾ ਹਾਂ ਤੇ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਦਾ ਹਾਂ ਕਿ ਲੇਖਕ ਦੀ ਗੱਲ ਜਾਂ ਉਸ ਕਹਾਣੀ ਦੀ ਆਤਮਾ ਜਾਂ ਕਿ ਉਹ ਦੀ ਮਹਿਕ ਮੇਰੀ ਖੁੱਲ੍ਹ ਕਾਰਣ ਖਤਮ ਨਾ ਹੋ ਜਾਵੇ। ਉਂਜ ਮੈਂ ਮੰਨਦਾ ਹਾਂ ਕਿ ਅਨੁਵਾਦਕ ਨੂੰ ਇੰਨੀ ਕੁ ਛੋਟ ਤਾਂ ਮਿਲਣੀ ਹੀ ਚਾਹੀਦੀ ਹੈ। ਅਨੁਵਾਦਕ ਕਹਾਣੀ ਨਹੀਂ ਲਿਖ ਰਿਹਾ ਹੁੰਦਾ ਪਰ

ਅਨੁਵਾਦ ਕਰਨ ਵੇਲੇ ਐਨ ਆਪਣੀ ਰਚਨਾ ਵਾਂਗ ਉਸ ਨੂੰ ਕਿਤੇ ਤਰਾਸ਼ ਵੀ ਰਿਹਾ ਹੁੰਦਾ ਹੈ। ਇਸ ਤਰਾਸ਼ ਵਿਚ ਛੋਟੀ-ਮੋਟੀ ਛੋਟ ਜੇ ਅਨੁਵਾਦਕ ਲੈਂਦਾ ਹੈ ਤੇ ਉਸ ਨੂੰ ਦੇਣੀ ਚਾਹੀਦੀ ਹੈ।

**? ਤੁਸੀਂ ਇਕ ਥਾਂ ਤੇ ਲਿਖਦੇ ਹੋ : ''ਮੇਰੇ ਆਪਣੇ ਸੰਘਰਸ਼ ਹਨ, ਪਰ ਨਾਲ ਦੀ ਨਾਲ ਸਮੇਂ ਨੇ ਮੈਨੂੰ ਆਪਣੇ ਸਮਾਜ ਤੇ ਮਾਹੌਲ ਪ੍ਰਤੀ ਜਾਗਰੂਕ ਬਣਾਇਆ ਹੈ। ਉਸ ਸਮਾਜ ਵਿਚ ਰਹਿ ਰਹੇ ਹਰ ਗਰੀਬ, ਦੁਖੀ, ਮਜ਼ਬੂਰ, ਪੀੜਿਤ, ਦਲਿਤ, ਸ਼ੋਸ਼ਿਤ, ਵਿਅਕਤੀ ਤੇ ਇਸਤਰੀ ਪ੍ਰਤੀ ਸੰਵੇਦਨਸ਼ੀਲ ਰਿਸ਼ਤਾ ਕਾਇਮ ਕੀਤਾ ਹੈ। ਆਪਣੀਆਂ ਕਹਾਣੀਆਂ, ਮਿੰਨੀ ਕਥਾਵਾਂ ਵਿਚ ਮੈਂ ਹਮੇਸ਼ਾ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਲੋਕਾਂ ਦੇ ਯਥਾਰਥ ਨੂੰ ਈਮਾਨਦਾਰੀ ਨਾਲ ਛੋਹ ਸਕਾਂ ਤੇ ਤੈਹਾਂ ਦੇ ਹੇਠਾਂ ਛੁਪੇ ਸੱਚ ਨੂੰ ਸਾਹਮਣੇ ਲਿਆ ਸਕਾਂ।'' ਜਦੋਂ ਤੁਸੀਂ ਕਿਸੇ ਰਚਨਾ ਨੂੰ ਅਨੁਵਾਦ ਕਰਨ ਬਾਰੇ ਸੋਚਦੇ ਹੋ ਤਾਂ ਕੀ ਤੁਸੀਂ ਉਦੋਂ ਵੀ ਅਜਿਹੀ ਹੀ ਭਾਵਨਾ/ਵਿਚਾਰਾਂ ਨੂੰ ਸਾਹਮਣੇ ਰੱਖਦੇ ਹੋ ?**

– ਤੁਸੀਂ ਇਹ ਬਹੁਤ ਵਧੀਆ ਸਵਾਲ ਕੀਤਾ ਹੈ। ਸੱਚ ਤਾਂ ਇਹ ਹੈ ਕਿ ਇਹ ਮੇਰੇ ਮਨ ਦਾ ਸਵਾਲ ਹੈ। ਅਨੁਵਾਦਕ ਜਦ ਖੁਦ ਲੇਖਕ ਵੀ ਹੁੰਦਾ ਹੈ ਤਾਂ ਉਸ ਦੀ ਆਪਣੇ ਲੇਖਣ ਨੂੰ ਲੈ ਕੇ ਇਕ ਸੋਚ ਹੁੰਦੀ ਹੈ। ਉਸ ਦੇ ਕੁਝ ਸਰੋਕਾਰ ਹੁੰਦੇ ਹਨ। ਉਹ ਭਾਵੇਂ ਕਿਸੇ ਪਾਰਟੀ ਦਾ ਕਾਰਡ ਹੋਲਡਰ ਨਾ ਹੋਵੇ, ਪਰ ਉਹ ਸਮਾਜ ਦਾ ਇਕ ਹਿੱਸਾ ਹੁੰਦਾ ਹੈ। ਉਹ ਆਪਣੇ ਸਮਾਜ ਪ੍ਰਤੀ, ਸਮਾਜ ਵਿਚ ਰਹਿ ਰਹੇ ਲੋਕਾਂ ਪ੍ਰਤੀ, ਦੇਸ਼ ਪ੍ਰਤੀ, ਵਿਸ਼ਵ ਪ੍ਰਤੀ ਇਕ ਜ਼ਿੰਮੇਵਾਰੀ ਮਹਿਸੂਸ ਕਰਦਾ ਹੈ। ਲੇਖਕ ਕਿਉਂਕਿ ਸਮਾਜ ਦਾ ਸਭ ਤੋਂ ਵੱਧ ਸੰਵੇਦਨਸ਼ੀਲ ਵਿਅਕਤੀ ਹੁੰਦਾ ਹੈ, ਇਸ ਲਈ ਉਹ ਹਰ ਦੁਖੀ, ਪੀੜਿਤ, ਸ਼ੋਸ਼ਿਤ ਪ੍ਰਾਣੀ ਦੇ ਦੁੱਖ ਸੰਵੇਦਤ ਹੋਏ ਬਿਨਾਂ ਨਹੀਂ ਰਹਿ ਸਕਦਾ। ਸਰੀਰਿਕ ਤੌਰ 'ਤੇ ਉਹ ਚਾਹੁੰਦਾ ਹੋਇਆ ਵੀ ਭਾਵੇਂ ਕੁਝ ਨਾ ਕਰ ਸਕੇ, ਉਹ ਆਪਣੀ ਕਲਮ ਦੇ ਜ਼ਰੀਏ ਉਨ੍ਹਾਂ ਲੋਕਾਂ ਦੇ ਦਰਦ ਨੂੰ ਆਵਾਜ਼ ਦਿੰਦਾ ਹੈ। ਮੇਰੀਆਂ ਆਪਣੀਆਂ ਕਹਾਣੀਆਂ ਵਿੱਚ ਅਜਿਹੇ ਹੀ ਲਾਚਾਰ, ਦੁੱਖੀ, ਸਤਾਏ ਹੋਏ ਬਜ਼ੁਰਗ ਹਨ, ਨੌਜਵਾਨ ਹਨ, ਔਰਤਾਂ ਹਨ ਜਿਨ੍ਹਾਂ ਦੀ ਚਾਹੁੰਦਾ ਹੋਇਆ ਵੀ ਮੈਂ ਮੱਦਦ ਨਹੀਂ ਕਰ ਸਕਦਾ ਪਰ ਉਹ ਮੇਰੇ ਲੇਖਣ ਦਾ ਹਿੱਸਾ ਬਣਦੇ ਹਨ। ਮੈਂ ਉਨ੍ਹਾਂ ਦੇ ਦਰਦ ਨੂੰ ਲਿਖ ਕੇ ਜ਼ੁਬਾਨ ਦੇਣ ਦੀ ਕੋਸ਼ਿਸ਼ ਕਰਦਾ ਹਾਂ ਤੇ ਉਨ੍ਹਾਂ ਦੇ ਪੱਖ ਵਿਚ ਖੜ੍ਹਾ ਹੋਣ ਦਾ ਯਤਨ ਕਰਦਾ ਹਾਂ। ਜਦੋਂ ਅਨੁਵਾਦ ਕਰਦਾ ਹਾਂ ਤਾਂ ਮੈਂ ਅਜਿਹੀਆਂ ਰਚਨਾਵਾਂ ਦੀ ਤਲਾਸ਼ ਵਿੱਚ ਰਹਿੰਦਾ ਹਾਂ ਤੇ ਖੁਸ਼ੀ ਦੀ ਗੱਲ ਹੈ ਕਿ ਮੈਨੂੰ ਇਹੋ ਜਿਹੀਆਂ ਰਚਨਾਵਾਂ ਮਿਲਦੀਆਂ ਵੀ ਹਨ। ਉਨ੍ਹਾਂ ਦਾ ਅਨੁਵਾਦ ਕਰਕੇ ਮੈਨੂੰ ਤਸੱਲੀ ਹੁੰਦੀ ਹੈ। ਇਕ ਮਾਨਸਿਕ ਸੰਤੁਸ਼ਟੀ ਹੁੰਦੀ ਹੈ। ਤੁਹਾਡੀ ਕਹਾਣੀ 'ਤੁਸੀਂ ਨਹੀਂ ਸਮਝ ਸਕਦੇ' ਨੂੰ ਜੇ ਮੈਂ ਅਨੁਵਾਦ ਲਈ ਚੁਣਿਆ ਸੀ ਤਾਂ ਇਸ ਦੇ ਪਿੱਛੇ ਮੇਰੀ ਉਪਰਲੀ ਸੋਚ ਹੀ ਕੰਮ ਕਰ ਰਹੀ ਸੀ। ਅਜਿਹੀਆਂ ਕਈ ਕਹਾਣੀਆਂ ਦੇ ਮੈਂ ਨਾਂ ਗਿਣਾ ਸਕਦਾ ਹਾਂ ਜਿਨ੍ਹਾਂ ਨੇ ਖੁਦ ਮੇਰੀ ਉਂਗਲੀ ਫੜ ਕੇ ਮੇਰੇ ਕੋਲੋਂ ਅਨੁਵਾਦ ਕਰਵਾ ਲਿਆ, ਕਿਉਂਕਿ ਉਹ ਮੇਰੀ ਸੋਚ ਦੇ ਬਹੁਤ ਨੇੜੇ ਦੀਆਂ ਕਹਾਣੀਆਂ ਸਨ, ਇਸ ਲਈ ਕਿ ਉਹ ਸੰਘਰਸ਼ ਵਿਚ ਜਿਉਂਦੇ-ਮਰਦੇ ਲੋਕਾਂ ਦੀਆਂ ਕਹਾਣੀਆਂ ਸਨ। ਟੁੱਟਦੇ ਸੁਪਨਿਆਂ ਕਹਾਣੀਆਂ ਸਨ ਜੋ ਆਪਣੀ ਲੜਾਈ ਆਪਣੇ ਢੰਗ ਨਾਲ ਲੜ ਰਹੇ ਸਨ, ਪਰ ਆਪਣੇ ਦੁੱਖ ਜ਼ਾਹਿਰ ਕਰਨ ਦੀ ਉਨ੍ਹਾਂ ਕੋਲ ਭਾਸ਼ਾ ਨਹੀਂ ਹੈ। ਸੰਘਰਸ਼ ਵਿਚ ਜਿੱਥੇ ਲੋਕਾਂ ਨੂੰ ਜਦੋਂ ਕੁਝ ਨਹੀਂ ਮਿਲਦਾ, ਜਦੋਂ ਉਨ੍ਹਾਂ ਦੀਆਂ ਅੱਖਾਂ ਦੇ ਸੁਪਨੇ ਜ਼ਬਰਦਸਤੀ ਖੋਹ ਲਏ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਜ਼ਬਰੀ ਤੌਰ 'ਤੇ ਹਾਰਨ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ, ਉਹ ਲੋਕ ਫੇਰ ਵੀ ਆਪਣੇ ਆਪ ਨੂੰ ਹਾਰਿਆ ਹੋਇਆ ਨਹੀਂ ਸਮਝਦੇ, ਜੀਵਨ ਦੀ ਲੜਾਈ ਵਿਚ ਮੁੜ ਮੁੜ ਉੱਠ ਕੇ ਆਪਣਾ ਮੋਰਚਾ ਸੰਭਾਲਦੇ ਹਨ, ਭਾਵੇਂ ਇਹ ਮੋਰਚਾ ਪਰਿਵਾਰ ਦਾ ਹੋਵੇ, ਸਮਾਜ ਦਾ ਹੋਵੇ, ਦੇਸ਼ ਦਾ ਹੋਵੇ ਜਾਂ ਆਪਣੇ



ਦੁੱਖਾਂ-ਤਕਲੀਫ਼ਾਂ ਤੋਂ ਛੁਟਕਾਰਾ ਪਾਉਣ ਦਾ ਹੋਵੇ, ਦਬੇ-ਕੁਚਲੇ, ਦਲਿਤ, ਸ਼ੋਸ਼ਿਤ ਲੋਕ ਜਦੋਂ ਵਿਸ਼ਵ ਦੀ ਕਿਸੇ ਵੀ ਭਾਸ਼ਾ ਦੇ ਸਾਹਿਤ ਦਾ ਹਿੱਸਾ ਬਣੇ ਹਨ, ਉਨ੍ਹਾਂ ਨੇ ਉਸ ਭਾਸ਼ਾ ਦੇ ਸਾਹਿਤ ਨੂੰ ਅਮਰ ਕੀਤਾ ਹੈ। ਪ੍ਰੇਮਚੰਦ ਦੀਆਂ ਕਹਾਣੀਆਂ ਇਸ ਦਾ ਪ੍ਰਮਾਣ ਹਨ। ਅਨੁਵਾਦ ਕਰਨ ਵੇਲੇ ਮੈਂ ਅਜਿਹੀਆਂ ਹੀ ਸ਼ਾਹਕਾਰ ਕਹਾਣੀਆਂ ਦੀ ਭਾਲ ਵਿੱਚ ਰਹਿੰਦਾ ਹਾਂ ਜਿਸ ਵਿਚ ਦਲਿਤ, ਪੀੜਿਤ, ਸ਼ੋਸ਼ਿਤ ਲੋਕਾਂ ਦੀ ਗੱਲ ਕੀਤੀ ਹੁੰਦੀ ਹੈ।

**? ਤੁਸੀਂ ਪੰਜਾਬੀ ਦੀਆਂ ਅਨੇਕਾਂ ਹੀ ਕਹਾਣੀਆਂ ਹਿੰਦੀ 'ਚ ਅਨੁਵਾਦ ਕੀਤੀਆਂ ਹਨ। ਤੁਸੀਂ ਆਪ ਹਿੰਦੀ ਦੇ ਚਰਚਿਤ ਕਹਾਣੀਕਾਰ ਹੋ। ਹਿੰਦੀ ਤੇ ਹੋਰ ਭਾਸ਼ਾਵਾਂ 'ਚ ਲਿਖੀ ਜਾ ਰਹੀ ਕਹਾਣੀ ਤੋਂ ਵਾਕਿਫ਼ ਹੋ। ਜੇ ਆਪਾਂ ਹਿੰਦੀ ਤੇ ਪੰਜਾਬੀ ਕਹਾਣੀ ਦਾ ਤੁਲਨਾਤਮਕ ਅਧਿਐਨ ਕਰੀਏ ਤਾਂ ਤੁਸੀਂ ਪੰਜਾਬੀ ਕਹਾਣੀ ਨੂੰ ਕਿਥੇ ਰੱਖੋਗੇ (ਉਦਯ ਪ੍ਰਕਾਸ਼ ਨੂੰ ਛੱਡ ਲਉ, ਉਸ ਵਰਗਾ ਕਹਾਣੀਕਾਰ ਭਾਰਤ ਦੀ ਕਿਸੇ ਵੀ ਹੋਰ ਭਾਸ਼ਾ 'ਚ ਨਹੀਂ ਹੈ) ਤੁਹਾਡੇ ਆਪਣੇ ਵਿਚਾਰ 'ਚ ਪੰਜਾਬੀ ਕਹਾਣੀ ਦਾ ਭਵਿੱਖ ਕਿਹੋ ਜਿਹਾ ਹੈ।**

– ਇਕ ਵਾਰ ਰੇਡੀਓ 'ਤੇ ਪੰਜਾਬੀ ਕਹਾਣੀ 'ਤੇ ਅੱਧੇ ਘੰਟੇ ਦੀ ਗੱਲਬਾਤ ਸੀ। ਇਸ ਗੱਲਬਾਤ ਵਿਚ ਹਿੰਦੀ ਦੇ ਮੰਨੇ-ਪ੍ਰਮੰਨੇ ਕਵੀ ਗਿਰਧਰ ਰਾਠੀ, ਪੰਜਾਬੀ ਦੇ ਸਿਰਮੌਰ ਕਵੀ-ਆਲੋਚਕ ਸੁਤਿੰਦਰ ਸਿੰਘ ਨੂਰ ਸਨ ਤੇ ਪੰਜਾਬੀ ਕਹਾਣੀਆਂ ਦੇ ਅਨੁਵਾਦਕ ਦੇ ਤੌਰ ਤੇ ਮੈਂ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਹਿੰਦੀ ਦੀ ਪ੍ਰਸਿੱਧ ਪਤ੍ਰਿਕਾ 'ਕਥਾਦੇਸ਼' ਦਾ ਪੰਜਾਬੀ ਕਹਾਣੀ ਵਿਸ਼ੇਸ਼ ਅੰਕ (ਜੂਨ 2000) ਛਪਿਆ ਸੀ ਜਿਸ ਵਿੱਚ ਲਗਭਗ 95 ਫੀਸਦੀ ਅਨੁਵਾਦ ਮੇਰਾ ਸੀ। ਇਕ ਪੰਜਾਬੀ ਕਹਾਣੀਕਾਰ ਦੇ ਤੌਰ 'ਤੇ ਆਉਣਾ ਤਾਂ ਅਜੀਤ ਕੌਰ ਜੀ ਨੂੰ ਵੀ ਸੀ, ਪਰ ਉਹ ਬੀਮਾਰ ਹੋਣ ਕਰਕੇ ਨਾ ਆ ਸਕੇ। ਗਿਰਧਰ ਰਾਠੀ ਸਵਾਲ ਕਰ ਰਹੇ ਸਨ ਤੇ ਨੂਰ ਸਾਹਿਬ ਤੇ ਮੈਂ ਜਵਾਬ ਦੇ ਰਹੇ ਸੀ। ਆਖਿਰ ਵਿਚ ਰਾਠੀ ਨੇ ਸਵਾਲ ਕੀਤਾ ਸੀ ਕਿ ਕੀ ਪੰਜਾਬੀ ਕਹਾਣੀ ਵਿੱਚ ਕੋਈ ਮੰਟੋ ਪੈਦਾ ਹੋਵੇਗਾ। ਨੂਰ ਸਾਹਿਬ ਦਾ ਕਹਿਣਾ ਸੀ ਕਿ ਮੰਟੋ ਜਿਹਾ ਲੇਖਕ ਨਾ ਪੈਦਾ ਹੋਇਆ ਹੈ, ਨਾ ਹੋਵੇਗਾ। ਇਸ ਬਾਰੇ ਮੇਰਾ ਜਵਾਬ ਸੀ ਕਿ ਉਮੀਦ 'ਤੇ ਦੁਨੀਆਂ ਟਿਕੀ ਹੈ। ਪੰਜਾਬੀ ਵਿੱਚ ਜੋ ਨਵੀਂ ਕਥਾ ਪੀੜ੍ਹੀ ਆ ਰਹੀ ਹੈ ਉਸ ਦੀ ਗੰਭੀਰ ਰਚਨਾਤਮਕਤਾ, ਉਸ ਦੀ ਲਗਨ ਤੇ ਵਿਲਖਣਤਾ ਦੇ ਚਲਦਿਆਂ ਪੰਜਾਬੀ ਕਹਾਣੀ ਨਵੇਂ ਮੁਕਾਮ ਵੱਲ ਵੱਧ ਰਹੀ ਹੈ, ਕੀ ਪਤਾ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਵਿਚੋਂ ਹੀ ਕੋਈ ਮੰਟੋ ਜਿਹਾ ਮਿਲ ਜਾਵੇ। ਖ਼ੈਰ, ਮੈਂ ਜਦ ਪੰਜਾਬੀ ਦੀਆਂ ਵੀਹਵੀਂ ਸਦੀ ਦੀਆਂ ਸ਼੍ਰੇਸ਼ਟ ਕਹਾਣੀਆਂ 'ਤੇ ਸੰਨ 2000 ਵਿਚ ਕੰਮ ਕਰ ਰਿਹਾ ਸੀ ਤਾਂ ਨਾਨਕ ਸਿੰਘ ਤੇ ਉਸ ਦੇ ਸਮਕਾਲੀ ਲੇਖਕਾਂ ਤੋਂ ਲੈ ਕੇ ਸੰਨ 2000 ਤੱਕ ਦੇ ਨਵੇਂ ਲੇਖਕਾਂ ਦੀਆਂ ਕਹਾਣੀਆਂ ਲਭ-ਲਭ ਕੇ ਪੜ੍ਹ ਰਿਹਾ ਸਾਂ। ਇਹ ਸਿਲਸਿਲਾ ਅੱਜ ਵੀ ਜਾਰੀ ਹੈ ਕਿਉਂਕਿ ਇੰਟਰਨੈਟ 'ਤੇ ਮੈਂ ਆਪਣੇ ਬਲੋਗ-'ਕਥਾ ਪੰਜਾਬ' ਵਿੱਚ 'ਪੰਜਾਬੀ ਕਹਾਣੀ : ਆਜ ਤੱਕ' ਸਿਰਲੇਖ ਦੇ ਤਹਿਤ ਪੰਜਾਬੀ ਦੀ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਦੀ ਨਵੀਂ ਕਥਾ ਪੀੜ੍ਹੀ ਦੀਆਂ ਸ਼੍ਰੇਸ਼ਟ ਕਹਾਣੀਆਂ ਨੂੰ ਹਿੰਦੀ ਵਿਚ ਪੇਸ਼ ਕਰਨਾ ਚਾਹੁੰਦਾ ਹਾਂ।

ਤੁਸੀਂ ਹਿੰਦੀ ਤੇ ਪੰਜਾਬੀ ਦੇ ਕਥਾ ਸਾਹਿਤ ਦੇ ਤੁਲਨਾਤਮਕ ਅਧਿਐਨ ਦੀ ਗੱਲ ਕੀਤੀ ਹੈ ਪਰ ਮੇਰਾ ਆਪਣਾ ਮਤ ਹੈ ਕਿ ਇਸ ਵਿਚ ਤੁਲਨਾ ਵਾਲੀ ਕੋਈ ਗੱਲ ਨਹੀਂ ਹੈ। ਹਿੰਦੀ ਵਿਚ ਬਹੁਤ ਸ਼੍ਰੇਸ਼ਟ ਕਹਾਣੀਆਂ ਲਿਖੀਆਂ ਗਈਆਂ ਹਨ। ਹਿੰਦੀ ਦਾ ਦਾਇਰਾ ਬਹੁਤ ਵਿਸ਼ਾਲ ਹੈ। ਪ੍ਰੇਮਚੰਦ, ਜੈਨੇਂਦਰ, ਯਸ਼ਪਾਲ, ਰੇਣੂ, ਕਾਮਤਾਨਾਥ, ਅਮਰਕਾਂਤ, ਸ਼ੇਖਰ ਜੋਸ਼ੀ, ਕਮਲੇਸ਼ਵਰ, ਭੀਸ਼ਮ ਸਾਹਨੀ, ਮੋਹਨ ਰਾਕੇਸ਼, ਮੰਨੂ ਭੰਡਾਰੀ, ਕ੍ਰਿਸ਼ਨਾ ਸੋਬਤੀ, ਰਾਜੇਂਦਰ ਯਾਦਵ, ਸ਼ੈਲੇਸ਼ ਮਟਿਆਨੀ, ਸੰਜੀਵ ਤੇ

ਹੋਰ ਬਹੁਤ ਸਾਰੇ ਨਾਂ ਹਨ ਜਿਨ੍ਹਾਂ ਨੇ ਹਿੰਦੀ ਕਹਾਣੀ ਨੂੰ ਸ਼ਿਖਰ ’ਤੇ ਪਹੁੰਚਾਇਆ। ਇਨ੍ਹਾਂ ਦੀਆਂ ਕਈ ਕਹਾਣੀਆਂ ਵਿਸ਼ਵ ਪੱਧਰ ਦੀਆਂ ਹਨ। ਪਰ ਪੰਜਾਬੀ ਕਹਾਣੀ ਸਾਹਿਤ ਵੀ ਬਹੁਤ ਸਮਰਿਧ ਰਿਹਾ ਹੈ ਤੇ ਹੈ ਵੀ। ਪੰਜਾਬੀ ਦੇ ਪੁਰਾਣੇ ਸਿਰਮੌਰ ਲੇਖਕਾਂ ਨੇ ਭਾਰਤੀ ਭਾਸ਼ਾਵਾਂ ਵਿੱਚ ਲਿਖੀਆਂ ਸ਼੍ਰੇਸ਼ਟ ਕਹਾਣੀਆਂ ਨੂੰ ਹੀ ਨਹੀਂ ਸਗੋਂ ਵਿਸ਼ਵ ਦੀਆਂ ਸ਼੍ਰੇਸ਼ਟ ਕਹਾਣੀਆਂ ਨੂੰ ਵੀ ਟੱਕਰ ਦਿੱਤੀ ਹੈ। ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਦੁੱਗਲ, ਕੁਲਵੰਤ ਸਿੰਘ ਵਿਰਕ, ਅਮ੍ਰਿਤਾ ਪ੍ਰੀਤਮ, ਮਹਿੰਦਰ ਸਿੰਘ ਸਰਨਾ, ਨਵਤੇਜ ਸਿੰਘ, ਅਜੀਤ ਕੌਰ, ਮੋਹਨ ਭੰਡਾਰੀ, ਰਾਮ ਸਰੂਪ ਅਣਖੀ, ਪ੍ਰੇਮ ਪ੍ਰਕਾਸ਼, ਗੁਰਬਚਨ ਸਿੰਘ ਭੁੱਲਰ, ਰਘਬੀਰ ਢੰਡ, ਵਰਿਆਮ ਸਿੰਘ ਸੰਧੂ, ਗੁਰਦੇਵ ਰੁਪਾਣਾ ਆਦਿ ਕਈ ਨਾਂ ਹਨ ਜਿਨ੍ਹਾਂ ਨੇ ਆਪਣੇ ਆਪਣੇ ਸਮੇਂ ਵਿੱਚ ਬਹੁਤ ਸਾਰੀਆਂ ਸ਼ਾਹਕਾਰ ਕਹਾਣੀਆਂ ਪੰਜਾਬੀ ਕਥਾ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ, ਜਿਨ੍ਹਾਂ ’ਤੇ ਨਾਜ ਕੀਤਾ ਜਾ ਸਕਦਾ ਹੈ। ਉਹ ਕਿਸੇ ਵੀ ਭਾਸ਼ਾ ਵਿੱਚ ਸ਼੍ਰੇਸ਼ਟ ਕਹਾਣੀਆਂ ਤੋਂ ਘੱਟ ਨਹੀਂ ਹਨ। ਪੰਜਾਬੀ ਦੀ ਨਵੀਂ ਕਥਾ ਪੀੜ੍ਹੀ ਦੇ ਕਈ ਕਹਾਣੀਕਾਰ ਸ਼੍ਰੇਸ਼ਟ ਤੇ ਪੜ੍ਹਨ ਯੋਗ ਕਹਾਣੀਆਂ ਲਿਖ ਰਹੇ ਹਨ, ਜਿਨ੍ਹਾਂ ਤੋਂ ਬਹੁਤ ਉਮੀਦਾਂ ਹਨ। ਆਪਣੇ ਸਮੇਂ ਤੇ ਕਾਲ ਨੂੰ, ਬਦਲਦੇ ਜੀਵਨ ਮੁੱਲਾਂ ਨੂੰ, ਭੂਮੰਡਲੀਕਰਨ ਦੇ ਇਸ ਦੌਰ ਵਿੱਚ ਬਾਜ਼ਾਰਵਾਦ ਤੇ ਉਪਭੋਗਤਾਵਾਦ ਦੇ ਤਹਿਤ ਨਵੇਂ ਢੰਗ ਦੇ ਸ਼ੋਸ਼ਣ ਦੇ ਸ਼ਿਕਾਰ ਵਿਅਕਤੀ ਨੂੰ ਪੇਸ਼ ਕਰਨ ਵਾਲੀਆਂ ਸ਼੍ਰੇਸ਼ਟ ਕਹਾਣੀਆਂ ਪੰਜਾਬੀ ਵਿਚ ਲਿਖੀਆਂ ਜਾ ਰਹੀਆਂ ਹਨ। ਭਾਵੇਂ ਉਹ ਪੁਰਾਣੇ ਲੇਖਕ ਦੀ ਕਲਮ ਤੋਂ ਘੱਟ, ਨਵੇਂ ਲੇਖਕਾਂ ਦੀ ਕਲਮ ਤੋਂ ਵੱਧ ਆ ਰਹੀਆਂ ਹਨ, ਇਨ੍ਹਾਂ ਕਹਾਣੀਆਂ ਨੂੰ ਸਾਹਮਣੇ ਰੱਖ ਕੇ ਜੇ ਗੱਲ ਕਰਾਂ ਤਾਂ ਪੰਜਾਬੀ ਦਾ ਕਥਾ ਸਾਹਿਤ ਮੈਨੂੰ ਆਪਣੇ ਆਪ ਵਿੱਚ ਬਹੁਤ ਹੀ ਅਮੀਰ ਤੇ ਮੁੱਲਵਾਨ ਲੱਗਦਾ ਹੈ ਤੇ ਮੈਨੂੰ ਉਸ ਦਾ ਭਵਿੱਖ ਉਜਵਲ ਦਿੱਸਦਾ ਹੈ।

**? ਤੁਸੀਂ ਬਤੌਰ ਕਹਾਣੀਕਾਰ ਪੰਜਾਬੀ ਦੇ ਕਿਨ੍ਹਾਂ ਕਹਾਣੀਕਾਰਾਂ ਤੋਂ ਪ੍ਰਭਾਵਿਤ ਹੋ। ਕਹਿ ਲਓ-ਤੁਹਾਡੇ ਆਪਣੇ ਮਨ ’ਚ ਕਦੇ ਆਇਆ ਹੋਵੇ ਕਿ ਮੈਂ ਵੀ ਪੰਜਾਬੀ ਦੇ ਫਲਾਣੇ ਕਹਾਣੀਕਾਰ ਵਾਂਗ ਕਹਾਣੀ ਲਿਖਾਂ।**

– ਵਧੀਆ ਲੇਖਕ ਦੂਜਿਆਂ ਨੂੰ ਪ੍ਰਭਾਵਿਤ ਕਰਦਾ ਹੀ ਹੈ। ਸਮੇਂ ਸਮੇਂ ’ਤੇ ਹਿੰਦੀ ਪੰਜਾਬੀ ਦੇ ਹੀ ਨਹੀਂ ਸਗੋਂ ਵਿਸ਼ਵ ਦੇ ਕਈ ਮਹਾਨ ਲੇਖਕਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ। ਚੇਖੋਵ, ਮੋਪਾਂਸਾ, ਗੋਰਕੀ, ਪ੍ਰੇਮਚੰਦ, ਸ਼ਰਤ ਚੰਦਰ, ਨਾਨਕ ਸਿੰਘ, ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਦੁੱਗਲ, ਵਿਰਕ, ਮਹਿੰਦਰ ਸਿੰਘ ਸਰਨਾ, ਗੁਰਦਿਆਲ ਸਿੰਘ, ਨਵਤੇਜ ਸਿੰਘ, ਮੋਹਨ ਭੰਡਾਰੀ, ਗੁਰਬਚਨ ਭੁੱਲਰ, ਅਜੀਤ ਕੌਰ ਆਦਿ ਲੇਖਕਾਂ ਦੀਆਂ ਕਹਾਣੀਆਂ ਮੈਨੂੰ ਧੁਰ ਅੰਦਰ ਤੱਕ ਛੋਹ ਜਾਂਦੀਆਂ ਰਹੀਆਂ ਹਨ, ਪਰ ਜੇ ਪੰਜਾਬੀ ਭਾਸ਼ਾ ਦੇ ਸਿਰਫ਼ ਇਕ ਲੇਖਕ ਦੀ ਗੱਲ ਕਰਾਂ ਤਾਂ ਮੈਨੂੰ ਕੁਲਵੰਤ ਸਿੰਘ ਵਿਰਕ ਬਹੁਤ ਪ੍ਰਭਾਵਿਤ ਕਰਦੇ ਰਹੇ ਹਨ। ਹਾਂ, ਕਈ ਵਾਰ ਕਿਸੇ ਦੀ ਵਧੀਆ ਕਹਾਣੀ ਪੜ੍ਹ ਕੇ ਲੱਗਦਾ ਹੈ– ਕਾਸ਼! ਇਹੋ ਜਿਹੀ ਕਹਾਣੀ ਮੈਂ ਵੀ ਲਿਖਦਾ। ਪਰ ਜਿੰਦਰ, ਜੇ ਕੋਈ ਲੇਖਕ ਦੂਜੇ ਲੇਖਕ ਤੋਂ ਪ੍ਰਭਾਵਿਤ ਹੋ ਕੇ ਉਸ ਵਰਗੀ ਕਹਾਣੀ ਲਿਖੇਗਾ ਤਾਂ ਫਿਰ ਉਹ ਖੁਦ ਕਿੱਥੇ ਹੋਵੇਗਾ। ਸੁਭਾਸ਼ ਨੀਰਵ ਨੇ ਤਾਂ ਉਹ ਕਹਾਣੀ ਲਿਖਣੀ ਹੈ ਜੋ ਸੁਭਾਸ਼ ਨੀਰਵ ਦੀ ਲੱਗੇ, ਕਿਸੇ ਦਾ ਉਸ ’ਤੇ ਪ੍ਰਭਾਵ ਨਾ ਦਿਖਾਈ ਦੇਵੇ। ਹਰ ਲੇਖਕ ਨੂੰ ਆਪਣੇ ਢੰਗ ਦੀ ਹੀ ਕਹਾਣੀ ਲਿਖਣੀ ਚਾਹੀਦੀ ਹੈ। ਵਿਰਾਸਤ ਵਿਚ ਮਿਲੀਆਂ ਕਹਾਣੀਆਂ ਸਾਨੂੰ ਵਧੀਆ ਰਚਨਾ ਦਾ ਰਾਹ ਦਿਖਾਉਣ ਤਾਂ ਠੀਕ ਹੈ ਪਰ ਉਨ੍ਹਾਂ ਜਿਹਾ ਹੀ ਲਿਖਣ ਲਈ ਪ੍ਰੇਰਿਤ ਕਰਨ ਤਾਂ ਇਹ ਲੇਖਕ ਦੇ ਵਿਕਾਸ ਨੂੰ ਬੰਨ੍ਹ ਮਾਰਨ ਵਾਲੀ ਗੱਲ ਹੋਵੇਗੀ।

**? ਤੁਸੀਂ ਆਪਣੇ ਕੰਮ ਤੋਂ ਕਿੰਨ੍ਹਾ ਕੁ ਸੰਤੁਸ਼ਟ ਹੋ।**

– ਜਿਥੋਂ ਤੱਕ ਪੰਜਾਬੀ ਤੇ ਹਿੰਦੀ ਵਿਚ ਅਨੁਵਾਦ ਦੀ ਗੱਲ ਹੈ–ਮੈਂ ਆਪਣੇ ਕੰਮ ਤੋਂ ਇਸ



ਲਈ ਸੰਤੁਸ਼ਟ ਹਾਂ ਕਿ ਮੈਂ ਜੋ ਵੀ ਅਨੁਵਾਦ ਕੀਤਾ ਪੂਰੀ ਈਮਾਨਦਾਰੀ, ਮਿਹਨਤ ਤੇ ਲਗਨ ਨਾਲ ਕੀਤਾ ਹੈ। ਹੁਣ ਤੱਕ ਪੰਜਾਬੀ ਦੇ ਸ਼੍ਰੇਸ਼ਟ ਸਾਹਿਤ ਨੂੰ ਹੀ ਹਿੰਦੀ ਵਿਚ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਤੇ ਇਹ ਕੋਸ਼ਿਸ਼ ਅਜੇ ਵੀ ਜਾਰੀ ਹੈ।

**? ਮੈਨੂੰ ਤਾਂ ਤੁਹਾਡੇ ਕੀਤੇ ਕੰਮਾਂ ਬਾਰੇ ਜਾਣਕਾਰੀ ਹੈ, ਪਰ ਪੰਜਾਬੀ ਦੇ ਪਾਠਕਾਂ ਨੂੰ ਆਪਣੇ ਕੀਤੇ ਕੰਮਾਂ ਤੋਂ ਜਾਣੂ ਕਰਵਾਉ।**

– ਹਿੰਦੀ ’ਚ ਮੇਰੇ ਤਿੰਨ ਮੌਲਿਕ ਕਹਾਣੀ ਸੰਗ੍ਰਹਿ–‘ਦੈਤ ਤਥਾ ਅਨਯ ਕਹਾਣੀਆਂ’, ‘ਔਰਤ ਹੋਣੇ ਕਾ ਗੁਨਾਹ’ ਅਤੇ ‘ਆਖਿਰੀ ਪੜਾਵ ਕਾ ਦੁੱਖ’ ਛਪ ਚੁੱਕੇ ਹਨ। ਦੋ ਕਵਿਤਾ ਸੰਗ੍ਰਹਿ–‘ਯ੍ਰਤਕਿੰਚਿਤ’ ਤੇ ‘ਰੌਸ਼ਨੀ ਕੀ ਲਕੀਰ’, ਇਕ ਬਾਲ ਕਹਾਣੀ ਸੰਗ੍ਰਹਿ–‘ਮੇਹਨਤ ਕੀ ਰੋਟੀ’ ਇਕ ਲਘੂ ਕਥਾ ਸੰਗ੍ਰਹਿ–‘ਕਥਾ–ਬਿੰਦੂ’ (ਸਹਿਯੋਗੀ ਲੇਖਕ ਚੰਦੇਲ ਤੇ ਨਾਗਰ) ਛਪ ਚੁੱਕੇ ਹਨ, ਅੱਠ ਸਾਲਾਂ ਤੱਕ ਨਿਰੰਤਰ ‘ਪ੍ਰਯਾਸ’ ਮੈਗਜ਼ੀਨ ਦਾ ਸੰਪਾਦਨ ਕੀਤਾ ਹੈ, ਕੁਝ ਸਮੇਂ ਲਈ ‘ਮਚਾਨ’ ਤੇ ‘ਸਹਜ’ ਮੈਗਜ਼ੀਨ ਦਾ ਵੀ ਸੰਪਾਦਨ ਕੀਤਾ, ਜਿਥੋਂ ਤੱਕ ਅਨੁਵਾਦ ਦੀ ਗੱਲ ਹੈ, ਹੁਣ ਤੱਕ ਤਿੰਨ ਸੌ ਤੋਂ ਵੱਧ ਕਹਾਣੀਆਂ ਦਾ ਅਨੁਵਾਦ ਤੇ ਲਗਭਗ ਬਾਰਾਂ ਪੁਸਤਕਾਂ ਦਾ ਅਨੁਵਾਦ ਹਿੰਦੀ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। ਜਿਨ੍ਹਾਂ ਵਿਚ ਪ੍ਰਮੁੱਖ ਹਨ–‘ਕਾਲਾ ਦੌਰ’ (ਪੰਜਾਬੀ ਦੇ ਅੱਤਵਾਦ ’ਤੇ ਆਧਾਰਤ ਚੌਵੀ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ), ‘ਪੰਜਾਬੀ ਕੀ ਚਰਚਿਤ ਲਘੁਕਥਾਏਂ’, ‘ਤੁਸੀਂ ਨਹੀਂ ਸਮਝ ਸਕਦੇ’ (ਜਿੰਦਰ ਦਾ ਕਹਾਣੀ ਸੰਗ੍ਰਹਿ), ‘ਕਥਾ ਪੰਜਾਬ–2’ (ਨੈਸ਼ਨਲ ਬੁਕ ਟ੍ਰਸਟ ਲਈ), ‘ਕੁਲਵੰਤ ਸਿੰਘ’ ਵਿਰਕ ਦੀਆਂ ਚੋਣਵੀਆਂ ਕਹਾਣੀਆਂ (ਨੈਸ਼ਨਲ ਬੁਕ ਟ੍ਰਸਟ ਲਈ), ‘ਸਿੱਖ ਇਤਿਹਾਸ’, ‘ਰੇਤ’ (ਹਰਜੀਤ ਅਟਵਾਲ ਦਾ ਨਾਵਲ), ‘ਪਾਵੇ ਸੇ ਬੰਧਾ ਹੁਆ ਕਾਲ’ (ਜਤਿੰਦਰ ਸਿੰਘ ਹੰਸ ਦਾ ਕਹਾਣੀ ਸੰਗ੍ਰਹਿ) ਅਤੇ ‘ਛਾਂਗਿਆ ਰੁੱਖ’ (ਬਲਬੀਰ ਮਾਧੋਪੁਰੀ ਦੀ ਸਵੈ–ਜੀਵਨੀ) ਅੱਜਕਲ੍ਹ ਇਕ ਸਵੈ–ਜੀਵਨੀ ਤੇ ਤਿੰਨ ਨਾਵਲਾਂ ਦਾ ਅਨੁਵਾਦ ਹਿੰਦੀ ’ਚ ਕਰ ਰਿਹਾ ਹਾਂ।

**? ਤੁਸੀਂ ਇੰਟਰਨੈਟ ਤੇ ਵੀ ਬਲੋਗ ਪਤ੍ਰਿਕਾ ਸੰਪਾਦਿਤ ਕਰ ਰਹੇ ਹੋ। ਕਈ ਬਲੋਗਸ ਬਣਾਏ ਹੋਏ ਹਨ ਉਨ੍ਹਾਂ ਬਾਰੇ ਵੀ ਦੱਸੋ।**

– ਇੰਟਰਨੈਟ ਨਵੇਂ ਸਮੇਂ ਦੀ ਇਕ ਨਵੀਂ ਤਕਨੀਕ ਹੈ ਤੇ ਸਹਿਜ ਸੁਲਭ ਹੈ, ਪ੍ਰਿੰਟ ਮੀਡੀਆ ਦਾ ਆਪਣਾ ਇਕ ਵਿਸ਼ੇਸ਼ ਮਹੱਤਵ ਹੈ ਤੇ ਸੁਖ ਵੀ, ਇਹ ਰਹੇਗਾ ਵੀ, ਪਰ ਇਹ ਆਪਣੇ ਆਪ ਵਿਚ ਜਿਨ੍ਹਾਂ ਮਿਹਨਤ ਵਾਲਾ ਤੇ ਖਰਚੀਲਾ ਮਾਧਿਅਮ ਹੈ, ਉਸ ਤੋਂ ਕੀਤੇ ਵੱਧ ਮੁਸ਼ਕਿਲ ਵਾਲਾ ਤੇ ਖਰਚੀਲਾ ਕੰਮ ਹੈ। ਇਸ ਦਾ ਵਿਤਰਣ, ਅੱਜ ਇਕ ਮੈਗਜ਼ੀਨ ਜਾਂ ਕਿਤਾਬ ਨੂੰ ਡਾਕ ਰਾਹੀਂ ਕਿਤੇ ਭੇਜਣਾ ਹੋਵੇ ਤਾਂ ਅਸੀਂ ਸੋਚ ਵਿਚ ਪੈ ਜਾਂਦੇ ਹਾਂ। ਵਿਤਰਣ ਪ੍ਰਣਾਲੀ ਇੰਨੀ ਖਰਚੀਲੀ ਹੈ ਕਿ ਮੈਗਜ਼ੀਨਾਂ/ਕਿਤਾਬਾਂ ਦੂਰ ਦੁਰਾਂਡੇ ਬੈਠੇ ਪਾਠਕ ਖਰੀਦ ਕੇ ਪੜ੍ਹ ਨਹੀਂ ਸਕਦੇ, ਅਜਿਹੀ ਸਥਿਤੀ ਵਿਚ ਨੈਟ ਪਤ੍ਰਿਕਾਵਾਂ ਚਾਹੇ ਉਹ ਵੈਬ ਪਤ੍ਰਿਕਾਵਾਂ ਦੇ ਰੂਪ ’ਚ ਹੋਣ ਜਾਂ ਬਲੋਗ ਦੇ ਰੂਪ ’ਚ, ਬੜੀ ਸਹਿਜਤਾ ਤੇ ਬਿਨਾਂ ਖਰਚ ਦੇ ਉਪਲਬਧ ਹੋ ਜਾਂਦੀਆਂ ਹਨ। ਇਨ੍ਹਾਂ ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਸਾਹਿਤ ਸੱਤ ਸਮੁੰਦਰ ਪਾਰ ਬੈਠੇ ਪਾਠਕਾਂ ਲਈ ਇਕ ਕਲਿਕ ਭਰ ਦੀ ਦੂਰੀ ’ਤੇ ਹੁੰਦਾ ਹੈ, ਇਸ ਦੀ ਇਸੇ ਉਪਯੋਗਿਤਾ ਨੂੰ ਦੇਖਦੇ ਹੋਏ ਅੱਜ ਬਹੁਤ ਸਾਰੇ ਲੇਖਕ, ਪੱਤਰਕਾਰ, ਰੰਗਕਰਮੀ, ਡਾਕਟਰ, ਸਮਾਜ ਸੇਵੀ, ਫਿਲਮਕਾਰ ਇਸ ਮਾਧਿਅਮ ਨਾਲ ਤੇਜ਼ੀ ਨਾਲ ਜੁੜ੍ਹ ਰਹੇ ਹਨ।

ਮੈਂ ਜਦੋਂ ਬਲੋਗ ਦੀ ਦੁਨੀਆਂ ਵਿਚ ਪ੍ਰਵੇਸ਼ ਕੀਤਾ ਤਾਂ ਉਸ ਵੇਲੇ ਹਿੰਦੀ ਵਿਚ ਬਲੋਗ ਦੀ ਗਿਣਤੀ ਸਿਰਫ਼ ਛੇ ਸੌ ਦੇ ਕਰੀਬ ਸੀ। ਉਨ੍ਹਾਂ ਵਿਚੋਂ ਵੀ ਬਹੁਤੇ ਪੱਤਰਕਾਰਾਂ ਦੇ ਬਲੋਗ ਸਨ ਜਾਂ ਉਨ੍ਹਾਂ ਲੋਕਾਂ ਦੇ ਜੋ ਬਲੋਗ ’ਤੇ ਆਪਣੀਆਂ ਰਚਨਾਵਾਂ ਨੂੰ ਪੇਸ਼ ਕਰਕੇ ਆਪਣੇ ਪ੍ਰਗਟਾਵੇ ਦੀ ਇੱਛਾ

ਪੂਰਤੀ ਕਰਦੇ ਹਨ, ਮੈਂ ਇਸ ਮਾਧਿਅਮ ਦਾ ਲਾਭ ਉਠਾਉਣਾ ਚਾਹਿਆ ਤੇ ਆਪਣਾ ਪਹਿਲਾ ਬਲੋਂਗ ਅਨੁਵਾਦ ’ਤੇ ਹੀ ਆਧਾਰਤ ਰਖਿਆ, ‘ਸੇਤੂ ਸਾਹਿਤ’ (↰↰↰.↔✥🚹🚹↔▲✫⬅🚹⮷▲.✫⬇✿⯐↔✥✿🚹.✵✿✡) ਨਾਂ ਦੇ ਮੇਰੇ ਇਸ ਬਲੋਂਗ ਵਿਚ ਭਾਰਤੀ ਭਾਸ਼ਾਵਾਂ ਦੀਆਂ ਸਵਰੋਤਮ ਰਚਨਾਵਾਂ ਸਮੇਤ ਵਿਦੇਸ਼ੀ ਭਾਸ਼ਾਵਾਂ ਦੇ ਸ਼੍ਰੇਸ਼ਟ ਸਾਹਿਤ ਦਾ ਅਨੁਵਾਦ ਵੀ ਪ੍ਰਸਤੁਤ ਹੁੰਦਾ ਹੈ, ਪਰ ਛੋਟੀਆਂ ਰਚਨਾਵਾਂ ਦਾ ਜਿਵੇਂ–ਕਵਿਤਾ, ਲਘੂਕਥਾ, ਸੰਸਮਰਣ, ਪਤਰ ਆਦਿ ਪੰਜਾਬੀ ਰਚਨਾਵਾਂ ਦਾ ਬਹੁਤਾ ਅਨੁਵਾਦ ਮੈਂ ਆਪ ਹੀ ਕਰਦਾ ਹਾਂ। ਇਹ ਬਲੋਂਗ ਚੌਤੀ ਦੇਸ਼ਾਂ ਵਿਚ ਪੜ੍ਹਿਆ ਜਾਂਦਾ ਹੈ ਤੇ ਹੁਣ ਤੱਕ (ਇਸ ਇੰਟਰਵਿਊ ਦੇ ਦੇਣ ਤੱਕ) ਇਸ ਦੇ ਦਸ ਹਜ਼ਾਰ ਤੋਂ ਵੱਧ ਪਾਠਕ ਹੋ ਚੁੱਕੇ ਹਨ। ਇਸ ਤੋਂ ਇਲਾਵਾ ‘ਵਾਟਿਕਾ’ (↰↰↰.✂▲▲🚹⬅⬆▲.✫⬇✿⯐↔✥✿🚹.✵✿✡) ਨਾਂ ਦੇ ਬਲੋਂਗ ਵਿਚ ਹਰ ਮਹੀਨੇ ਮੇਰੀ ਪਸੰਦ ਦੇ ਕਿਸੇ ਇਕ ਕਵੀ ਦੀਆਂ ਦਸ ਚੋਣਵੀਆਂ ਕਵਿਤਾਵਾਂ ਜਾਂ ਕਿਸੇ ਸ਼ਾਇਰ ਦੀਆਂ ਦਸ ਚੋਣਵੀਆਂ ਗ਼ਜ਼ਲਾਂ ਪ੍ਰਕਾਸ਼ਿਤ ਹੁੰਦੀਆਂ ਹਨ। ‘ਗਵਾਕ੍ਸ਼’ (↰↰↰.⯐▲✂▲⬆↔✫.✫⬇✿⯐↔✥✿🚹.✵✿✡) ਨਾਂ ਵਾਲੇ ਬਲੋਂਗ ਵਿਚ ਭਾਰਤ ਤੋਂ ਬਾਹਰ ਵਿਦੇਸ਼ਾਂ ਵਿਚ ਰਹਿ ਰਹੇ ਹਿੰਦੀ–ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ‘ਸਾਹਿਤ ਸ੍ਰਿਜਨ’ (↰↰↰.↔▲✫⬅🚹⮷▲↔☚↔▲✪.✫⬇✿⯐↔✥✿🚹.✵✿✡) ਇਕ ਬਲੋਂਗ ਮੈਗਜ਼ੀਨ ਹੈ ਅਤੇ ਇਸ ਵਿੱਚ ਮੇਰੀ ਬਾਤ, ਕਹਾਣੀ, ‘ਕਵਿਤਾ’, ‘ਲਘੁਕਥਾ’, ‘ਅਨੁਵਾਦ’, ‘ਇੰਟਰਵਿਊ’, ‘ਸੰਸਮਰਣ’, ‘ਪੁਸਤਕ ਸਮੀਖਿਆ’, ਆਦਿ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਇਹ ਬਲੋਂਗ ਪਤ੍ਰਿਕਾ 63 ਦੇਸ਼ਾਂ ਵਿੱਚ ਵੇਖੀ ਪੜ੍ਹੀ ਜਾਂਦੀ ਹੈ, ‘ਸ੍ਰਿਜਨ ਯਾਤਰਾ’ (↰↰↰.↔☚↔▲✪⮷▲🚹☚▲.✫⬇✿⯐↔✥✿🚹.✵✿✡) ਬਲੋਂਗ ਮੇਰੀਆਂ ਆਪਣੀਆਂ ਰਚਨਾਵਾਂ ਦਾ ਬਲੋਂਗ ਹੈ, ਜਿਸ ਵਿਚ ਮੈਂ ਸਮੇਂ ਸਮੇਂ ਤੇ ਆਪਣੀਆਂ ਕਹਾਣੀਆਂ, ਕਵਿਤਾਵਾਂ, ਲਘੂਕਥਾਵਾਂ, ਸੰਸਮਰਣ ਆਦਿ ਪੇਸ਼ ਕਰਦਾ ਰਹਿੰਦਾ ਹਾਂ। ਇਹ ਵੀ 63 ਦੇਸ਼ਾਂ ਵਿਚ ਵੇਖਿਆ–ਪੜ੍ਹਿਆ ਜਾ ਰਿਹਾ ਹੈ। ਅਨੁਵਾਦ ਨੂੰ ਲੈ ਕੇ ਮੇਰੀ ਇਕ ਨਵੀਂ ਬਲੋਂਗ ਪਤ੍ਰਿਕਾ ਹੈ–‘ਕਥਾ ਪੰਜਾਬ’ (↰↰↰.⬆▲🚹✫▲✥🚹✪➡▲✫.✫⬇✿⯐↔✥✿🚹.✵✿✡)। ਦਰਅਸਲ ਮੈਂ ਇਸ ਨੂੰ ਇਕ ਵੈਬ ਮੈਗਜ਼ੀਨ ਦਾ ਰੂਪ ਦੇਣਾ ਚਾਹੁੰਦਾ ਸੀ, ਪਰ ਕਿਉਂਕਿ ਇਹ ਖਰਚੀਲਾ ਤੇ ਬੇਹੱਦ ਮਿਹਨਤ ਵਾਲਾ ਕੰਮ ਹੈ, ਮੈਂ ਇਸ ਨੂੰ ਅਜੇ ਬਲੋਂਗ ਮੈਗਜ਼ੀਨ ਤੱਕ ਹੀ ਸੀਮਿਤ ਰੱਖਿਆ ਹੈ। ਇਸ ਬਲੋਂਗ ਦੇ ਜ਼ਰੀਏ ਮੇਰੀ ਇਕ ਲੰਬੀ ਯੋਜਨਾ ਹੈ। ਪੰਜਾਬੀ ਗਲਪ ਤੇ ਕੇਂਦ੍ਰਿਤ ਇਸ ਬਲੋਂਗ ਵਿਚ ਕਈ ਕਾਲਮ ਹਨ ਜਿਵੇਂ– ‘ਪੰਜਾਬੀ ਕਹਾਣੀ ਅੱਜ ਤੱਕ’, ‘ਪੰਜਾਬੀ ਲਘੂਕਥਾ : ਆਜ ਤਕ’, ‘ਪੰਜਾਬੀ ਕਹਾਣੀ : ਨਏ ਹਸ੍ਤਾਕ੍ਸ਼ਰ’, ‘ਇਸਤਰੀ ਕਥਾ ਲੇਖਕ : ਚੁਨਿੰਦਾ ਕਹਾਣੀਆਂ’, ‘ਆਤਮਕਥਾ–ਸਵੈ ਜੀਵਨੀ’, ‘ਪੰਜਾਬੀ ਉਪਨਾਯਾਸ’, ‘ਲੇਖਕ ਸੇ ਬਾਤਚੀਤ’ ਸੰਸਮਰਣ/ਰੇਖਾ ਚਿੱਤਰ ਆਦਿ, ਇਸ ਬਲੋਂਗ ਵਿਚ ਜਾਣ ਵਾਲੇ ਮੈਟਰ ਦੀ ਚੋਣ ਮੇਰੀ ਆਪਣੀ ਹੁੰਦੀ ਹੈ ਤੇ ਅਨੁਵਾਦ ਵੀ। ਇਹ ਵੀ ਵਿਸ਼ਵ ਦੇ ਤੇਈ ਦੇਸ਼ਾਂ ਵਿਚ ਵੇਖਿਆ–ਪੜ੍ਹਿਆ ਜਾ ਰਿਹਾ ਹੈ।

**? ਮੰਨ ਲਉ ਕਿ ਰਾਜਕਮਲ ਜਾਂ ਵਾਣੀ ਪ੍ਰਕਾਸ਼ਨ ਵੱਲੋਂ ਤੁਹਾਨੂੰ ਕੋਈ ਕਹਾਣੀਆਂ ਦੀ ਕਿਤਾਬ ਸੰਪਾਦਿਤ ਕਰਨ ਦਾ ਨਿਮੰਤਰਣ ਮਿਲਦਾ ਹੈ। ਤੁਸੀਂ ਸਿਰਫ਼ ਪੰਦਰਾਂ ਕਹਾਣੀਆਂ ਲੈਣੀਆਂ ਹਨ। ਤੁਹਾਡੀ ਚੋਣ ਦਾ ਆਧਾਰ ਕੀ ਹੋਵੇਗਾ ? ਕਿਹੜੀਆਂ ਕਿਹੜੀਆਂ ਕਹਾਣੀਆਂ ਨੂੰ ਸ਼ਾਮਿਲ ਕਰੋਗੇ। ਕਿਸੇ ਇਕ ਵਿਸ਼ੇ ਨੂੰ ਲੈ ਕੇ ਨਹੀਂ, ਸਿਰਫ ਪੰਜਾਬੀ ਦੀਆਂ ਮਾਸਟਰ ਕਹਾਣੀਆਂ।**

– ਤੁਸੀਂ ਇਨ੍ਹਾਂ ਪ੍ਰਕਾਸ਼ਕਾਂ ਦੇ ਨਾਂ ਸ਼ਾਇਦ ਇਸ ਕਰਕੇ ਲਏ ਹਨ ਕਿਉਂਕਿ ਹਿੰਦੀ ਦੇ ਵੱਡੇ ਪ੍ਰਕਾਸ਼ਕਾਂ ਵਿਚ ਗਿਣੇ ਜਾਂਦੇ ਹਨ। ਜੇ ਤੁਸੀਂ ਇਨ੍ਹਾਂ ਦੀ ਥਾਂ–ਸਾਹਿਤ ਅਕਾਦਮੀ ਜਾਂ ਨੈਸ਼ਨਲ ਬੁਕ ਟ੍ਰਸਟ ਦਾ ਨਾਂ ਲੈਂਦੇ ਤਾਂ ਮੈਨੂੰ ਚੰਗਾ ਲੱਗਦਾ। ਕਿਉਂਕਿ ਇਹ ਦੋਵੇਂ ਸੰਸਥਾਵਾਂ ਲੇਖਕ ਤੇ ਅਨੁਵਾਦਕ ਦੇ ਹੱਕ ਦਾ ਪੂਰਾ–ਪੂਰਾ ਖਿਆਲ ਰੱਖਦੀਆਂ ਹਨ। ਤੁਹਾਨੂੰ ਮੇਰਾ ਇਹ ਜਵਾਬ ਤੁਹਾਡੇ ਸਵਾਲ ਤੋਂ ਬਾਹਰ ਲੱਗ ਸਕਦਾ ਹੈ। ਪਰ ਮੈਂ ਆਪਣੀ ਗੱਲ ਕਹਿਣੀ ਜ਼ਰੂਰੀ ਹੈ। ਤੁਹਾਡੇ ਦੱਸੇ ਪ੍ਰਕਾਸ਼ਕਾਂ ਵਿਚੋਂ ਇਕ ਪ੍ਰਕਾਸ਼ਕ ਨਾਲ ਮੇਰਾ ਵਾਹ ਪੈ ਚੁੱਕਿਆ ਹੈ। ਉਸ ਨੇ ਮੈਨੂੰ ਅਨੁਵਾਦਕ ਦੇ ਤੌਰ ’ਤੇ ਮੇਰਾ ਮਿਹਨਤਾਨਾ ਤਾਂ ਕੀ ਦੇਣਾ ਸੀ, ਅਨੁਵਾਦਕ ਨੂੰ ਕਿਤਾਬ ਦੀਆਂ ਦੋ ਕਾਪੀਆਂ ਦੇਣੀਆਂ ਵੀ ਉਸ ਦੇ ਨਿਯਮ ਵਿਚ ਸ਼ਾਮਿਲ ਨਹੀਂ। ਅਜਿਹੇ ਪ੍ਰਕਾਸ਼ਕਾਂ ਦੇ ਸੱਦੇ ਮੈਂ ਉਨ੍ਹਾਂ ਦੀਆਂ ਸ਼ਰਤਾਂ ’ਤੇ ਕਿਵੇਂ ਸਵੀਕਾਰ ਕਰ ਸਕਦਾ ਹਾਂ। ਇਹ ਤਾਂ ਤੁਸੀਂ ਵੀ ਜਾਣਦੇ ਹੋ ਤੇ ਮੈਂ ਵੀ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਸਮੁੱਚੀ ਪੰਜਾਬੀ ਦੀਆਂ ਮਾਸਟਰਪੀਸ ਕਹਾਣੀਆਂ ਦੀ ਗੱਲ ਕਰਨੀ ਹੋਵੇ ਤਾਂ ਸਿਰਫ਼ ਪੰਦਰਾਂ ਕਹਾਣੀਆਂ ਕਾਫ਼ੀ ਨਹੀਂ ਹਨ, ਪੰਜਾਬੀ ਕਥਾ ਸਾਹਿਤ ਵਿਚ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਚਾਰ ਕਥਾ ਪੀੜ੍ਹੀਆਂ ਦਾ ਯੋਗਦਾਨ ਰਿਹਾ ਹੈ ਤੇ ਪੁਰਾਣੀ ਪੀੜ੍ਹੀ ਤੋਂ ਲੈ ਕੇ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵਿਚੋਂ ਜੇ ਸ਼ਾਹਕਾਰ ਕਹਾਣੀਆਂ ਦੀ ਚੋਣ ਕਰਨੀ ਹੋਵੇ ਤਾਂ ਪੰਦਰਾਂ ਦੀ ਗਿਣਤੀ ਬਹੁਤ ਹੀ ਘੱਟ ਹੈ। ਵਰਿਆਮ ਸਿੰਘ ਸੰਧੂ ਨੇ ਨੈਸ਼ਨਲ ਬੁਕ ਟ੍ਰਸਟ ਲਈ ਆਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਹਾਣੀ ਦੀ ਪੁਸਤਕ ਸੰਪਾਦਤ ਕੀਤੀ ਹੈ ਜਿਸ ਵਿਚ 37 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਕਈ ਚੰਗੇ ਨਾਂ ਤੇ ਉਨ੍ਹਾਂ ਦੀਆਂ ਚੰਗੀਆਂ ਕਹਾਣੀਆਂ ਪੁਸਤਕ ਤੋਂ ਬਾਹਰ ਰਹਿ ਗਈਆਂ ਹਨ। ਕੋਸ਼ਾਂ ਦੀ ਗੱਲ ਵੱਖਰੀ ਹੈ। ਉਨ੍ਹਾਂ ਵਿਚੋਂ ਕਿਸੇ ਨੂੰ ਵੀ ਛੱਡਣ ਦੀ ਗੁੰਜਾਇਸ਼ ਨਹੀਂ ਰਹਿੰਦੀ ਕਿਉਂਕਿ ਉਹ ਵੱਡ ਆਕਾਰੀ ਪੁਸਤਕਾਂ ਹੁੰਦੀਆਂ ਹਨ। ਪਰ ਜੇ ਪੰਜਾਬੀ ਦੀ ਸਮੁੱਚੀ ਵਧੀਆ ਕਹਾਣੀ ਦੀ ਗੱਲ ਕਰਨੀ ਹੋਵੇ ਤੇ ਮੇਰੇ ਹਿਸਾਬ ਨਾਲ ਘੱਟ ਤੋਂ ਘੱਟ 30 ਕਹਾਣੀਕਾਰ ਤਾਂ ਲੈਣੇ ਹੀ ਪੈਣਗੇ, ਫਿਰ ਵੀ ਜੇ ਕੋਈ ਪ੍ਰਕਾਸ਼ਕ ਮੇਰੇ ਸਾਹਮਣੇ ਇਸ ਤਰ੍ਹਾਂ ਦੇ ਕੰਮ ਦੀ ਤਜਵੀਜ਼ ਰੱਖਦਾ ਹੈ ਤਾਂ ਮੈਂ ਉਸ ਦੇ ਸਾਹਮਣੇ ਘੱਟ ਤੋਂ ਘੱਟ 25 ਕਹਾਣੀਕਾਰਾਂ ਦੀਆਂ ਕਹਾਣੀਆਂ ਦੀ ਕਿਤਾਬ ਛੱਪਣ ਲਈ ਆਪਣੀ ਸ਼ਰਤ ਜ਼ਰੂਰ ਰਖਾਂਗਾ, ਤਾਂਕਿ ਸਮੁੱਚੀ ਪੰਜਾਬੀ ਕਹਾਣੀ ਦੇ ਨਾਲ ਨਿਆ ਕਰ ਸਕਾਂ। ਮੇਰੀ ਮਨਸ਼ਾ ਇਹ ਰਹੇਗੀ ਕਿ ਇਹ ਸਾਰੀਆਂ ਕਹਾਣੀਆਂ ਪੰਜਾਬੀ ਕਥਾ ਸਾਹਿਤ ਨੂੰ ਅਮੀਰ ਕਰਨ ਵਾਲੀਆਂ ਹੋਣ, ਦੂਜੀ ਭਾਸ਼ਾ ਵਿੱਚ ਉਸ ਦੀ ਸਹੀ ਪ੍ਰਤੀਨਿਧਤਾ ਕਰਨ ਵਾਲੀਆਂ ਹੋਣ। ਇਹ ਕਹਾਣੀਆਂ ਨਾ ਸਿਰਫ਼ ਆਪਣੇ ਸਮੇਂ ਤੇ ਕਾਲ ਦੀਆਂ ਬੇਹਤਰੀਨ ਕਹਾਣੀਆਂ ਹੋਣ, ਸਗੋਂ ਮਾਨਵੀਂ ਮੁੱਲਾਂ ਨੂੰ ਤਰਜੀਹ ਦੇਣ ਵਾਲੀਆਂ ਵੀ ਹੋਣ। ਮੈਂ 25 ਕਹਾਣੀਆਂ ਲਈ ਜਿਨ੍ਹਾਂ ਲੇਖਕਾਂ ਦੀਆਂ ਕਹਾਣੀਆਂ ’ਤੇ ਗੌਰ ਕਰ ਸਕਦਾ ਹਾਂ, ਉਨ੍ਹਾਂ ਲੇਖਕਾਂ ਤੇ ਕਹਾਣੀਆਂ ਦੇ ਨਾਂ ਇਸ ਤਰ੍ਹਾਂ ਹੋ ਸਕਦੇ ਹਨ–ਸੰਤ ਸਿੰਘ ਸੇਖੋਂ (ਮੀਂਹ ਜਾਵੇ, ਹਨੇਰੀ ਜਾਵੇ), ਕੁਲਵੰਤ ਸਿੰਘ ਵਿਰਕ (ਧਰਤੀ ਹੇਠਲਾ ਬਲਦ), ਕਰਤਾਰ ਸਿੰਘ ਦੁੱਗਲ (ਚਾਨਣੀ ਰਾਤ ਦਾ ਦੁਖਾਂਤ), ਸੰਤੋਖ ਸਿੰਘ ਧੀਰ (ਕੋਈ ਇਕ ਸਵਾਰ), ਰਾਮ ਸਰੂਪ ਅਣਖੀ (ਚਿੱਟੀ ਕਬੂਤਰੀ), ਪ੍ਰੇਮ ਪ੍ਰਕਾਸ਼ (ਡੈਡ ਲਾਈਨ), ਜਸਵੰਤ ਸਿੰਘ ਵਿਰਦੀ (ਘਰ), ਅਜੀਤ ਕੌਰ (ਗੁਲਬਾਨੋ), ਗੁਰਬਚਨ ਸਿੰਘ ਭੁੱਲਰ (ਵਖਤਾਂ ਮਾਰੇ), ਮੋਹਨ ਭੰਡਾਰੀ (ਮੂਨ ਦੀ ਅੱਖ), ਗੁਰਦੇਵ ਰੁਪਾਣਾ (ਸ਼ੀਸ਼ਾ), ਵਰਿਆਮ ਸਿੰਘ ਸੰਧੂ (ਚੌਥੀ ਕੂਟ), ਰਘੁਬੀਰ ਢੰਡ (ਸ਼ਾਨੇ ਪੰਜਾਬ), ਸੁਖਵੰਤ ਕੌਰ ਮਾਨ (ਜਿਉਣ ਜੋਗੇ), ਕਿਰਪਾਲ ਕਜ਼ਾਕ (ਗੁੰਮਸ਼ੁਦਾ) ਨਛੱਤਰ (ਲਾਸ਼), ਵੀਨਾ ਵਰਮਾ (ਰਜਾਈ), ਜਿੰਦਰ (ਕਤਲ), ਤਲਵਿੰਦਰ ਸਿੰਘ (ਖੁਸ਼ਬੂ), ਸੁਖਜੀਤ (ਬਰਫ਼), ਹਰਜੀਤ ਅਟਵਾਲ (ਜਿੰਨ ਜਾਂ ਮਛਲੀਆਂ), ਗੁਰਮੀਤ ਕੜਿਆਲਵੀ (ਸਾਰੰਗੀ ਦੀ ਮੌਤ) ਤੇ ਜਤਿੰਦਰ ਹਾਂਸ (ਪਾਵੇ ਨਾਲ ਬੰਨ੍ਹਿਆਂ ਹੋਇਆ ਕਾਲ)

ਕਹਾਣੀਆਂ

# ਪਾਰਲੀਮੈਂਟ ਵਿੱਚ ਲਾਫਟਰ ਚੈਨਲ ਬਨਾਮ ਕਾਲੀ ਦਾਰੂ ਕਿਉਂ ਪੀਂਦਾ ਹੈ ?/ਦੇਸ ਰਾਜ ਕਾਲੀ

*(ਜੇਕਰ ਇਸ ਕਹਾਣੀ ਵਿੱਚ ਪਾਠਕਾਂ ਨੂੰ ਕੁਝ ਅਟਪਟਾ ਲੱਗੇ ਤਾਂ ਮੈਨੂੰ ਮਾਫ ਕਰ ਦੇਣ, ਕਿਉਂਕਿ ਇਹ ਕਹਾਣੀ ਮੈਂ ਆਪਣੇ ਇੱਕ ਨੌਜਵਾਨ ਮਿੱਤਰ ਦੀ ਮੌਤ ਦਾ ਗ਼ਮ ਭੁਲਾਉਣ ਲਈ ਸ਼ਰਾਬ ਪੀਣ ਤੋਂ ਬਾਦ ਲਿਖੀ ਹੈ।)*

ਅੱਜ ਪਤਾ ਨਹੀਂ ਕਿਉਂ ਇਸਨੇ ਦਾੜ੍ਹੀ ਖੁੱਲ੍ਹੀ ਛੱਡੀ ਹੋਈ ਏ ! ਨਹੀਂ, ਇਹਨੇ ਤਾਂ ਦਾੜ੍ਹੀ ਕੁਤਰੀ ਹੋਈ ਏ। ਹਾਂ, ਇੰਝ ਇਹ ਸਮਾਰਟ ਲੱਗ ਰਿਹਾ ਹੈ। ਸੁਹਣਾ ਲੱਗਣਾ ਹੀ ਚਾਹੀਦਾ ਹੈ। ਹਰ ਇਨਸਾਨ ਨੂੰ ਸੋਹਣੇ ਲੱਗਣ ਦਾ ਹੱਕ ਹੈ। ਉਹ ਆਂਟੀ ਵੀ ਸ਼ਾਇਦ ਸੁਹਣੇ ਲੱਗਣ ਲਈ ਹੀ ਤਿਆਰ ਹੁੰਦੀ ਹੋਵੇਗੀ। ਸੁਰਖੀ ਬਿੰਦੀ ਲਾ ਕੇ, ਸੁਰਮਾ ਪਾ ਕੇ, ਹੱਥਾਂ ਨੂੰ ਮਹਿੰਦੀ ਲਾ ਕੇ। ਪਰ ਉਹ ਤਿਆਰ ਕਿਸ ਲਈ ਹੁੰਦੀ ਹੈ। ਕਿਸਨੂੰ ਦਿਖਾਉਣਾ ਹੈ ਸੋਹਣੀ ਬਣਕੇ। ਘਰ ਵਾਲਾ ਉਹਦਾ ਤਾਂ ਅੰਨ੍ਹਾ ਹੈ। ਬਿਲਕੁਲ ਹੀ ਅੰਨ੍ਹਾ। ਪਤਾ ਨਹੀਂ ਕਿਵੇਂ ਉਹਦੇ ਨਾਲ ਇਹਨੇ ਸਾਰੀ ਉਮਰ ਕੱਢ ਦਿੱਤੀ। ਐਡੇ ਸੋਹਣੇ ਬੱਚਿਆਂ ਨੂੰ ਜਨਮ ਦਿੱਤਾ। ਕੀ ਸੋਚਦੀ ਹੋਵੇਗੀ ਉਸ ਨਾਲ ਹਮਬਿਸਤਰੀ ਮੌਕੇ ? ਕਿਹੋ ਜਿਹਾ ਵਿਹਾਰ ਹੋਵੇਗਾ ਇਹਨਾਂ ਦੋਵਾਂ ਦਾ ? ਬੱਚਿਆਂ ਤੋਂ ਤਾਂ ਲਗਦੈ ਕਿ ਪੂਰੀ ਇਨਵਾਲਵਮੈਂਟ ਹੁੰਦੀ ਹੋਵੇਗੀ। ਬੱਚਿਆਂ ਦਾ ਆਭਾਮੰਡਲ ਇਸਦੀ ਗਵਾਹੀ ਹੈ। ਕੁੜੀ ਦੇ ਤਾਂ ਚਿਹਰੇ ਉੱਤੇ ਨੂਰ ਝਲਕਦਾ ਏ। ਦੋਵੇਂ ਮੁੰਡੇ ਵੀ ਸੋਨੇ ਵਰਗੇ ਨੇ। ਆਪ ਕਿਹੜਾ ਘੱਟ ਸੋਹਣੀ ਏ। ਪਰ ਇਹਦੇ ਘਰਦਿਆਂ ਨੇ ਅਨਿਆ ਕਿਉਂ ਕੀਤਾ ਇਹਦੇ ਨਾਲ ? ਮੈਂ ਸੁਣਿਆ ਕਿ ਅੰਕਲ ਤਾਂ ਜਮਾਂਦਰੂ ਅੰਨ੍ਹੇ ਨੇ। ਅੱਛਾ ਕਮਾਲ ਦੀ ਗੱਲ ਇਹ ਹੈ ਕਿ ਇਹਨਾਂ ਦੇ ਟੱਬਰ ਵਿੱਚ ਦਾਦਕਿਆਂ-ਨਾਨਕਿਆਂ ਤੋਂ ਲੈ ਕੇ ਕੋਈ ਇੱਕੀ ਬੰਦੇ ਅੰਨ੍ਹੇ ਹੋਣਗੇ, ਉਹ ਵੀ ਜਮਾਂਦਰੂ। ਸਾਲੇ ਅੰਨ੍ਹਿਆਂ ਦਾ ਬੀਅ ਏਧਰ ਈ ਖਿੰਡਰ ਗਿਆ। ਸ਼ੁਕਰ ਐ ਇਹਦੀ ਕੋਈ ਵੀ ਔਲਾਦ ਅੰਨ੍ਹੀ ਨਹੀਂ।

ਉਹ ਹੋ, ਇਹਨੇ ਤਾਂ ਦਾੜ੍ਹੀ ਸੱਚਮੁਚ ਹੀ ਕੁਤਰ ਲਈ ਏ। ਚਲੋ ਚੰਗਾ ਕੀਤਾ। ਹੁਣ ਹੱਸਣਾ ਸੌਖਾ ਹੋ ਜਾਊ। ਨਹੀਂ ਤਾਂ ਜਿਵੇਂ ਇਹ ਠਾਠੀ ਬੰਨ੍ਹ ਲੈਂਦਾ ਸੀ, ਉਂਝ ਤਾਂ ਸਾਹ ਲੈਣਾ ਵੀ ਔਖਾ ਹੋ ਜਾਂਦਾ ਏ, ਹੱਸਣ ਦੀ ਤਾਂ ਗੱਲ ਹੀ ਛੱਡੋ। ਪਰ ਇਹ ਇਕਦਮ ਬੁੱਢਾ ਕਿਵੇਂ ਹੋ ਗਿਆ। ਹੁਣੇ ਤਾਂ ਸੋਹਣਾ ਲੱਗਣ ਲੱਗਾ ਸੀ। ਇਹਦਾ ਹਾਸਾ ਪਾਰਲੀਮੈਂਟ 'ਚ ਗੂੰਜਦਾ ਸੀ। ਨਹੀਂ ਯਾਰ ਆਪਾਂ ਉਸ ਥਾਂ ਨੂੰ ਪਾਰਲੀਮੈਂਟ ਨਹੀਂ ਕਹਿਣਾ। ਇਹ ਦੇਸ਼ ਦੇ ਮਾਣ-ਸਨਮਾਨ ਨਾਲ ਜੁੜੀ ਹੋਈ ਗੱਲ ਬਣ ਜਾਂਦੀ ਏ। ਚਲੋ ਮਜਾਕ ਨਾਲ ਤਾਂ ਅਸੀਂ ਦੋਸਤ ਆਪਸ ਵਿੱਚ ਉਸ ਥਾਂ ਨੂੰ ਪਾਰਲੀਮੈਂਟ ਕਹਿ ਲੈਂਦੇ ਹਾਂ, ਪਰ ਸ਼ਰੇਆਮ ਨਹੀਂ ਕਹਿਣਾ ਚਾਹੀਦਾ। ਪਾਰਲੀਮੈਂਟ ਤਾਂ ਅਸੀਂ ਜਲਣ ਕਰਕੇ ਹੀ ਕਹਿੰਦੇ ਹਾਂ ਕਿ ਉਹਦੇ ਕੋਲ ਸਿਰਫ ਚੋਣਵੇਂ ਮੈਂਬਰ ਹੀ ਜਾ ਸਕਦੇ ਹਨ ਤੇ ਉਹ ਇੱਕਠੇ ਵੀ ਜਾ ਸਕਦੇ ਹਨ। ਸਾਡੇ ਵਿਚੋਂ ਇੱਕ ਇਹ ਸਰਦਾਰ ਜੀ ਹੀ ਹਨ, ਜੋ ਉਸ ਕੋਲ ਜਾ ਸਕਦੇ ਹਨ, ਤਦੇ ਅਸੀਂ ਇਸਨੂੰ ਸਾਡਾ ਚੁਣਿਆ ਹੋਇਆ ਪਾਰਲੀਮੈਂਟੇਰਿਅਨ ਕਹਿੰਦੇ ਹਾਂ। ਅਸੀਂ ਵੈਸੇ ਇਹਨੂੰ ਚੁਣਕੇ ਨਹੀਂ ਭੇਜਿਆ, ਇਸਦੀ ਖੂਬਸੂਰਤੀ ਹੀ ਇਸਨੂੰ ਉੱਥੇ ਤੱਕ ਲੈ ਗਈ ਹੈ। ਪਰ ਸਾਡਾ ਬੰਦਾ ਹੋਣ ਕਰਕੇ ਅਸੀਂ ਇਹਦੇ ਉੱਤੇ ਆਪਣੀ ਮੋਹਰ ਲਾ ਦਿੱਤੀ ਹੈ। ਉਹਨੇ ਹੋ ਸਕਦਾ ਇਹਦੇ ਹਾਸੇ ਉੱਤੇ ਮੋਹਰ ਲਾਈ ਹੋਵੇ। ਇਹੋ ਜਿਹੀ ਜਨਾਨੀ ਨੂੰ ਤੁਸੀਂ ਸਮਝ ਵੀ ਨਹੀਂ ਸਕਦੇ। ਉਹਦਾ ਨਹੀਂ ਭੇਦ ਕਿ ਕਿਸ ਉੱਤੇ ਦਿਆਲ ਹੋ ਜਾਵੇ। ਹਾਂ ਉਸ ਅੰਨ੍ਹੇ ਦੀ ਘਰਵਾਲੀ ਆਂਟੀ ਵਰਗੀਆਂ ਦੀ ਸਮਝ ਝੱਟ ਆ ਜਾਂਦੀ ਹੈ। ਮਾਂ ਬਾਪ ਗ਼ਰੀਬ ਹੋਣਗੇ, ਚੰਗੇ ਘਰ ਦੇ ਲਾਲਚ ਨੂੰ ਵਿਆਹ ਦਿੱਤੀ। ਚਾਰ-ਪੰਜ ਧੀਆਂ ਹੋਰ ਹੋਣਗੀਆਂ, ਉਹਨਾਂ ਦਾ ਵੀ ਬੰਨ੍ਹ-ਸੁੱਭ ਹੋਜੂ।



ਕੀ ਪਤਾ ਪੁੱਤ ਦੀ ਪਰਾਪਤੀ ਲਈ ਏਨੀਆਂ ਨੇ ਆ ਦਰ ਮੱਲਣਾ ਹੈ। ਪਰ ਹੁਣ ਜੇ ਆ ਗਈਆਂ ਨੇ, ਤਾਂ ਇਹਨਾਂ ਲਈ ਕੋਈ ਤਾਂ ਹੀਲਾ ਬੁੱਤਾ ਕਰਨਾ ਹੀ ਪੈਣਾ ਏ। ਇਹਨਾਂ ਵਿਚੋਂ ਇਹੀ ਵੱਡੀ ਹੋਣੀ ਏ, ਸੋ ਇਸੇ ਨੂੰ ਬਲੀ ਦਾ ਬੱਕਰਾ ਬਣਨਾ ਪੈ ਗਿਆ। ਹੁਣ ਇਹ ਪਿਓ ਦਾ ਹੱਥ ਵੰਡਾਉਂਦੀ ਹੋਵੇਗੀ। ਇਹ ਸੰਸਾਰ ਹੈ ਪਿਆਰੇ, ਪਾਰਲੀਮੈਂਟ ਨਹੀਂ। ਪਾਰਲੀਮੈਂਟ ਤਾਂ ਇਹਦੇ ਹੱਸਣ ਲਈ ਬਣੀ ਏ। ਪਰ ਸਮਝ ਇਸ ਗੱਲ ਦੀ ਵੀ ਨਹੀਂ ਆਉਂਦੀ ਕਿ ਇਹ ਉੱਥੇ ਵੀ ਕਿਵੇਂ ਠਹਾਕੇ ਮਾਰਕੇ ਬੇਸ਼ਰਮ ਹਾਸਾ ਹੱਸ ਲੈਂਦਾ ਏ ? ਜਾਂ ਬਾਕੀ ਲੋਕ ਕਿਉਂ ਨਹੀਂ ਏਨਾ ਖੁੱਲ੍ਹਕੇ ਹੱਸਦੇ। ਕੀ ਇਹ ਸ਼ੇਮਪਰੂਫ ਹੈ, ਜਾਂ ਬਾਕੀਆਂ ਨੂੰ ਸ਼ਰਮ ਆਉਂਦੀ ਏ। ਸ਼ਾਇਦ ਇਹ ਗੱਲ ਠੀਕ ਹੀ ਏ। ਤਦੇ ਬਾਕੀ ਸਾਰੇ ਰਾਤ ਬਰਾਤੇ ਉੱਥੇ ਜਾਂਦੇ-ਆਉਂਦੇ ਨੇ ਤੇ ਇਹ ਦਿਨੇ ਤੁਰਿਆ ਰਹਿੰਦਾ ਏ।

ਪਰ ਇਹ ਹੁਣੇ ਬੱਢਾ ਕਿਵੇਂ ਹੋ ਗਿਆ ? ਚਿਹਰਾ ਝੁਰੜੀਆਂ ਨਾਲ ਭਰ ਗਿਆ ਏ। ਜੇਲ੍ਹ ਵਿੱਚ ਸ਼ਾਇਦ ਇਹ ਨੂੰਹ ਨੂੰ ਕਤਲ ਕਰਨ ਦੇ ਇਰਾਦੇ ਦੇ ਕੇਸ ਵਿੱਚ ਆਇਆ ਏ। ਪਰ ਇਹ ਕਿਵੇਂ ਹੋ ਸਕਦਾ। ਪੁੱਤ ਤਾਂ ਇਹਦਾ ਚਿਰੋਕਣਾ ਆਤਮਹੱਤਿਆ ਕਰ ਗਿਆ ਸੀ। ਕਾਰਣ ਵੀ ਪਤਾ ਨਹੀਂ ਸੀ ਲੱਗਿਆ। ਪਰ ਇਹਦੀ ਨੂੰਹ ਨੇ ਈ ਤਾਂ ਇਹਨਾਂ ਨੂੰ ਬਚਾਇਆ ਸੀ। ਉਹਦੇ ਬਿਆਨਾਂ ਨਾਲ ਹੀ ਤਾਂ ਇਹ ਬਚੇ ਸਨ। ਪਰ ਹੁਣ ਕੀ ਸੱਪ ਸੁੰਘ ਗਿਆ। ਹੁਣ ਏਨੇ ਵਰ੍ਹਿਆਂ ਬਾਦ ਨੂੰਹ ਨੇ ਕਿਉਂ ਇਹਦੇ ਉੱਤੇ ਕੇਸ ਪਾ ਦਿੱਤਾ ? ਇਸ ਉਮਰ ਵਿੱਚ ਇਹ ਕਿਵੇਂ ਝੱਲੂ ਅਜਿਹੀ ਸੱਟ ਨੂੰ ? ਤਾਂ ਹੀ ਤਾਂ ਮੈਂ ਕਹਿੰਦਾ ਕਿ ਤੀਵੀਂ ਨੂੰ ਨਹੀਂ ਸਮਝਿਆ ਜਾ ਸਕਦਾ। ਛੋਟੇ ਮੁੰਡੇ ਦਾ ਪਤਾ ਨਹੀਂ ਕੀ ਬਣਿਆ ਹੋਵੇਗਾ। ਉਹ ਤਾਂ ਹੈ ਵੀ ਅਜੀਬ ਬਿਮਾਰੀ ਦਾ ਸ਼ਿਕਾਰ। ਉਹਨੂੰ ਫੋਬੀਆ ਹੋਇਆ ਏ ਕਿ ਦੁਨੀਆਂ ਸਾਰੀ ਮੂਰਖ ਹੈ। ਵਿਆਹ ਕਰਨ ਲੱਗੇ ਤਾਂ ਪਿਓ ਮੂਰਖ। ਵਿਆਹ ਹੋ ਗਿਆ ਤਾਂ ਸਹੁਰਾ ਮੂਰਖ। ਬੱਚੇ ਹੋ ਗਏ ਤਾਂ ਘਰਵਾਲੀ ਮੂਰਖ। ਬੌਸ ਮੂਰਖ, ਕੰਪਨੀ ਵਾਲੇ ਮੂਰਖ। ਵਿਹਲਾ ਬੈਠਣਾ ਮਨਜ਼ੂਰ, ਮੂਰਖਾਂ ਨਾਲ ਮੱਥਾ ਨਹੀਂ ਉਹ ਲਾ ਸਕਦਾ। ਕਲੇਸ਼ ਵਧ ਗਿਆ। ਘਰਵਾਲੀ ਦੋਵੇਂ ਜੁਆਕ ਚੁੱਕ ਕੇ ਪੇਕੇ ਤੁਰ ਗਈ, ਕੌਣ ਸਮਝਾਵੇ ਮੂਰਖਾਂ ਦੇ ਲਾਣੇ ਨੂੰ। ਉਹ ਅੰਦਰੇ ਪਿਆ ਰਿਹਾ ਕਰੇ। ਭਾਬੀ ਨੇ ਬਹੁਤ ਸਮਝਾਇਆ ਪਰ ਨਹੀਂ ਕੋਈ ਅਸਰ ਨਹੀਂ। ਫਿਰ ਘਰਵਾਲੀ ਨੇ ਜਦੋਂ ਕਿਨਾਰਾ ਕੀਤਾ ਤਾਂ ਇਹ ਇਲਜ਼ਾਮ ਲਾ ਕੇ ਕਿ ਆਪਣੀ ਭਾਬੀ ਨਾਲ ਰਹਿੰਦਾ ਏ। ਫਿਰ ਇਹ ਆਪਣੇ ਆਪ ਨੂੰ ਮੂਰਖ ਕਹਿੰਦਾ ਰਿਹਾ। ਪਰ ਕਮਰੇ 'ਚੋਂ ਬਾਹਰ ਨਾ ਨਿਕਲਿਆ ਕਰੇ। ਭਾਬੀ ਅਲੱਗ ਰਹਿਣ ਲੱਗ ਪਈ, ਪਿੰਡ ਵਿੱਚ ਹੀ ਕਿਰਾਏ ਦੇ ਮਕਾਨ ਵਿੱਚ। ਦਿਨ ਲੰਘਣ ਲੱਗੇ। ਉਸ ਮਕਾਨ ਨੂੰ ਦੀਵਾਰਾਂ ਦੇ ਨਾਲ ਕੰਨ ਲੱਗ ਗਏ। ਲੋਕਾਂ ਦੇ ਕੰਨ ਵਾਰੀ-ਵਾਰੀ ਦੀਵਾਰਾਂ ਨੂੰ ਜਾ ਲੱਗਦੇ। ਸੱਭ ਡਿਊਟੀ ਨਿਭਾ ਰਹੇ ਸਨ। ਬੇਰੋਜ਼ਗਾਰ ਕੰਨਾਂ ਨੂੰ ਰੋਜ਼ਗਾਰ ਮਿਲ ਗਿਆ। ਇਹ ਵੀ ਓਧਰ ਜਾਣ ਲੱਗ ਪਿਆ ਸੀ। ਕੀ ਹੋਇਆ ਅਲੱਗ ਹੋ ਗਈ, ਹੈ ਤਾਂ ਨੂੰਹ ਹੀ ਨਾ। ਚਲੋ ਜੀ, ਉਦੋਂ ਤੋਂ ਹੀ ਅਸੀਂ ਉਸ ਮਕਾਨ ਦਾ ਨਾਂ ਪਾਰਲੀਮੈਂਟ ਰੱਖ ਲਿਆ। ਪਤਾ ਨਹੀਂ ਸਾਡੇ ਵਿਚੋਂ ਇਹ ਗੱਲ ਪਹਿਲਾਂ ਕਿਸਨੂੰ ਸੁੱਝੀ ਸੀ। ਪਰ ਚਲੋ, ਨਾਂ ਰੱਖਿਆ ਗਿਆ ਤੇ ਪ੍ਰਚਲਿਤ ਵੀ ਹੋ ਗਿਆ। ਉੱਥੋਂ ਹੀ ਇਸਦਾ ਹਾਸਾ ਸੁਣਦਾ ਹੁੰਦਾ ਸੀ। ਪਰ ਹੁਣ ਇਹ ਅਚਾਨਕ ਕੀ ਹੋ ਗਿਆ।

ਇਹਨੇ ਤਾਂ ਦਾੜ੍ਹੀ ਨੂੰ ਫਿਕਸੋ ਵੀ ਨਹੀਂ ਲਾਈ। ਪੱਗ ਵੀ ਵਲ੍ਹੇਟੀ ਜਿਹੀ ਹੀ ਹੈ। ਵੈਸੇ ਇਹੋ ਜਿਹੇ ਮੌਕੇ ਬੰਦੇ ਨੂੰ ਤਿਆਰ ਹੋਣਾ ਥੋੜ੍ਹਾ ਸੁੱਝਦਾ ਏ। ਪਰ ਹੁਣ ਤਾਂ ਪੁਲਸ ਨੂੰ ਖਾਸ ਹਦਾਇਤ ਏ ਕਿ ਲੋਕਾਂ ਨਾਲ ਆਰਾਮ ਨਾਲ ਤੇ ਤਮੀਜ਼ ਨਾਲ ਗੱਲ ਕੀਤੀ ਜਾਵੇ। ਪੁਲਸ ਨੂੰ ਸਪੈਸ਼ਲ ਟਰੇਨਿੰਗ ਦਿੱਤੀ ਜਾਂਦੀ ਹੈ। ਸਾਡੇ ਪਾਰਲੀਮੈਂਟ ਵਿੱਚ ਤਾਂ ਇਹ ਬਿੱਲ ਵੀ ਪਾਸ ਹੋਣ ਵਾਲਾ ਏ ਕਿ ਕੈਦੀਆਂ ਨਾਲ ਵਧੀਆ ਵਿਹੇਵ ਕੀਤਾ ਜਾਵੇ। ਮਨੁੱਖੀ ਅਧਕਾਰ ਦਾ ਮਸਲਾ ਹੈ ਭਰਾ ਜੀ। ਮਸਲੇ ਤਾਂ ਹੋਰ ਵੀ ਵਥੇਰੇ ਨੇ, ਕਿਹਨਾਂ-ਕਿਹਨਾਂ ਗੱਲਾਂ ਦਾ ਧਿਆਨ ਪੁਲਸ ਰੱਖੇ ? ਵਿਚਾਰੀ ਕੱਲੀ ਜਾਨ ਤੇ ਹੁੱਜਤਾਂ ਹਜ਼ਾਰ। ਇਹਦਾ ਬਾਪ ਵੀ ਤਾਂ ਇਕੱਲਾ ਈ ਰਹਿ ਗਿਆ ਸੀ ਵੰਡ ਵੇਲੇ। ਕੀ ਨਹੀਂ ਦੁੱਖ ਦੇਖੇ। ਹੁਣ

ਕਹਿੰਦੇ ਨੇ ਕਿ ਸਾਡੇ ਨਾਲੋਂ ਪਾਰਲੇ ਪਾਰ ਦੇ ਲੋਕ ਵੰਡ ਨੂੰ ਲੈਕੇ ਘੱਟ ਰੋਂਦੇ ਨੇ। ਕਿਉਂ ਨਾ ਰੋਣ ? ਨਾਲੇ ਉਹ ਕਿਉਂ ਰੋਣ ? ਇੱਥੇ ਤਾਂ ਮਕਾਣੇ ਗਿਆ ਬੰਦਾ ਵੀ ਆਪਣਿਆਂ ਨੂੰ ਈ ਰੋਂਦਾ ਏ। ਇਹਨਾਂ ਨੂੰ ਜੋ ਕੁਝ ਛੱਡਣਾ ਪੈ ਗਿਆ, ਉਹ ਉਹਨਾਂ ਨੂੰ ਨਹੀਂ ਛੱਡਣਾ ਪਿਆ। ਹੁਣ ਇਹਦੇ ਪਿਓ ਨੇ ਜੋ ਮਿਹਨਤ ਕੀਤੀ ਸੀ, ਉਹ ਰੁੜ੍ਹ ਗਈ। ਇਥੇ ਆ ਕੇ ਵਿਆਹ ਕਰਵਾਇਆ, ਪਤਾ ਨਹੀਂ ਕਿਹੜੀ ਜਾਤ ਦੀ ਤੀਵੀਂ ਸੀ, ਕੀ ਧਰਮ ਸੀ। ਇਹ ਜੰਮਿਆਂ, ਉਹ ਰੱਬ ਨੂੰ ਪਿਆਰੀ ਹੋ ਗਈ। ਚਾਚੇ ਤਾਇਆਂ ਨੇ ਇਹਦੇ ਪਿਓ ਦਾ ਸਾਥ ਈ ਨਹੀਂ ਦਿੱਤਾ। ਉਹ ਪਾਗਲਾਂ ਹਾਰ ਹੋ ਗਿਆ। ਗਲ਼ ਵਿੱਚ ਛਿਤਰਾਂ ਦੀ ਮਾਲਾ ਆਪੇ ਪਾ ਲਈ। ਪਿੰਡ ਦੇ ਨਿਆਣੇ ਹੋ-ਹੋ ਕਰਕੇ ਮਗਰ ਦੌੜਿਆ ਕਰਨ। ਉਹ ਰੌਲਾ ਪਾਉਂਦਾ ਮੂਹਰੇ-ਮੂਹਰੇ ਦੌੜਿਆ ਕਰੇ। ਕਬਰਾਂ ਵੱਲ ਬੈਠਾ ਰਿਹਾ ਕਰੇ। ਕੋਈ ਤਰਸ ਖਾ ਕੇ ਰੋਟੀ ਦੇ ਦਵੇ ਤਾਂ ਖਾ ਲਈ, ਨਹੀਂ ਤਾਂ ਨਾ ਸਹੀ। ਇਹਨੂੰ ਫਿਰ ਪਿਓ ਦੀ ਮਾਸੀ ਨੇ ਸੰਭਾਲਿਆ। ਅਨਾਥ ਨੂੰ ਸਾਂਭਣਾ ਕਿਹੜਾ ਸੌਖਾ। ਉਹ ਆਪ ਬਜ਼ੁਰਗ ਸੀ। ਅੱਛਾ ਉਹਨੇ ਵੀ ਪਾਲਿਆ ਇਸ ਲਈ ਕਿ ਕੰਮ ਆਉਗਾ। ਪਾਲਿਆ ਇੰਝ ਕਿ ਜਦੋਂ ਖੇਤ ਜਾਣਾ ਤਾਂ ਬੋਰੀ ਵਿਛਾ ਕੇ ਇਹਨੂੰ ਪਾ ਦੇਣਾ, ਉੱਤੇ ਵੱਡਾ ਸਾਰਾ ਟੋਕਰਾ ਮੂਧਾ ਮਾਰ ਦੇਣਾ ਤੇ ਭਾਰ ਪਾਉਣ ਲਈ ਇੱਟਾਂ ਰੱਖ ਦੇਣੀਆਂ। ਇੰਝ ਈ ਬਚਪਨ ਬੀਤ ਗਿਆ ਟੋਕਰੇ ਥੱਲੇ ਈ। ਫਿਰ ਸੁਰਤ ਸੰਭਾਲੀ। ਸਾਰਾ ਦਿਨ ਖੇਤ 'ਚ ਮਿੱਟੀ ਨਾਲ ਮਿੱਟੀ। ਪਰ ਪਤਾ ਨਹੀਂ ਕਿਸੇ ਨਾ ਕਿਸੇ ਤਰ੍ਹਾਂ ਪੜ੍ਹ ਗਿਆ। ਮਾਸਟਰ ਲੱਗ ਗਿਆ। ਚਾਰ ਛਿੱਲੜ ਵੀ ਜੋੜ ਲਏ। ਵਿਆਹ ਕਰਵਾ ਲਿਆ। ਨਿਆਣੇ ਪੈਦਾ ਹੋ ਗਏ ਤੇ ਇਹਦੇ ਉੱਤੇ ਪਹਾੜ ਮੁਸੀਬਤਾਂ ਦਾ ਟੁੱਟ ਪਿਆ। ਫਿਰ ਤਾਂ ਜਿਵੇਂ ਜ਼ਿੰਦਗੀ ਚੱਲਦੀ ਹੀ ਹੈ। ਚੱਲ ਸੋ ਚੱਲ। ਹੁਣ ਆ ਕੇ ਤਾਂ ਇਹਦੇ ਵੱਲ ਦੇਖਿਆ ਵੀ ਨਹੀਂ ਜਾਂਦਾ।

ਆਂਟੀ ਵੱਲ ਕਿਹੜਾ ਦੇਖਿਆ ਗਿਆ ਉਸ ਦਿਨ ਮੇਰੇ ਕੋਲੋਂ। ਮੈਂ ਹੈਰਾਨ ਰਹਿ ਗਿਆ ਉਸਦੀ ਹਾਲਤ ਵੇਖ ਕੇ। ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਜਿਹੜੀ ਔਰਤ ਤੁਹਾਨੂੰ ਵੇਖ ਕੇ ਦੂਰੋਂ ਹੀ ਮੁਸਕੁਰਾਉਣਾ ਸ਼ੁਰੂ ਕਰ ਦਿੰਦੀ ਹੋਵੇ, ਉਹ ਤੁਹਾਨੂੰ ਪਛਾਣੇ ਵੀ ਨਾ ਤੇ ਚੁੱਪਚਾਪ ਕੋਲੋਂ ਲੰਘ ਜਾਵੇ, ਮੁਰਦੇਹਾਣ ਜਿਹੀ। ਯਾਰ ਇਹਨੂੰ ਕੀ ਹੋ ਗਿਆ। ਰੰਗ ਉਡਿਆ ਹੋਇਆ। ਅੱਖਾਂ ਤਾੜੇ ਲੱਗੀਆਂ ਹੋਈਆਂ। ਵਾਲ ਖਿੰਡਰੇ ਹੋਏ। ਵਿੰਗਾ-ਵਿੰਗਾ ਤੁਰ ਰਹੀ। ਇੱਕ ਟੱਕ ਅਸਮਾਨ ਵੱਲ ਵੇਖ ਰਹੀ। ਮੈਂ ਉਸਨੂੰ ਵਿਸ਼ ਕੀਤੀ, ਪਰ ਉਹ ਤਾਂ ਜਿਵੇਂ ਬੇਸੁਰਤ ਤੁਰੀ ਜਾ ਰਹੀ ਸੀ। ਇਹਨੂੰ ਕੀ ਹੋ ਗਿਆ। ਘਰ ਆਇਆ ਤਾਂ ਪਤਨੀ ਨੇ ਦੱਸਿਆ ਕਿ ਆਂਟੀ ਨੂੰ ਸ਼ੂਗਰ ਹੋ ਗਈ ਹੈ। ਸਾਰੀ ਗੱਲ ਸਮਝ ਆ ਗਈ। ਕੋਠੇ ਜਿੱਡੀ ਧੀ ਹੋ ਗਈ ਹੈ। ਕਿਤੇ ਕੋਈ ਦੱਸ ਨਹੀਂ ਪੈ ਰਹੀ। ਉਮਰ ਲੰਘਦੀ ਜਾ ਰਹੀ ਹੈ। ਪਤੀ ਅੰਨ੍ਹਾਂ ਹੈ, ਸ਼ਾਇਦ ਬੇਫਿਕਰਾ ਵੀ। ਉਹਦੇ ਚਿਹਰੇ ਤੇ ਕਦੇ ਚਿੰਤਾ ਦਿਸਦੀ ਹੀ ਨਹੀਂ। ਹੁਣ ਸ਼ਾਇਦ ਆਪਣੀ ਉਮਰ ਨੂੰ ਜਾਂ ਹੋਣੀ ਨੂੰ ਧੀ ਨਾਲ ਰੀਲੇਟ ਕਰਕੇ ਵੇਖਦੀ ਹੋਵੇਗੀ। ਮੇਰੀ ਤਰ੍ਹਾਂ ਧੀ ਦੀ ਜਵਾਨੀ ਵੀ ਉਵੇਂ ਈ ਨਰਕ ਨਾ ਬਣ ਜਾਵੇ ? ਕੀ ਪਤਾ ਉਹਨੂੰ ਵੀ ਆਖਿਰ ਅੰਨ੍ਹੇ ਨਾਲ ਵਿਆਹ ਕਰਵਾਉਣਾ ਪੈ ਜਾਵੇ। ਕੀ ਇਹੀ ਹੋਣੀ ਹੈ ਜਨਾਨੀ ਦੀ ? ਤਦੇ ਸ਼ੂਗਰ ਵੱਧ ਗਈ ਤੇ ਇਹ ਹੁਣ ਮੌਤ ਦੇ ਮੂੰਹ ਵਿੱਚ ਆਣ ਪਈ ਹੈ। ਬੰਦੇ ਦੇ ਮਰਨ ਲਈ ਹੁਣ ਸ਼ੂਗਰ ਬਹੁਤ ਕਾਰਗਰ ਹਥਿਆਰ ਹੈ। ਇਹਨੂੰ ਵੀ ਛੱਤੀਵਾਂ ਰੋਗ ਸ਼ੂਗਰ ਦਾ ਹੀ ਹੈ। ਮੰਨਦਾ ਨਹੀਂ ਕਿ ਸ਼ੂਗਰ ਵੱਧ ਜਾਂਦੀ ਹੈ ਤਾਂ ਕੰਟਰੋਲ ਮੁਸ਼ਕਿਲ ਹੋ ਜਾਂਦਾ ਹੈ। ਪਰ ਇਹਦੀ ਥਕਾਵਟ ਦੱਸ ਦਿੰਦੀ ਹੈ। ਆਂਟੀ ਨੇ ਵੀ ਕਿਹੜਾ ਕਦੇ ਗੱਲ ਕੀਤੀ ਸੀ। ਅਚਾਨਕ ਮੈਂ ਉਹਨੂੰ ਇਸ ਦੌਰੇ ਵਰਗੀ ਹਾਲਤ 'ਚ ਵੇਖ ਲਿਆ ਤਾਂ ਪਤਾ ਲੱਗ ਗਿਆ, ਨਹੀਂ ਤਾਂ ਚੰਗਾ-ਭਲਾ ਬੰਦਾ ਹੁੰਦਾ, ਬਸ ਫੁੜਕ ਕੇ ਡਿੱਗਦਾ ਹੀ ਦਿਸਦਾ ਮਗਰੋਂ। ਫਿਰ ਤਾਂ ਬੰਦਾ ਚਾਹੇ ਜੋ ਵੀ ਹੋਵੇ ਸ਼ਮਸ਼ਾਨਘਾਟ ਵਿੱਚ ਆ ਕੇ ਕੁੰਡ ਬਣ ਜਾਂਦਾ। ਉਥੇ ਥਾਂ-ਥਾਂ ਲਿਖਿਆ ਹੁੰਦਾ ਕਿ ਮ੍ਰਿਤਕ ਦੇ ਘਰ ਵਾਲੇ ਉਸਦਾ ਕੁੰਡ ਨੰਬਰ ਯਾਦ ਰੱਖਣ। ਮਤੇ ਧੰਤੀ ਦੇ ਅਸਤ ਕਰਮੇ ਦੇ ਘਰਦੇ ਚੁੱਕਕੇ ਲੈ ਜਾਣ।



ਇਹਨੇ ਵੀ ਤਾਂ ਇੰਝ ਈ ਕੀਤਾ ਸੀ। ਆਪਣੇ ਮੁੰਡੇ ਦੇ ਅਸਤ ਲੈਣ ਗਿਆ ਕੁੰਡ ਨੰਬਰ ਭੁੱਲ ਗਿਆ ਸੀ। ਵੈਸੇ ਜਿਸ ਤਰ੍ਹਾਂ ਉਸਦੀ ਮੌਤ ਹੋਈ ਸੀ, ਕੋਈ ਵੀ ਪਿਤਾ ਉਸ ਸੱਟ ਨੂੰ ਸਹਿਣ ਨਹੀਂ ਸੀ ਕਰ ਸਕਦਾ। ਪਰ ਇਹ ਸਹਿ ਗਿਆ ਸੀ।

ਸਹਿ ਕਾਹਦਾ ਗਿਆ, ਵੈਸੇ ਜੇ ਦੇਖਿਆ ਜਾਵੇ ਤਾਂ ਅੰਦਰੇ-ਅੰਦਰ ਪਤਾ ਨਹੀਂ ਕੀ-ਕੀ ਰਿੱਝਦਾ ਰਿਹਾ ਹੋਣਾ ਏ। ਸਾਡਾ ਇੱਕ ਮਿੱਤਰ ਸਾਰੀ ਉਮਰ ਆਪਣੀ ਬੀਵੀ ਤੇ ਪੁੱਤ ਤੋਂ ਵੱਖ ਰਿਹਾ। ਅਸੀਂ ਸੋਚਦੇ ਸਾਂ ਕਿ ਧੰਨ ਜਿਗਰਾ ਇਸ ਬੰਦੇ ਦਾ। ਕਿੰਨੇ ਵਰ੍ਹੇ ਆਪਣੇ ਹੱਠ ਦੇ ਨਾਂਵੇਂ ਲਾ ਦਿੱਤੇ , ਡੋਲਿਆ ਤੱਕ ਨਹੀਂ। ਸਾਰੇ ਉਸਦੀ ਸਿਫਤ ਕਰਦੇ ਸਨ। ਫਿਰ ਇੱਕ ਦਿਨ ਅਚਾਨਕ ਉਹ ਫੁੜਕ ਕੇ ਡਿੱਗ ਪਿਆ। ਕੀ ਸੀ ਅੰਦਰ ਉਸਦੇ ? ਕਿਥੇ ਗਈ ਉਹ ਜੀਣ ਦੀ ਜ਼ਿੱਦ। ਮੈਨੂੰ ਲੱਗਾ ਜੀਣ ਦੀ ਜ਼ਿੱਦ ਤਾਂ ਇੱਕ ਪਾਸੇ, ਉਹ ਤਾਂ ਜੀਣਾ ਹੀ ਨਹੀਂ ਸੀ ਚਾਹੁੰਦਾ। ਉਹ ਭਗੌੜਾ ਸੀ, ਬੁਜ਼ਦਿਲ ਸੀ। ਤੀਵੀਂ ਦੇ ਸਾਹਮਣੇ ਨੀਵਾਂ ਸੀ, ਹੀਣਾ ਸੀ, ਨਹੀਂ ਸੀ ਉਸਦੀ ਅੱਖ ਵਿੱਚ ਅੱਖ ਪਾ ਕੇ ਦੇਖ ਸਕਦਾ। ਉਹ ਫਿਰਦਾ ਰਿਹਾ ਤੇ ਉਸ ਮੁਰਦੇ ਦੇ ਅਸੀਂ ਕਸੀਦੇ ਕੱਢਦੇ ਰਹੇ। ਅਸੀਂ ਵੈਸੇ ਕਸੀਦੇ ਕੱਢਣ ਦੇ ਬਹੁਤ ਮਾਹਰ ਹਾਂ। ਕਸੀਦੇ ਦਰਅਸਲ ਅਸੀਂ ਕਿਸੇ ਦੇ ਨਹੀਂ, ਆਪਣੇ ਈ ਕੱਢਦੇ ਹਾਂ। ਫਿਰ ਫੁੜਕ ਕੇ ਡਿੱਗ ਪੈਂਦੇ ਹਾਂ। ਜਿਵੇਂ ਉਹ ਡਿੱਗ ਪਿਆ ਸੀ। ਹੁਣ ਇਹ ਮੁੰਡੇ ਦੀ ਮੌਤ ਤੋਂ ਬਾਦ ਇੱਕਲਾ ਬੈਠਾ ਸ਼ਰਾਬ ਪੀਂਦਾ ਰਹਿੰਦਾ ਸੀ। ਚੁਪਚਾਪ ਬੈਠਾ ਰਹਿੰਦਾ। ਦੋਸਤਾਂ ਨੂੰ ਮਿਲਦਾ ਤਾਂ ਏਨਾ ਉੱਚੀ ਹੱਸਦਾ ਕਿ ਔਡ ਲਗਦਾ। ਦੋਸਤ ਇਸਦੀ ਦਾਦ ਦਿੰਦੇ ਕਿ ਗ਼ਮ 'ਚ ਹੱਸਣਾ ਕੋਈ ਇਹਦੇ ਤੋਂ ਸਿੱਖੇ। ਮੈਨੂੰ ਲੱਗਦਾ ਰਹਿੰਦਾ ਕਿ ਇਹ ਇੱਕ ਦਿਨ ਫੁੜਕ ਕੇ ਡਿੱਗੇਗਾ। ਫਿਰ ਅਚਾਨਕ ਉਹਨੀਂ ਦਿਨੀ ਇਹਨੂੰ ਅਜੀਬ ਦੌਰਾ ਪਿਆ। ਇਹ ਆਪਣੇ ਉਸ ਮੁੰਡੇ ਦੀਆਂ ਹੀ ਗੱਲਾਂ ਕਰੀ ਜਾਇਆ ਕਰੇ। ਅਖੇ- ਉਹ ਜੀਨੀਅਸ ਸੀ। ਉਸਨੇ ਬਹੁਤ ਸਾਰੀਆਂ ਕਵਿਤਾਵਾਂ ਵੀ ਲਿਖੀਆਂ ਸਨ। ਪਰ ਉਹ ਪਤਾ ਨਹੀਂ ਮਰਨ ਤੋਂ ਪਹਿਲਾਂ ਉਹਨਾਂ ਕਵਿਤਾਵਾਂ ਨੂੰ ਸਾੜ ਕਿਉਂ ਗਿਆ। ਉਹ-ਹੋ। ਜੇ ਉਹ ਕਵਿਤਾਵਾਂ ਨਾ ਸਾੜਦਾ ਤਾਂ, ਅੱਜ ਪੰਜਾਬੀ ਕਵਿਤਾ ਦਾ ਰੰਗ ਹੀ ਕੁਝ ਹੋਰ ਹੋਣਾ ਸੀ। ਮੈਨੂੰ ਪਤਾ ਹੈ। ਉਹ ਮੇਰੇ ਨਾਲ ਜ਼ਿਰ੍ਹਾ ਕਰਦਾ ਸੀ। ਉਹ ਕਹਿੰਦਾ ਸੀ ਕਿ ਮੈਂ ਗੁਜਰਾਤ ਜਾ ਕੇ ਵੀ ਬੇਗਾਨਾ ਹਾਂ ਤੇ ਇੱਥੇ ਆ ਕੇ ਵੀ। ਅਸੀਂ ਅੱਤਵਾਦ ਦੇ ਡਰੋਂ ਉਸਨੂੰ ਰਿਸ਼ਤੇਦਾਰੀ ਵਿੱਚ ਗੁਜਰਾਤ ਭੇਜ ਦਿੱਤਾ ਸੀ। ਮੈਨੂੰ ਪੂਰੀ ਉਮੀਦ ਸੀ ਕਿ ਉਹ ਇੱਕ ਨਾ ਇੱਕ ਦਿਨ ਅੱਤਵਾਦੀਆਂ ਨਾਲ ਰਲ ਜਾਵੇਗਾ ਤੇ ਮਾਰਿਆ ਜਾਵੇਗਾ। ਮੈਂ ਤਦੇ ਰਿਸ਼ਤੇਦਾਰਾਂ ਦੀ ਮਿੰਨਤ ਕਰਕੇ ਉਸਨੂੰ ਗੁਜਰਾਤ ਭੇਜ ਦਿੱਤਾ। ਉਹ ਕਹਿੰਦਾ ਹੁੰਦਾ ਸੀ ਕਿ ਉੱਥੇ ਮੈਂ ਪੱਗ ਬੰਨ੍ਹਕੇ ਰੱਖਦਾ ਹਾਂ ਤਾਂ ਉਹ ਲੋਕ ਮੈਨੂੰ ਹੋਰ ਨਜ਼ਰ ਨਾਲ ਵੇਖਦੇ ਨੇ, ਇੱਥੇ ਵਾਲ ਕਟਵਾ ਕੇ ਰੱਖਦਾ ਹਾਂ ਤਾਂ ਹੋਰ ਨਜ਼ਰ ਨਾਲ ਵੇਖਦੇ ਨੇ। ਮੈਂ ਤਾਂ ਦੋਵੇਂ ਥਾਈਂ ਬੇਗਾਨਾ ਹਾਂ। ਮੇਰਾ ਤਾਂ ਕਿਤੇ ਕੋਈ ਨਹੀਂ। ਉਹ ਬਹੁਤ ਹੀ ਸੈਂਸੇਟਿਵ ਮੁੰਡਾ ਸੀ। ਤਦੇ ਮੈਂ ਉਸਨੂੰ ਬਚਾਉਣਾ ਚਾਹੁੰਦਾ ਸਾਂ। ਉਹ ਇੱਥੇ ਆਉਂਦਾ ਤਾਂ ਵਾਲ ਕਟਵਾ ਦਿੰਦਾ ਅਤੇ ਗੁਜਰਾਤ ਜਾਂਦਾ ਤਾਂ ਪਗੜੀ ਬੰਨ੍ਹਣ ਲਗਦਾ। ਉਹ ਲੜ ਰਿਹਾ ਸੀ। ਉਹਨੇ ਲੜਨਾ ਹੀ ਸੀ ਤੇ ਆਖਰ ਮਰਨਾ ਵੀ ਸੀ। ਲੜਾਈ ਵਿੱਚ ਮੌਤ ਨਿਸ਼ਚਿਤ ਹੁੰਦੀ ਹੈ। ਉਹ ਮਰ ਗਿਆ, ਪਰ ਬਹਾਦਰਾਂ ਵਾਲੀ ਮੌਤ। ਹਰ ਆਤਮਹੱਤਿਆ ਕਾਇਰਤਾ ਨਹੀਂ ਹੁੰਦੀ। ਬਹੁਤੀ ਵਾਰ ਜੀਣਾ ਵੱਧ ਕਾਇਰਤਾ ਵਾਲਾ ਕੰਮ ਹੁੰਦਾ ਹੈ। ਅਸੀਂ ਸਾਰੇ ਕਾਇਰ ਹਾਂ ਕਿਤੇ ਨਾ ਕਿਤੇ।

ਮੈਨੂੰ ਕਈ ਵਾਰ ਲੱਗਦਾ ਕਿ ਇਹ ਪਾਗਲਪਨ ਜਾਂ ਹੋਰ ਕੀ ਬੀਮਾਰੀਆਂ ਜੈਨੇਟਿਕ ਹੁੰਦੀਆਂ ਨੇ, ਪੀੜ੍ਹੀ ਦਰ ਪੀੜ੍ਹੀ ਤੁਹਾਡਾ ਪਿੱਛਾ ਕਰਦੀਆਂ ਨੇ। ਇਉਂ ਹੀ ਕੁਦਰਤੀ ਆਫਤਾਂ ਵੀ ਪਿੱਛਾ ਕਰਦੀਆਂ ਨੇ। ਮੁਹਾਵਰਾ ਹੈ ਕਿ ਗ਼ਰੀਬਾਂ ਰੱਖੇ ਰੋਜੇ ਦਿਨ ਵੱਡੇ ਆਏ। ਇਹਨਾਂ ਦੇ ਟੱਬਰ ਵਿਚ ਪਾਗਲਪਨ ਲੱਗਦਾ ਰਿਹਾ ਹੈ। ਇਹਦਾ ਪਿਓ ਪਾਗਲ ਹੋਇਆ। ਆਪ ਇਹਨੂੰ ਇਉਂ ਹੀ ਦੌਰੇ ਪੈਂਦੇ ਰਹਿੰਦੇ ਨੇ। ਇਹਦੇ ਦੋਵੇਂ ਮੁੰਡਿਆ ਵਿਚ ਇਹ ਲੱਛਣ ਨੇ। ਇੱਕ ਤਾਂ ਆਤਮਹੱਤਿਆ ਕਰ ਗਿਆ ਤੇ

ਦੂਜਾ ਸਾਲਾ ਪਾਗਲ ਅੰਦਰ ਈ ਪਿਆ ਰਹਿੰਦਾ ਏ। ਉਹੀ ਜਿਵੇਂ ਆਂਟੀ ਦੇ ਅੰਨ੍ਹੇ ਘਰਵਾਲੇ ਦੇ ਪਰਿਵਾਰ ਵਿਚ ਇੱਕੀ ਜੀਅ ਅੰਨ੍ਹੇ ਨੇ। ਸਾਲੇ ਜਦੋਂ ਕਿਸੇ ਵਿਆਹ ਸ਼ਾਦੀ ’ਤੇ ਇੱਕਠੇ ਹੁੰਦੇ ਹੋਣਗੇ, ਲਗਦਾ ਹੋਊ ਅੰਨ੍ਹਿਆਂ ਦੀ ਬਰਾਤ ਆਈ ਆ। ਇਹਦੇ ਬਹੁਤ ਸਾਰੇ ਕਾਰੇ ਇਸੇ ਬਿਮਾਰੀ ’ਚੋਂ ਨਿਕਲੇ ਨੇ। ਇਕੱਲਿਆਂ ਦਾਰੂ ਪੀਣ ਵਾਲਾ ਕਾਰਾ ਵੀ। ਨਹੀਂ ਤਾਂ ਕੋਈ ਬੰਦਾ ਇੱਕਲੇ ਦਾਰੂ ਪੀ ਸਕਦੈ ? ਸੋਚਿਆ ਵੀ ਨਹੀਂ ਜਾ ਸਕਦਾ। ਕਈਆਂ ਨੂੰ ਤਾਂ ਮੈਂ ਇੱਕਲਤਾ ਤੋੜਨ ਲਈ ਖੁਸਰਿਆਂ ਨਾਲ ਬੈਠਕੇ ਦਾਰੂ ਪੀਂਦੇ ਦੇਖਿਆ ਹੈ। ਇਹਨੇ ਤਾਂ ਵੈਸੇ ਹੱਦ ਈ ਕਰ ਦਿੱਤੀ ਸੀ ਉਦੋਂ। ਸਾਲ ਭਰ ਇਹ ਇੱਕੱਲਾ ਈ ਰਿਹਾ। ਦੋਸਤਾਂ ਮਿੱਤਰਾਂ ਨੂੰ ਵੀ ਮਿਲਣਾ ਘੱਟ ਕਰ ਦਿੱਤਾ। ਘੱਟ ਕੀ ਖਤਮ ਈ ਕਰ ਦਿੱਤਾ। ਫਿਰ ਅਚਾਨਕ ਇਹਨੇ ਮਹਿਫਿਲਾਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਮਹਿਫਿਲਾਂ ਦਾ ਸ਼ਿੰਗਾਰ ਬਣ ਗਿਆ। ਪੁੱਤ ਦੇ ਨੌਕਰੀ ਲੱਗਣ ਦੀ ਪਾਰਟੀ। ਪੋਤੀ ਹੋਣ ਦੀ ਪਾਰਟੀ। ਫਿਰ ਇਹਦੀ ਜ਼ਿੰਦਗੀ ਨੇ ਰਿਵਰਸ ਮਾਰ ਦਿੱਤਾ, ਪਰ ਇਹਨੇ ਪਾਰਟੀ ਨਹੀਂ ਛੱਡੀ। ਫਿਰ ਹੋਰ ਦਾ ਹੋਰ। ਪਾਰਲੀਮੈਂਟ ਵਿੱਚ ਇਹਦੀ ਐਂਟਰੀ। ਮਿੱਤਰਾਂ ਦੀ ਮਹਿਫਿਲ ਉਵੇਂ ਦੀ ਉਵੇਂ। ਜਿਸ ਦਿਨ ਇਹਨੇ ਨਹੀਂ ਆਉਣਾ, ਉਸ ਦਿਨ ਇਹਦਾ ਪਾਰਲੀਮੈਂਟ ਵਿੱਚ ਜਾਣਾ ਵਿਚਾਰਿਆ ਜਾਂਦਾ। ਉਦਾਸੀ ਦੀ ਲਹਿਰ ਸਾਡੇ ਮਨਾਂ ਤੇ ਅਸਰ ਕਰਦੀ, ਪਰ ਇਹਦੇ ਨਾਲ ਕੋਈ ਗੱਲ ਨਾ ਕਰਦਾ। ਲਗਦਾ ਪਤਾ ਨਹੀਂ ਮਨ ਦੀ ਕੀ ਹਾਲਤ ਹੁੰਦੀ ਹੋਵੇਗੀ। ਕੀ ਸੋਚਕੇ ਜਾਂਦਾ ਹੋਵੇਗਾ। ਸ਼ਾਇਦ ਆਦਮੀ ਬਹੁਤ ਕੁਝ ਨੂੰ ਇੰਝ ਹੀ ਜੀਉਣਾ ਚਾਹੁੰਦਾ ਹੈ। ਇਹ ਕਹਿ ਕੇ ਕਿ ਮੈਂ ਸੱਭ ਕੁਝ ਜਾਣਦਾ ਹਾਂ। ਮੈਨੂੰ ਸਮਝ ਹੈ, ਲੋਕ ਤਾਂ ਦੁਵਲੇ ਦੰਦਿਆਂ ਵਾਲੇ ਨੇ। ਸ਼ਾਇਦ ਇਹ ਪਤਾ ਨਹੀਂ ਕਿਸ ਮਨੋਗ੍ਰੰਥੀ ਦੀ ਕਾਢ ਹੈ। ਨੂੰਹ ਨੇ ਘਰ ਕਿਉਂ ਛੱਡਿਆ ? ਕਿਉਂ ਆਜ਼ਾਦ ਰਹਿਣ ਲੱਗ ਪਈ ? ਇੱਕ ਦਮ ਕੀ ਸੱਪ ਸੁੰਘ ਗਿਆ ? ਦਿਓਰ ਉੱਤੇ ਇਲਜ਼ਾਮ ਲਾਉਣ ਦੀ ਕੀ ਤੁੱਕ ? ਹੁਣ ਇਹਨੂੰ ਘਰ ਕਿਉਂ ਵੜਨ ਦਿੰਦੀ ਏ ? ਇਹ ਹੱਸਦਾ ਕਿਸ ਗੱਲ ਉੱਤੇ ਹੋਵੇਗਾ ? ਕੀ ਮੁੰਡੇ ਦੀ ਗੱਲ ਕਰਕੇ ਜਾਂ ਸੁਣਕੇ ਹੱਸਦਾ ਹੋਵੇਗਾ ? ਕੀ ਨੂੰਹ ਜਾਂ ਪੋਤੀ ਇਹਦੇ ਕੁਤਕੁਤਾਰੀਆਂ ਕੱਢਦੇ ਹੋਣਗੇ ? ਕੀ ਲਤੀਫਾ ਸੁਣਾ ਕੇ ਜਾਂ ਸੁਣ ਕੇ ਹੱਸਦਾ ਹੋਵੇਗਾ ? ਕੀ ਲਤੀਫਾ ਲੁੱਚਾ ਹੁੰਦਾ ਹੋਵੇਗਾ ਜਾਂ ਸਾਊ ? ਵੈਸੇ ਏਨੇ ਉੱਚੀ ਹੱਸਣ ਦੀ ਲੋੜ ਵੀ ਕੀ ਹੁੰਦੀ ਏ ? ਚਲੋ ਛੱਡੋ, ਆਪਾਂ ਨੂੰ ਕੀ ? ਵੈਸੇ ਇਹਦੇ ਬਾਰੇ ਕਹਾਣੀ ਲਿਖੀ ਜਾਣੀ ਚਾਹੀਦੀ ਹੈ। ਇਹਦੇ ਹਾਸੇ ਬਾਰੇ ਖਾਸ ਕਰਕੇ।

ਇਹਦੇ ਬਾਰੇ ਜੇ ਮੈਂ ਕਹਾਣੀ ਲਿਖਣੀ ਹੋਵੇ ਤਾਂ ਪਹਿਲਾ ਫਿਕਰਾ ਇਹ ਲਿਖਾਂਗਾ– ਮੈਂ ਇਕੱਲਾ ਦਾਰੂ ਨਹੀਂ ਪੀ ਸਕਦਾ। ਇਕੱਲੇ ਦਾਰੂ ਪੀਂਦਿਆਂ ਮੈਂ ਮੌਤ ਬਾਰੇ ਸੋਚਣ ਲਗਦਾ ਹਾਂ। ਇਸ ਉਮਰ ’ਚ ਮੌਤ ਬਾਰੇ ਨਹੀਂ ਸੋਚਣਾ ਚਾਹੀਦਾ।

---

ਇਕ ਰੰਗ ਮਹਿਕਦਾ ਸੀ, ਇਕ ਰਾਤ ਸਰਕਦੀ ਸੀ।
ਮੇਰੇ ਖਲਾਅ ਦੇ ਅੰਦਰ, ਇਕ ਖਾਕ ਸਰਕਦੀ ਸੀ।

ਇਕ ਬੋਲ ਸੀ ਕਿ ਜਿਸਨੂੰ, ਧਰਤੀ ਉਡੀਕਦੀ ਸੀ,
ਇਕ ਹਾਕ ਜੀਭ ’ਤੇ ਸੀ, ਬੇਬਾਕ ਸਰਕਦੀ ਸੀ।

-ਜਸਵਿੰਦਰ ਮਾਨ



## ਮਾਂ/ਅਕਬਰ ਲਹੌਰੀ

ਉਹ ਵਿਕਦੀ ਵਿਕਾਉਂਦੀ ਏਥੋਂ ਤੀਕ ਅੱਪੜੀ ਸੀ ਤੇ ਹੁਣ ਉਹਨੂੰ ਇਹ ਵੀ ਯਾਦ ਨਹੀਂ ਸੀ ਪਈ ਉਹ ਪਹਿਲੀ ਵਾਰ ਕਦੋਂ ਵਿਕੀ ਸੀ। ਖ਼ਬਰੇ ਉਹ ਪੁਰਾਣੀਆਂ ਗੱਲਾਂ ਨੂੰ ਖੋਤਰਨਾ ਵੀ ਨਹੀਂ ਸੀ ਚਾਹੁੰਦੀ। ਗੋਹੇ ਤੇ ਗੰਦ ਦੇ ਢੇਰ ਨੂੰ ਜਿੰਨਾ ਖੋਤਰੀਏ ਉਹਦੇ ਵਿਚੋਂ ਗੰਦ ਈ ਨਿਕਲਣਾ ਏ। ਗੰਦ ਦੇ ਢੇਰ ਦੀ ਡੂੰਘਾਈ ਵਿਚ ਜਾਣ ਦੀ ਲੋੜ ਏ, ਉਹਦੇ ਉਤਲੇ ਪਾਸੇ ਈ ਨੱਕ ਨਹੀਂ ਡਾਹਿਆ ਜਾਂਦਾ। ਉਹ ਪਿਛਲੀਆਂ ਗੱਲਾਂ ਨੂੰ ਏਥੋਂ ਤੀਕ ਦੱਸਣ ਲਈ ਤਿਆਰ ਸੀ ਪਈ ਛੇਕੜਲੀ ਵਾਰੀ ਉਹ ਇਕ ਪੇਂਜੇ ਦੇ ਹੱਥ ਵਿਕੀ ਸੀ। ਪੇਂਜਾ ਜ਼ਾਤ ਦਾ ਕਸ਼ਮੀਰੀ ਸੀ ਤੇ ਸੱਠਾਂ ਪੈਂਹਠਾਂ ਵਰ੍ਹਿਆਂ ਦਾ ਹੁੰਦਿਆਂ ਵੀ ਉਹ ਹੱਟਾ ਕੱਟਾ ਤੇ ਸਾਨ੍ਹਾ ਬਾਨ੍ਹਾ ਸੀ। ਨਹੋਂਦ ਹੱਥੋਂ ਹੁਣ ਤੀਕ ਉਹਨੂੰ ਜ਼ਨਾਨੀ ਨਹੀਂ ਸੀ ਲੱਭੀ ਤੇ ਹੁਣ ਉਹਨੂੰ ਵਿਆਹ ਕਰਨ ਦਾ ਚਾਅ ਵੀ ਨਹੀਂ ਸੀ। ਅਚਨਚੇਤੀ ਇਹ ਵਿਕਾਊ ਸ਼ੈ ਉਹਦੇ ਪਿੰਡ ਵਿਚ ਆਈ ਤੇ ਉਹਨੇ ਆਪਣੇ ਕੋਠੇ ਦੀ ਇਕ ਗੁੱਠ ਵਿਚ ਦੱਬੀ ਹੋਈ ਪੁਰਾਣੀ ਹਾਂਡੀ ਵਿਚੋਂ ਚਾਂਦੀ ਦੇ ਪੂਰੇ ਪੰਜ ਸੌ ਰੁਪਏ ਕੱਢ ਕੇ ਉਹਦਾ ਮੁੱਲ ਤਾਰ ਦਿੱਤਾ। ਏਥੇ ਉਹਦੀ ਕੁੱਖੋਂ ਇਕ ਮੁੰਡਾ ਜੰਮਿਆ, ਜੀਹਦਾ ਡੀਲ ਡੌਲ ਉਹਦੇ ਪਿਉ ਵਾਂਗੂੰ ਖੁੱਲ੍ਹਾ ਸੀ ਤੇ ਹੱਡੀ ਪਸਲੀ ਕਰੜੀ ਤੇ ਪੱਕੀ ਸੀ, ਪਰ ਮੁੱਖੜਾ ਗੋਲ ਮੋਲ ਤੇ ਮਾਂ ਵਾਂਗੂੰ ਸੋਹਣਾ ਸੀ।

ਪੇਂਜਾ ਸਿਆਲ ਵਿਚ ਘਰੋਂ ਦੂਰ ਜਾਂਦਾ ਤੇ ਪਿੰਡੋਂ ਪਿੰਡ ਲੇਫ਼, ਸਿਰਹਾਣੇ, ਗੱਦੇ ਤੇ ਰਜ਼ਾਈਆਂ ਭਰਨ ਦਾ ਕੰਮ ਕਰਦਾ ਰਹਿੰਦਾ। ਇਹ ’ਕੱਠੇ ਦੋ–ਦੋ, ਚਾਰ–ਚਾਰ ਦਿਨ ਘਰੋਂ ਬਾਹਰ ਰਹਿੰਦਾ। ਗਰਮੀਆਂ ਵਿਚ ਉਹ ਕਸਾਈਆਂ ਦੇ ਨਾਲ ਬੱਕਰੇ ਛੱਤਰੇ ਮੁੱਲ ਲੈਣ ਲਈ ਮੰਡੀਆਂ ਵਿਚ ਫਿਰਦਾ ਤੇ ਕਈ ਕਈ ਦਿਨ ਘਰ ਨਹੀਂ ਸੀ ਵੜਿਆ ਕਰਦਾ।

ਉਹਦੀ ਘਰ ਦੀ ਨੂੰ ਪਿਛਲੀਆਂ ਵਾਦੜੀਆਂ ਨੇ ਸਿਰ–ਚਾਦੜੀਆਂ ਵਾਂਗੂੰ ਘੇਰਿਆ ਹੋਇਆ ਸੀ। ਪੇਸ਼ਾ ਕਈ ਜ਼ਨਾਨੀਆਂ ਦਾ ਕਾਰੋਬਾਰ ਹੋਵੇਗਾ, ਪਰ ਉਹਦੀ ਲੋੜ ਬਣ ਚੁੱਕਾ ਸੀ। ਏਸੇ ਲਈ ਉਹ ਖ਼ਸਮ ਦੇ ਘਰ ਨਾ ਹੁੰਦਿਆਂ, ਜੋ ਜੀ ਚਾਹੇ ਕਰਦੀ ਸੀ। ਮੁਸ਼ਕੀ ਹੋਈ ਕੁੱਤੀ ਵਾਂਗੂੰ ਉਹਦੀ ਬੋਅ ਚਾਰ ਚੁਫ਼ੇਰੇ ਖਿੱਲਰ ਜਾਂਦੀ ਸੀ ਤੇ ਪੇਂਜੇ ਦੇ ਘਰੋਂ ਬਾਹਰ ਜਾਂਦਿਆਂ ਈ ਉਸੇ ਪਿੰਡ ਜਾਂ ਕਿਸੇ ਨੇੜੇ ਪਿੰਡ ਦਾ ਕੋਈ ਕੁੱਤਾ ਦੇਸੀ ਸ਼ਰਾਬ ਦੀ ਬੋਤਲ ਕੱਛੇ ਮਾਰ ਕੇ ਉਹਦੇ ਕੋਲ ਅੱਪੜ ਜਾਂਦਾ। ਬੋਤਲ ਦਾ ਕਾਕ ਉਡਾ ਕੇ ਤੇ ਉਹਨੂੰ ਇੰਜ ਲੱਗਦਾ ਜਿਵੇਂ ਹਾਲੀ ਵੀ ਚੁਬਾਰੇ ’ਤੇ ਬੈਠੀ ਏ ਤੇ ਕਸਬੀ ਨੂਚੀ ਜਾਂ ਖ਼ਾਨਗੀ ਏ। ਪੇਂਜੇ ਦਾ ਕੋਠਾ ਸਾਈਂ ਦੇ ਤਕੀਏ ਕੋਲ ਪਿੰਡੋਂ ਹਟਵਾਂ ਸੀ। ਏਸ ਲਈ ਇਹ ਗੱਲ ਆਮ ਲੋਕਾਂ ਦੀਆਂ ਨਜ਼ਰਾਂ ਤੋਂ ਲੁਕੀ ਹੋਈ ਸੀ। ਪੇਂਜਾ ਵੀ ਕਈ ਕਈ ਦਿਨ ਘਰੋਂ ਬਾਹਰ ਰਹਿਣ ਕਾਰਨ ਇਨ੍ਹਾਂ ਗੱਲਾਂ ਨੂੰ ਨਹੀਂ ਸੀ ਜਾਣਦਾ। ਪੇਂਜੇ ਦਾ ਪੁੱਤਰ ਪੰਜਾਂ ਵਰ੍ਹਿਆਂ ਦਾ ਹੋ ਚੁੱਕਾ ਸੀ ਤੇ ਹੁਣ ਮਦਰੱਸੇ ਜਾਣ ਲੱਗ ਪਿਆ ਸੀ। ਮਾਂ ਦੀ ਹਯਾਤੀ ਵਿਚ ਪਹਿਲਾ ਤੇ ਅਨੋਖਾ ਤਜਰਬਾ ਸੀ ਪਈ ਉਹ ਪੁੱਤਰ ਦੀ ਮਾਂ ਹੁੰਦਿਆਂ ਉਹਨੂੰ ਰੋਜ਼ ਤਿਆਰ ਕਰਕੇ ਮਦਰੱਸੇ ਘੱਲੇ। ਉਹ ਉਹਦੇ ਲਈ ਰੰਗ ਰੰਗ ਦੀਆਂ ਪੁਸ਼ਾਕਾਂ ਬਣਾਂਦੀ। ਉਹਦੇ ਲਈ ਸਵੈਟਰ ਜੁਰਾਬਾਂ ਤੇ ਗਰਮ ਟੋਪੀ ਉਣਦੀ। ਸਿਆਲ ਵਾਸਤੇ ਛੋਟਾ ਜਿਹਾ ਕੋਟ ਤੇ ਨਿੱਕੀ ਜਿਹੀ ਪਤਲੂਣ ਤੇ ਗਰਮੀਆਂ ਵਾਸਤੇ ਕਾਲਰ, ਕਮੀਜ਼ ਤੇ ਨਿੱਕਰ, ਪੈਰਾਂ ਵਿਚ ਗਰਮੀ ਸਰਦੀ ਦਾ ਲਿਹਾਜ਼ ਕਰਕੇ ਹਾਫ ਬੂਟ ਜਾਂ ਸੈਂਡਲ। ਸਿਰ ’ਤੇ ਹੈਟ, ਗਲ ਵਿਚ ਕਿਤਾਬਾਂ ਦਾ ਬੈਗ, ਪੇਂਜੇ ਦਾ ਪੁੱਤਰ ਏਸ ਤਰ੍ਹਾਂ ਸਜ ਬਣ ਕੇ ਸਕੂਲ ਜਾਂਦਾ, ਜਿਵੇਂ ਕਿਸੇ ਨੰਬਰਦਾਰ ਦਾ ਪੁੱਤਰ ਹੋਵੇ। ਜਦੋਂ ਮਦਰੱਸਿਓਂ ਪਰਤਦਾ ਤੇ ਉਹਨੂੰ ਟੁੱਕਰ ਖਵਾਣ ਤੋਂ ਪਹਿਲਾਂ ਸ਼ਰਬਤ ਜਾਂ ਚਾਹ ਪਿਆਂਦੀ। ਪਿਉ ਨੂੰ ਆਖ ਕੇ ਉਹਦੇ ਲਈ ਇਕ ਨਿੱਕੀ ਜਿਹੀ ਕੁਰਸੀ ਤੇ ਮੇਜ਼ ਮੰਗਾਈ ਤਾਂ ਜੋ ਉਹ ਮੇਜ਼ ਕੁਰਸੀ ਲਾ ਕੇ ਬਹੇ। ਆਂਹਦੀ ਸੀ, ਇਹਨੇ ਵੱਡਿਆਂ ਹੋ ਕੇ ਬਾਊ ਬਣਨਾ ਏ। ਇਹਨੂੰ ਹੁਣ ਤੋਂ ਈ ਮੇਜ਼ ਕੁਰਸੀ ਵਰਤਣ ਦੀ ਜਾਚ ਨਾ ਆਈ ਤੇ ਮੁੜ ਕਦੋਂ ਆਵੇਗੀ ? ਉਹ ਆਪ ਚਿੱਟੀ ਅਨਪੜ੍ਹ ਸੀ, ਪਰ

ਮਦਰੱਸਿਓਂ ਪਿੱਛੇ ਉਹਦੇ ਸਬਕ ਸੁਣਦੀ ਤੇ ਰੋਜ਼ ਸੌਣ ਤੋਂ ਪਹਿਲਾਂ ਉਹਨੂੰ ਗਿਣਤੀ ਤੇ ਪਹਾੜੇ ਸੁਨਾਵਣ ਨੂੰ ਆਂਹਦੀ। ਉਹ ਜਾਤਕ ਦੀ ਪੜ੍ਹਾਈ ਤੇ ਪਾਲਣ ਪੋਸਣ ਵਿਚ ਐਨੀ ਰੁੱਝੀ ਰਹਿੰਦੀ ਸੀ ਪਈ ਪਿੰਡ ਦਾ ਨੰਬਰਦਾਰ ਉਹਨੂੰ ਵੇਖ ਵੇਖ ਕੇ ਅੰਦਰੋਂ ਅੰਦਰੀਂ ਸੜਦਾ ਰਹਿੰਦਾ ਸੀ, ਕਿਉਂ ਜੇ ਉਹਦੀ ਆਪਣੀ ਨੰਬਰਦਾਰਨੀ ਪੁੱਤਰ ਨੂੰ ਘਰ ਦੇ ਕੰਮ ਧੰਦੇ ਵਿਚ ਲਾਈ ਰੱਖਦੀ ਸੀ ਤੇ ਉਹਨੂੰ ਰੋਜ਼ ਸਬਜ਼ੀ ਤਰਕਾਰੀ ਲੈਣ ਲਈ ਪਿਉ ਦੇ ਪਿੱਛੇ ਖੂਹ ਵੱਲ ਟੋਰ ਦੇਂਦੀ ਸੀ। ਪੇਂਜੇ ਦੇ ਘਰ ਵਾਲੀ ਆਪਣੇ ਬੱਚੇ ਦੀ ਦੇਖਭਾਲ ਤੇ ਉਹਦੀ ਪੜ੍ਹਾਈ ਲਿਖਾਈ ਵੱਲ ਧਿਆਨ ਵੀ ਕਰਦੀ ਸੀ, ਪਰ ਨਾਲ ਨਾਲ ਲਫੰਗਿਆਂ ਤੇ ਸ਼ੋਹਦਿਆਂ ਨਾਲ ਵੀ ਗੂਹੜੀਆਂ ਪਾਈ ਰੱਖਦੀ ਸੀ।

ਇਕ ਦਿਨ ਜਦੋਂ ਉਹ ਤੇ ਉਹਦੇ ਸਾਥੀ ਸ਼ਰਾਬ ਦੇ ਨਸ਼ੇ ਵਿਚ ਗੁੱਟ ਮੌਜ ਮੇਲਾ ਕਰ ਰਹੇ ਸਨ, ਪੇਂਜਾ ਘਰ ਪਰਤਿਆ। ਜੇ ਉਹਨੂੰ ਲਫੰਗਿਆਂ ਸ਼ੋਹਦਿਆਂ ਦਾ ਡਰ ਭਉ ਨਾ ਹੁੰਦਾ ਤੇ ਉਹ ਜ਼ਰੂਰ ਜ਼ਨਾਨੀ ਦੇ ਟੋਟੇ ਕਰ ਦੇਂਦਾ, ਪਰ ਉਸ ਨਿਰਾ ਇੰਜ ਈ ਕੀਤਾ ਪਈ, ਉਹਨੂੰ ਗੁੱਤੋਂ ਫੜ ਕੇ ਰਾਤ ਦੇ ਹਨੇਰੇ ਵਿਚ ਘਰੋਂ ਕੱਢ ਦਿੱਤਾ ਤੇ ਜਦੋਂ ਉਹਦਾ ਨਸ਼ਾ ਉਤਰਿਆ, ਉਹ ਉੱਡੀ ਜਾਂਦੀ ਰੇਲ ਵਿਚ ਕਿਸੇ ਉਸ ਪਾਸੇ ਵੱਲ ਜਾ ਰਹੀ ਸੀ, ਜੀਹਦੇ ਹੱਦ ਬੰਨ੍ਹੇ ਦਾ ਉਹਨੂੰ ਕੋਈ ਪਤਾ ਨਹੀਂ ਸੀ ਤੇ ਦੋ ਮਸ਼ਟੰਡੇ ਉਹਦੇ ਸੱਜੇ ਖੱਬੇ ਇੰਜ ਬੈਠੇ ਸਨ, ਜਿਵੇਂ ਉਹ ਬੰਦੀਵਾਨ ਹੋਵੇ ਤੇ ਉਹਨੂੰ ਜੇਲ੍ਹ ਵੱਲ ਲਈ ਜਾ ਰਹੇ ਹੋਵਣ। ਏਸ ਬਾਜ਼ਾਰ ਵਿਚ ਆ ਕੇ ਉਹ ਫੇਰ ਵਿਕੀ, ਪਰ ਛੇਤੀ ਮੁੱਲ ਲੈਣ ਵਾਲਿਆਂ ਤੋਂ ਛੁਟਕਾਰਾ ਪਾ ਲਿਆ ਤੇ ਆਪਣੇ ਲਈ ਏਸ ਬਾਜ਼ਾਰ ਵਿਚ ਇਕ ਵੱਖਰਾ ਟਿਕਾਣਾ ਬਣਾ ਲਿਆ। ਇਹ ਟਿਕਾਣਾ ਇਕ ਅਜਿਹੀ ਕੋਠੜੀ ਸੀ, ਜੀਹਨੂੰ ਮਿਊਂਸਿਪਲ ਕਮੇਟੀ ਵਾਲਿਆਂ ਖ਼ਤਰਨਾਕ ਆਖ ਕੇ ਢਾਹੁਣ ਦਾ ਹੁਕਮ ਦਿੱਤਾ ਹੋਇਆ ਸੀ। ਜ਼ੋਰ ਦੀਆਂ ਬਾਰਸ਼ਾਂ ਨਾਲ ਉਹਦੇ ਨਾਲ ਦੇ ਕੋਠੇ ਢਹਿ ਚੁੱਕੇ ਸਨ ਤੇ ਉਹਦੀਆਂ ਕੁੱਬੀਆਂ ਕੰਧਾਂ ਤੇ ਪੁਰਾਣੀ ਛੱਤ ਕਿਸੇ ਵੇਲੇ ਭੋਏਂ ’ਤੇ ਆ ਡਿੱਗਣ ਦਾ ਇਸ਼ਾਰਾ ਪਈਆਂ ਭਾਲਦੀਆਂ ਸਨ। ਜਦੋਂ ਉਹਨੇ ਕੋਠੜੀ ਦੇ ਥੜ੍ਹੇ ’ਤੇ ਖਲੋ ਕੇ ਸਿਓਂਕ ਖਾਧੇ ਬੂਹੇ ਨੂੰ ਧੱਕਾ ਦਿੱਤਾ ਤੇ ਇਕ ਤਾਕ ਅੰਦਰਲੇ ਪਾਸੇ ਡਿੱਗ ਪਿਆ। ਬੂਹੇ ’ਤੇ ਕੋਈ ਕੁੰਡੀ ਜਿੰਦਰਾ ਨਹੀਂ ਸੀ। ਉਹ ਤਾਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਭੀੜ ਕੇ ਬਹਿ ਗਈ ਤੇ ਜਦੋਂ ਮਾਲਕ ਮਕਾਨ ਨੇ ਉਹਨੂੰ ਦੱਸਿਆ ਪਈ ਇਹ ਕੋਠਾ ਢਹਿਣ ਵਾਲਾ ਏ ਤੇ ਉਹਨੇ ਆਖਿਆ, ਮੈਂ ਵੀ ਖ਼ੁਦਕੁਸ਼ੀ ਕਰਨ ਦੀ ਨੀਅਤ ਨਾਲ ਏਥੇ ਆ ਬੈਠੀ ਆਂ। ਸਮਝਦਾਰ ਮਾਲਕ ਨੇ ਉਹਦੇ ਕੋਲੋਂ ਕਰਾਇਆ ਅਗਾਊਂ ਲੈ ਲਿਆ ਤੇ ਉਹਨੇ ਆਪਣਾ ਧੰਦਾ ਸ਼ੁਰੂ ਕਰ ਦਿੱਤਾ। ਥੋੜ੍ਹੇ ਦਿਨਾਂ ਵਿਚ ਈ ਉਹਨੇ ਪਾਣੀ ਪੀਣ ਦੀ ਮਟਕੀ, ਫਰਸ਼ੀ ਦਰੀ, ਇਕ ਮੰਜੀ, ਕੱਪੜਿਆਂ ਦੀ ਅਲਮਾਰੀ, ਸੰਦੂਕ, ਸ਼ਿੰਗਾਰ ਮੇਜ਼ ਤੇ ਆਪਣੀ ਲੋੜ ਦੀਆਂ ਚੀਜ਼ਾਂ ਮੁੱਲ ਲੈ ਲਈਆਂ ਤੇ ਕੰਧਾਂ ਨਾਲ ਪੁਰਾਣੇ ਕੈਲੰਡਰ ਤੇ ਸਿਨੇਮਾ ਦੀਆਂ ਇਸ਼ਤਿਹਾਰੀ ਚੀਜ਼ਾਂ ਲਾ ਕੇ ਕੋਠੜੀ ਨੂੰ ਸਜਾ ਲਿਆ। ਪਹਿਲਾਂ ਵੀ ਦੱਸਿਆ ਗਿਆ ਏ, ਪਈ ਪੇਸ਼ਾ ਏਸ ਬਾਜ਼ਾਰ ਦੀਆਂ ਹੋਰ ਜ਼ਨਾਨੀਆਂ ਦਾ ਕਾਰੋਬਾਰ ਹੋਵੇਗਾ, ਪਰ ਉਹਦੀ ਲੋੜ ਸੀ। ਉਹਦੀ ਕੋਠੜੀ ਵਿਚ ਹਰ ਵੇਲੇ ਕੋਈ ਨਾ ਕੋਈ ਆਇਆ ਈ ਰਹਿੰਦਾ ਸੀ। ਇਕ ਦਿਨ ਬੈਠਿਆਂ ਬੈਠਿਆਂ ਖ਼ਬਰ ਸੁਣੀ। ਉਹਨੂੰ ਕੀ ਹੋਇਆ ਪਈ, ਉਹ ਆਪਣੇ ਮਕਾਨ ਦੇ ਥੜ੍ਹੇ ਤੋਂ ਛਾਲ ਮਾਰ ਕੇ ਨਿਕਲ ਆਈ। ਕੋਠੜੀ ਵੱਲ ਮੂੰਹ ਕਰਕੇ ਦੋਵੇਂ ਹੱਥ ਸਿਰੋਂ ਉੱਚੇ ਕਰਕੇ ਬਾਜ਼ਾਰ ਵਾਲਿਆਂ ਨੂੰ ਆਖਣ ਲੱਗੀ :

“ਲੁੱਟ ਲਵੋ, ਲੁੱਟ ਲਵੋ, ਜੋ ਕੁਝ ਏਸ ਕੋਠੜੀ ਵਿਚ ਹੈ ਲੁੱਟ ਲਵੋ। ਮੈਨੂੰ ਕਿਸੇ ਵੀ ਸ਼ੈਅ ਦੀ ਲੋੜ ਨਹੀਂ। ਇਹ ਸਭ ਸ਼ੈਵਾਂ ਮੇਰੇ ਲਈ ਨਿਕੰਮੀਆਂ ਤੇ ਬੇਮੁੱਲੀਆਂ ਨੇ, ਜਿਨ੍ਹਾਂ ਨੂੰ ਇਨ੍ਹਾਂ ਦੀ ਲੋੜ ਏ ਲੈ ਜਾਵੋ।”

ਉਹਦਾ ਇਹ ਆਖਣਾ ਸੀ ਕਿ, ਕਿਸੇ ਨੇ ਕੁਝ ਨਾ ਸੋਚਿਆ। ਖੱਬਿਓਂ ਸੱਜੇ ਕਸਬੀਆਂ ਦੇ ਨੌਕਰ, ਬਾਜ਼ਾਰ ਦੇ ਦੁਕਾਨਦਾਰ, ਸਗੋਂ ਰਾਹ ਚੱਲਦੇ ਭਲੇਮਾਣਸ ਕੋਠੜੀ ਵਿਚ ਵੜ ਗਏ ਤੇ ਵਿੰਹਦਿਆਂ ਵਿੰਹਦਿਆਂ ਉਹਦੀ ਕੋਠੜੀ ਨੂੰ ਗੰਜੇ ਦੇ ਸਿਰ ਵਾਂਗੂੰ ਰੜਾ ਮੈਦਾਨ ਕਰ ਗਏ। ਏਥੋਂ ਤੀਕ ਪਈ ਉਹਦੀ



ਮਟਕੀ ਦੀ ਘੜਵੰਜੀ ਤੇ ਇਕ ਨੁੱਕਰ ਵਿਚ ਲੱਗਾ ਹੋਇਆ ਕਮੋਡ ਵੀ ਸਿਰ ’ਤੇ ਚੁੱਕ ਕੇ ਲੈ ਗਏ। ਕਿਸੇ ਨੇ ਉਹਨੂੰ ਇਹ ਨਾ ਪੁੱਛਿਆ ਪਈ ਤੂੰ ਕਿਉਂ ਜਾਣ ਬੁਝ ਕੇ ਸਭ ਕੁਝ ਪਈ ਲੁਟਾਨੀ ਏਂ। ਤੇਰਾ ਸਿਰ ਤਾਂ ਨਹੀਂ ਫਿਰ ਗਿਆ, ਤੇਰੀ ਮਤ ਤੇ ਨਹੀਂ ਮਾਰੀ ਗਈ ?

ਆਪਣਾ ਸਭ ਕੁਝ ਲੁਟਾ ਕੇ ਉਹ ਏਸ ਬਾਜ਼ਾਰ ਵਿਚੋਂ ਨਿਕਲ ਗਈ। ਬਾਜ਼ਾਰ ਦੇ ਦੂਜੇ ਬੰਨੇ ਭਲੇ ਮਾਣਸਾਂ ਦੇ ਮਕਾਨ ਸਨ। ਉਨ੍ਹਾਂ ਮਕਾਨਾਂ ਵਿਚੋਂ ਇਕ ਵਿਚ ਇਕ ਕੋਚਵਾਨ ਰਹਿੰਦਾ ਸੀ। ਜਿਹੜਾ ਏਸ ਮਹੱਲੇ ਦਾ ਸਭ ਤੋਂ ਬਹੁਤਾ ਝਗੜਾਲੂ, ਸਭ ਤੋਂ ਆਵਾਰਾ, ਸਭ ਤੋਂ ਪੱਕਾ ਨਸ਼ਈ ਤੇ ਸਭ ਤੋਂ ਵੱਡਾ ਜੁਆਰੀਆ ਤੇ ਸਭ ਤੋਂ ਕਮੀਨਾ ਸ਼ੋਹਦਾ ਤੇ ਸਭ ਤੋਂ ਭੈੜਾ ਲਫੰਗਾ ਸੀ। ਉਹਨੇ ਝੱਟ ਉਹਦੇ ਨਾਲ ਨਿਕਾਹ ਕਰ ਲਿਆ। ਉਹ ਉਹਨੂੰ ਰੋਜ਼ ਮਾਰਦਾ ਕੁੱਟਦਾ ਤੇ ਫੇਂਹਦਾ। ਰੂੰ ਵਾਂਗੂੰ ਪਿੰਜ ਕੇ ਰੱਖ ਦੇਂਦਾ ਸੀ। ਕਈ ਵਾਰੀ ਕ੍ਰੋਧ ਦਾ ਭਰਿਆ ਹੋਇਆ ਉਹਨੂੰ ਧੱਕੇ ਮਾਰ ਕੇ ਘਰੋਂ ਕੱਢ ਦੇਂਦਾ। ਕੋਠੇ ਨੂੰ ਜਿੰਦਰਾ ਲਾ ਕੇ ਘਰੋਂ ਟੁਰ ਜਾਂਦਾ। ਚੋਖੀ ਰਾਤ ਲੰਘਣ ਪਿੱਛੋਂ ਘਰ ਵਲੇ ਮੂੰਹ ਕਰਦਾ, ਪਰ ਉਹ ਉਹਨੂੰ ਮਕਾਨ ਦੇ ਅੱਗੇ ਗਲੀ ਵਿਚ ਬੈਠੀ ਮਿਲ ਜਾਂਦੀ। ਉਹ ਨਸ਼ੇ ਵਿਚ ਬੇਸੁਰਤ ਹੁੰਦਾ। ਇਹ ਉਹਦੇ ਬੋਝੇ ਵਿਚੋਂ ਕੁੰਜੀ ਕੱਢਦੀ, ਸਹਾਰਾ ਦੇ ਕੇ ਉਹਨੂੰ ਅੰਦਰ ਲੈ ਜਾਂਦੀ। ਸਾਰੀ ਸਾਰੀ ਰਾਤ ਮੁੱਠੀਆਂ ਭਰਦੀ ਰਹਿੰਦੀ। ਕਈ ਵਾਰੀ ਉਹਦੇ ਮੁੜ ਆਵਣ ਤੋਂ ਅਗੇਰੇ ਗਵਾਂਢੀਆਂ ਕੋਲੋਂ ਮੰਗ ਤੰਗ ਕੇ ਉਹਦੇ ਖਾਣ ਲਈ ਰੋਟੀ ਵੀ ਤਿਆਰ ਰੱਖਦੀ। ਇਹ ਨਾਟਕ ਹਰ ਰੋਜ਼ ਖੇਡਿਆ ਜਾਂਦਾ, ਪਰ ਇਹ ਉਹਨੂੰ ਛੱਡ ਕੇ ਨਾ ਜਾਂਦੀ। ਲੋਕੀ ਹੈਰਾਨ ਸਨ। ਏਸ ਬਾਜ਼ਾਰ ਦੀ ਚੰਗੀ ਖਾਂਦੀ ਪੀਂਦੀ ਤੇ ਕਈਆਂ ਦੇ ਦਿਲ ਦਾ ਚਾਨਣ ਕਸਬੀ ਜ਼ਨਾਨੀ ਕਿਉਂ ਆਪਣਾ ਧੰਦਾ ਛੱਡ ਕੇ ਇਕ ਐਸੇ ਬੰਦੇ ਦੇ ਲੜ ਲੱਗ ਗਈ ਏ, ਜਿਹੜਾ ਉਹਦੀ ਰਤਾ ਵੀ ਕਦਰ ਨਹੀਂ ਕਰਦਾ, ਸਗੋਂ ਉਹਦੇ ਨਾਲ ਪਸ਼ੂਆਂ ਵਰਗਾ ਸਲੂਕ ਕਰਦਾ ਏ।

ਇਕ ਦਿਨ ਉਹ ਏਸ ਤਰ੍ਹਾਂ ਮਾਰ ਖਾ ਖਾ ਕੇ ਘਰ ਦੇ ਸਾਹਮਣੇ ਗਲੀ ਵਿਚ ਬੈਠੀ ਹੋਈ ਸੀ। ਉਹਦੇ ਉੱਡੇ ਹੋਏ ਰੰਗ ਤੇ ਸੁੱਕੇ ਹੋਏ ਬੁੱਲ੍ਹਾਂ ਤੋਂ ਪਤਾ ਲੱਗਦਾ ਸੀ, ਪਈ ਉਹਨੂੰ ਬੜੀ ਭੁੱਖ ਲੱਗੀ ਹੋਈ ਏ। ਮੈਂ ਕਬਾਬੀਏ ਤੋਂ ਚਾਰ ਨਾਨ ਤੇ ਪੰਜ ਸੱਤ ਕਬਾਬ ਲੈ ਕੇ ਰੁਮਾਲ ਵਿਚ ਬੱਧੇ ਤੇ ਬੜੀ ਮਿੰਨਤ ਸਮਾਜਤ ਨਾਲ ਆਖਿਆ, “ਕੁਝ ਖਾ ਲੈ। ਇੰਜ ਜਾਪਦਾ ਏ, ਤੂੰ ਕੁਝ ਨਹੀਂ ਖਾਧਾ।” ਉਹ ਦੁਪੱਟੇ ਨੂੰ ਸਿਰ ਤੋਂ ਮੂੰਹ ’ਤੇ ਖਿਸਕਾਂਦੀ ਹੋਈ ਬੋਲੀ, “ਭਰਾ ਜੀ, ਤੁਸੀਂ ਖੇਚਲ ਨਾ ਕਰੋ, ਮੈਂ ਆਪੇ ਖਾ ਲਾਂ ਗੀ। ਉਹ ਹੁਣੇ ਆਉਂਦੇ ਈ ਹੋਣਗੇ।” ਮੈਂ ਚੰਗੀ ਤਰ੍ਹਾਂ ਜਾਣਦਾ ਸਾਂ ਆਵਣ ਵਾਲਾ ਨਿੱਤ ਵਾਂਗੂੰ ਰਾਤ ਦੇ ਪਿਛਲੇ ਪਹਿਰ ਈ ਆਵੇਗਾ ਤੇ ਇਹਨੂੰ ਰੋਟੀ ਖਵਾਣ ਦੀ ਥਾਂ ਉਹ ਆਪ ਉਹਦੀ ਰੋਟੀ ਦਾ ਮੁਥਾਜ ਹੋਵੇਗਾ। ਮੈਂ ਉਹਨੂੰ ਆਖ ਆਖ ਕੇ ਰੋਟੀ ਫੜਾਈ, ਕਬਾਬੇ ਤੋਂ ਪਾਣੀ ਦਾ ਇਕ ਗਲਾਸ ਲੈ ਆਇਆ। ਉਹਨੇ ਇਕ ਰੋਟੀ ਇਕ ਕਬਾਬ ਆਪਣੇ ਲਈ ਰੱਖ ਲਿਆ ਤੇ ਰਹਿੰਦੇ ਲਵ੍ਹੇਟ ਕੇ ਵੱਖਰੇ ਕਰ ਲਏ। ਮੈਨੂੰ ਸਮਝ ਆ ਗਈ ਪਈ, ਇਹ ਆਵਣ ਵਾਲੇ ਦੀ ਟਹਿਲ ਸੇਵਾ ਦੀ ਤਿਆਰੀ ਹੋ ਰਹੀ ਏ। ਉਹ ਕੋਠੇ ਦੀ ਥੜ੍ਹੀ ’ਤੇ ਬਹਿ ਕੇ ਨੀਵੀਂ ਪਾ ਕੇ ਸੋਚ ਸੋਚ ਕੇ ਬੁਰਕੀਆਂ ਭੰਨਣ ਲੱਗ ਪਈ। ਮੈਂ ਉਹਦੇ ਨੇੜੇ ਈ ਥੜ੍ਹੀ ’ਤੇ ਬਹਿ ਗਿਆ। ਮੈਂ ਉਹਦੇ ਕੋਲੋਂ ਝਟਪਟ ਉੱਠ ਕੇ ਏਸ ਬਨ ਮਾਣਸ ਤੇ ਏਸ ਗੁਰੀਲੇ ਦੇ ਕਬਜ਼ੇ ਵਿਚ ਆ ਜਾਣ ਦਾ ਕਾਰਨ ਪੁੱਛਣਾ ਚਾਹੁੰਦਾ ਸਾਂ। ਜਦੋਂ ਉਹ ਰੋਟੀ ਖਾ ਕੇ, ਪਾਣੀ ਪੀ ਕੇ “ਅੱਲ੍ਹਾ ਤੇਰਾ ਸ਼ੁਕਰ ਏ” ਆਖ ਕੇ ਬਹਿ ਗਈ ਤੇ ਮੈਂ ਉਹਦੇ ਕੋਲੋਂ ਪੁੱਛ ਈ ਲਿਆ। ਹਉਕਾ ਭਰ ਕੇ ਬੋਲੀ, “ਪੁੱਛ ਕੇ ਕੀ ਕਰੋਗੇ ?” ਮੈਂ ਆਖਿਆ, “ਐਵੇਂ ਆਪਣੇ ਦਿਲ ਨੂੰ ਤਸੱਲੀ ਦੇਣ ਵਾਸਤੇ। ਜਦੋਂ ਕੁਝ ਪੁੱਛਣ ਨੂੰ ਜੀ ਕਰਦਾ ਹੋਵੇ, ਨਾ ਪੁੱਛਣ ਤੋਂ ਕੁਝ ਪੁੱਛ ਲੈਣਾ ਚੰਗਾ ਹੁੰਦਾ ਏ।”

ਉਹ ਉਸੇ ਤਰ੍ਹਾਂ ਈ ਅੱਖਾਂ ਨੀਵੀਆਂ ਕਰਕੇ ਬੈਠੀ ਰਹੀ ਤੇ ਆਪਣੀ ਕਹਾਣੀ ਸੁਨਾਣ ਲੱਗ ਪਈ। ਗੱਲ ਕਰਦਿਆਂ ਇਕ ਵਾਰ ਰੁਕ ਗਈ ਤੇ ਏਸ ਤਰ੍ਹਾਂ ਬੁੱਕ ਬੁੱਕ ਰੋਣ ਲੱਗੀ, ਜਿਵੇਂ ਕੋਈ ਸੱਜਰਾ ਫੱਟ ਲੱਗਾ ਹੋਵੇ। ਮੈਂ ਉਹਨੂੰ ਤਸੱਲੀ ਦਿੱਤੀ ਤੇ ਗੱਲ ਅਗਾਂਹ ਟੋਰਨ ਲਈ ਆਖਿਆ। ਆਖਣ ਲੱਗੀ, “ਹੁਣ ਉਹ ਮੋੜ ਆਉਂਦਾ ਏ, ਜਿਸ ਦੇ ਕਾਰਨ ਮੈਂ ਬਾਜ਼ਾਰੋਂ ਉਠ ਕੇ ਏਥੇ ਆ ਗਈ। ਪਿਛਲਾ ਧੰਦਾ

ਮੁਕਾ ਦਿੱਤਾ। ਮੇਰੀ ਬਾਰੀ ਅੱਗੋਂ ਮਦਰੱਸੇ ਦੇ ਕੁਝ ਮੁੰਡੇ ਲੰਘਿਆ ਕਰਦੇ ਸੀ। ਜਿਵੇਂ ਮਦਰੱਸੇ ਦੇ ਮੁੰਡਿਆਂ ਦੀ ਵਾਦੀ ਹੁੰਦੀ ਏ, ਉਹ ਆਉਂਦੇ ਜਾਂਦੇ ਨੀਵੇਂ ਕੋਠੇ ਵਾਲੀਆਂ ਕਸਬੀਆਂ ਨੂੰ ਛੇੜਿਆ ਕਰਦੇ ਸੀ। ਕਦੀ ਮਿੱਟੀ ਦੀ ਪੁੜੀ ਬੰਨ੍ਹ ਕੇ ਸਾਡੀ ਕੋਠੜੀ ਵਿਚ ਸੁੱਟ ਜਾਣੀ। ਕਦੀ ਰੋੜਾ ਮਾਰ ਕੇ ਪਾਣੀ ਦੀ ਘੜੀ ਭੰਨ ਜਾਣੀ। ਕਦੀ ਨਜ਼ਰ ਬਚਾ ਕੇ ਹੁੱਕੇ ਤੋਂ ਚਿਲਮ ਲਾਹ ਕੇ, ਇਹ ਜਾ, ਅਹੁ ਜਾ। ਇਨ੍ਹਾਂ ਮੁੰਡਿਆਂ ਵਿਚ ਇਕ ਮੁੰਡਾ ਅਜਿਹਾ ਵੀ ਸੀ, ਜਿਹੜਾ ਸ਼ਰਾਰਤੀ ਨਹੀਂ ਸੀ। ਉਹ ਹੋਰਨਾਂ ਮੁੰਡਿਆਂ ਵਾਂਗੂੰ ਸਾਡੀ ਕੋਠੜੀ ਵਿਚ ਮਿੱਟੀ ਦੀ ਪੁੜੀ ਨਹੀਂ ਸੀ ਸੁੱਟਦਾ ਹੁੰਦਾ, ਨਾ ਈ ਸਾਡੀ ਘੜੀ ਭੰਨਦਾ ਸੀ। ਨਾ ਈ ਸਾਡੇ ਹੁੱਕੇ ਤੋਂ ਟੋਪੀ ਲਾਹ ਕੇ ਨੱਸਦਾ। ਇਕ ਵਾਰ ਮੈਂ ਉਹਨੂੰ ਸੈਨਤ ਨਾਲ ਆਪਣੇ ਕੋਲ ਸੱਦਿਆ। ਪਹਿਲਾਂ ਤੇ ਉਹ ਨਾ ਆਇਆ। ਪਰ ਜਦੋਂ ਮੈਂ ਦੋ ਇਕ ਵਾਰੀ ਸੈਨਤ ਮਾਰੀ ਤੇ ਜਦੋਂ ਸਾਰੇ ਮੁੰਡੇ ਅਗਾਂਹ ਟੁਰ ਗਏ ਉਹ ਮੇਰੇ ਕੋਲ ਆ ਕੇ ਖਲੋ ਗਿਆ। ਮੈਂ ਪੁੱਛਿਆ, "ਕਿਹੜੀ ਜਮਾਤ ਵਿਚ ਪੜ੍ਹਨਾ ਏ ?" ਆਖਣ ਲੱਗਾ, "ਨਾਵੀਂ ਵਿਚ।" ਉਹ ਦੂਹਰੇ ਪਿੰਡੇ ਦਾ ਸੀ ਤੇ ਕੱਦ ਬੁੱਤ ਵੱਲੋਂ ਸੋਹਲ ਜਾਪਦਾ ਸੀ। ਮੂੰਹ ਭੋਲਾ ਭਾਲਾ, ਗੋਲ ਮਟੋਲ। ਮੈਨੂੰ ਇੰਜ ਲੱਗਾ ਜਿਵੇਂ ਉਹਦਾ ਮੂੰਹ ਮੁਹਾਂਦਰਾ ਮੇਰੇ ਪੁੱਤਰ ਨਾਲ ਮੇਲ ਖਾਂਦਾ ਹੋਵੇ। ਉਹਦੀਆਂ ਅੱਖਾਂ ਜ਼ਰਾ ਛੋਟੀਆਂ ਤੇ ਨੱਕ ਜ਼ਰਾ ਫੀਹਨਾ ਸੀ। ਮੇਰੇ ਪੁੱਤਰ ਦੀ ਅੱਖਾਂ ਵੱਡੀਆਂ ਵੱਡੀਆਂ ਤੇ ਚਮਕੀਲੀਆਂ ਸਨ ਤੇ ਨੱਕ ਖੁੱਲ੍ਹਿਆ ਤੇ ਪਤਲਾ ਜਿਵੇਂ ਤਲਵਾਰ ਕੀ ਧਾਰ। ਮੈਂ ਅੰਦਰੋਂ ਅੰਦਰੀ ਹਿਸਾਬ ਲਾਇਆ ਪਈ ਮੇਰਾ ਲਾਲ ਵੀ ਹੁਣ ਨਾਵੀਂ ਵਿਚ ਹੋਵੇਗਾ। ਏਸ ਮੁੰਡੇ ਨੂੰ ਵੇਖ ਕੇ ਮੈਨੂੰ ਇੰਜ ਲੱਗਾ ਜਿਵੇਂ ਦੁੱਧ ਮੇਰੇ ਥਣਾਂ ਵਿਚ ਮੁੜ ਆਇਆ ਹੋਵੇ। ਮੈਂ ਆਖਿਆ, "ਕੁਝ ਖਾ ਪੀ ਲੈ।" ਆਖਣ ਲੱਗਾ, "ਨਾ...।" ਇਹ ਆਖ ਕੇ ਚਲਾ ਗਿਆ। ਮੈਂ ਜਾਂਦਿਆਂ ਉਹਦੀ ਕੰਡ ਵੱਲ ਤੱਕਦੀ ਰਹੀ। ਜਦੋਂ ਤੀਕ ਉਹ ਮੇਰੀਆਂ ਨਜ਼ਰਾਂ ਤੋਂ ਲੁਕ ਨਾ ਗਿਆ, ਮੈਂ ਨਜ਼ਰਾਂ ਉਧਰੋਂ ਨਾ ਹਟਾਈਆਂ। ਅਗਲੇ ਦਿਹਾੜੇ ਉਹਦੇ ਆਵਣ ਤੋਂ ਪਹਿਲਾਂ ਮੈਂ ਕੁਝ ਮਠਿਆਈ ਮੰਗਾ ਕੇ ਰੱਖ ਲਈ। ਉਹਨੇ ਲੰਘਦਿਆਂ ਮੇਰੇ ਵੱਲ ਵੇਖਿਆ ਤੇ ਮੈਂ ਉਹਨੂੰ ਕੋਲ ਸੱਦਿਆ। ਉਹਨੇ ਖਲੋਤਿਆਂ ਖਲੋਤਿਆਂ ਮਠਿਆਈ ਖਾ ਲਈ ਤੇ ਚਲਾ ਗਿਆ। ਹੁਣ ਮੈਂ ਉਹਨੂੰ ਉਡੀਕਣ ਲੱਗ ਪਈ। ਰੋਜ਼ ਉਹਦੇ ਖਾਣ ਪੀਣ ਲਈ ਕੁਝ ਨਾ ਕੁਝ ਤਿਆਰ ਰੱਖਦੀ। ਕਦੀ ਕੋਈ ਮੇਵਾ, ਕਦੀ ਕੋਈ ਮਠਿਆਈ। ਕਦੀ ਸ਼ਰਬਤ ਦਾ ਗਿਲਾਸ, ਕਦੀ ਚਾਹ ਦੀ ਪਿਆਲੀ, ਬਿਸਕੁਟ ਜਾਂ ਕੇਕ ਪੇਸਟਰੀ। ਇਕ ਵਾਰ ਮੈਂ ਉਹਨੂੰ ਛੁੱਟੀ ਵਾਲੇ ਦਿਨ ਸੱਦਿਆ। ਮੈਂ ਉਸ ਦਿਨ ਬੜੀ ਖੁਸ਼ ਸਾਂ। ਸਵੇਰੇ ਨਹਾ ਧੋ ਕੇ ਕੱਪੜੇ ਪਾਏ। ਦੋ ਰਕਾਤ ਨਮਾਜ਼ ਪੜ੍ਹੀ। ਬਾਜ਼ਾਰੋਂ ਸੌਦਾ ਲਿਆ ਕੇ ਉਹਦੇ ਲਈ ਕੋਫਤੇ ਬਣਾਏ। ਆਂਡਿਆਂ ਦਾ ਹਲਵਾ ਤਿਆਰ ਕੀਤਾ। ਖਮੀਰੀ ਰੋਟੀ ਪਕਾਈ। ਦੁੱਧ ਦਹੀਂ ਮੱਖਣ ਤੇ ਬਦਾਮ, ਭੁੱਜਾ ਹੋਇਆ ਪਿਸਤਾ ਉਹਦੀ ਸੇਵਾ ਲਈ ਤਿਆਰ ਕੀਤਾ। ਉਹ ਆਇਆ ਤੇ ਮੈਂ ਬੂਹਾ ਢੋਅ ਲਿਆ ਤੇ ਆਪਣੇ ਹੱਥ ਨਾਲ ਬੁਰਕੀਆਂ ਉਹਦੇ ਮੂੰਹ ਵਿਚ ਪਾਂਦੀ ਰਹੀ। ਉਸ ਰੱਜ ਕੇ ਸਭ ਚੀਜ਼ਾਂ ਖਾਧੀਆਂ ਤੇ ਹੱਸਦਾ ਗੜ੍ਹਕਦਾ ਚਲਾ ਗਿਆ। ਮੈਨੂੰ ਇੰਜ ਲੱਗਾ, ਜਿਵੇਂ ਮੈਂ ਆਪਣੇ ਪੁੱਤਰ ਦੀ ਰੋਟੀ ਵਰਜ ਕੇ ਪਕਾਈ ਹੋਵੇ। ਜਿਵੇਂ ਮੈਨੂੰ ਮੇਰਾ ਪੁੱਤਰ ਚਿਰਾਂ ਪਿੱਛੋਂ ਮਿਲਿਆ ਹੋਵੇ। ਉਸ ਦਿਨ ਮੈਂ ਕੱਪੜਿਆਂ ਵਿਚੋਂ ਬਾਹਰ ਨਿਕਲ ਨਿਕਲ ਪੈਂਦੀ ਸਾਂ। ਬਾਜ਼ਾਰ ਦੀਆਂ ਦੂਜੀਆਂ ਕਸਬੀਆਂ ਮੈਨੂੰ ਪੁੱਛਦੀਆਂ, "ਕੀ ਗੱਲ ਏ ? ਅੱਜ ਤੇ ਤੇਰਾ ਮੂੰਹ ਸੁਰਖੀਓਂ ਬਿਨਾਂ ਲਾਲ ਤੇ ਛਾਤੀਆਂ ਅੰਗੀਓਂ ਬਿਨਾਂ ਉੱਠੀਆਂ ਹੋਈਆਂ ਨੇ।" ਮੈਂ ਆਖਿਆ, "ਮੈਂ ਤੁਹਾਨੂੰ ਦੱਸ ਵੀ ਦੇਵਾਂ ਤੇ ਤੁਹਾਨੂੰ ਸਮਝ ਨਹੀਂ ਆਉਣੀ।"

"ਉਹ ਏਸ ਤਰ੍ਹਾਂ ਈ ਰੋਜ਼ ਆਉਂਦਾ ਸੀ ਤੇ ਮੈਨੂੰ ਮਿਲ ਕੇ ਚਲਾ ਜਾਂਦਾ ਸੀ। ਆਪਣੇ ਸਾਥੀਆਂ ਤੋਂ ਉਹ ਜਾਣ ਬੁਝ ਕੇ ਉਨ੍ਹਾਂ ਤੋਂ ਪਿੱਛੇ ਰਹਿ ਜਾਂਦਾ ਸੀ ਤਾਂ ਜੇ ਉਨ੍ਹਾਂ ਤੋਂ ਵਿਹਲਾ ਹੋ ਕੇ ਮੇਰੇ ਕੋਲ ਕੁਝ ਵੇਲੇ ਲਈ ਠਹਿਰ ਸਕੇ।

"ਇਕ ਵਾਰੀ ਉਹ ਰੋਜ਼ ਵਾਂਗੂੰ ਦਿਨ ਵੇਲੇ ਨਾ ਆਇਆ। ਮੇਰਾ ਦਿਲ ਡੁੱਬ ਗਿਆ। ਕਿਸਮ ਕਿਸਮ ਦੇ ਵਹਿਮ ਆ ਕੇ ਸਿਰ ਨੂੰ ਚਕਰਾ ਗਏ। ਰੱਬਾ ਮੇਰੇ ਲਾਲ ਦੀ ਖ਼ੈਰ! ਮਾਲਕਾ ਉਹਦਾ ਤੇ ਵਾਲ



ਵਿੰਗਾ ਨਾ ਹੋਵੇ। ਮੈਂ ਉਹਦੇ ਲਈ ਹਜ਼ਾਰਾਂ ਦੁਆਵਾਂ ਕਰ ਛੱਡੀਆਂ। ਸੈਂਕੜੇ ਮੰਨਤਾਂ ਮੰਨ ਛੱਡੀਆਂ। ਸ਼ਾਮ ਵੇਲੇ ਉਹ ਆਇਆ ਤੇ ਇਕ ਛਲਾਂਗ ਨਾਲ ਥੜ੍ਹਾ ਟੱਪ ਕੇ ਕੋਠੜੀ ਵਿਚ ਆ ਗਿਆ। ਮੈਂ ਉਹਦੇ ਪਿੱਛੇ ਆਈ। ਉਹਨੇ ਆਪ ਬੂਹਾ ਢੋਹਿਆ। ਉਹ ਘਬਰਾਇਆ ਹੋਇਆ ਸੀ। ਮੂੰਹ ਦਾ ਰੰਗ ਉੱਡਿਆ ਹੋਇਆ ਸੀ। ਮੈਂ ਉਹਦੀ ਹਿੱਕ 'ਤੇ ਹੱਥ ਰੱਖਿਆ। ਉਹਦਾ ਦਿਲ ਧੱਕ ਧੱਕ ਪਿਆ ਕਰਦਾ ਸੀ। ਉਹਦਾ ਰੰਗ ਪੀਲਾ ਪੈ ਗਿਆ ਸੀ ਤੇ ਹੋਂਠ ਕੰਬਦੇ ਸਨ। ਮੈਂ ਉਹਨੂੰ ਹੱਥੋਂ ਫੜ ਕੇ ਕੁਰਸੀ 'ਤੇ ਬਹਾਇਆ। ਉਹਦਾ ਹੱਥ ਬਰਫ਼ ਵਾਂਗੂੰ ਗਿੱਲਾ ਤੇ ਠੰਡਾ ਜਾਪਦਾ ਸੀ। ਮੈਂ ਉਹਦੇ ਸਿਰ 'ਤੇ ਹੱਥ ਫੇਰਿਆ ਤੇ ਉਹਨੂੰ ਸੀਨੇ ਨਾਲ ਲਾ ਕੇ ਪੁੱਛਿਆ, "ਲਾਲ ਤੈਨੂੰ ਰੱਬ ਦੀਆਂ ਰੱਖਾਂ। ਖ਼ੈਰ ਤੇ ਹੈ ? ਤੇਰੀ ਕਿਸੇ ਗੱਡੀ ਨਾਲ ਟੱਕਰ ਤੇ ਨਹੀਂ ਹੋ ਗਈ ?" ਮੈਨੂੰ ਹੂਬਹੂ ਇੰਜ ਜਾਪਦਾ ਸੀ, ਜਿਵੇਂ ਉਹ ਕਿਸੇ ਹਾਦਸੇ ਤੋਂ ਬਚ ਕੇ ਆਇਆ ਹੋਵੇ, ਮਾਂ ਦੀ ਗੋਦੀ ਵਿਚ ਲੁਕਣ ਵਾਸਤੇ, ਪਰ ਉਹਨੇ ਕੰਬਦੀ ਹੋਈ ਬਾਂਹ ਨਾਲ ਮੈਨੂੰ ਦੂਰ ਹਟਾ ਦਿੱਤਾ। ਕੁਰਸੀ ਛੱਡ ਕੇ ਮੇਰੀ ਮੰਜੀ 'ਤੇ ਬਹਿ ਗਿਆ। ਚੁੱਪ ਕਰਕੇ। ਚਾਹ ਦਾਨੀ ਵਿਚ ਗਰਮ ਚਾਹ ਦੀ ਪਿਆਲੀ ਹੈਗੀ ਸੀ। ਮੈਂ ਚਾਹ ਪਿਆਲੀ ਵਿਚ ਪਾ ਕੇ ਉਹਦੇ ਮੂੰਹ ਨੂੰ ਲਾ ਦਿੱਤੀ। ਉਹ ਇਕੋ ਸਾਹੇ ਡਕ ਡਕ ਪੀ ਗਿਆ। ਤੇ ਉਹਦੇ ਹੱਥਾਂ ਦਾ ਕਾਂਬਾ ਬੰਦ ਹੋ ਗਿਆ। ਇੰਜ ਜਾਪਦਾ ਸੀ, ਉਹਦਾ ਡਰ ਤੇ ਧੁੜਕੂ ਹੌਲੀ ਹੌਲੀ ਘਟ ਰਿਹਾ ਏ। ਉਹਨੇ ਮੈਨੂੰ ਮੰਜੀ 'ਤੇ ਆ ਜਾਣ ਲਈ ਆਖਿਆ। ਉਹਨੇ ਪਹਿਲਾਂ ਕਦੀ ਇੰਜ ਨਹੀਂ ਸੀ ਕੀਤਾ। ਉਹ ਕਦੀ ਮੇਰੀ ਮੰਜੀ 'ਤੇ ਨਹੀਂ ਸੀ ਬੈਠਾ। ਮੈਂ ਮੰਜੀ 'ਤੇ ਬੈਠੀ ਹੁੰਦੀ ਤੇ ਉਹ ਕੰਨੀ ਕਤਰਾ ਕੇ ਨਿਕਲ ਜਾਂਦਾ, ਮੇਰੇ ਨੇੜੇ ਨਾ ਆਉਂਦਾ। ਮੈਂ ਹੈਰਾਨ ਸਾਂ, ਅੱਜ ਕੀ ਗੱਲ ਏ ? ਖ਼ਬਰੇ ਉਹ ਥੱਕ ਗਿਆ ਏ ਤੇ ਆਰਾਮ ਕਰਨਾ ਲੋੜਦਾ ਏ। ਖਬਰੇ ਉਹਦਾ ਜੀ ਕਰਦਾ ਏ ਕਿ ਮੈਂ ਉਹਦਾ ਸਿਰ ਘੁੱਟਾਂ।

"ਪਰ ਮੇਰੀ ਕਰਮਾਂ ਸੜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਹਨੇ ਬੋਝੇ ਵਿਚੋਂ ਗੁੱਛਾ ਮੁੱਛਾ ਕੀਤਾ ਹੋਇਆ ਪੰਜਾਂ ਰੁਪਈਆਂ ਦਾ ਇਕ ਮੈਲਾ ਧਵਾਂਖਿਆ ਹੋਇਆ ਨੋਟ ਮੇਰੇ ਹੱਥ ਵਿਚ ਥਮਾ ਦਿੱਤਾ ਤੇ ਨਾਲ ਈ ਮੇਰੇ ਨਾਲ਼ੇ ਨੂੰ ਹੱਥ ਪਾਇਆ। ਮੈਂ ਤੜਪ ਕੇ ਉਹਦੇ ਤੋਂ ਦੂਰ ਹੋ ਗਈ। ਬੇਹਯਾ ਆਖਣ ਲੱਗਾ, "ਕਿਉਂ ? ਕੀ ਮੈਂ ਮਰਦ ਨਹੀਂ ?" ਮੈਂ ਉਹਨੂੰ ਧੱਕਾ ਮਾਰ ਕੇ ਥੜਿਓਂ ਹੇਠਾਂ ਸੁੱਟ ਦਿੱਤਾ। ਉਹ ਮੂੰਹ ਭਾਰ ਡਿੱਗਦਾ ਡਿੱਗਦਾ ਬਚਿਆ। ਨੱਸ ਗਿਆ ਤੇ ਪਿਛਾਂਹ ਮੁੜ ਕੇ ਵੀ ਨਾ ਵੇਖਿਆ। ਉਹਦੇ ਪਿੱਛੇ ਮੈਂ ਵੀ ਕੋਠੜੀਓਂ ਨਿਕਲ ਆਈ ਤੇ ਚੌੜ ਚੁਪੱਟ ਬੂਹਾ ਖੋਲ੍ਹ ਕੇ ਲੋਕਾਂ ਨੂੰ ਆਵਾਜ਼ ਦਿੱਤੀ, "ਲੁੱਟ ਲਉ, ਲੁੱਟ ਲਉ, ਇਹ ਚੀਜ਼ਾਂ ਮੇਰੇ ਕਿਸੇ ਕੰਮ ਦੀਆਂ ਨਹੀਂ।"

"ਭਰਾ ਜੀ! ਇਨ੍ਹਾਂ ਗੱਲਾਂ ਵਿਚ ਮੈਂ ਆਪਣੀ ਜਵਾਨੀ ਲੁਟਾ ਦਿੱਤੀ। ਆਪਣਾ ਸਤਰ, ਆਪਣੀ ਹਯਾ ਲੁਟਾ ਦਿੱਤੀ। ਪਰ ਹੁਣ ਮੈਂ ਡਿੱਠਾ ਬਾਜ਼ਾਰ ਵਿਚ ਬਹਿ ਕੇ ਮੇਰੇ ਅੰਦਰਲੀ ਮਾਂ ਵੀ ਲੁੱਟ ਘੱਤੀ ਏ। ਜੀਹਨੂੰ ਮੈਂ ਪੁੱਤਰ ਸਮਝਿਆ ਏ। ਏਸ ਬਾਜ਼ਾਰ ਵਿਚੋਂ ਮੈਨੂੰ ਉਹ ਵੀ ਮਾਂ ਨਹੀਂ ਸਮਝਦਾ। ਸਿਰਫ ਇਕ ਰੰਨ ਸਮਝਦਾ ਏ। ਇਕ ਕਸਬੀ, ਇਕ ਖ਼ਾਨਗੀ ਜਾਣਦਾ ਏ। ਲੋਕੀ ਸਮਝਦੇ ਹੋਣਗੇ ਪਈ ਕਸਬੀ ਦੀ ਬੇਇਜ਼ਤੀ ਨਹੀਂ ਹੋ ਸਕਦੀ। ਖ਼ਾਨਗੀ ਦੀ ਪੱਤ ਨਹੀਂ ਲਹਿ ਸਕਦੀ। ਪਰ ਏਸ ਗੱਲ ਨੂੰ ਸੱਚ ਸਮਝਣਾ ਉਸ ਦਿਨ ਤੋਂ ਕਸਬੀ ਦੀ ਪੱਤ ਲਹਿ ਗਈ, ਖ਼ਾਨਗੀ ਦੀ ਬੇਇਜ਼ਤੀ ਹੋ ਗਈ।

"ਮੈਂ ਆਪਣੇ ਆਪ ਨੂੰ ਆਖਿਆ, 'ਮੂੰਹ ਕਾਲੀਏ ਤੈਨੂੰ ਮੂੰਹ ਕਾਲਾ ਕਰਦਿਆਂ ਐਨਾ ਵੇਲਾ ਲੰਘਿਆ ਸੀ, ਪਰ ਅਸਲੀ ਮੂੰਹ ਕਾਲਾ ਤੇਰਾ ਅੱਜ ਹੋਇਆ ਏ। ਅੱਜ ਤੇਰਾ ਕੱਖ ਨਹੀਂ ਰਿਹਾ। ਨਿਕਲ ਏਸ ਬਾਜ਼ਾਰ ਵਿਚੋਂ।'

"ਮੈਂ ਉਸ ਬਾਜ਼ਾਰ ਵਿਚੋਂ ਨਿਕਲ ਆਈ ਤੇ ਹੁਣ ਇਕ ਖਸਮ ਦੀ ਹੋ ਕੇ ਰਹਿਨੀ ਆਂ।

"ਏਥੇ ਰੋਜ਼ ਮੈਨੂੰ ਮਾਰ ਪੈਂਦੀ ਏ, ਪਰ ਏਥੇ ਮੈਨੂੰ ਕੋਈ ਮਾਂ ਆਖ ਸਕਦਾ ਏ, ਕੋਈ ਮੈਨੂੰ ਭੈਣ ਸਮਝ ਸਕਦਾ ਏ।"

## ਰਿਸ਼ਤੇ/ਰਾਮ ਲਾਲ

ਰਾਤ ਦੇ ਦੋ ਵੱਜ ਚੁੱਕੇ ਸਨ।

ਮੁਕਤਾ ਹਾਲੀਂ ਬੱਤੀ ਬੁਝਾ ਕੇ ਪਲੰਘ 'ਤੇ ਪਈ ਹੀ ਸੀ ਕਿ ਅਚਾਨਕ ਕਿਸੇ ਨੇ ਦਰਵਾਜ਼ਾ ਖੜਕਾਇਆ।

"ਕੌਣ ਏ ?"

ਦਿਨ ਭਰਦੀ ਮਿਹਨਤ ਗੁੱਸਾ ਬਣ ਕੇ ਨੱਕ 'ਤੇ ਇਕੱਠੀ ਹੋ ਗਈ।

ਕੋਈ ਜਵਾਬ ਨਾ ਮਿਲਿਆ।

ਉਹ ਇਸ ਸਮੇਂ ਕਿਸੇ ਲਈ ਵੀ ਦਰਵਾਜ਼ਾ ਖੱਲ੍ਹਣ ਵਾਸਤੇ ਤਿਆਰ ਨਹੀਂ ਸੀ। ਸ਼ਾਮ ਤੋਂ ਹੁਣ ਤੱਕ ਇੰਨੀ ਜ਼ਿਆਦਾ ਮਿਹਨਤ ਕਰ ਚੁੱਕੀ ਸੀ ਕਿ ਹੁਣ ਬੱਸ ਅੱਖਾਂ ਬੰਦ ਕਰਕੇ ਸੌਂ ਜਾਣਾ ਚਾਹੁੰਦੀ ਸੀ। ਨੀਂਦ ਨੇ ਆਪ ਹੀ ਉਸ ਨੂੰ ਦਬੋਚ ਲੈਣਾ ਸੀ। ਉਸ ਦਾ ਅੰਗ ਅੰਗ ਟੁੱਟ ਰਿਹਾ ਸੀ।

ਜੇ ਕੋਈ ਇਕ ਬੰਨੇ ਹਜ਼ਾਰ ਰੁਪਏ ਰੱਖ ਦੇਵੇ ਤੇ ਦੂਜੇ ਬੰਨੇ ਮੌਤ-ਉਹ ਮੌਤ ਹੀ ਦੀ ਚੋਣ ਕਰੇਗੀ। ਇਸ ਸਮੇਂ ਮੌਤ ਦੀ ਝੋਲੀ ਵਿਚ ਹੀ ਇੰਨਾ ਸੁਖ ਮਿਲ ਸਕਦਾ ਹੈ।

"ਕੌਣ ਏ ?"

ਆਉਣ ਵਾਲਾ ਹਾਲੀਂ ਤੱਕ ਦਰਵਾਜ਼ੇ 'ਤੇ ਹੀ ਖੜਾ ਸੀ : ਪੱਥਰਾਂ ਦੀ ਪੌੜੀ ਤੇ ਬੂਟ ਘਸਣ ਦੀ ਆਵਾਜ਼ ਸੁਣਾਈ ਦੇ ਰਹੀ ਸੀ।

ਕੁਝ ਦੇਰ ਤੱਕ ਉਹ ਨਿਸੱਤੀ ਜਿਹੀ ਪਈ ਰਹੀ, ਸੁਸਤ ਮੱਝ ਵਾਂਗ। ਇਸ ਪਿੱਛੋਂ ਉਸ ਦਾ ਚੀਕ ਕੇ "ਕੌਣ ਏ ?" ਦੁਹਰਾਉਣ ਦਾ ਇਰਦਾ ਨਹੀਂ ਸੀ (ਹੋਵੇਗਾ ਕੋਈ)।

ਅਚਾਨਕ ਉਸ ਨੂੰ ਚੇਤੇ ਆਇਆ-ਨਾਰਾਇਣ ਆਇਆ ਹੋਵੇਗਾ (ਗੌਸ ਗੰਜ ਦੇ ਲਕੜੀ ਦੇ ਟਾਲ ਵਾਲਾ ਨਾਰਾਇਣ। ਕਦੇ ਕਦੇ ਰਾਤ ਨੂੰ ਇਸ ਸਮੇਂ ਆ ਨਿਕਲਦਾ ਹੈ। ਮੋਟਾ-, ਭੱਦਾ, ਬੇਹੱਦ ਸ਼ਰਮੀਲਾ। ਰੁਪਏ ਪੈਸਿਆਂ ਮਗਰੋਂ ਉਸ ਦੇ ਸ਼ਰਮੀਲੇਪਣ ਵਿਚ ਹੀ ਕੁਝ ਖਿੱਚ ਹੁੰਦੀ ਹੈ। ਹਾਲੀਂ ਉਸ ਦਾ ਵਿਆਹ ਨਹੀਂ ਹੋਇਆ। ਇਥੇ ਆ ਕੇ ਜਿੰਨਾ ਵਕਤ ਗੁਜ਼ਾਰਦਾ ਹੈ, ਚੁੱਪ ਹੀ ਰਹਿੰਦਾ ਹੈ। ਕੇਵਲ ਜਾਣ ਲੱਗਿਆਂ ਆਪਣੀ ਬੇਸੁਰੀ ਆਵਾਜ਼ ਵਿੱਚ ਪੁੱਛਦਾ ਹੈ, ਜਾਵਾਂ ?)।

(ਉਹ ਮੈਨੂੰ ਕਦੇ ਤੰਗ ਨਹੀਂ ਕਰਦਾ। ਮੈਂ ਆਪ ਉਸ ਨੂੰ ਤੰਗ ਕੀਤਾ ਕਰਦੀ ਹਾਂ। ਛੇੜਨ ਕਰਕੇ ਹੀ ਮੂੰਹ ਮੰਗੀ ਰਕਮ ਵੀ ਲੈਂਦੀ ਹਾਂ। ਉਹ ਕਿੰਨਾ ਮਨਮੋਹਣਾ ਹੈ। ਗੋਲ-ਮਟੋਲ ਜਿਹਾ। ਉਸ ਨੇ ਮੇਰੀ ਇਸ ਗੱਲ ਦਾ ਵਿਸ਼ਵਾਸ ਕੀਤਾ ਹੋਇਆ ਹੈ ਕਿ ਉਹ ਬਹੁਤ ਹੀ ਸੁਣੱਖਾ ਹੈ। ਜਦੋਂ ਮੈਂ ਅੱਖਾਂ 'ਚ ਉਦਾਸੀ ਭਰ ਕੇ ਉਸ ਨੂੰ ਵਿਦਾ ਕਰਦੀ ਹਾਂ ਤਾਂ ਉਹ ਆਪਣੇ ਆਪ ਨੂੰ ਦੋਸ਼ੀ ਸਮਝਦਾ ਹੋਇਆ ਪਰਤਦਾ ਹੈ। ਉਹ ਕਿਉਂ ਜਾ ਰਿਹਾ ਹੈ ? ਕਿਉਂ ਜਾ ਰਿਹਾ ਹੈ ? ਇਕ ਤੀਵੀਂ ਨੂੰ ਉਦਾਸ ਕਰ ਕੇ)।

ਨਾਰਾਇਣ ਦੀ ਕਲਪਨਾ ਕਰਕੇ ਉਸ ਅੰਦਰ ਕੁਝ ਗੁਦਗੁਦੀ ਜਿਹੀ ਹੋਈ। ਪਰ ਉਹ ਇਸ ਸਮੇਂ ਨਾਰਾਇਣ ਨੂੰ ਵੀ ਮਿਲਣ ਲਈ ਤਿਆਰ ਨਹੀਂ ਸੀ। ਅੱਖਾਂ ਮੀਚੀ ਪਈ ਰਹੀ। (ਉਹ ਆਪੇ ਮੁੜ ਜਾਵੇਗਾ)।

ਕੁਝ ਵਕਤ ਲੰਘ ਗਿਆ।

ਫਿਰ ਅਚਾਨਕ ਉਸ ਦੇ ਦਿਲ ਵਿਚ ਨਾਰਾਨਿ ਲਈ ਤਰਸ ਪੈਦਾ ਹੋ ਗਿਆ (ਮੀਂਹ ਵਿਚ ਕਿੱਥੇ ਮਾਰਿਆ ਮਾਰਿਆ ਫਿਰਦਾ ਰਹੇਗਾ, ਵਿਚਾਰਾ........। ਉਸ ਨੂੰ ਜਿੰਨਾ ਪਿਆਰ ਮੈਂ ਦਿੰਦੀ ਹਾਂ, ਉੱਨਾ ਉਸ ਨੂੰ ਕਿਤੋਂ ਵੀ ਨਹੀਂ ਮਿਲੇਗਾ। ਕੋਲ ਬੁਲਾ ਕੇ ਸੁਆਂ ਕਿਉਂ ਨਾ ਲਵਾਂ ? ਕੁਝ ਕਰਨ ਨਹੀਂ ਦਿਆਂਗੀ)। ਉਠ ਕੇ ਦਰਵਾਜ਼ਾ ਖੋਲ੍ਹਣ ਚਲੀ। ਪਹਿਲਾਂ ਬੱਤੀ ਜਗਾਈ, ਫਿਰ ਵਾਲਾਂ ਵਿਚੋਂ ਨਿਕਲ



ਕੇ ਢਹਿੰਦੀ ਹੋਈ ਇਕ ਸੂਈ ਨੂੰ ਅਲਮਾਰੀ ਵੱਲ ਸੁੱਟ ਦਿੱਤਾ। ਦੋਹਾਂ ਹੱਥਾਂ ਨਾਲ ਵਾਲਾਂ ਨੂੰ ਛੇਤੀ-ਛੇਤੀ ਸਮੇਟ ਕੇ ਗੁੰਦ ਦਿੱਤਾ। ਦਰਵਾਜ਼ੇ 'ਤੇ ਨਾਰਾਇਣ ਨਹੀਂ ਸੀ, ਕੋਈ ਹੋਰ ਸੀ।

ਇਕ ਗੱਭਰੂ, ਦੁਬਲਾ-ਪਤਲਾ, ਦਰਮਿਆਨੇ ਕੱਦ ਦਾ, ਨਸ਼ੇ 'ਚ ਝੂੰਮਦਾ ਹੋਇਆ ਜਿਹਾ, ਪਰ ਚੁੱਪ, ਬਿਲਕੁਲ ਚੁੱਪ। ਸਿਰਫ਼ ਉਸ ਦੀ ਮੈਲੀ ਟੀ-ਸ਼ਰਟ ਦੇ ਸ਼ੋਖ਼ ਰੰਗ ਹੀ ਕੁਝ ਬੋਲ ਰਹੇ ਸਨ।

"ਕੀ ਏ ?" ਮੁਕਤਾ ਦਾ ਲਹੂ ਖੌਲ ਪਿਆ। ਮਨਤੀਚਾ ਤਿ ਖਟਾਕ ਨਾਲ ਦਰਵਾਜ਼ਾ ਉਸ ਦੇ ਨੱਕ 'ਤੇ ਦੇ ਮਾਰੇ।

ਉਹ ਚੁੱਪ ਖੜਾ ਰਿਹਾ।

"ਟੈਮ ਖਤਮ ਹੋ ਗਿਐ, ਜਾ।"

ਉਸ ਮੁਕਤਾ ਨੂੰ ਦਰਵਾਜ਼ਾ ਬੰਦ ਨਾ ਕਰਨ ਦਿੱਤਾ। ਅੰਦਰ ਆ ਗਿਆ। ਸਿੱਧਾ ਪਲੰਘ ਦੀ ਬਾਹੀ 'ਤੇ ਜਾ ਕੇ ਬੈਠ ਗਿਆ ਤੇ ਹੇਠਾਂ ਦੇਖਣ ਲੱਗਾ। ਚਿੱਕੜ ਨਾਲ ਭਰੇ ਹੋਏ ਆਪਣੇ ਬੂਟਾਂ ਵੱਲ। ਲੱਤਾਂ ਨਾਲ ਚਿਪਕੀ ਹੋਈ ਪਤਲੂਨ ਤੇ ਵੀ ਚਿਕੜ ਦੀਆਂ ਛਿੱਟਾਂ ਜੰਮੀਆਂ ਹੋਈਆਂ ਸਨ।

"ਮੈਂ ਇਸ ਟੈਮ ਕਿਸੇ ਨੂੰ ਨਹੀਂ ਰੱਖਦੀ, ਸੁਣਿਆ।

ਇਹ ਸੁਣ ਕੇ ਉਸ ਨੇ ਸਿਰ ਚੁੱਕਿਆ ਤਾਂ ਮੁਕਤਾ ਨੂੰ ਉਸ ਦੀਆਂ ਅੱਖਾਂ ਵਿੱਚ ਅੱਥਰੂ ਨਜ਼ਰ ਆ ਗਏ। ਉਹ ਹੈਰਾਨ ਜਿਹੀ ਖਲੋਤੀ ਰਹਿ ਗਈ। ਸੋਚਦੀ ਹੋਈ ਜਿਹੀ, ਕੁਝ ਸਮਝਣ ਦੀ ਕੋਸ਼ਿਸ਼ ਕਰਦੀ ਹੋਈ ਜਿਹੀ। ਫਿਰ ਉਹ ਦਰਵਾਜ਼ੇ ਕੋਲ ਜਾ ਕੇ ਅੰਦਰੋਂ ਕੁੰਡੀ ਲਾ ਦਿੱਤੀ ਤੇ ਮੁੜ ਕੇ ਉਸ ਦੇ ਕੋਲ ਆ ਕੇ ਖੜੀ ਹੋ ਗਈ।

ਉਹ ਬਾਹਾਂ ਨਾਲ ਅੱਖਾਂ ਪੂੰਝ ਰਿਹਾ ਸੀ। ਕੁਝ ਪਲਾਂ ਮਗਰੋਂ ਭਰੀ ਹੋਈ ਆਵਾਜ਼ ਵਿੱਚ ਬੋਲਿਆ, "ਮੇਰੇ ਕੋਲ ਪੈਸੇ ਨਹੀਂ, ਪਰ ਮੈਂ ਇਸ ਕੰਮ ਨਹੀਂ ਆਇਆਂ।"

"ਫਿਰ ਕਿਉਂ ਆਇਆ ਏਂ ?"

ਮੁਕਤਾ ਨੂੰ ਇਸ ਸਦਮੇ ਦਾ ਅਨੁਭਵ ਹੋਇਆ। ਪੈਸਿਆਂ ਦੇ ਨਾ ਹੋਣ ਹੀ ਖ਼ਬਰ ਸੁਣ ਕੇ ਨਹੀਂ (ਆਖਰ ਇਹ ਲੋਕੀਂ ਇੱਥੇ ਕਿਹੋ ਜਿਹਾ ਅਧਿਕਾਰ ਸਮਝ ਕੇ ਆ ਜਾਂਦੇ ਨੇ। ਇਹ ਲੋਕੀਂ ਹਮੇਸ਼ਾ ਤਕਲੀਫ਼ ਦਿੰਦੇ ਨੇ। ਕਿਸੇ ਦੇ ਦਿਲ ਵਿਚ ਮਨੁੱਖੀ ਹਮਦਰਦੀ ਪੈਦਾ ਕਰ ਕੇ ਲੁੱਟਣ ਦਾ ਇਹ ਅਨੋਖਾ ਢੰਗ ਹੈ)।

"ਪਤਾ ਨਹੀਂ ਕਿਉਂ ਚਲਿਆ ਆਇਆ ?" ਉਸ ਦੀ ਆਵਾਜ਼ 'ਚ ਕੰਬਣੀ ਪੈਦਾ ਹੋ ਗਈ ਸੀ। ਅੱਧੇ ਸ਼ਬਦ ਹੌਲੀ ਕਹਿਣ ਦੀ ਭੇਟ ਚੜ੍ਹ ਗਏ।

"ਤੂੰ ਪੀਤੀ ਹੋਈ ਏ, ਨਾ ?"

"ਇਕ ਜਾਣਕਾਰ ਮਿਲ ਗਿਆ। ਪੀਣ ਜਾ ਰਿਹਾ ਸੀ।"

ਮੁਕਤਾ ਸ਼ਾਂਤ ਹੋ ਗਈ (ਉਸ 'ਤੇ ਗੁੱਸਾ ਕਰਨਾ ਵਿਅਰਥ ਹੋਵੇਗਾ) ਉਹ ਪਲੰਘ ਤੇ ਜਾ ਕੇ ਪੈ ਗਈ। ਪਾਸਾ ਬਦਲ ਕੇ ਉਸ ਦੇ ਨੇੜੇ ਹੋ ਗਈ। ਉਸ ਨੂੰ ਧਿਆਨ ਨਾਲ ਦੇਖਣ ਲੱਗੀ। (ਤੇਈ ਚੌਵੀਆਂ ਦੀ ਉਮਰ ਦਾ, ਮੱਥੇ 'ਤੇ ਵਾਲਾਂ ਦਾ ਛੱਜਾ, ਸਤ-ਅੱਠ ਰੁਪਏ ਦੀ ਕੱਚੇ ਰੰਗਾਂ ਵਾਲੀ ਟੀ-ਸ਼ਰਟ, ਤੇ ਰੰਗਾਂ ਨਾਲ ਚਿੱਪਕੀ ਹੋਈ ਕਿਸੇ ਬਹੁਤ ਹੀ ਘਟੀਆ ਕੱਪੜੇ ਦੀ ਪਤਲੂਨ)।

ਮੁਕਤਾ ਨੇ ਉਸ ਦੀ ਪਿੱਠ ਨੂੰ ਛੂਹਿਆ। ਪਿਆਰ ਨਾਲ ਹੱਥ ਫੇਰਨ ਲੱਗੀ ਤੇ ਪੁੱਛਿਆ-

"ਕਿਧਰੇ ਕੰਮ ਵੀ ਕਰਦਾ ਏਂ ਨਾ ?"

"ਜੀ ਹਾਂ।"

"ਕਿੱਥੇ ?"

"ਕਾਰਪੋਰੇਸ਼ਨ ਦੇ ਹਸਪਤਾਲ ਵਿੱਚ।"

"ਕਿੱਥੇ ?" ਮੁਕਤਾ ਕੂਹਣੀਆਂ ਭਾਰ ਬਿਲਕੁਲ ਉਲਟੀ ਹੋ ਗਈ।

"ਬੁੱਢੇ ਨਾਲੇ ਤੇ ਜਿਹੜੀ ਡਿਸਪੈਂਸਰੀ ਏ ਨਾ।"

"ਠੀਕ।" ਮੁਕਤਾ ਫਿਰ ਸਿੱਧੀ ਪੈ ਗਈ, ਪਰ ਉਸ ਦਾ ਹੱਥ ਉਸ ਦੀ ਪਿੱਠ 'ਤੇ ਹੀ ਰਿਹਾ।

"ਉਥੇ ਤੂੰ ਕੀ ਏਂ ? ਡਾਕਟਰ ?"

ਉਸ ਨੇ ਪਹਿਲੀ ਵਾਰ ਸਿਰ ਘੁੰਮਾ ਕੇ ਮੁਕਤਾ ਨੂੰ ਗੁਹ ਨਾਲ ਦੇਖਿਆ। ਇਹ ਜਾਣਨ ਲਈ ਕਿ ਕੀ ਉਹ ਉਸ ਦਾ ਮਜ਼ਾਕ ਉਡਾਉਣਾ ਚਾਹੁੰਦੀ ਹੈ। ਫਿਰ ਉਵੇਂ ਹੀ ਸਿਰ ਨੀਵਾਂ ਕਰਕੇ ਬੋਲਿਆ, "ਲਹੂ ਤੇ ਪੀਕ ਭਰੇ ਜ਼ਖ਼ਮ ਧੋਂਦਾ ਹਾਂ।"

ਪਰ ਉਸ ਦੇ ਲਹਿਜੇ ਵਿਚ ਕੜਵਾਹਟ ਨਾਂ-ਮਾਤਰ ਵੀ ਨਹੀਂ ਸੀ, ਸ਼ਿਕਾਇਤ ਦਾ ਅੰਤ ਵੀ ਨਹੀਂ। ਬੱਸ, ਇਕ ਅਜੀਬ ਜਿਹੀ ਉਦਾਸੀ ਸੀ, ਮਲਾਲ ਸੀ, ਜਿਵੇਂ ਬਾਜ਼ੇ ਲੋਕੀਂ ਕਾਤਲ ਹੁੰਦੇ ਹੋਏ ਵੀ ਬਿਲਕੁਲ ਨਿਰਦੋਸ਼ ਦਿਖਾਈ ਦਿੰਦੇ ਹਨ।

"ਕਿੰਨੀ ਤਰਖਾਣ ਮਿਲਦੀ ਏ ?"

"ਨੱਬੇ।"

ਮੁਕਤਾ ਉਸ ਦੀ ਪਿੱਠ 'ਤੇ ਹੱਥ ਫੇਰਦੀ ਸਿਰ ਤੱਕ ਲੈ ਗਈ। ਉਸ ਦਾ ਹੱਥਾ ਸਿਰ 'ਤੇ ਰੁਕਿਆ ਰਹਿ ਗਿਆ। ਉਸ ਦੀਆਂ ਉਂਗਲਾਂ ਵਿਚਕਾਰ ਉਸੇ ਦੇ ਭੂਰੇ ਖੁਸ਼ਕ ਵਾਲ ਫਸੇ ਹੋਏ ਸਨ। ਕੁਝ ਪਲਾਂ ਮਗਰੋਂ ਉਸ ਨੇ ਉਸ ਦੇ ਸਿਰ ਨੂੰ ਥਾਪੜਿਆ ਤੇ ਕਿਹਾ-

"ਰੋਜ਼ ਪੀਂਦਾ ਏਂ ?"

"ਕਦੇ ਕਦੇ ਜਦੋਂ ਕੋਈ ਪਿਆ ਦਿੰਦਾ ਏ।"

"ਕੌਣ ਕੌਣ ਪਿਆਂਦਾ ਏ ਤੈਨੂੰ ?"

"ਕਈ ਨੇ, ਕੁਝ ਲੋੜਵੰਦ ਨੇ। ਜਿਨ੍ਹਾਂ ਨੂੰ ਹਸਪਤਾਲੋਂ ਚੋਰੀ ਦਵਾਈਆਂ ਤੇ ਪੱਟੀਆਂ ਦੇ ਦਿਆ ਕਰਦਾ ਹਾਂ ਤੇ ਜਿਨ੍ਹਾਂ ਨੂੰ ਮੈਂ ਸਲਾਮ ਕਰਦਾ ਹਾਂ।"

"ਕਿੱਥੋਂ ਤੱਕ ਪੜ੍ਹਿਆ ਏਂ ?"

"ਦਸ ਪਾਸ ਨ੍ਹੀਂ ਕਰ ਸਕਿਆ ਸੀ।"

"ਕਿਉਂ ? ਘਰ ਵਿਚ ਤੇਰੇ ਕੌਣ ਕੌਣ ਏ ?"

ਉਹ ਜਵਾਬ ਦੇਣ ਦੀ ਥਾਂ ਫੁਟ-ਫੁਟ ਕੇ ਰੋ ਪਿਆ, ਦੋਹਾਂ ਹੱਥਾਂ 'ਚ ਮੂੰਹ ਲੁਕੋ ਕੇ ਉਸ ਦਾ ਸਾਰਾ ਸਰੀਰ ਹਿਚਕੀਆਂ ਕਾਰਣ ਹਿਲਦਾ ਰਿਹਾ। ਮੁਕਤਾ ਉਠ ਕੇ ਬੈਠ ਗਈ। ਪਰ ਉਸ ਨੇ ਉਸ ਨੂੰ ਰੋਣ ਦਿੱਤਾ (ਜ਼ਰੂਰ ਹੀ ਹੋਈ ਅਸਾਧਾਰਣ ਘਟਨਾ ਹੋ ਗਈ ਹੋਵੇਗੀ ਇਸ ਨਾਲ)।

ਜਦੋਂ ਉਸ ਦਾ ਦਿਲ ਹਲਕਾ ਹੋ ਗਿਆ ਤਾਂ ਉਹ ਬੋਲਿਆ, "ਅੱਜ ਮੇਰੀ ਮਾਂ ਚਲ ਬਸੀ, ਬੱਸ ਉਹੋ ਸੀ ਮੇਰਾ ਸਭ ਕੁਸ਼।"

ਮੁਕਤਾ ਨੂੰ ਬਹੁਤ ਅਫਸੋਸ ਹੋਇਆ। ਉਸ ਨੂੰ ਵਿਅਰਥ ਹੀ ਡਾਂਟਦੀ ਰਹੀ। ਦੇਖਦਿਆਂ ਹੀ ਉਸ ਦਾ ਦੁਖ ਕਿਉਂ ਨਾ ਜਾਣ ਲਿਆ ?

ਉਸ ਨਾਲ ਪਲੰਘ ਦੀ ਬਾਹੀ 'ਤੇ ਪੈਰ ਲਟਕਾ ਕੇ ਬੈਠ ਗਈ।

"ਕੀ ਹੋਇਆ ਸੀ ਤੇਰੀ ਮਾਂ ਨੂੰ ? ਕਦੋਂ ਮਰੀ ਵਿਚਾਰੀ ? ਸਸਕਾਰ ਕਰ ਆਏ ?"

"ਅੱਜ ਦੁਪਿਹਰ ਨੂੰ ਸੜਕ ਕਿਨਾਰੇ ਅਚਾਨਕ ਮਰ ਗਈ। ਇਕ ਦਫ਼ਤਰ 'ਚ ਬਾਬੂਆਂ ਦਾ ਖਾਣਾ ਲੈ ਕੇ ਜਾਂਦੀ ਸੀ। ਉਨ੍ਹਾਂ ਨੂੰ ਖਾਣਾ ਖੁਆ ਕੇ ਮੁੜੀ ਸੀ।"



"ਫਿਰ ? ਫਿਰ ?"

"ਉਸ ਨੂੰ ਕਾਰਪੋਰੇਸ਼ਨ ਵਾਲੇ ਚੁੱਕ ਕੇ ਮੈਡੀਕਲ ਕਾਲਜ ਲੈ ਗਏ ਨੇ।"

"ਕਿਉਂ ?"

"ਪੋਸਟ-ਮਾਰਟਮ ਲਈ। ਪਰ ਮੈਂ ਉਸ ਦੀ ਲਾਸ਼ ਲੈਣ ਨਹੀਂ ਜਾਵਾਂਗਾ। ਕਾਰਪੋਰੇਸ਼ਨ ਵਾਲੇ ਖੁਦ ਹੀ ਸਵੇਰ ਤੱਕ ਸਾੜ ਦੇਣਗੇ। ਮੇਰੇ ਕੋਲ ਇੰਨੇ ਰੁਪਏ ਹੀ ਨਹੀਂ।

ਮੁਕਤਾ ਹੈਰਾਨੀ ਨਾਲ ਉਸ ਵੱਲ ਦੇਖਦੀ ਰਹੀ।

"ਕੀ ਫਰਕ ਪੈਂਦਾ ਏ ! ਰੋਜ਼ ਹੀ ਇਵੇਂ ਕਈ ਆਦਮੀ ਸਾੜ ਦਿੱਤੇ ਜਾਂਦੇ ਨੇ ਜਾਂ ਦਫ਼ਨਾ ਦਿੱਤੇ ਜਾਂਦੇ ਨੇ।" ਉਸ ਨੇ ਘਗਿਆਏ ਗਲੇ ਵਿਚੋਂ ਪਹਿਲੀ ਵਾਰ ਨਿਖਰ ਕੇ ਆਵਾਜ਼ ਆਈ।

ਮੁਕਤਾ ਚੁੱਪ ਬੈਠੀ ਰਹੀ। ਕਿੰਨੀ ਦੇਰ ਤੱਕ ਕੁਝ ਨਾ ਪੁੱਛਿਆ। ਫਿਰ ਬੋਲੀ, "ਤੈਨੂੰ ਕੋਈ ਜਾਣਨ ਵਾਲੇ......ਦੋਸਤ ਵਗੈਰਾ ਨੇ ?"

"ਨੇ, ਪਰ ਉਨ੍ਹਾਂ ਨੂੰ ਮੈਂ ਨਹੀਂ ਕਹਾਂਗਾ। ਲੋੜ ਵੀ ਕੀ ਏ ? ਉਨ੍ਹਾਂ ਦੇ ਆਪਣੇ ਈ ਦੁੱਖ ਬਹੁਤ ਨੇ।"

"ਕਿਹੜੇ ਦੁੱਖ ?"

"ਮੈਂ ਕੀ ਜਾਣਾ ? ਸੈਂਕੜੇ ਕਿਸਮ ਦੇ ਦੁਖ ਹੁੰਦੇ ਨੇ। ਸਾਰਿਆਂ ਦੇ ਹੁੰਦੇ ਨੇ। ਹਰ ਥਾਂ ਹੁੰਦੇ ਨੇ।"

"ਫਿਰ ਵੀ ਇਕ-ਦੂਜੇ ਦੇ ਦੁੱਖ ਸੁਖ ਵਿਚ ਭਾਈਵਾਲ ਹੋਣਾ ਹੀ ਚਾਹਦਾ।" ਮੁਕਤਾ ਸਮਝ ਰਹੀ ਸੀ ਕਿ ਉਸਦਾ ਮਾਨਸਿਕ ਸੰਤੁਲਨ ਵਿਗੜ ਚੁੱਕਾ ਹੈ।

"ਸੁਖ ਨਾਂ ਦੀ ਕੋਈ ਚੀਜ਼ ਨਹੀਂ ਏ। ਜੋ ਏ ਉਹ ਵੀ ਇਕ ਦੁਖ ਹੀ ਏ। ਉਸ ਵੀ ਇਕ ਬੋਝ ਹੀ ਹੁੰਦਾ ਏ। ਉਸ ਵਿਚ ਭਾਈਵਾਲ ਹੋਣ ਲਈ ਵੀ ਬੜੀ ਹਿੰਮਤ ਚਾਹੀਦੀ ਏ।"

ਇਸ ਮਨੁੱਖੀ ਦਲੀਲ ਕਾਰਣ ਮੁਕਤਾ ਦੀ ਹੈਰਾਨੀ ਤੇ ਦਿਲਚਸਪੀ ਹੋਣ ਵਧੀ। ਉਸ ਨੇ ਉਸ ਦੇ ਚਿਹਰੇ 'ਤੇ ਛਾਈ ਹੋਈ ਉਦਾਸੀ ਤੇ ਬੇਬੱਸੀ ਨੂੰ ਗਹੁ ਨਾਲ ਦੇਖਿਆ। ਇਨ੍ਹਾਂ ਦੋਹਾਂ ਨੇ ਮਿਲ ਕੇ ਉਸ ਦੇ ਬਿਨਾਂ ਸ਼ੇਵ ਕੀਤੇ ਚਿਹਰੇ ਨੂੰ ਬਹੁਤ ਡਰਾਉਣਾ ਬਣਾ ਦਿੱਤਾ ਸੀ। ਲਗਦਾ ਸੀ ਉਸਦੀ ਮਾਂ ਨਹੀਂ ਮਰੀ, ਉਹ ਆਪ ਹੀ ਮਰ ਗਿਆ ਹੈ। ਏਅਰ-ਕੰਡੀਸ਼ਨਡ ਮੁਰਦਾ-ਖਾਨੇ ਵਿਚੋਂ ਰਖਵਾਲਿਆਂ ਦੀਆਂ ਨਜ਼ਰਾਂ ਤੋਂ ਬਚ ਕੇ ਇਥੇ ਚਲਿਆ ਆਇਆ ਹੈ। ਪਰ ਉਹ ਆਪਣੇ ਪਤਲੇ ਸਿੱਧੇ ਨੱਕ ਦੀ ਖੂਬਸੂਰਤੀ ਲਈ ਵੀ ਉਸ ਨੂੰ ਚੰਗਾ ਲੱਗ ਰਿਹਾ ਸੀ।

ਮੁਕਤਾ ਨੇ ਅਚਾਨਕ ਬਾਹਰ ਖਿੜਕੀ ਤੋਂ ਬਾਹਰ ਰੋਸ਼ਨੀ ਫੈਲਦੀ ਹੋਈ ਦੇਖ ਲਈ (ਹਲਕੀ ਹਲਕੀ ਉਦਾਸ ਰੋਸ਼ਨੀ, ਜਿਹੜੀ ਕੇਵਲ ਮਾਤਮ ਕਰਨ ਲਈ ਜਾਂ ਮਾਤਮ ਦੀ ਸੂਚਨਾ ਦੇਣ ਲਈ ਫੁਟਦੀ ਹੈ)।

ਉਹ ਪਲੰਘ ਤੋਂ ਉਤਰ ਕੇ ਖਿੜਕੀ ਕੋਲ ਗਈ। ਬਾਹਰ ਝਾਤ ਮਾਰੀ ਤੇ ਅੱਧਾ ਜਿਸਮ ਹੇਠਾਂ ਲਟਕਾ ਕੇ ਆਵਾਜ਼ ਦਿੱਤੀ, "ਓਏ, ਰਹਿਮਾਨ ਚਾਚਾ, ਜਾਗ ਰਹੇ ਹੋ ?"

ਉਸ ਨੂੰ ਕੋਈ ਉੱਤਰ ਨਾ ਮਿਲਿਆ। ਜਿਵੇਂ ਆਪਣੇ ਆਪ ਨੂੰ ਉਸ ਕਿਹਾ, "ਹਾਲੀਂ ਸੁਤਾ ਹੋਇਆ ਏ।"

ਪਰਤ ਕੇ ਸਿਰਹਾਣੇ ਹੇਠੋਂ ਪੰਜੀ ਪੈਸੇ ਚੁੱਕੇ, "ਸੁਣ, ਤੂੰ ਚਾਹ ਲੈ ਆਵੇਂਗਾ ? ਉਸ ਨੁਕਰ ਤੋਂ ਦੋ ਗਲਾਸ ਲੈ ਆ। ਫਿਰ ਮੈਂ ਤੇਰੇ ਨਾਲ ਚਲਾਂਗੀ ਸਮਸ਼ਾਨ।"

ਉਹ ਇਕ ਆਗਿਆਕਾਰ ਕੁੱਤੇ ਵਾਂਗ ਉਠ ਕੇ ਖਲੋ ਗਿਆ। ਉਸ ਦੀਆਂ ਅੱਖਾਂ ਵਿਚ ਵੀ ਉਹੋ ਹਾਵ-ਭਾਵ ਸਨ ਜਿਹੜੇ ਕਿਸੇ ਵੀ ਲੋੜਵੰਦ ਕੁੱਤੇ ਦੀਆਂ ਅੱਖਾਂ ਵਿਚ ਹੋ ਸਕਦੇ ਹਨ।

ਉਸ ਦੇ ਪੌੜੀਆਂ ਉਤਰਣ ਮਗਰੋਂ ਮੁਕਤਾ ਨੇ ਛੇਤੀ ਨਾਲ ਮੂੰਹ ਧੋਤਾ, ਵਾਲਾਂ ਨੂੰ ਕੰਘੀ ਕੀਤੀ, ਵਲੰਗਣੇ ’ਤੇ ਪਈ ਹੋਈ ਧੋਤੀ ਪਾ ਲਈ, ਜਿਹੜੀ ਉਹ ਕੇਵਲ ਸ਼ਾਮ ਨੂੰ ਬਾਰੀ ਕੋਲ ਬੈਠਣ ਸਮੇਂ ਵਰਤਿਆ ਕਰਦੀ ਸੀ ਤੇ ਇਕ ਪੁਰਾਣੇ ਡੱਬੇ ਵਿਚੋਂ ਤੀਹ ਰੁਪਏ ਕੱਢ ਕੇ ਬੁਲਾਊਂਜ ਵਿਚ ਪਾ ਲਏ।

ਚਾਹ ਪੀਣ ਮਗਰੋਂ ਉਹ ਦੋਵੇਂ ਬਾਹਰ ਆਏ।

ਇਕ ਰਿਕਸ਼ੇ ’ਚ ਬੈਠ ਕੇ ਪਹਿਲਾਂ ਮੈਡੀਕਲ ਕਾਲਜ ਗਏ। ਉਥੇ ਜਾ ਕੇ ਪਤਾ ਲਗਿਆ, ਥੋੜ੍ਹੀ ਦੇਰ ਪਹਿਲਾਂ ਦੋ ਲਾਸ਼ਾਂ ਠੇਲ੍ਹੇ ’ਤੇ ਲੱਦ ਕੇ ਸਮਸ਼ਾਨ ਭੇਜ ਦਿੱਤੀਆਂ ਗਈਆਂ ਹਨ।

ਉਹ ਉਸੇ ਰਿਕਸ਼ੇ ’ਚ ਸਮਸ਼ਾਨ ਘਾਟ ਗਏ।

ਨਦੀ ਕੰਢੇ ਕੱਚੀ ਜ਼ਮੀਨ ਤੇ ਸੰਘਣੇ ਤੇ ਉੱਚੇ ਰੁੱਖਾਂ ਦੀ ਛਾਂ ਵਿਚ ਕਿਤੇ-ਕਿਤੇ ਸੁਆਹ ਦੀਆਂ ਢੇਰੀਆਂ ਜਿਹੀਆਂ ਲੱਗੀਆਂ ਹੋਈਆਂ ਸਨ। ਕਿਧਰੇ ਢੇਰੀਆਂ ਨਹੀਂ ਸਨ। ਸੁਆਹ ਦੀਆਂ ਟਾਕੀਆਂ ਜਿਹੀਆਂ ਲੱਗੀਆਂ ਹੋਈਆਂ ਸਨ, ਲਾਲ ਅਤੇ ਕਾਲੀ ਜ਼ਮੀਨ ’ਤੇ। ਲੱਗਦਾ ਸੀ ਇਥੇ ਕਿਸੇ ਦਾ ਸਰਮਾਇਆ ਢਹਿ ਕੇ ਖਿਲਰ ਗਿਆ ਹੈ। ਉਸ ਨੂੰ ਸਮੇਟ ਲੈ ਜਾਣ ਮਗਰੋਂ ਵੀ ਉਸ ਦੇ ਨਿਸ਼ਾਨ ਜੰਮੇ ਰਹਿ ਗਏ ਸਨ।

ਇਕ ਲਾਸ਼ ਲਾਟਾਂ ਦੀ ਭੇਟ ਹੋ ਚੁੱਕੀ ਸੀ। ਦੂਜੀ ਲਈ ਲਕੜੀਆਂ ਦੀ ਚਿਤਾ ਤਿਆਰ ਕੀਤੀ ਜਾ ਰਹੀ ਸੀ।

ਉਹ ਦੋਵੇਂ ਦੂਰੋਂ ਉਸ ਲਾਸ਼ ਵੱਲ ਦੇਖਦੇ ਰਹੇ। ਉਨ੍ਹਾਂ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਉਸ ਦੀ ਮਾਂ ਦੀ ਲਾਸ਼ ਕਿਹੜੀ ਹੈ-ਉਹ ਜਿਹੜੀ ਰੱਖੀ ਹੋਈ ਹੈ, ਜਾਂ ਜਿਹੜੀ ਸੜ ਰਹੀ ਹੈ। ਖਾਕੀ ਵਰਦੀਆਂ ਵਾਲੇ ਕਾਰਿੰਦੇ ਲਾਸ਼ ਨੂੰ ਚੁੱਕਣ ਲਈ ਆਏ, ਤੇ ਇਕ ਕਰਿੰਦੇ ਨੇ ਉੱਚੀ ਸਾਰੀ ਕਿਹਾ, “ਚਲ, ਬੁਢੀਏ, ਫਿਰ ਪਰਤ ਕੇ ਇਸ ਦੁਨੀਆ ’ਚ ਨਾ ਆਈਂ। ਨ੍ਹੀਂ ਤਾਂ ਫਿਰ ਏਵੇਂ ਹੀ ਬੇਨਾਮੋ-ਨਿਸ਼ਾਲ ਸੜਨਾ ਹੋਏਗਾ।”

ਦੂਜੇ ਕਾਰਿੰਦੇ ਹੱਸਣ ਲੱਗੇ। ਪਰ ਉਹ ਸਾਰੇ ਥੋੜ੍ਹੇ ਫਾਸਲੇ ’ਤੇ ਇਕ ਮਰਦ ਤੇ ਤੀਵੀਂ ਨੂੰ ਖੜ੍ਹਿਆਂ ਦੇਖਕੇ ਠਠੰਬਰ ਗਏ। ਉਹ ਸਮਝੇ ਲਾਸ਼ ਦੇ ਵਾਰਸ ਆ ਗਏ ਹਨ। ਪਰ ਮੁਕਤਾ ਨੇ ਆਪਣੀ ਕੂਹਣੀ ਤੇ ਉਸ ਦੀ ਛੂਹ ਮਹਿਸੂਸ ਕੀਤੀ। ਉਹ ਉਸ ਨੂੰ ਸਿੱਧਾ ਅੱਗੇ ਵੱਧ ਜਾਣ ਦਾ ਇਸ਼ਾਰਾ ਕਰ ਰਿਹਾ ਸੀ। ਉਹ ਇਉਂ ਬਾਹਰ ਆ ਗਏ ਜਿਵੇਂ ਸਮਸ਼ਾਨ ਇਕ ਚਲਦਾ ਸੜਦਾ ਰਸਤਾ ਹੋਵੇ। ਗੇਟ ਤੋਂ ਨਿਕਲਦਿਆਂ ਦੋਹਾਂ ਨੇ ਸਿਰ ਘੁੰਮਾ ਕੇ ਤੱਕਿਆ। ਸੜਦੀ ਹੋਈ ਚਿਤਾ ਵਿਚੋਂ ਅੱਗ ਕੱਢ ਕੇ ਨਵੀਂ ਚਿਤਾ ਨੂੰ ਦਿੱਤੀ ਜਾ ਰਹੀ ਸੀ।

ਮੁਕਤਾ ਨੇ ਆਪਣੀਆਂ ਅੱਖਾਂ ’ਚ ਅੱਥਰੂ ਉਮੜਦੇ ਹੋਏ ਦੇਖੇ। ਉਸ ਨੇ ਅੱਖਾਂ ਪੂੰਝਣ ਲਈ ਪਤਲੂਨ ਦੀ ਜੇਬ ਵਿਚੋਂ ਰੁਮਾਲ ਕੱਢਿਆ ਤਾਂ ਨੱਕ ਦੀ ਆਵਾਜ਼ ਨਾਲ ਜ਼ਮੀਨ ’ਤੇ ਇਕ ਮਾਥ-ਔਰਗਨ ਢਹਿ ਪਿਆ। ਮੁਕਤਾ ਮਾਊਥ-ਔਰਗਨ ਨੂੰ ਦੇਖਣ ਲੱਗੀ, ਪਰ ਉਸ ਬਿਜਲੀ ਦੀ ਫੁਰਤੀ ਨਾਲ ਹੇਠਾਂ ਝੁਕ ਕੇ ਉਸ ਨੂੰ ਚੁੱਕ ਲਿਆ ਤੇ ਜੇਬ ਵਿਚ ਪਾ ਕੇ ਬੋਲਿਆ-

“ਹੁਣ ਮੈਂ ਚਲਾਂਗਾ।”

ਉਹ ਸਚਮੁਚ ਮੁਕਤਾ ਦੇ ਅੱਗੇ ਅੱਗੇ ਚਲ ਪਿਆ। ਤੇਜ਼ ਤੇਜ਼ ਕਦਮਾਂ ਨਾਲ।

ਇੰਨੇ ਜ਼ਿਆਦਾ ਤੇਜ਼ ਤੇ ਲਗਾਤਾਰ ਕਦਮਾਂ ਨਾਲ ਕਿ ਉਹ ਪਲ ਪਰ ਉਸ ਪਾਸੋਂ ਦੂਰ ਹੁੰਦਾ ਗਿਆ...ਦੂਰ...।

ਮੁਕਤਾ ਅਹਿੱਲ ਜਿਹੀ ਖਲੋਤੀ ਉਸ ਨੂੰ ਦੇਖ ਰਹੀ ਸੀ!!!



## ਨਨਾਣ-ਭਰਜਾਈ/ਰਾਜਕਮਲ ਚੌਧਰੀ

ਪਦੁਮਾ ਬਹੁਤ ਦੁਖੀ ਤੇ ਚਿੰਤਾ ’ਚ ਨਕੋਨੀਕ ਭਰੀ ਵਿਹੜੇ ’ਚ ਆਈ। ਉਸ ਦੀਆਂ ਅੱਖਾਂ ’ਚ ਗੁਨਾਹ ਤੇ ਪਛਚਾਤਾਪ ਦੀਆਂ ਰੇਖਾਵਾਂ ਫੈਲੀਆਂ ਹੋਈਆਂ ਸਨ। ਆਪਣੀ ਭਰਜਾਈ ਨਾਲ ਬਿਨਾਂ ਕੁਝ ਬੋਲਿਆਂ, ਉਹ ਖੱਬੇ ਪਾਸੇ ਛੋਟੀ ਕੋਠੜੀ ’ਚ ਵੜ ਗਈ। ਰਸੋਈ ’ਚੋਂ ਭਰਜਾਈ ਨੇ ਪੁੱਛਿਆ, “ਲਾਲ ਦਾਈ ਕੀ ਗੱਲ ਆ?”

ਬਿਨਾਂ ਕੋਈ ਜਵਾਬ ਦਿੱਤਿਆਂ, ਪਦੁਮਾ ਸ਼ੀਸ਼ਾ-ਕੰਘੀ ਲੈ ਕੇ ਬਾਹਰ ਆਈ ਤੇ ਵਿਹੜੇ ’ਚ ਪਈ ਮੰਜੀ ’ਤੇ ਬੈਠ ਗਈ। ਉਦਾਸ ਜਿਹੀ। ਗੁਆਚੀ ਜਿਹੀ।

ਮੁੜਕੇ ਨਾਲ ਭਿੱਜੇ ਮੂੰਹ ਨੂੰ ਚੁੰਨੀ ਦੇ ਲੜ ਨਾਲ ਪੂੰਝਦੀ ਹੋਈ ਰਾਮਗੰਜਵਾਲੀ, ਰਸੋਈ ’ਚੋਂ ਬਾਹਰ ਆਈ ਤੇ ਨਨਾਣ ਦੀਆਂ ਉਦਾਸ ਅੱਖਾਂ ਤੇ ਮੁਰਝਾਏ ਜਿਹੇ ਚਿਹਰੇ ਨੂੰ ਦੇਖ ਕੇ ਹੈਰਾਨ ਹੋ ਗਈ, “ਰੁਪਈਆ-ਅੱਠ ਆਨੇ ਵੀ ਨ੍ਹੀਂ ਮਿਲੇ?”

ਨੇੜੇ ਆ ਕੇ, ਬੜੇ ਮੋਹ ਨਾਲ ਪਦੁਮਾ ਦੇ ਚਿਹਰੇ ’ਤੇ ਹੱਥ ਫੇਰਦੀ ਹੋਈ ਰਾਮਗੰਜਵਾਲੀ ਬੋਲੀ, “ਕੁੜੇ, ਐਨਾ ਕਿਉਂ ਮਨ ਦੁਖੀ ਕਰਦੀ ਆਂ? ਕੀ ਬੰਗਟ ਬਾਬੂ ਨ੍ਹੀਂ ਮਿਲਿਆ?”

“ਨ੍ਹੀਂ, ਭਰਜਾਈ, ਐਦਾਂ ਦੀ ਗੱਲ ਨ੍ਹੀਂ ਆ। ਬੰਗਟ ਮਿਲਿਆ ਸੀ। ਦੋ ਰੁਪਏ ਵੀ ਦਿੱਤੇ ਆ ਪਰ ਇਕ ਅਜੀਬ ਗੱਲ ਹੋ ਗਈ। ਅਨਰਥ ਹੋ ਗਿਆ, ਭਰਜਾਈ। ਮੈਂ ਤੈਨੂੰ ਕੀ ਦੱਸਾਂ।” ਸੁੱਕੇ ਬੁੱਲ੍ਹਾਂ ’ਤੇ ਜੀਭ ਫੇਰਦਿਆਂ ਹੋਇਆਂ ਪਦੁਮਾ ਬੋਲੀ।

ਚੁੰਨੀ ਦੇ ਲੜ ਨਾਲ ਬੰਨੇ ਹੋਏ ਇਕ-ਇਕ ਰੁਪਈਏ ਦੇ ਦੋ ਨੋਟ ਖੋਲ੍ਹ ਕੇ ਪਦੁਮਾ ਨੇ ਭਰਜਾਈ ਦੇ ਹੱਥ ’ਚ ਰੱਖ ਦਿੱਤੇ। ਭਰਜਾਈ ਦੀ ਵੱਡੀ ਚਿੰਤਾ ਖਤਮ ਹੋਈ-ਹੁਣ ਕੁਝ ਵੀ ਹੋਵੇ। ਹੱਥ ’ਚ ਦੋ ਰੁਪਈਏ ਹਨ, ਫੇਰ ਕਿਹੜੀ ਚਿੰਤਾ, ਕਿਸ ਚੀਜ਼ ਦੀ ਚਿੰਤਾ?

ਪਦੁਮਾ ਤੇ ਪਦੁਮਾ ਦੀ ਭਰਜਾਈ ਦੋਵੇਂ ਵਿਧਵਾ ਹਨ। ਪਦੁਮਾ ਦੀ ਉਮਰ ਤੇਈ-ਚੌਵੀ ਸਾਲਾਂ ਦੀ ਹੈ। ਰਾਮਗੰਜਵਾਲੀ ਦੀ ਬੱਤੀ-ਤੇਤੀ ਸਾਲਾਂ ਦੀ ਹੈ। ਦੋਹਾਂ ਦੀ ਕੋਈ ਔਲਾਦ ਨਹੀਂ ਹੈ। ਦੋਵੇਂ ਖੁੱਲ੍ਹੇ ਖ਼ਿਆਲਾਂ ਦੀਆਂ ਹਨ।

ਪਦੁਮਾ ਦਾ ਪਿੰਡ ਵਨਗ੍ਰਾਮ ਵੱਡਾ ਪਿੰਡ ਹੈ। ਪਿੰਡ ’ਚ ਹਾਈਸਕੂਲ, ਥਾਨਾ, ਡਾਕਖਾਨਾ, ਹਸਪਤਾਲ ਤੇ ਬਾਜ਼ਾਰ ਹੈ। ਸੋ ਇਨ੍ਹਾਂ ਦੋ ਵਿਧਵਾ ਬ੍ਰਾਹਮਣੀਆਂ ਦਾ ਗੁਜ਼ਾਰਾ ਕੋਈ ਬਹੁਤੀ ਵੱਡੀ ਗੱਲ ਨਹੀਂ ਹੈ। ਦੋ ਹਜ਼ਾਰ ਘਰਾਂ ਦੀ ਇਸ ਬਸਤੀ ’ਚ ਦੋ ਸੌ ਬੰਗਟ ਅਵੱਸ਼ ਹੀ ਹਨ।

ਪਰ ਫੇਰ ਵੀ ਅੱਜ ਰਾਤ ਪਦੁਮਾ ਬਹੁਤ ਦੁਖੀ ਸੀ। ਭਰਜਾਈ ਨੇ ਫੇਰ ਪੁੱਛਿਆ, “ਲਾਲ ਦਾਈ! ਤੂੰ ਤਾਂ ਬੱਚਿਆਂ ਵਾਂਗ ਕਰਦੀ ਆਂ। ਐਦਾਂ ਕੰਮ ਨ੍ਹੀਂ ਚਲਦਾ। ਮੈਨੂੰ ਦੱਸ ਤਾਂ ਸਈਂ-ਕੀ ਹੋਇਆ ਆ। ਕਿਤੇ ਰਾਹ ’ਚ ਥਾਣੇਵਾਲਿਆਂ ਨੇ ਤਾਂ ਨ੍ਹੀਂ ਫੜ ਲਿਆ? ਅੱਜ ਕਲ੍ਹ ਪੁਲਸੀਏ ਵੀ ਲਫੰਡਰ ਕੁੱਤਿਆਂ ਵਾਂਗ ਫਿਰਦੇ ਰਹਿੰਦੇ ਆ।”

“ਕਿਹੜੇ ਸਿਪਾਹੀ ਦੀ ਮਜਾਲ ਆ ਕਿ ਮੈਨੂੰ ਫੜੇਗਾ। ਕੀ ਮੈਨੂੰ ਇੰਸਪੈਕਟਰ ਸਾਹਿਬ ਨ੍ਹੀਂ ਪਹਿਚਾਣਦੇ? ਮੈਂ ਤੁਹਾਨੂੰ ਕੀ ਦੱਸਾਂ ਕਿ ਕੀ ਹੋਇਆ ਆ। ਇਹੀ ਸਮਝ ਲਉ ਕਿ ਮੈਂ ਜਿਉਂਦੀ ਨ੍ਹੀਂ ਆਂ। ਮਰ ਗਈ ਆਂ।”

ਭਰਜਾਈ ਹੱਸ ਪਈ, “ਇਹ ਤਾਂ ਮੈਂ ਸਮਝ ਗਈ ਕਿ ਤੂੰ ਮਰ ਗਈਂ। ਪਰ ਇਹ ਤਾਂ ਦੱਸ ਕਿ ਤੈਨੂੰ ਕਿਹਨੇ ਮਾਰਿਆ, ਕਿਵੇਂ ਮਰੀਂ?”

ਫੇਰ ਪਦੂਮਾ ਨੇ ਰਾਤ ਵਾਲੀ ਆਪ ਬੀਤੀ ਸੁਣਾਉਣੀ ਸ਼ੁਰੂ ਕੀਤੀ।

ਮੰਦਿਰ ਦੇ ਨੇੜੇ ਹੀ ਬੰਗਟ ਮਿਲ ਗਿਆ। ਮੰਦਿਰ ਦੇ ਪਿਛਲੇ ਪਾਸੇ ਉਹਨੂੰ ਲੈ ਜਾ ਕੇ ਮੈਂ ਕਿਹਾ, "ਉਏ ਬੰਗਟ ਮੈਨੂੰ ਪੰਜ ਰੁਪਈਏ ਚਾਹੀਦੇ ਆ।" ਉਹ ਬੋਲਿਆ, "ਤੂੰ ਬੋੜੇ ਖੂਹ ਵੱਲ ਚਲ। ਮੈਂ ਰੁਪਈਏ ਲੈ ਕੇ ਆਉਣਾ।" ਮੰਦਿਰ 'ਚ ਕੁਝ ਹੋਰ ਕਹਿਣ ਦੀ ਉਸ ਦੀ ਹਿੰਮਤ ਨਹੀਂ ਪਈ। ਮੈਂ ਬੋੜੇ ਖੂਹ ਕੋਲ ਖੜੀ ਉਸ ਪਾਸੇ ਵੱਲ ਦੇਖਦੀ ਰਹੀ, ਜਿਧਰੋਂ ਉਸ ਨੇ ਆਉਣਾ ਸੀ। ਕਾਫੀ ਚਿਰ ਬਾਅਦ ਬੰਗਟ ਆਇਆ। ਮੇਰੇ ਬਲਾਊਜ 'ਚ ਦੋ ਰੁਪਈਏ ਧੱਕ ਦਿੱਤੇ ਤੇ ਹੱਥ ਫੜਦਿਆਂ ਹੋਇਆਂ ਬੋਲਿਆ, "ਅਜੇ ਦੋ ਹੀ ਰੁਪਈਏ ਆ। ਬਾਕੀ ਦੇ ਤਿੰਨ ਘਰੇ ਆ ਕੇ ਦਊਂਗਾ।" ਤੇ ਫੇਰ ਉਹ ਕਿੰਨਾ ਚਿਰ ਮੇਰੇ ਨਾਲ ਚੁੰਮਾ-ਚੱਟੀ ਕਰਦਾ ਰਿਹਾ। ਮੈਂ ਉਹਨੂੰ ਕਿਹਾ ਕਿ ਜਲਦੀ-ਜਲਦੀ ਆਪਣਾ ਕੰਮ ਨਬੇੜੇ। ਜੇ ਦੇਰ ਹੋ ਗਈ ਤਾਂ ਭਰਜਾਈ ਗਾਲ੍ਹਾਂ ਕੱਢੂਗੀ। ਪਰ ਉਹ ਛੱਡਦਾ ਹੀ ਨਹੀਂ ਸੀ। ਕਦੇ ਜੱਫੀ ਪਾ ਲੈਂਦਾ। ਕਦੇ ਕੁਝ ਹੋਰ ਹੀ ਕਰਨ ਲੱਗਦਾ। ਫੇਰ ਮੇਰਾ ਮਨ ਵੀ ਆਪਣੇ ਆਪ ਕਾਬੂ 'ਚ ਨਹੀਂ ਰਿਹਾ। ਮੈਨੂੰ ਐਦਾਂ ਲੱਗਾ ਜਿਵੇਂ ਰੁੱਖ ਝੂਲਾ ਬਣ ਗਿਆ ਹੋਵੇ ਤੇ ਮੈਂ ਬੰਗਟ ਦੇ ਨਾਲ ਅਕਾਸ਼ 'ਚ ਉਡੀ ਜਾ ਰਹੀ ਹਾਂ।

ਅਚਾਨਕ ਪਦੂਮਾ ਨੂੰ ਬਾਹਾਂ 'ਚ ਲੈ ਕੇ ਜ਼ੋਰ ਦੀ ਘੁਟਦੀ ਹੋਈ ਰਾਮਗੰਜਵਾਲੀ ਬੋਲੀ, "ਲਾਲ ਦਾਈ, ਵਿਚਲੀ ਗੱਲ ਨੂੰ ਐਨਾ ਨਾ ਲੁਕਾ। ਇਹ ਦੱਸ ਕਿ ਫੇਰ ਕੀ ਹੋਇਆ।"

ਪਦੂਮਾ ਦੱਸਣ ਲੱਗੀ, "ਫੇਰ ਬੰਗਟ ਨੇ ਮੈਨੂੰ ਨੰਗੀ ਕਰ ਦਿੱਤਾ। ਸਮਝ ਲੈ ਮੈਨੂੰ ਤਾਂ ਕੋਈ ਹੋਸ਼ ਹੀ ਨ੍ਹੀਂ ਰਹੀ। ਪਰ, ਫੇਰ ਉੱਚੀ-ਉੱਚੀ ਗੀਤ ਗਾਉਂਦਾ ਹੋਇਆ ਇਕ ਸਿਪਾਹੀ ਇਧਰ ਆ ਗਿਆ। ਸਿਪਾਹੀ ਨੂੰ ਦੇਖਦਿਆਂ ਸਾਰ ਬੰਗਟ ਮੈਨੂੰ ਉਸੇ ਹਾਲਤ 'ਚ ਛੱਡ ਕੇ ਦੌੜ ਗਿਆ। ਉਹ ਤਾਂ ਹਨ੍ਹੇਰੇ 'ਚ ਖਤਿਆਂ ਵੱਲ ਨੂੰ ਦੌੜ ਗਿਆ। ਵਥੇਰਾ ਲਭਿਆ ਪਰ ਉਹ ਮਿਲਿਆ ਹੀ ਨ੍ਹੀਂ। ਮੈਂ ਉਸ ਨਾਂ ਲੈ ਕੇ, ਇਕ ਦੋ ਵਾਰ ਆਵਾਜ਼ ਮਾਰੀ। ਪਰ ਕੋਈ ਪਤਾ ਨ੍ਹੀਂ ਲੱਗਾ। ਉਹ ਸਿਪਾਹੀ ਤਾਂ ਦੂਜੇ ਪਾਸੇ ਨੂੰ ਚਲਾ ਗਿਆ। ਤੇ ਮੈਂ ਆਲੇ ਦੁਆਲੇ ਦੇ ਖੇਤਾਂ 'ਚ ਭਟਕਣ ਲੱਗੀ। ਕਿੰਨੇ ਚਿਰ ਬਾਅਦ ਬੰਗਟ ਇਕ ਪਾਸਿਉਂ ਚੀਕਿਆ, "ਪਦੂਮਾ, ਪਦੂਮਾ। ਦੌੜ ਕੇ ਆ।" ਜਿਸ ਪਾਸੇਉਂ ਬੰਗਟ ਦੀ ਆਵਾਜ਼ ਆਈ ਸੀ, ਉਧਰ ਨੂੰ ਹੀ ਮੈਂ ਦੌੜੀ। ਦੇਖਿਆ, ਬੰਗਟ ਇਕ ਰੁਖ ਹੇਠਾਂ ਨੰਗਾ ਪਿਆ ਹੈ। ਲਿਟ ਰਿਹਾ ਹੈ। ਔਖ ਜਿਹੀ ਮੰਨ ਰਿਹਾ ਹੈ। ਪਰ ਭਰਜਾਈ, ਮੇਰੀ ਅਵਸਥਾ ਤਾਂ ਭੰਗ ਪੀਤੇ ਵਰਗੇ ਹੋ ਗਈ ਸੀ। ਚਾਨਣੀ ਰਾਤ 'ਚ ਬੰਗਟ ਦੀ ਦੇਹ, ਉਸਦੇ ਸਾਰੇ ਅੰਗ ਦੇਖ ਕੇ ਇਕ ਵਾਰ ਤਾਂ ਮੈਥੋਂ ਰਿਹਾ ਹੀ ਨਹੀਂ ਗਿਆ। ਮੈਨੂੰ ਰੱਤੀ ਭਰ ਵੀ ਹੋਸ਼ ਨਹੀਂ ਰਿਹਾ ਕਿ ਮੈਂ ਕਿਥੇ ਹਾਂ, ਕੀ ਕਰ ਰਹੀ ਹਾਂ, ਕਿਉਂ ਕਰ ਰਹੀ ਹਾਂ। ਇਸ ਨਾਲੋਂ ਜ਼ਿਆਦਾ ਕੀ ਕਹਾਂ, ਇਸ ਤੋਂ ਮਗਰੋਂ ਕੀ ਹੋਇਆ, ਉਹ ਅਜੇ ਵੀ ਯਾਦ ਨਹੀਂ ਆ ਰਿਹਾ। ਪਰ, ਜਦੋਂ ਹੋਸ਼ ਆਈ ਤਾਂ ਦੇਖਦੀ ਹਾਂ ਕਿ ਬੰਗਟ ਨਹੀਂ ਹੈ। ਕੇਵਲ ਉਸ ਦਾ ਜਿਸਮ ਹੀ ਹੈ।

"ਹਾਏ ਮੇਰੇ ਬਾਪ!" ਰਾਮਗੰਜ ਵਾਲੀ ਚੀਕੀ।

ਪਦੂਮਾ ਵੀ ਚੀਕੀ, "ਭਰਜਾਈ, ਬੰਗਟ ਨੂੰ ਸੱਪ ਲੜ ਗਿਆ ਸੀ, ਇਸੇ ਲਈ ਉਸ ਮੇਰਾ ਨਾਂ ਲੈ ਕੇ ਚੀਕਾਂ ਮਾਰੀਆਂ ਸੀ। ਭਰਜਾਈ, ਮੈਂ ਮਰੇ ਹੋਏ ਆਦਮੀ ਨਾਲ ਸੁੱਤੀ। ਹੁਣ ਕਿਵੇਂ ਬਚਾਂਗੀ।"

ਪਦੂਮਾ ਰੋਣ ਲੱਗੀ। ਬਹੁਤ ਚਿਰ ਰੋਂਦੀ ਰਹੀ।

ਫੇਰ ਭਰਜਾਈ ਨੇ ਕਿਹਾ, "ਲਾਲ ਦਾਈ-ਜਾ। ਤਲਾਬ 'ਚ ਨਹਾ ਆ। ਜਿਸਮ 'ਤੇ ਗੰਗਾਜਲ ਦੇ ਛਿੱਟੇ ਮਾਰ ਲੈ। ਤੂੰ ਕਰ ਹੀ ਕੀ ਸਕਦੀ ਆਂ। ਜਦੋਂ ਜਿਉਂਦੇ ਆਦਮੀ ਨਾਲ ਸੌਣ 'ਚ ਕੋਈ ਸ਼ਰਮ ਨ੍ਹੀਂ, ਤਾਂ ਮਰੇ ਹੋਏ ਆਦਮੀ ਤੋਂ ਕਾਹਦੀ ਸ਼ਰਮ?"

ਪਦੂਮਾ ਉੱਠ ਕੇ ਨਹਾਉਣ ਚਲੇ ਗਈ।



## ਆਖਰ ਖਾਸ ਲਾਇਬ੍ਰੇਰੀ ਦਾ ਸੱਚ ਕੀ ਹੈ?

**-ਰਾਜਿੰਦਰ ਰਾਹੀ**

ਕਰਨਾਲ (ਹਰਿਆਣਾ) ਪੁਲਸ ਲਾਈਨ ਵਿਚ ਬਣੀ ਖਾਸ ਯਾਦਗਾਰੀ ਲਾਇਬ੍ਰੇਰੀ ਨਾਲ ਡਾ. ਚਮਨ ਲਾਲ ਦਾ ਨਾਂ ਜੁੜਨ 'ਤੇ ਜਿਸ ਤਰ੍ਹਾਂ ਉਨ੍ਹਾਂ ਨੇ ਨਰਾਜ਼ਗੀ ਦਾ ਪ੍ਰਗਟਾਵਾ ਕੀਤਾ ਹੈ, ਲਾਇਬ੍ਰੇਰੀ ਦਾ ਸੱਚ ਹੋਰ ਵੀ ਡੂੰਘੇ ਅਰਥ ਗ੍ਰਹਿਣ ਕਰ ਜਾਂਦਾ ਹੈ। ਇਸ ਲਾਇਬ੍ਰੇਰੀ ਬਾਰੇ ਪੱਤਰਕਾਰ ਜਸਵੀਰ ਸਮਰ ਦਾ ਕਹਿਣਾ ਹੈ ਕਿ, "ਕਰਨਾਲ ਪੁਲੀਸ ਲਾਈਨ ਵਿਚ 31 ਮਈ ਕੰਪਲੈਕਸ ਹੈ ਜੋ 31 ਮਈ 1992 ਨੂੰ ਖਾਲਿਸਤਾਨੀਆਂ ਨਾਲ ਕਰਨਾਲ ਵਿਚ ਹੋਏ ਮੁਕਾਬਲੇ ਦੌਰਾਨ 'ਸ਼ਹੀਦ' ਹੋਏ ਪੁਲੀਸ ਮੁਲਾਜ਼ਮਾਂ ਦੀ ਯਾਦ ਵਿੱਚ ਬਣਾਇਆ ਗਿਆ ਹੈ। ਇਸੇ ਕੰਪਲੈਕਸ ਵਿਚ ਇਕ ਲਾਇਬ੍ਰੇਰੀ ਹੈ ਜੋ ਉਸ ਵਕਤ ਦੇ ਐਸ. ਐਸ. ਪੀ. ਵਿਕਾਸ ਨਰਾਇਣ ਨੇ ਬਣਵਾਈ ਹੈ। ਇਹ ਉਹ ਸ਼ਖ਼ਸ ਹੈ ਜਿਸ ਨੂੰ ਪਾਸ਼ ਦੀ ਪਹਿਲੀ ਬਰਸੀ ਮੌਕੇ 23 ਮਾਰਚ 1989 ਨੂੰ ਸਮਾਗਮ ਲਈ ਸੱਦਾ ਭੇਜਿਆ ਗਿਆ ਸੀ। ਕਾਰਨ? ਇਹ ਅਧਿਕਾਰੀ ਉਨ੍ਹਾਂ ਸਾਹਿਤਕ ਮੱਸ ਰੱਖਣ ਵਾਲਿਆਂ ਵਿਚੋਂ ਹੈ ਜਿਨ੍ਹਾਂ ਨੇ ਪਹਿਲਾਂ ਵਿਚ ਅਨੁਵਾਦ ਹੋ ਕੇ ਛਪੀਆਂ ਪਾਸ਼, ਲਾਲ ਸਿੰਘ ਦਿਲ ਤੇ ਹੋਰ ਇਨਕਲਾਬੀ ਕਵੀਆਂ ਦੀਆਂ ਕਵਿਤਾਵਾਂ ਪੜ੍ਹੀਆਂ ਸਨ। ਉਸ ਲਾਇਬ੍ਰੇਰੀ ਦਾ ਉਦਘਾਟਨ 20 ਫਰਵਰੀ 1993 ਨੂੰ ਹੋਇਆ ਸੀ।"

ਵਿਕਾਸ ਨਰਾਇਣ ਰਾਏ ਦਾ ਭਰਾ ਵਿਭੂਤੀ ਨਰਾਇਣ ਰਾਏ ਵੀ ਪੁਲਸ ਦਾ ਡੀ. ਆਈ. ਜੀ. ਹੈ। ਇਸ ਦੇ ਨਾਲ ਹੀ ਉਹ ਚਰਚਿਤ ਸਾਹਿਤਕਾਰ ਵੀ ਹੈ। ਉਹ 'ਵਰਤਮਾਨ ਸਾਹਿਤਯ' (ਹਿੰਦੀ) ਦਾ ਮੁਖ ਸੰਪਾਦਕ ਹੈ ਤੇ ਉਸਦਾ ਨਾਵਲ 'ਸ਼ਹਿਰ ਮੇਂ ਕਰਫਿਉ' ਕਾਫੀ ਚਰਚਿਤ ਰਿਹਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕਿ ਕਿਸੇ ਐਸ. ਐਸ. ਪੀ. ਕੋਲ ਐਨੀ ਤਾਕਤ ਹੁੰਦੀ ਹੈ ਕਿ ਉਹ ਆਪਣੇ ਕਿਸੇ ਮਨਪਸੰਦ ਲੇਖਕ ਦੀ ਯਾਦ ਵਿਚ ਆਪਣੀ ਮਰਜ਼ੀ ਤੇ ਸ਼ਰਧਾ ਅਨੁਸਾਰ ਪੁਲਸ ਲਾਈਨ ਵਿਚ ਲਇਬ੍ਰੇਰੀ ਬਣਾ ਸਕੇ? ਮੈਂ ਜਿੱਥੋਂ ਤੱਕ ਪਤਾ ਕੀਤਾ ਹੈ 182 ਪੁਲਸ ਅਧਿਕਾਰੀ ਤਾਂ ਆਪਣੀ ਮਰਜ਼ੀ ਨਾਲ ਕਿਸੇ ਦੀ ਫੋਟੋ ਤੱਕ ਨਹੀਂ ਲਾ ਸਕਦਾ। ਐਡੀ ਵੱਡੀ ਲਾਇਬ੍ਰੇਰੀ ਸਟੇਟ ਦੀ ਮਨਜ਼ੂਰੀ ਤੋਂ ਬਿਨਾਂ ਕਿਵੇਂ ਬਣ ਸਕਦੀ ਹੈ? ਹੁਣ ਸੁਆਲ ਪੈਦਾਹੁੰਦਾ ਹੈ ਕਿ ਸਟੇਟ ਨੂੰ ਇਕ ਇਨਕਲਾਬੀ ਕਵੀ, ਜੋ ਨਕਸਲੀ ਲਹਿਰ ਦਾ ਪ੍ਰਤੀਨਿਧ ਕਵੀ ਹੋਏ, ਉਸਦੀ ਲਾਇਬ੍ਰੇਰੀ ਬਣਾਉਣ ਦੀ ਕੀ ਲੋੜ ਪੈ ਗਈ। ਉਹ ਵੀ ਪੁਲਸ ਲਾਈਨ ਵਿਚ, ਫਿਰ ਆਪਣੇ ਸ਼ਹੀਦ ਹੋਏ ਪੁਲਸ ਮੁਲਾਜ਼ਮਾਂ ਦੀ ਯਾਦ ਨਾਲ ਜੋੜਕੇ? ਉਹ ਪੁਲਸ ਮੁਲਾਜ਼ਮਾਂ ਤੇ ਇਕ ਨਕਸਲੀ ਕਵੀ ਦਾ ਗਠਜੜ ਕਦੋਂ ਤੇ ਕਿਵੇਂ ਬਣਿਆ? ਹਾਂ ਇਹ ਲਾਇਬ੍ਰੇਰੀ ਸਿਵਲ ਖੇਤਰ ਵਿੱਚ ਭਾਵੇਂ ਕਿਸੇ ਪੁਲਸ ਅਧਿਕਾਰੀ ਵੱਲੋਂ ਹੀ ਬਣਾਈ ਜਾਂਦੀ ਤਾਂ ਇਸ ਦੀ ਹੋਰ ਗੱਲ ਹੋਈ ਸੀ।

ਡਾ. ਚਮਨ ਲਾਲ ਦੀ ਨਰਾਜ਼ਗੀ ਤੋਂ ਪਤਾ ਲੱਗਦਾ ਹੈ ਕਿ ਉਹ ਆਪਣਾ ਨਾਂ ਇਸ ਲਾਇਬ੍ਰੇਰੀ ਨਾਲ ਜੁੜ ਜਾਣ 'ਤੇ ਕਾਫੀ ਖ਼ਫ਼ਾ ਹੈ। ਪਰ ਮੈਂ ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਲਾਇਬ੍ਰੇਰੀ ਉਸ ਕਵੀ ਦੇ ਨਾਂ 'ਤੇ ਬਣੀ ਹੈ ਜੋ ਨਕਸਲੀ ਲਹਿਰ ਦਾ ਪ੍ਰਤੀਨਿੱਧ ਕਵੀ ਹੈ ਤੇ ਜਿਸਦੀਆਂ ਕਵਿਤਾਵਾਂ ਨੂੰ ਹਿੰਦੀ 'ਚ ਅਨੁਵਾਦ ਕਰਕੇ ਉਨ੍ਹਾਂ ਨੇ ਦੇਸ਼ ਭਰ 'ਚ ਫੈਲਾਇਆ ਹੈ। ਫਿਰ ਇਸ ਲਾਇਬ੍ਰੇਰੀ ਨਾਲ ਨਾਂ ਜੁੜਨ ਤੋਂ ਡਰ ਕਾਹਦਾ? ਕੀ ਉਨ੍ਹਾਂ ਨੂੰ ਇਹ ਡਰ ਤਾਂ ਨਹੀਂ ਸਤਾ ਰਿਹਾ ਕਿ ਪੁਲਸ ਵੱਲੋਂ ਬਣਾਈ ਗਈ ਲਾਇਬ੍ਰੇਰੀ ਨਾਲ ਨਾਂ ਜੁੜਨ 'ਤ ਉਨ੍ਹਾਂ ਦਾ ਇਨਕਲਾਬੀ ਪੁਣਾ ਖੁਰ ਜਾਵੇਗਾ ਜਾਂ ਸ਼ੱਕ ਦੇ ਘੇਰੇ ਵਿਚ ਆ ਜਾਵੇਗਾ। ਪਰ ਪਾਸ਼ ਦੀ ਲਾਇਬ੍ਰੇਰੀ ਬਾਰੇ ਉਸਨੇ ਇੰਨੇ ਚਿਰ ਤੋਂ ਚੁੱਪ ਧਾਰੀ ਹੋਈ ਹੈ, ਕੀ ਉਸ ਨੂੰ ਇਸ ਦੀ ਅਸਲੀਅਤ ਲੋਕਾਂ ਸਾਹਮਣੇ ਨਹੀਂ ਸੀ ਲਿਆਉਣੀ ਚਾਹੀਦੀ? ਉਸ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਇਹ ਪੁਲਸ ਲਾਈਨ ਵਿੱਚ ਪਾਸ਼ ਦੀ ਯਾਦ ਵਿੱਚ

ਬਣਾਈ ਗਈ ਲਾਇਬ੍ਰੇਰੀ ਗਲਤ ਹੈ ਜਾਂ ਠੀਕ ਹੈ ? ਇਸ ਦੇ ਬਣਨ ਨਾਲ ਉਹ ਸਹਿਮਤ ਹੈ ਜਾਂ ਅਸਹਿਮਤ ਹੈ ? ਮੈਂ ਡਾ. ਚਮਨ ਲਾਲ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਭਾਰਤੀ ਸਟੇਟ ਕਹਿ ਰਹੀ ਹੈ ਕਿ ਨਕਸਲੀ ਲਹਿਰ ਦੇਸ਼ ਲਈ ਸਭ ਤੋਂ ਵੱਡਾ ਖਤਰਾ ਹੈ, ਉਨ੍ਹਾਂ ਦੇ ਖਾਤਮੇ ਲਈ, ਹਵਾਈ ਫੌਜ ਦੀ ਵਰਤੋਂ ਬਾਰੇ ਵੀ ਵਿਚਾਰਾਂ ਹੋ ਰਹੀਆਂ ਹਨ, ਆਂਧਰਾ, ਬਿਹਾਰ, ਛਤੀਸਗੜ੍ਹ ਦੇ ਸੈਂਕੜੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਤੇ ਗਦਰ ਤੇ ਵਰਵਰਾ ਰਾਓ ਵਰਗੇ ਕਈ ਜੇਲ੍ਹਾਂ ਵਿਚ ਡੱਕੇ ਜਾ ਰਹੇ ਹਨ, ਦੂਜੇ ਪਾਸੇ ਇਕ ਨਕਸਲੀ ਕਵੀ ਦੀ ਯਾਦ ਵਿਚ ਪੁਲਸ ਲਾਈਨ ਵਿੱਚ ਲਾਇਬ੍ਰੇਰੀ ਬਣ ਰਹੀ ਹੈ, ਇਹ ਵਿਰੋਧਾਭਾਸ਼ ਕੀ ਹੈ ?

ਮੈਂ ਪਹਿਲਾਂ ਵੀ ਠੋਸ ਦਲੀਲਾਂ ਤੇ ਤੱਥਾਂ ਨਾਲ ਇਹ ਦਰਸਾ ਚੁੱਕਿਆ ਹਾਂ ਕਿ ਪਾਸ਼ ਦਾ ਖਾੜਕ ਸਿੱਖ ਸੰਘਰਸ਼ ਪ੍ਰਤੀ ਰਵੱਈਆ ਬੇਹੱਦ ਨੁਕਸਦਾਰ ਸੀ। ਇਸ ਦੇ ਕਾਰਨ ਜ਼ਾਤੀਗਤ ਨਹੀਂ ਸਨ, ਕਾਰਨ ਸਿਧਾਂਤਕ ਸਨ। ਪਾਸ਼ ਦੇ ਲਿਖਣ ਬੋਲਣ ਵਚ ਉਸਦੀ ਸ਼ਖ਼ਸੀਅਤ ਦਾ ਅਸਰ ਵੀ ਪ੍ਰਗਟ ਹੋਇਆ ਪਰ ਮੂਲ ਰੂਪ ਵਿਚ ਉਸਦਾ ਵਤੀਰਾ ਪੰਜਾਬ ਦੀ ਸਮੁੱਚੀ ਲਹਿਰ ਦੀਆਂ ਸਾਂਝੀਆਂ ਸਿਧਾਂਤਕ ਪੁਜੀਸ਼ਨਾਂ ਤੋਂ ਨਿਰਧਾਰਤ ਹੋਇਆ ਸੀ। ਚਾਲ੍ਹੀਵਿਆਂ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਪੰਜਾਬ ਅੰਦਰ ਅਲੱਗ-ਅਲੱਗ ਕਮਿਊਨਿਸਟ ਪਾਰਟੀਆਂ ਤੇ ਨਕਸਲੀ ਗਰੁੱਪਾਂ ਵਿਚਕਾਰ ਸਾਰੇ ਸਿਧਾਂਤਕ ਵਖਰੇਵੇਂ ਖਤਮ ਹੋ ਗਏ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਖਾੜਕੂ ਸਿੱਖ ਲਹਿਰ ਦਾ ਵਿਰੋਧ ਕਰਨ ਲਈ ਸਾਰੇ ਇਕੋ ਪਲੇਟਫਾਰਮ 'ਤੇ ਇਕੱਠੇ ਸਨ। ਸਰਕਾਰ ਨੇ ਇਹ ਕਮਿਊਨਿਸਟ ਤਾਕਤਾਂ ਦੀ ਲਾਇਸੈਂਸੀ, ਗੈਰ-ਲਾਇਸੈਂਸੀ ਹਥਿਆਰਾਂ ਅਤੇ ਪੈਸੇ ਨਾਲ ਦਿਲ ਖੋਲ੍ਹਕੇ ਮੱਦਦ ਕੀਤੀ ਸੀ ਤੇ ਇਨ੍ਹਾਂ ਨੇ ਵੀ ਖਾਧੇ ਲੂਣ ਦਾ ਮੁੱਲ ਪੂਰੀ ਤਰ੍ਹਾਂ ਮੋੜਿਆ ਸੀ। ਮੁਦਈ ਸੁਸਤ, ਗਵਾਹ ਚੁਸਤ ਦੀ ਮਿਸਾਲ ਦਿੰਦਿਆਂ, ਇਹ ਕਮਿਊਨਿਸਟ ਤਾਕਤਾਂ ਖਾਲਿਸਤਾਨੀ ਧਿਰਾਂ ਨਾਲ ਸਟੇਟ ਦੇ ਹਿਰਾਵਲ ਦਸਤੇ ਵਜੋਂ ਲੜੀਆਂ ਸਨ। ਮੈਂ ਇਸੇ ਲਈ ਆਖਦਾ ਹਾਂ ਕਿ ਸਟੇਟ ਨੇ ਵੀ ਇਨ੍ਹਾਂ ਦੀ ਕੀਤੀ ਗਈ ਸੇਵਾ ਦਾ ਮੁੱਲ ਪੂਰੀ ਤਰ੍ਹਾਂ ਤਾਰਿਆ ਹੈ। ਇਕ ਪਾਸੇ ਆਂਧਰਾ ਬਿਹਾਰ, ਛਤੀਸਗੜ੍ਹ ਦੀ ਨਕਸਲੀ ਲਹਿਰ ਨੂੰ ਕਾਬੂ ਕਰਨ ਲਈ ਸਟੇਟ ਨੇ ਆਪਣੀ ਸਾਰੀ ਜਬਰ ਮਸ਼ੀਨਰੀ ਝੋਕੀ ਹੋਈ ਹੈ, ਦੂਜੇ ਪਾਸੇ ਪੰਜਾਬ ਦੇ ਨਕਸਲੀ ਮੌਜਾਂ ਨਾਲ ਮਹਿੰਗੇ ਸਕੂਲਾਂ ਵਿਚ ਜੁਆਕ ਪੜ੍ਹਾ ਰਹੇ ਹਨ, ਉਨ੍ਹਾਂ ਨੂੰ ਕਨੇਡਾ ਅਮਰੀਕਾ ਸੈੱਟ ਕਰਨ ਲਈ ਲਟਾਪੀਂਘ ਹੋਏ ਫਿਰਕੇ ਹਨ, ਕਿਸੇ ਨਕਸਲੀ ਦੇ ਵਰੰਟ ਨਹੀਂ, ਕਿਸੇ ਤੇ ਤਸ਼ੱਦਦ ਨਹੀਂ, ਕੋਈ ਜੇਲ੍ਹ 'ਚ ਨਹੀਂ, ਕਿਸੇ ਵੀ ਸਰਕਾਰ ਨੂੰ ਭਾਲ ਨਹੀਂ ! ਸੁਆਲ ਪੈਦਾ ਹੁੰਦਾ ਹੈ ਕਿ ਸਟੇਟ ਦੀ ਪੰਜਾਬ ਦੇ ਨਕਸਲੀਆਂ 'ਤੇ ਇਹ ਮਿਹਰਬਾਨੀ ਕਿਉਂ ਹੋ ਰਹੀ ਹੈ। ਇਸ ਦਾ ਜੁਆਬ ਹੈ, ਕਿਉਂਕਿ 1980ਵਿਆਂ ਤੋਂ ਬਾਅਦ ਇਹ ਸਟੇਟਧਾਰੀ ਇਨਕਲਾਬੀ ਬਣ ਗਏ ਹਨ।

ਪਾਸ਼ ਨੇ ਵੀ ਕਮਿਊਨਿਸਟ ਤਾਕਤਾਂ ਦੀ ਇਸੇ ਲਾਈਨ 'ਤੇ ਪਹਿਰਾ ਦਿੰਦਿਆਂ ਹੋਇਆਂ ਕਵਿਤਾ ਰਾਹੀਂ ਤੇ ਪੱਤਰਕਾਰੀ ਰਾਹੀਂ ਖਾੜਕੂ ਲਹਿਰ ਦਾ ਡਟਵਾਂ ਵਿਰੋਧ ਕੀਤਾ ਸੀ। ਉਸਦਾ ਇਹ ਵਿਰੋਧ ਸਟੇਟ ਨੂੰ ਪੂਰੀ ਤਰ੍ਹਾਂ ਰਾਸ ਬੈਠਦਾ ਸੀ। ਕਿਉਂਕਿ ਉਹ ਤਾਂ 1984 ਵਿਚ ਹੋਏ ਦਰਬਾਰ ਸਾਹਿਬ 'ਤੇ ਹਮਲੇ ਨੂੰ ਵੀ ਮਾਮੂਲੀ ਘਟਨਾ ਆਖਦਾ ਸੀ, ਇਸ ਘਟਨਾ 'ਤੇ ਹਾਅ ਦਾ ਨਾਅਰਾ ਮਾਰਨ ਵਾਲੇ, ਡਾ. ਹਰਿਭਜਨ ਸਿੰਘ, ਜਸਵੰਤ ਸਿੰਘ ਕੰਵਲ, ਸੰਤ ਸਿੰਘ ਸੇਖੋਂ, ਅਜੀਤ ਕੌਰ ਨੂੰ ਗਾਲ੍ਹਾਂ ਕੱਢਦਾ ਹੁੰਦਾ ਸੀ। (ਅਕਤੂਬਰ 1986 'ਦੇਸ ਪ੍ਰਦੇਸ਼' ਲੰਡਨ 'ਚ ਸਾਥੀ ਲੁਧਿਆਣਵੀ ਨਾਲ ਮੁਲਾਕਾਤ) ਉਸ ਦੀ ਇਸੇ ਸੇਵਾ ਕਾਰਨ ਹੀ ਮੌਤ ਉਪਰੰਤ ਸਟੇਟ ਵਲੋਂ ਉਸ ਨੂੰ ਅਪਣਾ ਲਿਆ ਗਿਆ ਹੈ। ਉਸਦਾ ਐਨੀ ਵੱਡੀ ਪੱਧਰ 'ਤੇ ਗੁਣਮਾਣ ਤੇ ਉਸ ਦੇ ਬਿੰਬ ਨੂੰ ਸਿਰਫ਼ ਖਾਲਿਸਤਾਨੀਆਂ ਵਿਰੁੱਧ ਲੜਨ ਵਾਲੇ ਕਵੀ ਵਜੋਂ ਹੀ ਸਥਾਪਤ ਕੀਤਾ ਗਿਆ ਹੈ।

ਜਦ ਡਾ. ਨਾਮਵਰ ਸਿੰਘ ਉਸ ਨੂੰ ਪੰਜਾਬ ਦਾ ਲੋਰਕਾ ਆਖਦਾ ਹੈ ਤਾਂ ਉਹ ਵੀ, ਸਿਰਫ਼



ਉਸਦੀ ਖਾਲਿਸਤਾਨੀ ਜਨੂੰਨੀਆਂ ਵਿਰੁੱਧ ਲੜਨ ਵਾਲੇ ਕਵੀ ਵਜੋਂ ਹੀ ਗੱਲ ਕਰਦਾ ਹੈ। ਸਟੇਟ ਵਿਰੁੱਧ ਲੜਨ ਵਾਲੇ ਕਵੀ ਵਜੋਂ ਨਹੀਂ ! ਹਾਂ, ਉਹ ਲੋਰਕਾ ਬਣ ਸਕਦਾ ਸੀ ਜੇਕਰ ਉਸ ਦਾ ਕਤਲ ਸਟੇਟ ਹੱਥੋਂ ਹੋਇਆਂ ਹੁੰਦਾ ਪਰ ਉਸਦਾ ਕਤਲ ਤਾਂ ਲੋਕਾਂ ਦੀ ਉਸ ਧਿਰ ਵਲੋਂ ਹੋਇਆ ਹੈ ਜੋ ਸਟੇਟ ਵਿਰੁੱਧ ਲੜ ਰਹੀ ਸੀ ਤੇ ਜਿਸਨੇ ਦਸ ਸਾਲ ਸਟੇਟ ਨੂੰ ਭਾਜੜਾ ਪਾਈ ਰੱਖੀ ਸੀ। ਪਾਸ਼ ਦੀ ਇਹ ਕਵਿਤਾ ਪੜ੍ਹਕੇ :

"ਕਿਸੇ ਵੀ ਧਰਮ ਦਾ ਕੋਈ ਗ੍ਰੰਥ
ਮੇਰੇ ਜ਼ਖ਼ਮੀ ਹੋਠਾਂ ਦੀ ਚੁੱਪ ਤੋਂ ਪਵਿੱਤਰ ਨਹੀਂ ਹੈ।"

ਡਾ. ਨਾਮਵਰ ਸਿੰਘ ਤਾਂ ਬਾਘੀਆਂ ਪਾ ਸਕਦਾ ਹੈ ਤੇ ਸਟੇਟ ਵੀ ਖੁਸ਼ ਹੋ ਸਕਦੀ ਹੈ ਕਿਉਂਕਿ ਇਸ ਨਾਲ ਸਿੱਖਾਂ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੇਠੀ ਹੁੰਦੀ ਹੈ, ਪਰ ਕੀ ਕੋਈ ਸਿੱਖ ਇਹ ਗੱਲ ਪ੍ਰਵਾਨ ਕਰ ਸਕਦਾ ਹੈ ? ਪਾਸ਼ ਦੀਆਂ ਕਵਿਤਾਵਾਂ ਤੇ ਉਸਦਾ ਅਸਲ ਹਿੰਦੂ ਮਾਰਕਸਵਾਦੀਆਂ ਅਤੇ ਸਟੇਟ ਦੇ ਪੂਰੀ ਤਰ੍ਹਾਂ ਰਾਸ ਬੈਠਦਾ ਹੈ। ਸੋ ਇਸ ਪਰਿਪੇਖ ਵਿਚ ਜਦ ਕਰਨਾਲ ਦੀ ਪੁਲਸ ਲਾਈਨ ਵਿਚ ਉਸਦੀ ਯਾਦ ਵਿਚ ਲਾਇਬ੍ਰੇਰੀ ਬਣ ਜਾਣੀ ਕੋਈ ਅਲੋਕਾਰ ਗੱਲ ਨਹੀਂ ਹੈ ਕਿਉਂਕਿ ਉਸ ਨੂੰ ਪੂਰੀ ਤਰ੍ਹਾਂ ਸਟੇਟ ਦੇ ਅਪਣਾ ਲਿਆ ਹੈ। ਮੈਂ ਇਹ ਵੀ ਆਖਦਾ ਹਾਂ ਕਿ ਕੱਲ੍ਹ ਕਲੋਤਰ ਨੂੰ ਜਲੰਧਰ ਦੇ ਪੀ. ਏ. ਪੀ. ਕੰਮਲੈਕਸ, ਚੰਡੀਗੜ੍ਹ ਵਿਚ ਮਰਹੂਮ ਮੁਖ ਮੰਤਰੀ ਬੇਅੰਤ ਸਿੰਘ ਯਾਦਗਾਰੀ ਕੰਮਲੈਕਸ ਵਿੱਚ ਪਾਸ਼ ਦੀ ਯਾਦ ਸਥਾਪਤ ਹੋ ਸਕਦੀ ਹੈ। ਲਾਲਾ ਜਗਤ ਨਰਾਇਣ ਨਾਲ ਵੀ ਉਸ ਦਾ ਬੁੱਤ ਲੱਗ ਸਕਦਾ ਹੈ। ਕਿਉਂਕਿ ਉਸਦਾ ਬਿੰਬ ਨਕਸਲੀ ਕਵੀ ਵਾਲਾ ਨਹੀਂ, ਅੱਤਵਾਦੀਆਂ ਵਿਰੁੱਧ ਲੜਨ ਵਾਲੇ ਕਵੀ ਵਾਲਾ ਬਣ ਗਿਆ ਹੈ। ਇਸੇ ਕਰਕੇ ਤਾਂ ਉਸ ਦੀ ਕਰਨਾਲ ਵਿਚ 'ਸ਼ਹੀਦ' ਹੋਣ ਵਾਲੇ ਪੁਲਸ ਵਾਲਿਆਂ ਨਾਲ ਸਾਂਝ ਬਣਦੀ ਹੈ। ਉਸ ਦੀ ਇਹ ਸਾਂਝ ਆਂਧਰਾ, ਬਿਹਾਰ ਵਿਚ ਨਕਸਲੀਆਂ ਹੱਥੋਂ 'ਸ਼ਹੀਦ' ਹੋਣ ਵਾਲੇ ਪੁਲਸ ਵਾਲਿਆਂ ਨਾਲ ਵੀ ਬਣਦੀ ਹੈ। ਡਾ. ਚਮਨ ਲਾਲ ਤੇ ਪਾਸ਼ ਦੇ ਪ੍ਰਸ਼ੰਸਕਾਂ ਨੂੰ ਇਸ ਸਾਂਝ ਦੀ ਵਿਆਖਿਆ ਕਰਨੀ ਬਣਦੀ ਹੈ।

---

ਮੇਰੇ ਤੱਕ ਵੀ ਤੁਰਦੇ ਤੁਰਦੇ, ਆ ਗਏ ਆਵਣ ਵਾਲੇ।
ਪੱਤਾ ਪੱਤਾ ਕਰਕੇ ਮੈਨੂੰ, ਖਾ ਗਏ ਖਾਵਣ ਵਾਲੇ।

ਆਪਣਾ ਸਾਇਆ ਵੇਖ ਕੇ ਰਾਤੀਂ, ਮਰ ਗਏ ਸਾਰੇ ਗੀਤ,
ਧੁੱਪ ਧੁੱਪ ਕਹਿ ਕੇ ਮੇਰੀ ਛਾਂ ਨੂੰ, ਰੋਜ਼ ਡਰਾਵਣ ਵਾਲੇ।

**-ਜਸਵਿੰਦਰ ਮਾਨ**

---

ਜੋਗਿੰਦਰ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਸੈਫ ਡਿਜ਼ਾਇਨਰ ਇਨ ਪ੍ਰਿੰਟਰ ਤੋਂ ਕੰਪੋਜ਼ ਕਰਵਾ ਕੇ ਯੂਨੀਸਟਾਰ ਬੁਕਸ (ਪ੍ਰਿੰਟਿੰਗ ਯੂਨਿਟ), 11ਏ, ਇੰਡਸਟਰੀਅਲ ਏਰੀਆ ਫ਼ੇਜ਼ 2, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਦਲਿਤ ਚੇਤਨਾ : ਸਰੋਤ ਤੇ ਸਰੂਪ/ਗੁਰਪ੍ਰੀਤ ਚਈਅੜ

ਡਾ. ਰੌਣਕੀ ਰਾਮ ਦੀ ਇਸ ਪੁਸਤਕ ਦੇ ਕੁੱਲ ਦਸ ਅਧਿਆਇ ਹਨ। ਪਹਿਲਾ ਅਧਿਆਇ ਦਲਿਤ ਚੇਤਨਾ ਅਤੇ ਉਸਦੇ ਸਰੋਤਾਂ ਨਾਲ ਸੰਬੰਧਿਤ ਹੈ। ਇਸ ਵਿੱਚ ਛੂਤ-ਛਾਤ ਦਾ ਆਭਾਸ, ਗੁਰੂ ਰਵਿਦਾਸ ਦੀ ਬਾਣੀ ਅਤੇ ਸਿੱਖਿਆਵਾਂ, ਗੁਰੂ ਸਾਹਿਬਾਨ ਦਾ ਸਮਾਜਿਕ ਬਰਾਬਰਤਾ ਦਾ ਫਲਸਫਾ ਅਤੇ ਸੰਘਰਸ਼, ਬਰਤਾਨਵੀਂ ਰਾਜ ਦੀਆਂ ਆਧੁਨਿਕ ਯੁੱਗ ਨਾਲ ਸੰਬੰਧਿਤ ਕਾਰਗੁਜ਼ਾਰੀਆਂ ਅਤੇ ਉਨ੍ਹਾਂ ਤੋਂ ਪੈਦਾ ਹੋਇਆ ਪੁਨਰ-ਜਾਗਰਣ ਦਾ ਦੌਰ, ਆਰੀਆ ਸਮਾਜ ਦੀਆਂ ਸਮਾਜ ਸੁਧਾਰਕ ਗਤੀਵਿਧੀਆਂ ਆਦਿ ਦਲਿਤ ਚੇਤਨਾ ਦੇ ਪ੍ਰਸਾਰ ਵਿੱਚ ਯੋਗਦਾਨ ਦਾ ਮੁੱਲਾਂਕਣ ਹੈ। ਦੂਜਾ ਅਧਿਆਇ ਆਦਿ ਧਰਮ ਲਹਿਰ ਨਾਲ ਸੰਬੰਧਿਤ ਹੈ। ਆਦਿ ਧਰਮ ਲਹਿਰ ਦਾ ਪੰਜਾਬ ਦੇ ਦਲਿਤਾਂ ਵਿੱਚ ਸਵੈ-ਮਾਣ ਕਾਇਮ ਕਰਨ ਲਈ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲਹਿਰ ਦਾ ਜਨਮ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਹੋਇਆ ਸੀ। ਆਦਿ ਧਰਮ ਲਹਿਰ ਦੇ ਜਤਨਾਂ ਸਦਕਾ ਪੰਜਾਬ ਦੇ ਦਲਿਤ ਲੋਕ ਇਕੱਠੇ ਹੋ ਕੇ ਪਹਿਲੀ ਵਾਰ ਸੰਘਰਸ਼ ਦੇ ਰਾਹ ’ਤੇ ਚੱਲੇ ਸਨ। ਇਸ ਲਹਿਰ ਦਾ ਇਤਿਹਾਸ ਦਲਿਤਾਂ ਲਈ ਗੌਰਵ ਦਾ ਇਤਿਹਾਸ ਹੈ। ਆਦਿ ਧਰਮ ਲਹਿਰ ਦੇ ਇਸ ਗੌਰਵਸ਼ਾਲੀ ਇਤਿਹਾਸ ਨੂੰ ਲੇਖਕ ਨੇ ਖਾਸ ਤੀਖਣ ਬੁੱਧੀ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਤੀਜਾ ਅਧਿਆਇ ਡਾ. ਅੰਬੇਡਕਰ ਦੀਆਂ ਪੰਜਾਬ ਫੇਰੀਆਂ ਬਾਰੇ ਹੈ। ਇਸ ਵਿੱਚ ਪੰਜਾਬ ਦੇ ਦਲਿਤ ਲੋਕਾਂ ਦੀ ਬਾਬਾ ਸਾਹਿਬ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਉਭਰ ਕੇ ਸਾਹਮਣੇ ਆਉਂਦੀ ਹੈ।

‘ਡਾ. ਅੰਬੇਡਕਰ ਅਤੇ ਪੰਜਾਬੀ ਦਲਿਤ ਸਹਿਯੋਗ’ ਇਸ ਪੁਸਤਕ ਦਾ ਚੌਥਾ ਅਧਿਆਇ ਹੈ। ਇਸ ਵਿਚ ਬਾਬਾ ਸਾਹਿਬ ਦੇ ਉਨ੍ਹਾਂ ਅੰਦੋਲਨਾਂ ਦੀ ਚਰਚਾ ਕੀਤੀ ਹੈ ਜਿਨ੍ਹਾਂ ਵਿੱਚ ਪੰਜਾਬੀ ਦਲਿਤ ਲੋਕਾਂ ਨੇ ਬਾਬਾ ਸਾਹਿਬ ਦਾ ਭਰਵਾਂ ਸਾਥ ਦਿੱਤਾ ਹੈ। ਇਸ ਵਿੱਚ ਦਿੱਲੀ ਦਲਿਤ ਮੁਲਾਜ਼ਮ ਵੈਲਫੇਅਰ ਸੰਸਥਾ ਅਤੇ ਬਾਬਾ ਸਾਹਿਬ ਦੇ ਮਿਸ਼ਨ ਪ੍ਰਤੀ ਉਸਦੇ ਯੋਗਦਾਨ ਨੂੰ ਉਲੀਕਿਆ ਗਿਆ ਹੈ। ਪੰਜਵਾਂ ਅਧਿਆਇ ਬਾਬਾ ਸਾਹਿਬ ਦੇ ਪੰਜਾਬ ਦੇ ਦਲਿਤ ਲੋਕਾਂ ਉਪਰ ਕੀਤੇ ਗਏ ਪਰਉਪਕਾਰਾਂ ਨਾਲ ਸੰਬੰਧਤ ਹੈ। ਇਸ ਵਿਚ ਲੇਖਕ ਨੇ ਦੱਸਿਆ ਹੈ ਕਿ ਪੂਨਾ-ਪੈਕਟ ਦੌਰਾਨ ਚੋਣ ਹਲਕਿਆਂ ਵਿੱਚ ਰਾਖਵੀਆਂ ਸੀਟਾਂ, 1947 ਦੀ ਵੰਡ ਸਮੇਂ ਪਾਕਿਸਤਾਨੀ ਪੰਜਾਬ ਤੋਂ ਉਜੜ ਕੇ ਆਏ ਦਲਿਤ ਲੋਕਾਂ ਦੇ ਮੁੜ ਵਸੇਵੇਂ ਨਾਲ ਸੰਬੰਧਿਤ ਸਮੱਸਿਆਵਾਂ ਦਾ ਹੱਲ, ਲੈਂਡ ਐਲੀਨੀਏਸ਼ਨ ਐਕਟ ਤੇ ਰਯੱਤਨਾਮਿਆਂ ਦੇ ਖਾਤਮੇ ਲਈ ਬਾਬਾ ਸਾਹਿਬ ਨੇ ਵਿਸ਼ੇਸ਼ ਯਤਨ ਕੀਤੇ। ਇਨ੍ਹਾਂ ਪਰਉਪਕਾਰਾਂ ਦੀ ਬਦੌਲਤ ਪੰਜਾਬੀ ਦਲਿਤ ਲੋਕਾਂ ਦੇ ਜ਼ਿੰਦਗੀ ਕੁਝ ਬਿਹਤਰ ਹੋ ਗਈ।

ਇਸ ਪੁਸਤਕ ਦਾ ਛੇਵਾਂ ਅਧਿਆਇ ਪੰਜਾਬ ਦੇ ਰਿਪਬਲਿਕਨ ਅੰਦੋਲਨ ਨਾਲ ਸੰਬੰਧਿਤ ਹੈ। ਇੱਥੇ ਇਹ ਵਰਨਣਯੋਗ ਹੈ ਕਿ ਪੰਜਾਬ ਦੇ ਦਲਿਤਾਂ ਦੀਆਂ ਮੰਗਾਂ ਨੂੰ ਲੈ ਕੇ ਰਿਪਬਲਿਕਨ ਅੰਦੋਲਨ ਵੇਲੇ ਦਲਿਤ ਲੋਕਾਂ ਨੇ ਬੜਾ ਜ਼ਬਰਦਸਤ ਸੰਘਰਸ਼ ਕੀਤਾ। ਲੇਖਕ ਨੇ ਇਸ ਸਮੁੱਚੇ ਸੰਘਰਸ਼ ਦੀ ਸਾਰਥਿਕਤਾ ਨੂੰ ਸਮੇਂ ਦੇ ਪ੍ਰਸੰਗ ਵਿੱਚ ਸਮਝਣ ਦਾ ਬੜਾ ਸਾਰਥਿਕ ਉਪਰਾਲਾ ਕੀਤਾ ਹੈ।

ਸੱਤਵਾਂ ਅਧਿਆਇ ਦਲਿਤ ਪ੍ਰਵਾਸ ਅਤੇ ਉਸਦੇ ਦਲਿਤ ਚੇਤਨਾ ਦੇ ਪ੍ਰਸਾਰ ਵਿੱਚ ਪਾਏ ਗਏ ਯੋਗਦਾਨ ਨੂੰ ਉਲੀਕਦਾ ਹੈ। ਇਸ ਵਿੱਚ ਲੇਖਕ ਨੇ ਲਿਖਿਆ ਹੈ ਕਿ ਹੁਣ ਦਲਿਤ ਪ੍ਰਵਾਸੀ ਪੰਜਾਬ ਦੀ ਦਲਿਤ ਸਮੱਸਿਆ ਨੂੰ ਪੰਜਾਬ ਤੋਂ ਬਾਹਰ ਕੱਢ ਕੇ ਵਿਸ਼ਵ ਪੱਧਰ ’ਤੇ ਲੈ ਕੇ ਜਾ ਰਹੇ ਹਨ। ਦਲਿਤ ਪ੍ਰਵਾਸੀ ਇਸ ਸਮੱਸਿਆ ਨੂੰ ਮਨੁੱਖੀ ਅਧਿਕਾਰਾਂ ਦਾ ਮਸਲਾ ਮੰਨਣ ਲਈ ਦਬਾਅ ਪਾ ਰਹੇ ਹਨ।



ਅੱਠਵਾਂ ਅਧਿਆਇ ਦਲਿਤ ਅਤੇ ਗੈਰ-ਦਲਿਤ ਵਰਗ ਨਾਲ ਸੰਬੰਧਿਤ ਉਨ੍ਹਾਂ ਬੁੱਧੀਜੀਵੀਆਂ, ਅੰਦੋਲਨਕਾਰੀਆਂ, ਲੇਖਕਾਂ, ਆਲੋਚਕਾਂ ਅਤੇ ਅੰਬੇਡਕਾਰੀ ਕਾਰਕੁੰਨਾਂ ਬਾਰੇ ਲਿਖਿਆ ਹੈ। ਇਨ੍ਹਾਂ ਸ਼ਖ਼ਸੀਅਤਾਂ ਦਾ ਦਲਿਤ ਚੇਤਨਾ ਦੇ ਪ੍ਰਵਾਹ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਹ ਅਧਿਆਇ ਆਪਣੇ ਆਪ ਵਿੱਚ ਬਹੁਤ ਅਹਿਮ ਹੈ। ਨੌਵਾਂ ਅਧਿਆਇ ਦਲਿਤ ਸਾਹਿਤ ਅਤੇ ਮੀਡੀਏ ਨਾਲ ਸੰਬੰਧਿਤ ਹੈ। ਡਾ. ਰੌਣਕੀ ਰਾਮ ਨੇ ਇਸ ਅਧਿਆਇ ਵਿੱਚ ਦਲਿਤ ਸਾਹਿਤ ਸੰਬੰਧੀ ਬਹੁਤ ਅਹਿਮ ਖੋਜ ਕੀਤੀ ਹੈ। ਬਹੁਤੇ ਦਲਿਤ ਸਾਹਿਤਕਾਰਾਂ ਦੀ ਪੰਜਾਬੀ ਸਾਹਿਤ ਵਿੱਚ ਪਹਿਲੀ ਵਾਰੀ ਜਾਣਕਾਰੀ ਕਰਵਾਈ ਹੈ। ਦਲਿਤ ਲੋਕ ਇਸ ਖੋਜ ਲਈ ਲੇਖਕ ਦੇ ਹਮੇਸ਼ਾਂ ਰਿਣੀ ਰਹਿਣਗੇ। ਆਖਰੀ ਅਧਿਆਇ ਦਲਿਤ ਡੇਰਿਆਂ ਨਾਲ ਸੰਬੰਧਿਤ ਹੈ। ਵਿਦਵਾਨ ਲੇਖਕ ਦਲਿਤ ਡੇਰਿਆਂ ਦੇ ਨਾਜ਼ੁਕ ਮਸਲਿਆਂ ਨੂੰ ਸਮਾਜਿਕ ਤੇ ਰਾਜਨੀਤਿਕ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਸਮਝਣ ਦਾ ਉਪਰਾਲਾ ਕਰਦਾ ਹੈ। ਲੇਖਕ ਕਿਸੇ ਪਾਸੇ ਉਲਾਰ ਨਾ ਹੁੰਦਾ ਹੋਇਆ ਸਗੋਂ ਤਰਕ ਨਾਲ ਗੱਲ ਕਰਕੇ ਦਲਿਤ ਲੋਕਾਂ ਦੇ ਮਨ ਵਿੱਚ ਪੈਦਾ ਹੋਏ ਅਲਗਾਵ ਨੂੰ ਸਮਝਣ ਦੀ ਕੋਸ਼ਿਸ਼ ਦੇ ਨਾਲ-ਨਾਲ ਦਲਿਤ ਡੇਰਿਆਂ ਨਾਲ ਧੁਰ ਅੰਦਰ ਝਾਤੀ ਮਾਰਦਾ ਹੈ। ਇਸ ਪੁਸਤਕ ਦੇ ਅੰਤ ਵਿੱਚ ਬਹੁਤ ਮਹੱਤਵਪੂਰਨ ਚੋਣਵੀਆਂ ਪੁਤਸਕਾਂ ਅਤੇ ਲੇਖਾਂ ਦੀ ਸੂਚੀ ਦਿੱਤੀ ਗਈ ਹੈ ਜਿਨ੍ਹਾਂ ਤੋਂ ਇਸ ਪੁਸਤਕ ਨੂੰ ਤਿਆਰ ਕਰਨ ਲਈ ਸਹਾਇਤਾ ਲਈ ਹੈ।

ਅੱਜ ਜਦੋਂ ਅਸੀਂ ਮਨੁੱਖੀ ਸਮਾਜ ਦੀ ਗੱਲ ਕਰਦੇ ਹਾਂ ਜਾਂ ਮਨੁੱਖੀ ਜ਼ਿੰਦਗੀ ਦੀ ਗੱਲ ਕਰਦੇ ਹਾਂ ਜਾਂ ਇਸ ਜ਼ਿੰਦਗੀ ਦੀ ਬਿਹਤਰੀ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਕ-ਦੋ ਗੱਲਾਂ ਜ਼ਰੂਰ ਸਮਝ ਲੈਣੀਆਂ ਚਾਹੀਦੀਆਂ ਹਨ ਕਿ ਭਾਵੇਂ ਮਨੁੱਖੀ ਸਮਾਜ ਜਾਂ ਜ਼ਿੰਦਗੀ ਦੇ ਅਤੀਤ ਵਿੱਚ ਕੋਈ ਵੀ ਹਲਾਤ ਰਹੇ ਹੋਣ ਪਰ ਅੱਜ ਸਾਨੂੰ ਸਮੁੱਚੀ ਮਨੁੱਖਤਾ ਲਈ ਸਾਂਝੇ ਤੌਰ ’ਤੇ ਕੰਮ ਕਰਨ ਦੀ ਜ਼ਰੂਰਤ ਹੈ। ਅੱਜ ਅਸੀਂ ਆਪਣੇ ਆਪ ਨੂੰ ਕਿਸੇ ਧਰਮ, ਜਾਤ, ਨਸਲ, ਖੇਤਰ, ਸੱਭਿਆਚਾਰ, ਭਾਸ਼ਾ, ਅਮੀਰ, ਗਰੀਬ, ਵੱਡਾ, ਛੋਟਾ, ਮਰਦ, ਔਰਤ, ਆਦਿ ਦੇ ਆਧਾਰ ਤੇ ਸੀਮਤ ਕਰਕੇ ਕਿਸੇ ਦੂਜੇ ਦੀ ਜ਼ਿੰਦਗੀ ਨੂੰ ਨਰਕ ਬਣਾਉਣਾ ਜਾਂ ਆਪਣੀ ਜ਼ਿੰਦਗੀ ਨੂੰ ਖਾਸ ਸੀਮਾਵਾਂ ਵਿੱਚ ਬੰਨਣਾ, ਜਿੱਥੇ ਮਨੁੱਖੀ ਮਨ ਦਾ ਬਹੁਤ ਕੁਝ ਟੁੱਟ ਜਾਂਦਾ ਹੈ, ਤੋਂ ਉਪਰ ਉਠਾਉਣਾ ਪਏਗਾ।

ਡਾ. ਰੌਣਕੀ ਰਾਮ ਇਸ ਗੱਲ ਲਈ ਵਧਾਈ ਦਾ ਪਾਤਰ ਹੈ ਕਿ ਉਸ ਨੇ ਆਪਣੀ ਮਿਹਨਤ, ਸਿਆਣਪ ਤੇ ਤਰਕਵਾਦੀ ਦ੍ਰਿਸ਼ਟੀ ਨਾਲ ਪੰਜਾਬ ਦੇ ਹਾਸ਼ੀਆਗ੍ਰਸਤ ਲੋਕਾਂ ਸੰਬੰਧੀ ਬੜੀ ਮੁੱਲਵਾਨ ਖੋਜ ਕੀਤੀ ਹੈ।

---

ਪੱਥਰਾਂ ਨੂੰ ਐਵੇਂ ਤੋੜ ਨਾ ਕੋਈ ਬੁੱਤ ਬਣਾ ਵੀ ਦੇ।
ਦੀਵੇਂ ’ਚ ਤੇਲ ਪਾ ਰਿਹਾਂ, ਇਸ ਨੂੰ ਧੁਖਾ ਵੀ ਦੇ।

ਪਾਵੇਗਾ ਬਾਤ ਅੱਗ ਦੀ, ਕਿੰਨੀ ਕੁ ਦੇਰ ਹੋਰ,
ਧੁਖਦਾ ਰਹੇਗਾ ਇਹ ਨਹੀਂ, ਇਸ ਨੂੰ ਹਵਾ ਵੀ ਦੇ।

**-ਜਸਵਿੰਦਰ ਮਾਨ**

## ਜਿੰਦਰ ਦਾ ਨਵਾਂ ਕਹਾਣੀ ਸੰਗ੍ਰਹਿ
# ਜ਼ਖ਼ਮ

ਜਿੰਦਰ, ਸਮਕਾਲੀ ਪੰਜਾਬੀ ਕਹਾਣੀ ਵਿਚ ਸਥਾਪਤ ਹੋ ਚੁੱਕਿਆ ਕਹਾਣੀਕਾਰ ਹੈ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਉਸ ਦੀਆਂ ਪਹਿਲੀਆਂ ਕਹਾਣੀਆਂ ਨਾਲੋਂ ਹਟ ਕੇ ਹਨ। ਇਹ ਕਹਾਣੀਆਂ ਉਸ ਦੇ ਨਿਵੇਕਲੇ ਕਥਾ-ਅਨੁਭਵ ਅਤੇ ਕਥਾ-ਵਿਧੀ ਦੀ ਬਾਰੀਕੀ, ਗਹਿਰਾਈ ਅਤੇ ਸੂਖ਼ਮ ਅਹਿਸਾਸਾਂ ਨੂੰ ਉਜਾਗਰ ਕਰਦੀਆਂ ਹਨ। ਸਾਰੀਆਂ ਕਹਾਣੀਆਂ ਮਾਨਵ ਵਿਰੋਧੀ ਵਰਤਾਰਿਆਂ ਵਿਚ ਘਿਰੇ ਬੰਦੇ ਨੂੰ 'ਮਾਨਵੀ' ਹੁੰਗਾਰੇ ਰਾਹੀਂ ਵੇਖਦੀਆਂ ਹਨ। ਉਸ ਦੀ ਇਹ ਮਾਨਵੀ ਪਹੁੰਚ ਕਿਸੇ ਧਰਮ, ਕਰਮ, ਪਾਰਟੀ, ਲਹਿਰ, ਵਾਦ ਅਤੇ ਜਾਤੀ ਕੇਂਦਰਿਤ ਹੋਣ ਦੀ ਬਜਾਏ, ਮਨੁੱਖ ਨੂੰ ਮਨੁੱਖੀ ਲੋੜਾਂ, ਥੋੜ੍ਹਾਂ ਅਤੇ ਹਾਲਾਤਾਂ ਦੀ ਬੇਵੱਸੀ ਦੇ ਸੰਦਰਭਾਂ ਵਿਚ ਸਿਰਜਦੀ ਹੈ ਜਿਸ ਕਰਕੇ ਇਹ ਕਿਸੇ ਜਾਤੀ, ਜਮਾਤੀ, ਲਿੰਗ ਅਤੇ ਉਮਰ ਦੇ ਭਿੰਨ-ਭੇਦ ਤੋਂ ਵੀ ਮੁਕਤ ਹਨ। ਆਪਣੀ ਅਜਿਹੀ ਸ਼ੁੱਧ ਸੋਚ ਕਰਕੇ ਹੀ ਉਹ ਪੰਜਾਬੀ ਮਾਨਸਿਕਤਾ ਅਤੇ ਸੋਚ ਵਿਚ ਵਾਪਰਦੀ ਤਬਦੀਲੀ ਦੀ 'ਰਫ਼ਤਾਰ' ਨੂੰ ਸਪੇਸ ਮੁਹੱਈਆ ਕਰਦਾ ਹੈ। ਇਸ ਸਪੇਸ ਵਿਚ ਜ਼ਖ਼ਮ ਹਨ, ਪਰ ਖੁਦਕਸ਼ੀ ਦਾ ਰੁਝਾਣ ਨਹੀਂ। ਕਾਹਲ ਹੈ ਪਰ ਬੇਸਬਰੀ ਨਹੀਂ। ਇਹ ਮਾਨਸਿਕਤਾ ਦਕਿਆਨੂਸੀ, ਦੰਭੀ, ਪਾਖੰਡੀ ਅਤੇ ਪ੍ਰਚਲਿਤ ਪ੍ਰਵਾਨਿਤ ਸੋਚ ਦਾ ਨਿਖੇਧ 'ਪਾਪ', 'ਰਫ਼ਤਾਰ', 'ਔਕਾਤ', 'ਸ਼ਨਾਖਤ' ਅਤੇ 'ਨਹੀਂ, ਮੈਂ ਦਲਿਤ ਨਹੀਂ' ਕਹਾਣੀਆਂ ਵਿਚ ਸਿਰਜ ਕੇ 'ਨਵੇਂ ਬੰਦੇ' ਦੀ ਸੋਚ ਨੂੰ ਵੀ ਰੇਖਾਂਕਿਤ ਕਰਦੀਆਂ ਹਨ। ਕਹਾਣੀਆਂ ਦੇ ਬਿਰਤਾਂਤ ਸੰਖੇਪ, ਸੰਜਮੀ, ਸਰਲ ਅਤੇ ਇਕਹਿਰੇ ਹਨ ਪਰ ਇਹਨਾਂ ਹੇਠ ਕਾਰਜਸ਼ੀਲ ਮੁੱਦੇ ਅਤੇ ਸਥਿਤੀਆਂ ਜਟਿਲ ਅਤੇ ਪੇਚੀਦਾ ਹਨ। ਜਿੰਦਰ ਦੀ ਪ੍ਰਾਪਤੀ ਇਹਨਾਂ ਜਟਿਲ ਮਸਲਿਆਂ ਦੀ ਸਰਲ ਅਤੇ ਸੰਜਮੀ ਬਿਰਤਾਂਤਕਾਰੀ ਵਿਚ ਹੈ।

## ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ